ਸਿਰਜਣਾ

ਅਕਤੂਬਰ-ਦਸੰਬਰ 2014 (ਅੰਕ 174)

October- December 2014

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ

ਅਕਤੂਬਰ-ਦਸੰਬਰ 2014 **174** 40 ਰੁਪਏ

ਸਿਰਜਣਾ

174
ਅਕਤੂਬਰ-ਦਸੰਬਰ 2014

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ / ਸੰਪਾਦਕੀ / ਮੁੜ ਪੰਜਾਬੀ ਦੀ ਗੱਲ /1

ਸੁਰਿੰਦਰ ਗਿੱਲ / ਤਿੰਨ ਕਵਿਤਾਵਾਂ/ 3

ਜਸਵਿੰਦਰ ਨੀਲੂ/ ਇਕ ਨਵੀਂ ਕਾਵਿ-ਕਲਮ / 7

ਅਤਰਜੀਤ ਸਿੰਘ / ਮੇਰੀ ਸਾਹਿਤਕਾਰੀ ਦਾ ਸਫਰ/13

ਸਾਧੂ ਸਿੰਘ / ਕਹਾਣੀ/ ਗੇਰੂਏ ਵਸਤਰ/41

ਜ਼ੋਰਾ ਸਿੰਘ ਸੰਧੂ/ ਕਹਾਣੀ / ਕੋਰਾ ਕਾਗ਼ਜ਼/52

ਅਵਤਾਰ ਸਿੰਘ ਓਠੀ / ਕਹਾਣੀ / ਖਾਲਸ / 61

ਦੀਪ ਜਗਦੀਪ ਸਿੰਘ/ਕਹਾਣੀ/ਉਡਾਣ/69

ਸੁਰਜੀਤ ਹਾਂਸ / ਨਿਬੰਧ / ਪੰਜਾਬੀ ਦਾ ਵਿਕਾਸ/ 80

ਗੁਰਪ੍ਰੀਤ ਕੌਰ / ਨਿਬੰਧ ਪਰਵਾਸੀ ਪੰਜਾਬੀ ਨਾਰੀ ਅਤੇ ਨਾਰੀਵਾਦੀ ਪਰਿਪੇਖ/ 84

ਰਘਬੀਰ ਸਿੰਘ/ਰਿਵਿਊ ਨਿਬੰਧ/ ਪਰਮਜੀਤ ਸਿੰਘ ਜੱਜ ਦਾ ਨਾਵਲ : ਬਦਲੇ ਦੀ ਪਤਝੜ/89

ਜੇ.ਬੀ. ਸੇਖੋਂ/ਰਿਵਿਊ/ਅੱਸੀ ਕੋਹ ਦੀ ਦੌੜ/95

ਜਸਬੀਰ/ਰਿਵਿਊ/ਖਾਲੀ ਖੂਹਾਂ ਦੀ ਕਥਾ/97

ਚੰਦਰ ਮੋਹਨ/ਰਿਵਿਊ/ਜ਼ਲਾਲਤ/100

ਗੁਲਜ਼ਾਰ ਸਿੰਘ ਸੰਧੂ/ਰਿਵਿਊ ਨਿਬੰਧ/ਜੋ ਕਿਛੁ ਕਹਿਣਾ/102

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ: 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਪੰਜ ਸਾਲ : 50 ਪੌਂਡ, 100 ਡਾਲਰ

ਮੁੜ ਪੰਜਾਬੀ ਦੀ ਗੱਲ

ਇਹ ਗੱਲ ਹੈ ਤਾਂ ਅਣਸੁਖਾਵੀਂ, ਪਰ ਹੁਣ ਇਹ ਮੰਨ ਹੀ ਲੈਣਾ ਚਾਹੀਦਾ ਹੈ ਕਿ ਇਕ ਜ਼ੁਬਾਨ ਵਜੋਂ ਪੰਜਾਬੀ ਦੇ ਮਾਣ ਸਤਿਕਾਰ ਨੂੰ ਵਧਾਉਣ ਦੇ ਸੰਬੰਧ ਵਿਚ ਅੱਜ ਦੇ ਹਾਲਾਤ ਵਿਚ ਕੁਝ ਨਹੀਂ ਹੋ ਸਕਦਾ। ਪੰਜਾਬੀ ਸੂਬਾ ਬਣਾਉਣ ਲਈ ਚੱਲੇ ਤਕੜੇ ਅੰਦੋਲਨ ਪਿੱਛੋਂ, ਭਾਵੇਂ ਬਹੁਤ ਸਾਰਾ ਹਿੱਸਾ ਛਾਂਗ ਹੀ ਦਿੱਤਾ ਗਿਆ, ਇਹ ਸੂਬਾ ਤਾਂ ਬਣ ਗਿਆ, ਅਤੇ ਪੰਜਾਬੀ ਇਸਦੀ ਰਾਜ-ਭਾਸ਼ਾ ਵੀ ਐਲਾਨੀ ਗਈ। ਸਰਕਾਰੀ ਕੰਮ-ਕਾਜ ਦੇ ਨਾਲ ਅਦਾਲਤਾਂ ਵਿਚ ਵੀ ਪੰਜਾਬੀ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ। ਅਕਾਦਮਿਕ ਅਦਾਰਿਆਂ ਵਿਚ ਵੀ ਪੰਜਾਬੀ ਦਾ ਪ੍ਰਵੇਸ਼ ਹੋ ਗਿਆ ਅਤੇ ਇਸ ਦੇ ਨਾਂ ਉੱਤੇ ਇਕ ਯੂਨੀਵਰਸਿਟੀ ਵੀ ਬਣ ਗਈ, ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਭਾਸ਼ਾ ਦੇ ਆਧਾਰ 'ਤੇ ਬਣਨ ਵਾਲੀ ਦੁਨੀਆਂ ਦੀ ਇਹ ਪਹਿਲੀ ਯੂਨੀਵਰਸਿਟੀ ਸੀ। ਪੰਜਾਬ ਤੋਂ ਬਿਨਾਂ ਜੰਮੂ-ਕਸ਼ਮੀਰ, ਦਿੱਲੀ, ਹਰਿਆਣਾ ਆਦਿ ਵਿਚ ਪੰਜਾਬੀ ਦੇ ਵਿਕਾਸ ਲਈ ਅਕੈਡਮੀਆਂ ਵੀ ਬਣੀਆਂ ਅਤੇ ਦਿੱਲੀ ਵਿਚ ਤਾਂ ਵਾਹਵਾ ਸਰਕਾਰੀ ਪੈਸਾ ਵੀ ਇਸ ਖਾਤੇ ਵਿਚ ਗਿਆ। ਪਰ ਪੰਜਾਬੀ ਦਾ ਮਾਣ ਤਾਣ ਵਧਣ ਦੀ ਬਜਾਏ ਘਟਦਾ ਹੀ ਗਿਆ ਹੈ। ਅਜੀਬ ਵਿਡੰਬਨਾ ਹੈ।

ਕਿੰਨੇ ਹੀ ਸਰਕਾਰੀ ਅਦਾਰੇ ਪੰਜਾਬੀ ਦਾ ਨਾਂ ਨਾਲ ਜੁੜੇ ਹੋਏ ਹਨ। ਪੰਜਾਬ ਭਾਸ਼ਾ ਵਿਭਾਗ ਦੇ ਸਿਰ ਤਾਂ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਫੁਲਤ ਕਰਨ ਤੋਂ ਇਲਾਵਾ ਪੰਜਾਬੀ ਦੇ ਰੁਤਬੇ ਨੂੰ ਬਣਾਈ ਰੱਖਣ ਤੇ ਅਗਾਂਹ ਖੜਨ ਦੀ ਸਰਕਾਰੀ ਜ਼ਿੰਮੇਵਾਰੀ ਵੀ ਹੈ। ਕਿੰਨੇ ਹੀ ਗ਼ੈਰ ਸਰਕਾਰੀ ਅਦਾਰਿਆਂ, ਅਕਾਦਮੀਆਂ, ਸਭਾਵਾਂ ਦਾ ਐਲਾਨਿਆ ਟੀਚਾ ਪੰਜਾਬੀ ਦਾ ਪ੍ਰਸਾਰ ਤੇ ਵਿਕਾਸ ਕਰਨਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਭਾਸ਼ਾ ਅਕਾਦਮੀ ਆਦਿ ਵਿਚਲੇ ਲੇਖਕ ਅਤੇ ਵਿਦਵਾਨ ਸਮੇਂ ਸਮੇਂ ਗੋਸ਼ਟੀਆਂ, ਕਾਨਫਰੰਸਾਂ ਰਚਾਉਂਦੇ ਤੇ ਜਲਸੇ ਜਲੂਸ ਵੀ ਕੱਢਦੇ ਰਹਿੰਦੇ ਹਨ। ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਨ ਪੜ੍ਹਾਉਣ ਵਾਲੇ ਹਜ਼ਾਰਾਂ ਹੀ ਅਧਿਆਪਕ ਹਨ। ਕਈ ਹੋਰ ਕੰਮਾਂ-ਕਾਰਾਂ ਵਿਚ ਵੀ ਪੰਜਾਬੀ ਜ਼ੁਬਾਨ ਦੀ ਕੁਸ਼ਲਤਾ ਰੁਜ਼ਗਾਰ ਦਾ ਸਾਧਨ ਹੈ। ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਬਾਹਰਲੇ ਦੇਸ਼ਾਂ ਵਿਚ ਵੀ ਪੰਜਾਬੀ ਦੀ ਗੱਲ ਹੁੰਦੀ ਰਹਿੰਦੀ ਹੈ ਅਤੇ ਕਈ ਥਾਈਂ ਤਾਂ ਮੀਡੀਆ ਤੇ ਪਬਲਿਕ ਵਿਚ ਇਸਦੀ ਭਰਵੀਂ ਹਾਜ਼ਰੀ ਵੀ ਹੈ। ਦੇਸ਼ ਬਦੇਸ਼ ਵਿਚ ਮੌਕੇ ਕੁਮੌਕੇ ਪੰਜਾਬੀ ਆਪਣੀ 'ਬੱਲੇ ਬੱਲੇ' ਕਰਨ ਦਾ ਕੋਈ ਵੇਲ਼ਾ ਖੁੰਝਣ ਨਹੀਂ ਦਿੰਦੇ। ਪੰਜਾਬੀ ਦੇ ਗਾਇਕ ਗਾਇਕਾਵਾਂ ਦੇ ਅਖਾੜਿਆਂ ਤੇ ਉਹਨਾਂ ਦੀਆਂ ਟੇਪਾਂ, ਵੀਡੀਓ ਕੈਸਟਾਂ ਦੀ ਵੀ ਭਰਮਾਰ ਹੈ। ਪਰ ਇਸ ਸਭ ਕੁਝ ਦੇ ਹੁੰਦਿਆਂ ਸੁੰਦਿਆਂ ਪੰਜਾਬੀ ਨੂੰ ਦੂਜੀਆਂ ਜ਼ੁਬਾਨਾਂ ਵਾਂਗ ਮਾਣ ਸਤਿਕਾਰ ਹਾਸਲ ਨਹੀਂ।

ਪੰਜਾਬੀ ਬੋਲਣ ਜਾਂ ਇਸਨੂੰ ਆਪਣੀ ਜ਼ੁਬਾਨ ਪ੍ਰਵਾਨ ਕਰਨ ਦੇ ਮਾਮਲੇ ਵਿਚ ਹਾਲਤ ਪਹਿਲਾਂ ਜਿੰਨੀ ਮਾੜੀ ਨਹੀਂ, ਜਦੋਂ ਮਜ਼ਹਬ ਦੇ ਆਧਾਰ 'ਤੇ ਹੀ ਹਿੰਦੂਆਂ, ਮੁਸਲਮਾਨਾਂ ਜਾਂ ਸਿੱਖਾਂ ਨੇ ਇਸਨੂੰ ਸਵੀਕਾਰਿਆ ਜਾਂ ਨਕਾਰਿਆ ਸੀ। ਹਾਲੇ ਵੀ ਟਾਵੇਂ ਟਾਵੇਂ ਲੋਕ ਮਿਲ ਤਾਂ ਜਾਣਗੇ ਜੋ ਪੰਜਾਬੀ ਨੂੰ ਆਪਣੀ ਭਾਸ਼ਾ ਵਜੋਂ ਰਸਮੀ ਪ੍ਰਵਾਨਗੀ ਦੇਣ ਤੋਂ ਹਿਚਕਚਾਉਂਦੇ ਹਨ, ਪਰ ਸਮੁੱਚੇ ਤੌਰ 'ਤੇ, ਭਾਰਤ ਵਿਚਲੇ ਪੰਜਾਬ ਨਾਲੋਂ ਵੀ ਵੱਡੇ ਪਾਕਿਸਤਾਨ ਵਿਚਲੇ ਲਹਿੰਦੇ

ਪੰਜਾਬ ਸਮੇਤ, ਪੰਜਾਬੀ ਦੇ ਸੰਬੰਧ ਵਿਚ ਇਹ ਫਿਰਕੂ ਦੁਫਾੜ ਹੁਣ ਮੌਜੂਦ ਨਹੀਂ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਿੰਨੇ ਹੀ ਕਰੋੜਾਂ ਵਿਚ ਹੋਣ ਦਾ ਦਾਅਵਾ ਹੈ। ਪਰ ਫਿਰ ਵੀ ਇਕ ਜ਼ੁਬਾਨ ਵਜੋਂ ਇਸਦੀ ਇੱਜ਼ਤ ਨਹੀਂ। ਆਖਰ ਕਿਉਂ?

ਇਸ ਕਿਉਂ ਦਾ ਜਵਾਬ ਇਹ ਹੈ ਕਿ ਪੰਜਾਬੀ ਜਨ-ਸਾਧਾਰਨ ਨੂੰ ਬੋਲ-ਚਾਲ ਤੋਂ ਅਗਾਂਹ ਇਸਦੇ ਮਹੱਤਵ ਦੀ ਚੇਤਨਾ ਨਹੀਂ, ਜਦਕਿ ਰਾਜ ਵੱਲੋਂ ਇਸ ਦੀ ਪੁਸ਼ਤ-ਪਨਾਹੀ ਨਾ ਹੋਣ ਵਿਚ ਜਮਾਤੀ ਹਿਤਾਂ ਦਾ ਵੱਡਾ ਦਖਲ ਹੈ। ਸਦੀਆਂ ਤਕ ਸਰਕਾਰੇ ਦਰਬਾਰੇ ਲੋਕ-ਬੋਲੀ ਨੂੰ ਅਣਗੌਲ਼ਿਆਂ ਕੀਤੇ ਰੱਖਣ ਦਾ ਤੱਥ ਲੋਕਾਂ ਨੂੰ ਅਚੇਤ ਹੀ 'ਬੋਲੀ ਅਵਰ ਤੁਮਾਰੀ' ਅੱਗੇ ਸਿਰ ਝੁਕਾਉਣ ਲਾ ਦਿੰਦਾ ਹੈ। ਹਾਕਮ ਵਰਗ ਤੇ ਉਚੇਰੀ ਨੌਕਰਸ਼ਾਹੀ ਨੂੰ ਸਪਸ਼ਟ ਹੈ ਕਿ ਆਪਣੀ ਹੁਣ ਵਾਲੀ ਬਰਤਰੀ ਬਣਾਈ ਰੱਖਣ ਲਈ ਆਮ ਲੋਕਾਂ ਨਾਲੋਂ ਵਿੱਥ ਉੱਤੇ ਨਿਵੇਕਲੇ ਤੇ ਉਚੇਰੇ ਵਿਚਰਨਾ ਤੇ ਦਿਸਦੇ ਰਹਿਣਾ ਜ਼ਰੂਰੀ ਹੈ, ਜਿਸ ਲਈ ਓਪਰੀ ਜ਼ੁਬਾਨ ਇਕ ਤਕੜਾ ਵਸੀਲਾ ਹੈ। ਏਸ ਲਈ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਲਾਗੂ ਕਰਨ ਦੇ ਸਾਰੇ ਵਾਅਦੇ ਤੇ ਦਾਅਵੇ ਝੂਠੇ ਸਾਬਤ ਹੁੰਦੇ ਹਨ। ਵਿਕਸਤ ਸੂਚਨਾ ਤਕਨਾਲੋਜੀ ਦੇ ਦੌਰ ਵਿਚ ਇਸਨੂੰ ਸਮੇਂ ਤੇ ਲੋੜ ਦੇ ਹਾਣੀ ਬਣਾਉਣ ਦੀ ਕੋਸ਼ਿਸ਼ ਨਹੀਂ ਹੋ ਰਹੀ। ਸਗੋਂ ਅਜਿਹੀ ਲੋੜ ਨਾਲ ਵਰ ਨਾ ਮੇਚ ਸਕਣ ਦੇ ਬਹਾਨੇ ਉੱਚੇ ਅਕਾਦਮਿਕ ਖੇਤਰ ਵਿਚੋਂ ਇਸਨੂੰ ਬਾਹਰ ਧੱਕਿਆ ਜਾ ਰਿਹਾ ਹੈ। ਹਾਕਮ ਜਮਾਤ ਨੇ ਸਿੱਖਿਆ ਹਾਸਲ ਕਰਨ ਲਈ 'ਬੋਲੀ ਅਵਰ ਤੁਮਾਰੀ' ਵਾਲੇ ਮਹਿੰਗੇ ਵਿਦਿਅਕ ਅਦਾਰੇ ਬਣਾ ਲਏ ਹਨ ਤੇ ਪੰਜਾਬੀ ਨਿਮਾਣਿਆਂ ਨਿਆਸਰਿਆਂ ਦੀ ਜ਼ੁਬਾਨ ਬਣਾ ਕੇ ਰੱਖ ਦਿੱਤੀ ਗਈ ਹੈ।

ਮੁੜ ਮੁੜ ਆਖੀ ਗੱਲ ਫਿਰ ਦਹੁਰਾਉਣੀ ਪੈ ਰਹੀ ਹੈ ਕਿ ਪੰਜਾਬੀ ਜ਼ੁਬਾਨ ਦਾ ਮਸਲਾ ਅੱਜ ਇਕ ਬੰਨੇ ਸਮਰੱਥਾਵਾਨ ਤੇ ਦੂਜੇ ਬੰਨੇ ਸਾਧਨਹੀਣ ਲੋਕਾਂ ਦਾ ਜਮਾਤੀ ਮਸਲਾ ਹੈ। ਸਭਿਆਚਾਰਕ ਚੇਤਨਾ ਦੇ ਨਾਲ ਹੀ ਸ਼੍ਰੇਣਿਕ ਚੇਤਨਾ ਦੀ ਗ਼ੈਰਹਾਜ਼ਰੀ ਵਿਚ ਲੋਕ ਭੁਲਾਂਦਰੇ ਵਾਲੀ ਬਿਰਤੀ ਵਿਚ ਗ੍ਰੱਸੇ ਹੋਏ ਹਨ। ਆਪਣੇ ਵਿਤ ਅਨੁਸਾਰ ਹਾਕਮ ਜਮਾਤਾਂ ਦੀ ਰੀਸ ਕਰਨ ਦੇ ਰਾਹ ਤੁਰਦੇ ਹੋਏ ਉਹ ਵੀ ਆਪਣੀ ਜ਼ੁਬਾਨ ਨੂੰ ਤ੍ਰਿਸਕਾਰ ਦੀ ਪਾਤਰ ਬਣਾਉਂਦੇ ਹਨ। ਪਿੰਡਾਂ ਵਿਚਲੇ ਸਰਦਾਰਾਂ ਦੇ ਕਾਕੇ ਬੋਲਦੇ ਜ਼ਰੂਰ ਹਨ ਪਰ ਪੰਜਾਬੀ ਪੜ੍ਹਦੇ ਨਹੀਂ। ਅਤੇ ਕਸਬਿਆਂ ਸ਼ਹਿਰਾਂ ਵਿਚ, ਬਿਨਾਂ ਮਜ਼ਹਬੀ ਵਿਤਕਰੇ ਤੋਂ, ਸਿੱਖ ਹਿੰਦੂ ਸਭ ਮਧਵਰਗੀ ਪਰਿਵਾਰਾਂ ਦੀ ਨਵੀਂ ਪੌਦ ਲਈ ਪੰਜਾਬੀ ਇਕ ਹੀਣੀ ਜ਼ੁਬਾਨ ਹੈ, ਜੋ ਪੜ੍ਹਨੀ ਤਾਂ ਕੀ ਉਹਨਾਂ ਦੇ ਬੁਲ੍ਹਾਂ 'ਤੇ ਵੀ ਨਹੀਂ ਆ ਸਕਦੀ।

ਸਭ ਤੋਂ ਵੱਡੀ ਤ੍ਰਾਸਦੀ ਇਹ ਕਿ ਪੰਜਾਬੀ ਦਾ ਦਮ ਭਰਨ ਵਾਲਿਆਂ ਨੂੰ ਵੀ ਆਪਣੇ ਆਪ ਉੱਤੇ ਯਕੀਨ ਨਹੀਂ। ਉਹਨਾਂ ਦੇ ਬੋਲਾਂ ਵਿਚ ਸੱਚਾਈ ਨਹੀਂ, ਵਿਹਾਰ ਅਸਲੋਂ ਝੂਠਾ ਹੈ। ਬਾਹਰੀ ਵਿਖਾਵੇ ਆਪਣੀ ਥਾਂ, ਘਰ ਵਿਚ ਪੰਜਾਬੀ ਨੂੰ ਤ੍ਰਿਸਕਾਰਨ ਵਿਚ ਉਹ ਕਿਸੇ ਤੋਂ ਪਿੱਛੇ ਨਹੀਂ। ਉਹਨਾਂ ਦੀ ਵੀ ਇਹ ਸਮਝ ਹੈ ਕਿ ਚੰਗਾ ਭਵਿੱਖ, ਪਰਵਾਸ ਧਾਰਨ ਵਾਂਗ, ਪੰਜਾਬੀ ਭਾਸ਼ਾ ਤੋਂ ਪਾਰ ਜਾਣ ਵਿਚ ਹੈ।

ਜੇ ਪੰਜਾਬੀ ਸਿਰਫ ਗਾਉਣ ਵਜਾਉਣ ਜਾਂ ਸਾਧਾਰਨ ਬੋਲ-ਚਾਲ ਤਕ ਸੀਮਤ ਰਹਿ ਜਾਂਦੀ ਹੈ, ਅਤੇ ਇਹ ਨਿੱਤ ਵਧਦੀਆਂ ਲੋੜਾਂ ਦੇ ਹਾਣ ਦੀ ਬਣ ਕੇ ਸਭ ਪੱਧਰਾਂ ਉੱਤੇ ਵਰਤੋਂ ਵਿਚ ਆ ਸਕਣ ਦੇ ਸਮਰੱਥ ਨਹੀਂ ਹੁੰਦੀ, ਤਾਂ ਇਸਦਾ ਮਾਣ ਸਤਿਕਾਰ ਵਧਣ ਦੀ ਉਮੀਦ ਕਰਨੀ ਕੂੜ ਹੈ।□□

-ਰਘਬੀਰ

ਰੰਗ ਭਰੀਏ : ਤਿੰਨ ਕਵਿਤਾਵਾਂ/ ਸੁਰਿੰਦਰ ਗਿੱਲ

ਇਕ

ਪਿਆਰੇ ਮਿੱਤਰੋ ! ਹਾਣੀਉ
ਉਮਰ ਦੇ ਤੀਜੇ ਪੜਾਅ ਨੂੰ ਟੱਪ ਕੇ
ਉਮਰ ਦੇ ਚੌਥੇ ਪਹਿਰ ਪ੍ਰਵੇਸ਼ ਕਰਕੇ
ਹੁਣ ਕਿਉਂ ਹੋਣਾ ਉਦਾਸ
ਹੁਣ ਵਿਅਰਥ ਝੂਰਨਾ
ਗ਼ਮ ਸਮੁੰਦਰ ਵਿਚ ਨਾ ਕਰੀਏ ਨਿਵਾਸ।

ਕੀੜੀਆਂ ਵਾਂਗੂੰ
ਕੰਮਾਂ ਧੰਦਿਆਂ ਦੇ ਵਿਚ ਲੱਗੇ
ਕਾਲ਼ੇ ਵਾਲ ਹੋ ਗਏ ਬੱਗੇ।

ਆਉ ਉਹਨਾਂ ਮਿੱਤਰਾਂ ਨੂੰ ਯਾਦ ਕਰੀਏ
ਜੋ ਕੁਰਾਹੇ ਪੈ ਗਏ
ਜਾਂ ਰਾਹਾਂ ਵਿਚ ਰਹਿ ਗਏ ਤੇ ਗੁੰਮ ਗਏ
ਬੀਤੀਆਂ ਯਾਦਾਂ ਫਰੋਲਣ ਸਮੇਂ ਹੀ
ਜ਼ਿਕਰ ਹੁੰਦਾ ਹੈ ਉਹਨਾਂ ਦਾ ਕਦੇ ਹੀ।

ਜ਼ਿੰਦਗੀ ਦੇ ਇਸ ਪੜਾਅ 'ਤੇ ਪਹੁੰਚ ਕੇ
ਨਿੱਕੇ ਨਿੱਕੇ ਰੋਣੇ ਨਾ ਰੋਈਏ ਅਸੀਂ
ਹੱਥੋਂ ਖੁੱਸੇ ਪਲਾਂ, ਮਰੀਆਂ ਹਸਰਤਾਂ ਨੂੰ
ਝੂਰੀਏ ਨਾ ਬੇਦਿਲੇ ਹੋਈਏ ਅਸੀਂ।

ਝੋਰਿਆਂ ਪਛਤਾਵਿਆਂ ਦੇ ਖੋਭੇ 'ਚ ਨਾ ਖੁੱਭੀਏ
ਗ਼ਮ ਦੀ ਡੂੰਘੀ ਝੀਲ ਵਿਚ ਨ ਡੁੱਬੀਏ
ਨਵੇਂ ਯੁੱਗ ਦੇ ਪੂੰਜੀ-ਮੁਖ ਭਾਣੇ ਨੂੰ
ਮਿੱਠਾ ਕਰਕੇ ਮੰਨੀਏ।
ਨਵੇਂ ਯੁੱਗ ਦੇ ਖੌਰੂ ਪਾਉਂਦੇ
ਤੇਜ਼ ਵਗਦੇ ਪਾਣੀਆਂ ਨੂੰ
ਪਿਆਰ ਕਰਨਾ ਸਿੱਖੀਏ
ਅੱਗ ਦੀਆਂ ਲਹਿਰਾਂ 'ਤੇ ਤਰਨਾ ਸਿੱਖੀਏ।
ਜ਼ਿੰਦਗੀ ਦੇ ਇਸ ਪੜਾਅ 'ਤੇ ਪਹੁੰਚ ਕੇ
ਸੁੱਖ ਮਨਾਈਏ, ਪਹੁੰਚ ਗਏ
ਸ਼ੁਕਰ ਕਰੀਏ ਕਿ ਅਜੇ ਵੀ ਕਾਇਮ ਹਾਂ

ਸ਼ੁਕਰ ਕਰੀਏ ਕਿ ਅਜੇ ਥੱਕੇ ਨਹੀਂ
ਜਿਉਂ ਰਹੇ ਹਾਂ
ਲੜ ਰਹੇ ਹਾਂ
ਹਾਂ ਅਜੇ ਅੱਕੇ ਨਹੀਂ।

ਬਾਕੀ ਰਹਿੰਦੇ ਕੁਝ ਵਰ੍ਹੇ
ਕੁਝ ਮਹੀਨੇ, ਕੁਝ ਕੁ ਦਿਨ ਜਾਂ ਕੁਝ ਕੁ ਪਲ
ਹੱਥਾਂ ਵਿਚੋਂ ਰੇਤ ਵਾਂਗੂੰ ਕਿਰ ਨਾ ਜਾਵਣ ਕਿਤੇ
ਇਹਨਾਂ ਮਹਿੰਗੇ ਪਲਾਂ ਦਾ ਮੁੱਲ ਜਾਣੀਏ
ਤੇ ਸਮੇਂ ਦੀ ਤੋਰ ਨੂੰ ਪਹਿਚਾਣੀਏ।

ਰੁਲ਼ੇ ਰਹੇ ਹਾਂ
ਹੁਣ ਤਕ ਆਪਾਂ ਰੁਲ਼ੇ ਰਹੇ ਹਾਂ
ਹੁਣ ਤਕ ਮਨ ਵਿਚ
ਜੋ ਜੋ ਘੁੱਗੂ ਘੋੜੇ ਵਾਹੇ
ਸੁਪਨੇ ਸਿਰਜੇ
ਜੋ ਜੋ ਕਲਪਿਤ ਚਿਤਰ ਬਣਾਏ
ਆਓ ਹੁਣ ਸਾਕਾਰ ਕਰੀਏ
ਇਹ ਹੀ ਰੁੱਤ ਹੈ
ਕਿ ਉਹਨਾਂ ਵਿਚ ਰੰਗ ਭਰੀਏ
ਜ਼ਿੰਦਗੀ ਵਿਚ ਕੁਝ ਤਾਂ ਕਰੀਏ।

ਆਉ ! ਹੁਣ ਰੰਗ ਵਿਚ ਆਈਏ
ਆਉ ! ਹੁਣ ਰੰਗ ਭਰੀਏ। ❑❑

ਦੋ

ਉਹ ਤਸਵੀਰਾਂ
ਮੋਹਕ ਮੂਰਤਾਂ
ਜੋ ਸਾਡੇ ਸੁਪਨਿਆਂ ਵਿਚ ਆਈਆਂ
ਸਮੇਂ ਸਮੇਂ ਆਪਣੇ ਮਸਤਕ ਆਪਾਂ ਚਿਤਵੀਆਂ
ਵਾਹੀਆਂ ਬਣਾਈਆਂ।
ਉਹ ਸਾਡੀ ਪਹੁੰਚ ਤੋਂ ਪਰੇ ਦੀ ਗੱਲਾਂ
ਕਿਸੇ ਸੁੰਦਰ 'ਬੀਚ' ਦੀ ਰੇਤਾ 'ਤੇ ਖੜ੍ਹੇ ਮੂਕ ਦਰਸ਼ਕ
ਦੇਖਦੇ ਸਾਗਰ ਦੀਆਂ ਛੱਲਾਂ।

ਹੁਣ ਉਹ ਕਲਪਿਤ ਮੂਰਤਾਂ ਸਾਕਾਰ ਦੇਖਣ ਦਾ ਸਮਾਂ ਹੈ
ਕਲਪਨਾ
ਇੱਛਾ ਇੱਛਾਵਾਂ ਹਸਰਤਾਂ ਦੀ
ਉਹ ਕੰਵਾਰੀ ਜੇਹੀ ਮੂਰਤ
ਉਹ ਮੁੱਢੋਂ ਗ਼ਲਤ ਸੀ, ਅਸਲੋਂ ਸਹੀ ਭਾਵੇਂ
ਉਹਦਾ ਕੁਝ ਰੂਪ ਤਾਂ ਸਾਕਾਰ ਕਰੀਏ
ਲਕੀਰਾਂ ਮਿਟ ਹੀ ਨਾ ਜਾਵਣ ਕਿਤੇ
ਆਉ ਹੁਣ ਰੰਗ ਭਰੀਏ।

ਏਸ ਢਲਦੀ ਰੁੱਤ
ਆਪਣੀ ਉਮਰ ਦੇ ਅੰਤਿਮ ਪੜ੍ਹਾਅ 'ਤੇ ਪਹੁੰਚ ਕੇ
ਉਹ ਆਸ਼ਾਵਾਂ ਤੇ ਇੱਛਾਵਾਂ ਚਿਤਵ ਕੇ
ਸੰਗੀਏ ਨਾ, ਸ਼ਰਮ ਨਾ ਮੰਨੀਏ
ਉਹਨਾਂ ਦੇ ਮੁੱਖ ਦਵਾਰ ਦੀ ਦੀਵਟ 'ਤੇ
ਸੱਚ ਦਾ ਦੀਪ ਧਰੀਏ।

ਹੁਣ ਵੀ ਜੇਕਰ
ਸੋਚਾਂ ਦੇ ਚਿੱਕੜ 'ਚ ਆਪਾਂ ਖੁਭ ਗਏ
ਤਾਂ ਖੁੰਝ ਜਾਵਾਂਗੇ
ਆਉ ! ਇੱਛਾਵਾਂ ਦੇ ਸੱਖਣੇ ਚਿਤਰਪਟ ਵਿਚ
ਰੰਗ ਭਰੀਏ
ਐਵੇਂ ਇਕਲਾਪੇ ਦੇ ਝੋਰੇ ਵਿਚ ਨਾ ਮਰੀਏ
ਏਸ ਘਸਮੈਲੀ ਉਮਰ ਵਿਚ ਸ਼ੋਖ ਰੰਗਾਂ ਨੂੰ ਚਿਤਵੀਏ

ਆਉ ! ਢਲਦੀ ਰੁੱਤ ਦੇ
ਅੰਤਲੇ ਵਰ੍ਹਿਆਂ ਨੂੰ ਯਾਰੋ
ਜਿਊਣ ਜੋਗੇ ਰੰਗਲੇ ਕਰੀਏ
ਆਉ ! ਰੰਗਾਂ ਵਿਚ ਨਹਾਈਏ
ਰੰਗ ਵਿਚ ਆਈਏ
ਆਉ ! ਹੁਣ ਰੰਗ ਭਰੀਏ। ❑❑

ਤਿੰਨ

ਜੀਵਨ ਦੀ ਚੌਥੀ ਪਾਰੀ ਵਿਚ ਪੁੱਜ ਗਏ ਹਾਂ
ਇਸ ਦਾ ਕੋਈ ਜਸ਼ਨ ਮਨਾਉਣਾ ਚਾਹੀਦੈ।

ਏਸ ਪੜਾਅ ਤਕ ਭਾਗਾਂ ਵਾਲੇ ਹੀ ਪੁੱਜਦੇ ਨੇ
ਯਾਦ ਕਰੋ ਉਹ ਮਿੱਤਰ ਪਿਆਰੇ
ਤੁਰਦੇ ਤੁਰਦੇ, ਵਿਦਾਅ ਹੋ ਗਏ ਅੱਧ ਵਿਚਕਾਰੇ
ਸ਼ਿਵ ਕੁਮਾਰ, ਮੀਸ਼ਾ, ਹਮਰਾਹੀ ਤੇ ਅਵਤਾਰ
ਇਨਕਲਾਬ ਦੇ ਨਾਹਰੇ ਲਾਉਂਦਾ
ਪਾਸ਼।

ਮਿੱਤਰੋ! ਆਪਾਂ ਆਪੋ ਆਪਣੀ ਬੁੱਧ, ਕਲਪਨਾ
ਵਿੱਤ ਅਨੁਸਾਰ
ਆਪਣੇ ਕਾਲਪਨਿਕ ਜੀਵਨ ਦੇ ਚਿਤਰ ਬਣਾਏ
ਖੁਸ਼ ਖੁਸ਼ ਤੇ ਪ੍ਰਸੰਨ ਜੀਵਨ ਦੇ ਵਾਹੇ ਖਾਕੇ
ਕੀਤੇ ਘੋਲ਼ ਤੇ ਕੱਟੇ ਫਾਕੇ
ਠਹਿਰ ਗਏ ਹਾਂ ਏਸ ਪੜਾਅ 'ਤੇ ਆ ਕੇ।

ਉਮਰ ਦੇ ਮਹਿੰਗੇ ਪਲ ਹੱਥਾਂ 'ਚੋਂ ਕਿਰਦੇ ਜਾਂਦੇ
ਆਸ਼ਾਵਾਂ ਦੀ ਮੂਰਤ ਉੱਤੇ
ਕਾਲ਼ੇ ਪੀਲ਼ੇ ਧੱਬੇ ਨਿੱਤ ਉੱਘੜਦੇ ਆਉਂਦੇ
ਸਾਥਿਉ!
ਹੁਣ ਗ਼ਮ 'ਚ ਨਾ ਡੁੱਬੀਏ
ਘੋਰ ਨਿਰਾਸ਼ਾ ਦੇ ਖੋਭੇ ਨਾ ਖੁੱਭੀਏ
ਆਪੋ ਆਪਣੇ ਅੰਦਰ ਝਾਤੀ ਮਾਈਏ
ਹੁਣ ਤਕ ਜੋ ਊੜੇ ਤੇ ਐੜੇ
ਕਾਟੇ-ਵਾਟੇ ਘੱਕੂ ਘਾੜੇ
ਊਲ ਜਲੂਲ ਚਿਤਰ ਵਾਹੇ ਨੇ
ਸ਼ੁੱਧ ਕਰੀਏ, ਰੰਗਲੇ ਰੰਗ ਭਰੀਏ
ਜਨਮ ਸਕਾਰਥ ਕਰੀਏ
ਉਹ ਸੁਪਨੇ ਜਿਹਨਾਂ ਨੇ ਸਾਡੀ ਨੀਂਦ ਨੂੰ ਕਲਯੁਗ ਬਣਾਇਆ

ਆਉ! ਹੁਣ ਸਾਕਾਰ ਕਰੀਏ
ਸੁਪਨਿਆ, ਚਿਤਰਾਂ ਅਤੇ ਇੱਛਾਵਾਂ ਦੇ
ਜਿਉਂਦੇ ਜਾਗਦੇ ਹੋਵਣ ਦਾ ਦਮ ਭਰੀਏ।
ਆਉ! ਹੁਣ ਰੰਗ ਵਿਚ ਆਈਏ
ਆਉ! ਰੰਗਾਂ ਸੁਗੰਧਾਂ ਵਿਚ ਨਹਾਈਏ
ਰੰਗ ਵਿਚ ਆਈਏ।□□

[1093, ਸੈਕਟਰ 63, ਮੋਹਾਲੀ, ਮੋਬਾਇਲ : 99154 73505]

ਇਕ ਨਵੀਂ ਕਾਵਿ-ਕਲਮ: ਜਸਵਿੰਦਰ ਨੀਲੂ

ਜਸਵਿੰਦਰ ਨੀਲੂ ਦੀਆਂ ਕਵਿਤਾਵਾਂ ਵਿਚ ਅਨੁਭਵ ਦੀ ਪ੍ਰਮਾਣਿਕਤਾ ਅਤੇ ਪੇਸ਼ਕਾਰੀ ਦੀ ਕਲਾਤਮਕ ਸਾਦਗੀ ਇਕ ਦਮ ਧਿਆਨ ਖਿੱਚਦੀ ਹੈ।ਉਸਦੇ ਸਹਿਜ ਬੋਲ ਹੀ ਜਿਵੇਂ ਆਪ-ਮੁਹਾਰੇ ਕਵਿਤਾ ਵਿਚ ਢਲ਼ਦੇ ਜਾਂਦੇ ਹਨ। ਏਨੀਆਂ ਖ਼ੂਬਸੂਰਤ ਕਵਿਤਾਵਾਂ ਦੀ ਰਚੇਤਾ ਬਾਰੇ ਇਹ ਜਾਣ ਕੇ ਹੋਰ ਵੀ ਜ਼ਿਆਦਾ ਅਚੰਭੇ ਭਰੀ ਖ਼ੁਸ਼ੀ ਹੁੰਦੀ ਹੈ ਕਿ ਉਹ ਹਾਲੇ ਵਿਦਿਆਰਥਣ ਹੀ ਹੈ. ਜੋ ਜੀ. ਜੀ. ਐੱਸ. ਖਾਲਸਾ ਕਾਲਿਜ, ਸਰਹਾਲੀ (ਤਰਨ ਤਾਰਨ) ਵਿਚ ਐੱਮ. ਏ. (ਪੰਜਾਬੀ) ਦੀ ਪੜ੍ਹਾਈ ਕਰ ਰਹੀ ਹੈ। ਇਸ ਨਵੀਂ ਕਾਵਿ-ਕਲਮ ਦਾ ਪੰਜਾਬੀ ਸਾਹਿਤ-ਜਗਤ ਨਾਲ ਪਰਿਚਯ ਕਰਾਉਂਦਿਆਂ 'ਸਿਰਜਣਾ' ਨੂੰ ਅਤਿਅੰਤ ਖ਼ੁਸ਼ੀ ਹੋ ਰਹੀ ਹੈ। ਜਸਵਿੰਦਰ ਨੀਲੂ ਵਿਚੋਂ ਇਕ ਚੰਗੀ ਕਵਿੱਤਰੀ ਦੇ ਉਭਰਨ ਦੀ ਸੰਭਾਵਨਾ ਨਜ਼ਰ ਆਉਂਦੀ ਹੈ ਅਤੇ 'ਸਿਰਜਣਾ' ਵੱਲੋਂ ਇਸ ਸੰਭਾਵਨਾ ਦਾ ਭਰਪੂਰ ਸਵਾਗਤ ਹੈ।

ਹਾਣੀ

ਤੂੰ ਅਕਸਰ ਮੈਨੂੰ ਕਹਿੰਦਾ ਏਂ
ਕਿ ਆਪਾਂ ਦੋਵੇਂ ਹਾਣੋਂ ਹਾਣੀ
ਪਰ ਕਿਵੇਂ
ਸਮਝ ਨਾ ਪਾਵਾਂ ਇਹ ਕਹਾਣੀ
ਕਿੰਝ ਹੋਏ ਅਸੀਂ ਹਾਣੋਂ ਹਾਣੀ

ਸਾਹਾਂ ਦੇ ਹਾਣੀ???
ਸਾਹਾਂ ਦਾ ਕੀ ਭਰੋਸਾ ਝੱਲਿਆ
ਕਦੋਂ ਕਿੱਥੇ ਕਿਹੜੀ ਤੰਦ ਤਿੜਕ
ਕੇ ਦੋ ਪਾ ਹੋ ਜਾਵੇ

ਜਨਮਾਂ ਦੇ ਹਾਣੀ ???
ਜਨਮਾਂ ਦੀ ਖੇਡ ਕੀਹਨੇਂ
ਜਾਣੀ ਏ ਕਮਲ਼ਿਆ

ਉਮਰਾਂ ਦੇ ਹਾਣੀ???
ਚਲ ਝੂਠਾ, ਤੈਨੂੰ ਤਾਂ ਤਿੰਨ ਵਰ੍ਹੇ
ਪਹਿਲਾਂ ਈ ਜੱਗ ਮੇਲਾ ਵੇਖਣ
ਦੀ ਕਾਹਲ ਸੀ

ਫਿਰ???? ਖਿਆਲਾਂ ਦੇ ਹਾਣੀ???
ਹਾਂ, ਅਸੀਂ ਖਿਆਲਾਂ ਦੇ ਹਾਣੀ
ਕਿਉਂ ਜੁ ਇਕ ਤੂੰ ਹੀ ਸੀ
ਜਿਸ ਨੇ ਹੋਰਾਂ ਦੇ ਮੱਥੇ ਦੀ

ਤਿਊੜੀ ਬਣੇ ਮੇਰੇ ਖਿਆਲਾਂ ਨੂੰ
ਆਪਣੇ ਦਿਲ ਦੀ ਦਹਿਲੀਜ਼ ਤੋਂ
ਤੇਲ ਚੋਅ ਕੇ ਅੰਦਰ ਲੰਘਾਇਆ ❑❑

ਅੱਧਖਿੜੀਏ ਕਲੀਏ

ਅੱਧਖਿੜੀਏ ਅਨਭੋਲ ਨੀ ਕਲੀਏ
ਹੁਣ ਖਿੜਦੀ ਚਾਈਂ-ਚਾਈਂ
ਕਿੰਨੇ ਸ਼ਿਕਾਰੀ ਤੇਰੇ ਬੈਠੇ ਸਰ੍ਹਾਣੇ
ਇਹ ਖਬਰ ਨਾ ਤੇਰੇ ਤਾਂਈਂ
ਖਿੜਦੀ ਨੂੰ ਈ ਦਬੋਚ ਲੈਣਗੇ
ਇਸ ਜੱਗ ਦੇ ਪੈਰੋਕਾਰ
ਨਾ ਹੱਥ ਵਈਆਂ ਦੇ ਆਈਂ

ਕਦੀ ਇਹ ਸੁੰਘਣਗੇ ਤੇਰੀ ਖੁਸ਼ਬੂ
ਕਦੀ ਇਹ ਛੂਹਣਗੇ ਤੇਰਾ ਲੂੰ - ਲੂੰ
ਚੁਸਤ ਚਲਾਕਾਂ ਦੀਆਂ
ਸਮਝ ਲੈ ਨੀ ਚਲਾਕੀਆਂ
ਨਾ ਗੱਲੀਂ ਤੂੰ ਲੱਗ ਜਾਈਂ

ਕਿਸੇ 'ਤੇ ਨਾ ਯਕੀਨ ਕਰੀਂ ਤੂੰ
ਆਪਣੇ 'ਤੇ ਧਰਵਾਸ ਧਰੀਂ ਤੂੰ
ਤੱਕ ਕੇ ਤੇਰਾ ਰੂਪ ਨੀ ਅੜੀਏ,
ਮਾਲੀ ਦਾ ਵੀ ਡੋਲ ਜਾਊ ਈਮਾਨ
ਤੂੰ ਆਪਣਾ ਆਪ ਬਚਾਈਂ

ਕਾਹਨੂੰ ਸੂਲ਼ਾਂ ਦਾ ਲਵੇਂ ਸਹਾਰਾ
ਸਿੱਖ ਆਪੇ ਕਰਨਾ ਪਾਰ ਉਤਾਰਾ
ਪੱਤੀਆਂ ਹੁਣ ਕਰ ਚੁਕੰਨੀਆਂ
ਟਾਹਣੀਆਂ ਨੂੰ ਕਰ ਲੈ ਮਜ਼ਬੂਤ
ਤੇਰਾ ਸਾਥ ਦਿਊਗਾ ਸਾਈਂ
ਤੇਰਾ ਸਾਥ ਦਿਊਗਾ ਸਾਈਂ ❑❑

ਮੇਰੀ ਅਨਪੜ੍ਹ ਮਾਂ

ਮੇਰੀ ਮਾਂ ਨੇ ਜਦ ਮੈਨੂੰ ਜੰਮਿਆ ਹੋਵੇਗਾ
ਖੌਰੇ ਕਿੰਨੀਆਂ ਆਸਾਂ ਨਾਲ ਤੱਕਿਆ ਹੋਵੇਗਾ
ਪੁੱਤ ਮੰਗਦੀ ਨੂੰ ਮਿਲ਼ੀ ਹੋਊ ਜਦ ਧੀ

ਇਕ ਹੰਝੂ ਤਾਂ ਜ਼ਰੂਰ ਨੈਣੋਂ ਵਗਿਆ ਹੋਵੇਗਾ

ਫਿਰ ਇਕ ਵੱਡਾ ਜਿਹਾ ਜਿਗਰਾ ਧਰ ਕੇ
ਮੱਥੇ ਦੀਆਂ ਲਕੀਰਾਂ 'ਤੇ ਯਕੀਨ ਕਰ ਕੇ
ਮਾਰੀ ਹੋਊ ਉਹਦੀਆਂ ਸੋਚਾਂ ਨੇ ਲੰਮੀ ਉਡਾਰੀ
ਤਾਂ ਮੇਰਾ ਨਾਂ ਖੁਲ੍ਹੇ ਅਸਮਾਨ ਰੰਗਾ ਰੱਖਿਆ ਹੋਵੇਗਾ

ਅੱਜ ਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਨਾਲੋਂ
ਲੱਖ ਸਿਆਣੀ ਲੱਗੇ ਮੈਨੂੰ ਮੇਰੀ ਅਨਪੜ੍ਹ ਮਾਂ
ਜਿਹਨੇਂ ਪੁੱਤ ਧੀ ਨੂੰ ਬਰਾਬਰ ਜਾਣ ਕੇ
ਨਾ ਮੈਨੂੰ ਕੁੱਖ 'ਚ ਕਤਲ ਕਰਾਇਆ
ਨਾ ਮੇਰਾ ਜੰਮਦੀ ਦਾ ਗਲ਼ਾ ਘੁੱਟਿਆ ਹੋਵੇਗਾ ❑❑

ਸੂਰਜ

ਕਿਉਂ ਸੂਰਜ ਬਣ ਬਣ ਤਪਦਾ ਏਂ
ਮੈਂ ਠੰਡੀ ਬਣ ਹਵਾ ਜਾਵਾਂ
ਜੇ ਬਣਨਾ ਏਂ ਤਾਂ ਸਾਗਰ ਬਣ
ਮੈਂ ਨਦੀ ਬਣ ਤੇਰੇ ਵਿਚ ਸਮਾਅ ਜਾਵਾਂ

ਤੇਰੀ ਤਪਸ਼ ਮੇਰੇ ਅਰਮਾਨਾਂ ਨੂੰ ਸੇਕੀ ਜਾਵੇ
ਮੇਰੇ ਚਾਵਾਂ ਨੂੰ ਆਪਣੇ ਅੰਦਰ ਲਪੇਟੀ ਜਾਵੇ
ਕਦੀ ਸ਼ੀਤਲਤਾ ਵੀ ਦਿਖਾ ਆਪਣੀ
ਮੈਂ ਆਪਣੇ ਹਾਸੇ ਖੇੜੇ ਤੇਰੇ ਨਾਵੇਂ ਲਾ ਜਾਵਾਂ

ਤੇਰੀ ਹਰ ਲਹਿਰ ਮੇਰੇ ਪਾਣੀ ਦੀ ਹਾਣੀ ਬਣੇਂ
ਤਾਂ ਤੇਰੀ ਮੇਰੀ ਇਕ ਅਜਬ ਕਹਾਣੀ ਬਣੇਂ
ਮੈਂ ਤੇਰੇ ਅੰਦਰ ਡੂੰਘੀ ਧਸ ਜਾਵਾਂ
ਤੇ ਅੰਤ ਆਪਣੀ ਹੋਂਦ ਮੁਕਾ ਜਾਵਾਂ
ਹਾਂ, ਮੈਂ ਆਪਣੀ ਹੋਂਦ ਮੁਕਾ ਜਾਵਾਂ ❑❑

ਕਵਿਤਾ

ਜੇ ਮੈਂ ਇਕ ਔਰਤ ਨਾ ਹੋ ਕੇ
ਤੇਰੀ ਕਵਿਤਾ ਹੁੰਦੀ......
ਤਾਂ ਤੇਰੇ ਜ਼ਿਹਨ ਨਹੀਂ, ਸਗੋਂ
ਤੇਰੇ ਦਿਲ 'ਚ ਰਚੀ ਹੁੰਦੀ
ਯਾਦ ਮਨ 'ਚ ਵਲੇਵੇਂ ਖਾਂਦੀ
ਕੋਰੇ ਕਾਗ਼ਜ਼ 'ਤੇ ਉੱਤਰ ਜਾਂਦੀ

ਜੇ ਮੈਂ ਤੇਰੀ ਕਵਿਤਾ ਹੁੰਦੀ

ਕਦੀ ਤੈਨੂੰ ਤੜਪਾਉਂਦੀ
ਤੇ ਕਦੀ ਆਪ ਤੜਪਦੀ
ਕਦੀ ਤੇਰਾ ਚੈਨ ਬਣਦੀ
ਕਦੀ ਸੀਨੇ 'ਚ ਰੜਕਦੀ
ਕਦੀ ਤੂੰ ਬੁਲਾਉਂਦਾ
ਤੇ ਮੈਂ ਨਾ ਆਉਂਦੀ
ਕਦੀ ਤੂੰ ਨਾ ਚਾਹੁੰਦਾ
ਤੇ ਮੈਂ ਆ ਜਾਂਦੀ
ਜੇ ਮੈਂ ਤੇਰੀ ਕਵਿਤਾ ਹੁੰਦੀ

ਕਦੀ ਤੇਰੀਆਂ ਨਜ਼ਰਾਂ ਤੋਂ
ਮੈਂ ਨਜ਼ਰਾਂ ਚੁਰਾਉਂਦੀ
ਤੇ ਕਦੀ ਆਪ ਹੀ ਤੇਰੀ
ਝੋਲ਼ੀ ਆ ਡਿਗਦੀ
ਤੇ ਜਦ ਕੋਈ ਮੇਰੇ ਸੋਹਣੇ
ਨਕਸ਼ਾਂ ਨੂੰ ਸਲਾਹੁੰਦਾ
ਤਾਂ ਤੇਰੇ ਦਿਲ ਰੋਸਾ ਨਹੀਂ
ਸਗੋਂ ਤੇਰੇ ਬੁੱਲ੍ਹਾਂ ਉੱਤੇ
ਮੁਸਕਾਨ ਆ ਜਾਂਦੀ

ਨਹੀਂ...ਜੇ ਨਹੀਂ......
ਕਾਸ਼ ਮੈਂ ਤੇਰੀ ਕਵਿਤਾ ਹੁੰਦੀ
ਕਾਸ਼ ਮੈਂ ਤੇਰੀ ਕਵਿਤਾ ਹੁੰਦੀ ❑❑

ਖੰਡਰ

ਮੈਂ ਅੱਜ ਵੀ ਉਹਨਾਂ ਖੰਡਰਾਂ ਦੇ ਵਿਚ
ਖੰਡਰ ਬਣੀ ਬੈਠੀ ਹਾਂ
ਜਿੱਥੇ ਆ ਕੇ ਕਦੀ ਸਾਡੇ ਸਾਹਾਂ ਵਿਚ
ਸਾਹ ਰਲ ਜਾਂਦੇ ਸੀ

ਮੈਂ ਅੱਜ ਵੀ ਉੱਥੇ ਤੇਰੇ ਪਰਛਾਵੇਂ
ਭਾਲਦੀ ਫਿਰਦੀ ਹਾਂ
ਜਿੱਥੇ ਕਦੀ ਇਕੱਠੇ ਬੈਠਿਆਂ ਨੂੰ
ਪਰਛਾਵੇਂ ਢਲ਼ ਜਾਂਦੇ ਸੀ

ਮੈਂ ਅੱਜ ਵੀ ਉਸ ਮੋੜ 'ਤੇ ਬੇਬਸ

ਤਨਹਾ ਖੜ੍ਹੀ ਹਾਂ
ਜਿਸ ਮੋੜ 'ਤੇ ਆ ਕੇ ਕਦੀ ਸਾਡੇ
ਦੋਵਾਂ ਦੇ ਰਾਹ ਰਲ਼ ਜਾਂਦੇ ਸੀ
ਮੈਂ ਅੱਜ ਵੀ ਉਹਨਾਂ ਪੱਥਰਾਂ ਵਿਚ
ਪੱਥਰ ਬਣੀ ਬੈਠੀ ਹਾਂ
ਜਿੱਥੇ ਮੋਮ ਵਾਂਗ ਪਿਘਲ਼ ਕੇ ਅਸੀਂ
ਇਕ-ਦੂਜੇ 'ਚ ਹੋ ਸ਼ਾਮਲ ਜਾਂਦੇ ਸੀ ❑❑

ਕੀ ਲਿਖਾਂ...

ਦੱਸ ਕੀ ਲਿਖਾਂ...
ਤੇਰੇ ਧੁੱਖਦੇ ਸਾਹਾਂ ਦੇ
ਕੋਰੇ ਵਰਕਿਆਂ 'ਤੇ

ਉਹ ਵਰਕੇ...
ਜਿੰਨ੍ਹਾ ਉੱਤੇ ਹਜ਼ਾਰਾਂ ਹੀ
ਅੱਖਰ ਖੱਭੇ ਪਏ
ਫਿਰ ਵੀ ਉਹ ਕੋਰੇ ਦੇ ਕੋਰੇ ਰਹਿ ਗਏ

ਉਹ ਵਰਕੇ...
ਜਿੰਨ੍ਹਾ ਨੂੰ ਛੂਹਿਆ ਤਾਂ
ਕਈ ਪੋਟਿਆਂ ਨੇ ਹੋਊ
ਪਰ ਉਹਨਾਂ 'ਤੇ ਲਿਖਣ ਦਾ ਹੁਨਰ
ਕਿਸੇ ਦੇ ਨਸੀਬ ਨਾ ਹੋਇਆ

ਕਈ ਕਲਮਾਂ ਤੋਂ ਹੋ ਬੇਮੁੱਖ
ਮੇਰੇ ਕੋਲ਼ ਪਰਤਿਆਂ ਤਾਂ
ਦੱਸ ਕੀ ਲਿਖਾਂ...
ਤੇਰੇ ਧੁੱਖਦੇ ਸਾਹਾਂ ਦੇ
ਕੋਰੇ ਵਰਕਿਆਂ 'ਤੇ
ਦੱਸ ਕੀ ਲਿਖਾਂ......❑❑

ਮੇਰੀ ਹਯਾਤੀ

ਏਹ ਕੇਹਾ ਮੋੜ ਆਇਆ
ਮੇਰੀ ਹਯਾਤੀ ਅੰਦਰ
ਕਿ ਗੁੰਮਨਾਮ ਰਾਹਵਾਂ ਕੋਲ਼ੋਂ
ਪੁੱਛਦੀ ਹਾਂ ਮੈਂ ਆਪਣੀ

ਗੁੰਮਨਾਮੀਂ ਦੀ ਵਜ੍ਹਾ

ਤੁਰ ਪਈ ਹਾਂ ਮੈਂ ਅੱਜ
ਕਾਲ਼ੇ ਜੰਗਲਾਂ ਦੇ ਰਾਹ
ਇਕ ਅਨਜਾਣੇ ਚਾਨਣ
ਦੀ ਭਾਲ ਖਾਤਰ
ਵਿਸ ਘੋਲਦੇ ਨਾਗ ਤੋਂ
ਜਿਉਂਦੇ ਰਹਿਣ ਲਈ
ਦੋ ਘੁੱਟ ਮਾਤਰ

ਏਹ ਕੇਹਾ ਮੋੜ ਆਇਆ
ਮੇਰੀ ਹਯਾਤੀ ਅੰਦਰ ❑❑

ਇਕ ਯਾਦ

ਮੈਨੂੰ ਅੱਜ ਵੀ ਯਾਦ ਹੈ
ਉਸ ਅੱਧਸੁੱਤੀ ਸ਼ਾਮ ਦਾ ਰੂਹਾਨੀ ਚਿਹਰਾ
ਜਦੋਂ ਅਸੀਂ ਪਹਿਲੀ ਵਾਰ ਮਿਲੇ ਸੀ
ਉਸ ਭੀੜ ਭਰੇ ਰਾਹ 'ਤੇ ਤੁਰਦਿਆਂ
ਕਿੰਨੇ ਹੀ ਪਰਛਾਵੇਂ
ਸਾਡੇ ਨਾਲ ਖਹਿੰਦੇ
ਤੇ ਅਗਾਂਹ ਨਿਕਲ ਜਾਂਦੇ
ਪਰ ਸਾਡੇ ਪਰਛਾਵੇਂ
ਇਕ ਦੂਜੇ ਦੀ ਤਾਂਘ ਨਾਲ
ਇਕ-ਦੂਜੇ ਵਿਚ ਡੂੰਘੇ ਰਲ਼ੇ ਸੀ

ਉਹ ਡੁੱਬਦਾ ਹੋਇਆ ਸੂਰਜ, ਜੋ
ਸਾਡੇ ਅੰਦਰ ਅਰਮਾਨਾਂ ਦੀ ਅੱਗ ਬਾਲ਼ ਕੇ
ਆਪ ਸ਼ਾਮ ਦੀ ਗੋਦ ਵਿਚ ਸ਼ੀਤ ਹੋਣ
ਲਈ ਜਾ ਰਿਹਾ ਸੀ
ਇਹ ਓਹ ਅਚੰਭਤ ਵੇਲਾ ਸੀ
ਜਦ ਸਾਡੇ ਖਾਬਾਂ ਦੇ ਪਰਛਾਵੇਂ
ਅਸਮਾਨੀਂ ਤਾਰੀਆਂ ਲਾ ਰਹੇ ਸੀ
ਪਰ ਭੈੜੇ ਵਕਤ ਦੇ ਪਰਛਾਵੇਂ ਢਲ਼ੇ ਹੋਏ ਸੀ ❑❑

[ਪਿੰਡ ਠੱਠੀਆਂ ਮਹੰਤਾਂ, ਜਿਲ੍ਹਾ ਤਰਨ ਤਾਰਨ, ਫੋਨ 9914014745]

ਮੇਰੀ ਸਾਹਿਤਕਾਰੀ ਦਾ ਸਫ਼ਰ

ਅਤਰਜੀਤ ਸਿੰਘ

ਮੇਰੀ ਸਾਹਿਤਕਾਰੀ ਦਾ ਸਫ਼ਰ ਕੋਈ ਵਿਲੱਖਣ ਤਰ੍ਹਾਂ ਦਾ ਵੀ ਨਹੀਂ ਹੈ, ਪਰ ਇਹ ਵੀ ਨਹੀਂ ਕਿ ਇਹ ਅਸਲੋਂ ਹੀ ਸਾਧਾਰਨ ਕਿਸਮ ਦਾ ਹੋਵੇ। ਸੁਰਤ ਸੰਭਾਲਣ ਤੋਂ ਲੈ ਕੇ ਹੀ ਮੇਰਾ, ਜੀਵਨ ਵਿਚ ਅਜੀਬ ਕਿਸਮ ਦੇ ਦੁਖਦਾਈ ਮੋੜ-ਘੋੜ, ਧਿੱਬੜ-ਧੋੜੇ ਅਤੇ ਕੰਡਿਆਲੇ ਪੰਧ ਨਾਲ ਵਾਹ ਪੈ ਗਿਆ ਸੀ। ਆਪਣੀ ਸਵੈ-ਜੀਵਨੀ 'ਅੱਕ ਦਾ ਦੁੱਧ' ਵਿਚ ਮੈਂ ਇਨ੍ਹਾਂ ਦੁਸ਼ਵਾਰੀਆਂ ਬਾਰੇ ਬਹੁਤ ਕੁਝ ਲਿਖ ਚੁੱਕਾਂ ਹਾਂ। ਤਾਂ ਵੀ ਬਹੁਤ ਹੀ ਸੰਖੇਪ ਜਿਹੇ ਵੇਰਵੇ ਇੱਥੇ ਦੇ ਦੇਣੇ ਵੀ ਅਣ-ਉਚਿਤ ਨਹੀਂ ਹੋਣਗੇ। ਮੈਂ ਕਦੇ ਵੀ ਆਪਣੇ ਆਪ ਨੂੰ ਦੁਨੀਆਂ ਦਾ ਇਕੋ ਇਕ ਸੱਚਾ ਬੰਦਾ ਨਹੀਂ ਮੰਨਿਆ ਤੇ ਨਾ ਹੀ ਇਹ ਦਾਅਵਾ ਕਰਦਾ ਹਾਂ ਕਿ ਦੁਨੀਆਂ ਦਾ ਮੈਂ ਹੀ ਇਕੋ ਇਕ ਨੇਕ ਅਤੇ ਇਮਾਨਦਾਰ ਇਨਸਾਨ ਹਾਂ। ਅੰਤਰਝਾਤ ਮਾਰਦਾ ਹਾਂ ਤਾਂ ਮੈਨੂੰ ਆਪਣੇ ਅੰਦਰ ਬੇਸ਼ੁਮਾਰ ਔਗੁਣਾਂ ਦਾ ਭੰਡਾਰ ਮਿਲ਼ ਜਾਂਦਾ ਹੈ। ਵਣਜਾਰਾ ਬੇਦੀ ਦੀ ਸਵੈ-ਜੀਵਨੀ 'ਅੱਧੀ ਮਿੱਟੀ ਅੱਧਾ ਸੋਨਾ' ਮੁਤਾਬਕ ਮੇਰੇ ਅੰਦਰ ਮਿੱਟੀ ਬਹੁਤੀ ਹੋ ਸਕਦੀ ਹੈ, ਪਤਾ ਨਹੀਂ ਸੋਨਾ ਹੈ ਵੀ ਕਿ ਨਹੀਂ। ਫਿਰ ਵੀ ਮੈਂ ਆਪਣੀ ਸਵੈ-ਜੀਵਨੀ ਵਿਚ ਸੱਚੋ ਸੱਚ ਕਿਹਾ ਹੈ। ਜੇ ਮੈਂ ਇਹ ਵੀ ਕਹਿ ਦੇਵਾਂ ਕਿ ਸਾਰਾ ਸੱਚ ਨਹੀਂ ਲਿਖਿਆ ਗਿਆ ਤਾਂ ਇਹ ਦਾਅਵਾ ਮੈਂ ਜ਼ਰੂਰ ਕਰ ਸਕਦਾ ਹਾਂ ਕਿ ਮੈਂ ਸੱਚ ਨੂੰ ਛੁਪਾ ਕੇ ਝੂਠ ਨੂੰ ਸੱਚ ਬਣਾ ਕੇ ਪੇਸ਼ ਨਹੀਂ ਕੀਤਾ। ਜਿਸ ਨੇ ਵੀ ਮੇਰੀ ਇਹ ਰਚਨਾ ਪੜ੍ਹੀ ਹੈ, ਉਸ ਨੇ ਇਸ ਉਪਰ ਲੰਮੀ ਚਰਚਾ ਹੀ ਛੇੜੀ ਹੈ।

ਮੇਰਾ ਜਨਮ ਪਿੰਡ ਮੰਡੀ ਕਲਾਂ ਜ਼ਿਲ੍ਹਾ ਬਠਿੰਡਾ ਵਿਖੇ ਕਾਗ਼ਜ਼ਾਂ ਮੁਤਾਬਕ 2 ਜਨਵਰੀ, 1941 ਨੂੰ ਹੋਇਆ। ਮੇਰੇ ਪਿਤਾ ਦਾ ਨਾਂ ਪ੍ਰਸਿੰਨ ਸਿੰਘ ਅਤੇ ਮਾਤਾ ਦਾ ਨਾਂ ਨੰਦ ਕੌਰ ਸੀ। ਅਸੀਂ ਦੋ ਭਰਾ ਅਤੇ ਸਾਡੇ ਇਕ ਭੈਣ ਸੀ। ਉਸਦੀ ਸਾਰੀ ਪਿੱਠ ਫੋੜਿਆਂ ਨਾਲ਼ ਭਰੀ ਰਹਿੰਦੀ, ਹਮੇਸ਼ਾ ਹੀ ਮੇਰੀ ਢਾਕ ਤੋੜਦੀ ਰਹਿੰਦੀ। ਗੋਦੀਉਂ ਉਤਰਦੀ ਹੀ ਨਾ। ਜੇ ਮੈਂ ਉਤਾਰ ਵੀ ਦਿੰਦਾ ਤਾਂ ਦੰਦੀਆਂ ਅਤੇ ਨਹੁੰਦਰਾਂ ਨਾਲ਼ ਮਾਸ ਨੋਚ ਲੈਂਦੀ। ਬੜਾ ਦੁੱਖ ਦਿੱਤਾ ਸੀ ਮੈਨੂੰ ਉਸ ਕੁੜੀ ਨੇ। ਬਾਪ ਹਿਰਨਾਂ ਦੇ ਸਿੰਗੀਂ ਚੜ੍ਹਿਆ ਰਹਿੰਦਾ। ਪਤਾ ਨਹੀਂ ਕੀ ਕਰਦਾ ਸੀ, ਮਹੀਨਾ ਮਹੀਨਾ ਘਰ ਨਾ ਵੜਦਾ। ਮਾਂ ਸਾਡੀ ਸਾਡਾ ਪੇਟ ਭਰਨ ਵਾਸਤੇ ਤਾਣੀ ਦੀ ਕੁੰਬਲ਼ ਵਿਚ ਡਿੱਗੀ ਰਹਿੰਦੀ। ਗੱਲ ਐਨੀ ਕੁ ਹੀ ਨਹੀਂ ਸੀ, ਸਾਡਾ ਬਾਪ, ਜਿੱਥੇ ਉਸ ਦਾ ਪਿੰਡ ਦੇ ਵੈਲੀਆਂ ਨਾਲ਼ ਯਾਰਾਨਾ ਸੀ, ਉਥੇ ਨਾਲ਼ ਹੀ ਰਾਜਨੀਤੀ ਵਿਚ ਵੀ ਪੂਰਾ ਸਰਗਰਮ ਸੀ। ਇਸ ਕਿਸਮ ਦੀ ਉਹਦੀ ਦੂਹਰੀ ਸ਼ਖ਼ਸੀਅਤ ਦਾ ਜੇ ਮੈਂ ਕੋਈ ਨਿਖੇੜਾ ਕਰਨ ਲੱਗਾਂ ਤਾਂ ਮੈਨੂੰ ਉਹਦੇ ਵੱਲੋਂ ਮੇਰੇ ਬਾਬੇ ਨਾਲ਼ ਕੀਤੇ ਸਵਾਲਾਂ-ਜਵਾਬਾਂ ਦਾ ਸਹਾਰਾ ਲੈਣਾ ਪਵੇਗਾ। ਜਦੋਂ ਦਾਰੂ ਨਾਲ ਰੱਜਿਆ ਉਹ ਘਰ ਆਉਂਦਾ ਸੀ ਤਾਂ ਮੇਰਾ ਬਾਬਾ ਉਸ ਨੂੰ ਅਗਲੇ ਦਿਨ ਤਾਣੀ ਬੁਣਦਿਆਂ ਅਕਸਰ ਆਖਿਆ ਕਰਦਾ ਸੀ-

"ਪ੍ਰਸਿੰਨ ਸਿਆਂ ਭਾਈ ਤੂੰ ਜੱਟਾਂ ਦਾ ਖਹਿੜਾ ਕਿਉਂ ਨੀ ਛੱਡਦਾ?"

"ਬਾਪੂ ਤੈਨੂੰ ਕੀ ਪਤੈ, ਸਾਰੇ ਮੇਰੇ ਨਾਲ਼ ਇਕੋ ਭਾਂਡੇ ਵਿਚ ਖਾਂਦੇ ਐ"। ਉਸ ਨੇ ਬਣਾ-ਸੰਵਾਰ ਕੇ ਜਵਾਬ ਦੇਣਾ। ਜੱਟਾਂ ਨਾਲ਼ ਇਕੋ ਭਾਂਡੇ ਖਾਣ ਕਰਕੇ ਹੀ ਉਹ ਉਨ੍ਹਾਂ ਵੈਲੀਆਂ ਦਾ ਸਾਥ ਨਹੀਂ ਸੀ ਛੱਡਦਾ। ਤਾਂ ਇਹ ਗੱਲ ਸੀ ਜੋ ਮੇਰੇ ਬਾਪ ਨੂੰ ਬੇਚੈਨ ਕਰੀ ਰੱਖਦੀ ਸੀ। ਉਸ ਦਾ ਤਾਣੀ ਦਾ ਅੱਡਾ ਵੀ ਬਾਬੇ ਦੇ ਅੱਡੇ ਦੇ ਬਰਾਬਰ ਹੀ ਲੱਗਿਆ ਹੁੰਦਾ ਸੀ। ਜਾਤ-ਪਾਤ ਦੀ ਇਹ ਜੋਕ ਉਹ ਤੋੜ ਕੇ ਸੁੱਟ ਦੇਣੀ ਚਾਹੁੰਦਾ ਸੀ, ਜੋ ਬਾਅਦ ਵਿਚ ਮੇਰੇ ਆਪਣੇ ਜੀਵਨ ਦਾ ਅਟੁੱਟ ਅੰਗ ਬਣ ਕੇ ਮੇਰੇ ਜ਼ਿਹਨ ਦਾ ਹਿੱਸਾ ਬਣੀ ਰਹੀ। ਭਿੱਟ ਦੇ ਵਿਚਾਰਾਂ ਦਾ ਸਤਾਇਆ ਮੈਂ ਉਮਰ ਭਰ ਦੁੱਖਾਂ ਨੂੰ ਗਲ਼ ਨਾਲ਼ ਲਾ ਕੇ ਹੀ ਐਥੋਂ ਤਕ ਆਇਆ

ਹਾਂ। ਮੇਰਾ ਬਾਪੂ ਹਾਸ਼ੀਏ ਦੇ ਅੰਦਰ ਆਪਣੀ ਕੋਈ ਥਾਂ ਬਣਾਉਣ ਦੀ ਤਾਂਘ ਵਿਚ ਸੀ। ਉਸ ਨੂੰ ਕੋਈ ਇਹ ਥਾਂ ਦੇਣ ਨੂੰ ਤਿਆਰ ਨਹੀਂ ਸੀ। ਕਦੀ ਉਹ ਪਿੰਡ ਦੇ ਨਾਮਧਾਰੀ ਜੱਟ ਪਰਿਵਾਰ ਦੇ ਘਰ ਵੱਡੀ ਖੱਡੀ ਲਾ ਕੇ ਬਾਬਾ ਰਾਮ ਸਿੰਘ ਨਾਮਧਾਰੀ ਦਾ ਮਿਸ਼ਨ ਅੱਗੇ ਤੋਰ ਰਿਹਾ ਹੁੰਦਾ। ਕਦੀ ਪਿੰਡ 'ਚੋਂ ਥੋੜ੍ਹਾ-ਥੋੜ੍ਹਾ ਦੁੱਧ ਇਕੱਠਾ ਕਰਕੇ ਰਾਮਪੁਰਾ ਸ਼ਹਿਰ ਦੇ ਹੋਟਲਾਂ 'ਤੇ ਪਾ ਰਿਹਾ ਹੁੰਦਾ ਤੇ ਕਦੀ ਰਾਮਪੁਰਾ ਫੂਲ ਸ਼ਹਿਰ ਵਿਚ ਨਾਮਧਾਰੀਆਂ ਦੀ ਦੁਕਾਨ ਤੋਂ ਕੱਪੜੇ ਦੀ ਡੱਗੀ (ਮਗਰੀ) ਲੈ ਕੇ ਪਿੰਡ ਪਿੰਡ ਕੱਪੜਾ ਵੇਚ ਰਿਹਾ ਹੁੰਦਾ।

ਘਰ ਦੇ ਜੀਆਂ ਮੁਤਾਬਕ ਉਹ ਘਰ ਨੂੰ ਤਬਾਹ ਕਰਨ ਦਾ ਭਾਗੀ ਸੀ। ਇਸ ਦੇ ਨਾਲ਼ ਹੀ ਉਹ ਅੰਤਾਂ ਦਾ ਮਖ਼ੌਲੀਆ, ਵਿਲੱਖਣ ਕਿਸਮ ਦੀ ਸ਼ਖ਼ਸੀਅਤ ਦਾ ਮਾਲਕ ਸੀ। ਉਹ ਗੱਤਕੇ ਦਾ ਵੀ ਬਹੁਤ ਵਧੀਆ ਖਿਡਾਰੀ ਸੀ ਤੇ ਉਸ ਨੂੰ ਕੋਈ ਵੀ ਗੱਤਕੇਬਾਜ਼ ਹਰਾ ਨਹੀਂ ਸੀ ਸਕਿਆ। ਉਸਨੇ ਕਦੇ ਵੀ ਕਿਸੇ ਤੋਂ ਮਾਰ ਨਹੀਂ ਸੀ ਖਾਧੀ ਪਰ ਵਿਰੋਧੀ ਦੀਆਂ ਵੱਖੀਆਂ ਅਤੇ ਗਿੱਟੇ ਛਾਂਗ ਦਿਆ ਕਰਦਾ ਸੀ। ਸਿਰਫ਼ ਇਕ ਵਾਰ ਮੈਂ ਉਸ ਨੂੰ ਇਕ ਜਲੂਸ ਮੌਕੇ ਗੱਤਕੇ ਦੇ ਜੌਹਰ ਵਿਖਾਉਂਦੇ ਵੇਖਿਆ ਸੀ। ਜਦੋਂ ਮੁਕਾਬਲੇ ਦਾ ਖਿਡਾਰੀ ਮੇਰੇ ਬਾਪ ਦੇ ਗਿੱਟੇ 'ਤੇ ਵਾਰ ਕਰਦਾ ਸੀ ਤਾਂ ਉਹ ਦੋ ਫੁੱਟ ਉਪਰ ਨੂੰ ਬੁੜ੍ਹਕ ਜਾਂਦਾ ਸੀ ਤੇ ਦੂਜੇ ਹੱਥ ਹੀ ਅਗਲੇ ਦੇ ਵੱਖਲ ਵਿਚ ਵਾਰ ਕਰ ਦਿੰਦਾ ਸੀ। ਇਸ ਤੋਂ ਇਲਾਵਾ ਉਹ ਦੀਵਾਨਾਂ ਵਿਚ ਚਿਮਟਾ ਵੀ ਇਉਂ ਵਜਾਉਂਦਾ, ਕਿ ਮੋਰ ਵਾਂਗ ਪੈਲਾਂ ਪਾਉਂਦਾ ਲੱਗਦਾ, ਕਦੇ ਉਪਰ ਨੂੰ ਕਰਕੇ ਛਣਕਾਟੇ ਪਾਉਂਦਾ, ਕਦੇ ਪਾਸਿਆਂ ਨੂੰ ਗੇੜਾ ਬੰਨ੍ਹਦਾ। ਤੇ ਉਸ ਦਿਨ ਘਰ ਵਿਚ ਸੱਥਰ ਵਿਛੇ ਵਰਗਾ ਮਾਹੌਲ ਬਣ ਗਿਆ ਹੁੰਦਾ ਜਦ ਉਹ ਪਿੰਡ ਦੇ ਵੈਲੀਆਂ ਦੀ ਢਾਣੀ ਵਿਚ ਬੈਠ ਕੇ ਦਾਰੂ ਨਾਲ਼ ਰੱਜਿਆ, ਉਨ੍ਹਾਂ ਨਾਲ਼ ਇਕੋ ਭਾਂਡੇ ਰੋਟੀ ਖਾ ਕੇ ਡਿਗਦਾ ਹੋਇਆ ਘਰ ਆਉਂਦਾ।

ਰਾਮਦਾਸੀਆ ਪਰਿਵਾਰ ਹੋ ਕੇ ਵੀ ਮੇਰੇ ਘਰ ਦਾ ਮਾਹੌਲ ਗੂੜ੍ਹ-ਸਿੱਖੀ ਵਾਲ਼ਾ ਸੀ। ਮਾਈਆਂ ਦੇ ਵੀ ਚੋਟੀ 'ਤੇ ਜੂੜੇ ਕਰ ਕੇ ਪੱਗਾਂ ਬੰਨ੍ਹ ਕੇ ਚੁੰਨੀਆਂ ਲਈਆਂ ਹੁੰਦੀਆਂ। ਖੁੱਲ੍ਹੇ ਕੁੜਤੇ ਅਤੇ ਰੇਬ ਪਜਾਮੀਆਂ ਉਨ੍ਹਾਂ ਦਾ ਲਿਬਾਸ ਹੁੰਦਾ ਸੀ। ਸੰਤ ਅਤਰ ਸਿੰਘ ਮਸਤੂਆਣਾ ਵਾਲ਼ਿਆਂ ਪਾਸੋਂ ਸਾਡੇ ਪਰਿਵਾਰ ਨੇ ਅੰਮ੍ਰਿਤ ਪਾਨ ਕੀਤਾ ਸੀ। ਇਸ ਤੋਂ ਇਲਾਵਾ ਗਿਆਨੀ ਜ਼ੈਲ ਸਿੰਘ ਦਾ ਨਜ਼ਦੀਕੀ ਗੁਰਬਖ਼ਸ਼ ਸਿੰਘ ਰਾਹੀ ਪਿੰਡ ਸਹਿਜੜੇ, ਖ਼ਾਲਸਾ ਬਰਾਦਰੀ ਮਾਲਵਾ ਦਾ ਆਗੂ ਸੀ ਤੇ ਸਾਡਾ ਬਾਬਾ ਚੰਨਣ ਸਿੰਘ ਇਲਾਕੇ ਦਾ ਜੱਥੇਦਾਰ ਸੀ। ਖ਼ਾਲਸਾ ਬਰਾਦਰੀ ਮਾਲਵਾ ਅਛੂਤ ਮੰਨੇ ਜਾਂਦੇ ਲੋਕਾਂ ਨੂੰ ਜਾਗਰਤ ਕਰਨ ਵਾਲ਼ੀ ਪਾਰਟੀ ਸੀ ਜੋ ਜਾਤ-ਪਾਤ ਅਤੇ ਛੂਤ-ਛਾਤ ਵਿਰੁੱਧ ਪਰਚਾਰ ਕਰਦੀ ਸੀ। ਮੇਰਾ ਬਾਪ ਵੀ ਗੁਰਬਖ਼ਸ਼ ਸਿੰਘ ਰਾਹੀ ਦਾ ਮਿੱਤਰ ਅਤੇ ਸੰਗੀ ਸਾਥੀ ਸੀ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ 'ਖ਼ਾਲਸਾ ਬਰਾਦਰੀ' ਨਾਂ ਦਾ ਅਖ਼ਬਾਰ ਵੀ ਰਾਹੀ ਜੀ ਕੱਢਦੇ ਸਨ। ਅਖ਼ਬਾਰ ਹਫ਼ਤਾਵਾਰੀ ਸੀ ਜੋ ਸਾਡੇ ਘਰ ਹਰ ਹਫ਼ਤੇ ਆਉਂਦਾ ਤੇ ਮੈਂ ਇਕ ਦੋ ਵਾਰ ਆਪਣੇ ਬਾਪੂ ਨੂੰ ਸੱਥ ਵਿਚ ਲੋਕਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦੇ ਨੂੰ ਵੀ ਵੇਖਿਆ ਸੀ। ਸਾਡੇ ਬਾਬੇ ਨੇ ਤਾਂ ਜੈਤੋ ਦੇ ਮੋਰਚੇ ਵੇਲ਼ੇ ਸ਼ਹੀਦੀ ਜੱਥਿਆਂ ਦੀ ਸੇਵਾ ਕਰਨ ਬਦਲੇ ਅਤੇ ਦੂਜੀ ਵਾਰ ਸੰਗਰੂਰ ਰਿਆਸਤ ਵੱਲੋਂ ਕਿਸਾਨੀ ਉਪਰ ਮਾਮਲਾ ਵਧਾ ਦੇਣ ਦੇ ਵਿਰੋਧ ਵਿਚ ਜੇਲ੍ਹ ਯਾਤਰਾ ਵੀ ਕੀਤੀ ਸੀ। ਜੈਤੋ ਦੇ ਮੋਰਚੇ ਵੇਲ਼ੇ ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਪਿੰਡ ਦੇ ਲੋਕਾਂ ਨੂੰ ਇਕੱਠੇ ਕਰ ਕੇ ਤਫ਼ਤੀਸ਼ ਕੀਤੀ ਤਾਂ ਸਿਰਫ਼ ਪਿੰਡ ਦੇ ਪੰਜ ਸਿੰਘ ਹੀ ਮੈਦਾਨ ਵਿਚ ਰਹਿ ਗਏ ਸਨ, ਜਿਨ੍ਹਾਂ ਵਿਚ ਮੇਰਾ ਬਾਬਾ ਵੀ ਸ਼ਾਮਲ ਸੀ। ਹਾਲ਼ੇ-ਮਾਮਲੇ ਸੰਬੰਧੀ ਸੰਗਰੂਰ ਰਿਆਸਤ ਦੇ ਖ਼ਿਲਾਫ਼ ਲੱਗੇ ਮੋਰਚੇ ਮੌਕੇ ਤਾਂ ਮੇਰੇ ਬਾਬੇ ਨੇ ਸੰਗਰੂਰ ਜੇਲ੍ਹ ਵਿਚ ਮਰਨ ਵਰਤ ਵੀ ਰੱਖਿਆ ਸੀ। ਮੇਰਾ ਤਾਇਆ

ਦੱਸਦਾ ਹੁੰਦਾ ਸੀ ਕਿ ਜਦੋਂ ਰਿਹਾਈ ਤੋਂ ਬਾਅਦ ਰਾਮਪੁਰੇ ਤੋਂ ਸਰਦਾਰਾਂ ਦੀ ਬਹਿਲੀ ਗੱਡੀ ਵਿਚ ਪਾ ਕੇ ਲਿਆਂਦਾ ਗਿਆ ਸੀ ਤਾਂ ਉਸ ਨੂੰ ਚੁੱਕ ਕੇ ਹੀ ਗੱਡੀ ਵਿਚ ਪਾਇਆ ਗਿਆ ਸੀ। ਬਾਅਦ ਵਿਚ ਪੰਜਾਬੀ ਸੂਬੇ ਦੇ ਮੋਰਚੇ ਵੇਲ਼ੇ ਤਾਂ ਇਕ ਤਰ੍ਹਾਂ ਸਾਡਾ ਸਾਰਾ ਟੱਬਰ ਹੀ ਜਿਵੇਂ ਮੋਰਚੇ ਵਿਚ ਕੁੱਦਿਆ ਹੋਇਆ ਸੀ। ਸਾਡੇ ਪਰਿਵਾਰ ਦੇ ਤਿੰਨ ਜਣੇ ਰੋਹਤਕ ਜੇਲ੍ਹ ਵਿਚ ਕਈ ਮਹੀਨਿਆਂ ਤਕ ਬੰਦ ਰਹੇ ਸਨ। ਇਸ ਗੱਲ ਉਪਰ ਮੈਨੂੰ ਬਹੁਤ ਹੀ ਜ਼ਿਆਦਾ ਫ਼ਖ਼ਰ ਹੁੰਦਾ ਹੈ ਕਿ ਮੈਂ ਇਹੋ ਜਿਹੇ ਪਿਛੋਕੜ ਵਾਲ਼ੇ ਪਰਿਵਾਰ ਵਿਚ ਜਨਮ ਲਿਆ।

ਮੇਰਾ ਬਚਪਨ ਬਹੁਤ ਹੀ ਤਸੀਹਿਆਂ ਭਰਿਆ ਬੀਤਿਆ ਹੈ। ਮੈਂ ਉਦੋਂ ਪਹਿਲੀ ਵਿਚ ਹੀ ਪੜ੍ਹਦਾ ਸਾਂ ਜਦ ਮੇਰੇ ਪਿਤਾ ਦਾ ਕੁਝ ਗੁੰਡਿਆਂ ਨੇ ਇਕ ਭਲਾ ਕੰਮ ਕਰਨ ਬਦਲੇ ਕਤਲ ਕਰ ਦਿੱਤਾ ਸੀ। ਪਿੰਡ ਦੇ ਹੀ ਮੇਰੇ ਬਾਪ ਦੇ ਬਦਮਾਸ਼ ਮਿੱਤਰ, ਜਿਨ੍ਹਾਂ ਨਾਲ਼ ਉਹ ਇਕੋ ਭਾਂਡੇ ਖਾਂਦਾ ਸੀ, ਪਿੰਡ ਦੇ ਬਜ਼ੁਰਗ ਲਾਇਸੰਸਦਾਰ ਨਿੱਕਾ ਸਿੰਘ ਨਾਲ਼ ਵਿਗੜ ਗਏ ਸਨ। ਉਨ੍ਹਾਂ ਨੇ ਉਸ ਦੇ ਘਰ ਬੰਦੂਕ ਖੋਹਣ ਅਤੇ ਕੁੜੀਆਂ ਦੀ ਬੇਇੱਜ਼ਤੀ ਕਰਨ ਲਈ ਡਾਕਾ ਮਾਰਿਆ ਸੀ। ਡਾਕੇ ਦਾ ਮਤਾ ਪਕਾਉਣ ਮੌਕੇ ਮੇਰਾ ਬਾਪ ਵੀ ਉਸ ਮੀਟਿੰਗ ਵਿਚ ਹਾਜ਼ਰ ਸੀ। ਉਹ ਪਿੰਡ ਵਿਚ ਇਹ ਕਾਰਾ ਕਰਨ ਤੋਂ ਕੋਰਾ ਜਵਾਬ ਦੇ ਕੇ, ਵਾਪਸ ਆ ਗਿਆ। ਮੁੜ ਕੇ ਆਉਂਦਿਆਂ ਉਸ ਨੇ ਨਿੱਕਾ ਸਿੰਘ ਨੂੰ ਆਗਾਹ ਕਰ ਦਿੱਤਾ ਸੀ। ਆਗਾਹ ਹੀ ਨਹੀਂ ਸੀ ਕੀਤਾ, ਨਿੱਕਾ ਸਿੰਘ ਨੇ ਮੇਰੇ ਬਾਪੂ ਨੂੰ ਕਿਹਾ ਸੀ "ਜੇ ਇਹ ਗੱਲ ਹੈ ਤਾਂ ਤੂੰ ਮੇਰੀ ਬਾਂਹ ਫੜ ਭਾਈ"। ਉਸ ਨੇ ਨਿੱਕਾ ਸਿੰਘ ਦੀ ਮੱਦਦ ਵੀ ਕੀਤੀ ਸੀ। ਮੇਰੇ ਬਾਪ ਕੋਲ ਇਕਹਿਰੀ ਨਾਲ਼ ਦਾ ਪਿਸਤੌਲ ਸੀ, ਜਿਸ ਵਿਚ ਥਿਰੀ ਨਾਟ ਥਿਰੀ ਦੀ ਗੋਲ਼ੀ ਪੈਂਦੀ ਸੀ। ਮੈਨੂੰ ਭਿਣਕ ਜਿਹੀ ਦੀ ਤਰ੍ਹਾਂ ਯਾਦ ਆਉਂਦਾ ਹੈ ਕਿ ਇਕ ਵਾਰ ਮੈਂ ਵੀ ਇਹ ਪਿਸਤੌਲ ਗਦੈਲੇ ਹੇਠੋਂ ਚੁੱਕਕੇ ਆਪਣੀ ਮਾਂ ਵੱਲ ਸਿੰਨ੍ਹ ਲਿਆ ਸੀ। ਮਾਂ ਨੇ ਮੇਰੇ ਕੋਲੋਂ ਝਟਕੇ ਨਾਲ਼ ਪਿਸਤੌਲ ਖੋਹ ਲਿਆ ਸੀ। ਨਿੱਕਾ ਸਿੰਘ ਦੇ ਘਰ ਵਿਚ ਮੋਰਚਾ ਸੰਭਾਲ਼ ਕੇ ਮੇਰੇ ਬਾਪੂ ਨੇ ਬਾਹਰੋਂ ਲਿਆਂਦਾ ਮੱਲ ਨਾਂ ਦਾ ਇਕ ਬੰਦਾ ਮਾਰ ਕੇ ਡਾਕਾ ਅਸਫ਼ਲ ਕਰ ਦਿੱਤਾ ਸੀ। ਇਸ ਹਾਰ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਉਸ ਦੇ ਹੀ ਵਿਸ਼ਵਾਸ਼-ਪਾਤਰ ਅਤੇ ਦੋਸਤ, ਮਾਘੀ ਕੇ ਵੈਲੀ ਜੰਗ ਨੂੰ ਭੇਜ ਕੇ ਧੋਖੇ ਨਾਲ਼ ਪਿੰਡ ਵਿਚ ਕਿਸੇ ਹੁਕਮਾ ਨਾਂ ਦੇ ਬੰਦੇ ਦੇ ਘਰ ਬੁਲਾ ਲਿਆ। ਉੱਥੇ ਉਸਨੂੰ ਦਾਰੂ ਨਾਲ਼ ਅੰਨ੍ਹਾ ਕਰ ਕੇ ਓਸੇ ਦੇ ਸਾਂਵੇਂ ਪਿਸਤੌਲ ਨਾਲ਼ ਕਤਲ ਕਰ ਦਿੱਤਾ। ਉਸ ਵਕਤ ਉਸ ਦੀ ਉਮਰ ਕੇਵਲ 25 ਸਾਲ ਦੀ ਸੀ। ਨਿੱਕਾ ਸਿੰਘ ਦੀ ਮੱਦਦ ਨਾਲ਼ ਬਦਲਿਆਂ ਦਾ ਦੌਰ ਸ਼ੁਰੂ ਹੋਇਆ। ਇਸ ਦਾ ਬਹੁਤਾ ਵਿਸਥਾਰ ਮੈਂ ਆਪਣੀ ਸਵੈ-ਜੀਵਨੀ 'ਅੱਕ ਦਾ ਦੁੱਧ' ਵਿਚ ਦੇ ਚੁੱਕਾ ਹਾਂ। ਬੜੇ ਹੀ ਸੰਤਾਪ ਵਾਲ਼ੇ ਦਿਨ ਵੇਖੇ ਮੈਂ ਉਨ੍ਹੀਂ ਦਿਨੀਂ। ਮੇਰੇ ਤਾਏ ਦਾ ਪਰਿਵਾਰ, ਸਰਦਾਰਾਂ ਦਾ ਮੁਜ਼ਾਰਾ ਸੀ। ਜਿਸ ਘਰ ਵਿਚ ਦਾਣਿਆਂ ਅਤੇ ਸਾਗ-ਸਬਜ਼ੀਆਂ ਦੇ ਅੰਬਾਰ ਲੱਗੇ ਰਹਿੰਦੇ ਸਨ, ਤਬਾਹ ਹੋ ਗਿਆ। ਦੋ ਬਲ਼ਦ, ਬੋਤਾ, ਦੋ ਮੱਝਾਂ, ਵਿਕ ਕੇ ਸਭ ਕੁਝ ਚੌੜ-ਚੁਪੱਟ ਹੋ ਗਿਆ।

ਸਭ ਤੋਂ ਸਿਤਮ ਇਹ ਕਿ ਮੇਰੀ ਮਾਂ ਦਾ ਸੁਹਾਗ ਤਾਂ ਪਤਾ ਨਹੀਂ ਉਹ ਸੀ ਵੀ ਕਿ ਨਾ, ਪਰ ਸਾਨੂੰ ਜਨਮ ਦੇਣ ਵਾਲ਼ੀ ਦਾ ਸੁਹਾਗ ਲੁੱਟਿਆ ਗਿਆ ਤੇ ਸੰਸਾਰ ਉਜੜ ਗਿਆ ਸੀ। ਇਕ ਵੀਹ ਬਾਈ ਸਾਲ ਦੀ ਔਰਤ ਦਾ ਵਿਧਵਾ ਹੋ ਜਾਣਾ, ਉਹ ਵੀ ਜਿਸ ਦਾ ਪਤੀ ਅਣਿਆਈ ਮੌਤੇ ਮਰ ਕੇ ਉਸ ਦੇ ਜੀਵਨ ਨੂੰ ਨਰਕ ਬਣਾ ਕੇ ਤੁਰਦਾ ਹੋਇਆ ਹੋਵੇ, ਉਸ ਦੇ ਦਿਲ 'ਤੇ ਕੀ ਬੀਤੀ ਹੋਵੇਗੀ? ਅਸੀਂ ਤਾਂ ਉਦੋਂ ਬਹੁਤ ਹੀ ਛੋਟੇ ਸਾਂ। ਮੈਨੂੰ ਤਾਂ ਪੂਰੀ ਤਰ੍ਹਾਂ ਸੁਰਤ ਵੀ ਨਹੀਂ। ਮਾਂ ਨੂੰ ਹਰ ਰੋਜ਼ ਹੀ ਜਿਵੇਂ ਥਾਣੇ ਕਚਹਿਰੀ ਜਾ ਕੇ ਬਿਆਨ ਬਗੈਰਾ ਦੇਣ ਜਾਣਾ ਪੈਂਦਾ, ਜਿਸ ਕਰ ਕੇ ਸਾਂਭ-ਸੰਭਾਲ ਖੁਣੋਂ, ਸਾਡੀ ਇਕੋ ਇਕ ਭੈਣ, ਬਾਪੂ ਦੀ ਮੌਤ ਤੋਂ ਛੀ ਕੁ ਦਿਨ ਬਾਅਦ ਮਰ ਗਈ ਸੀ।

ਸਾਡੀ ਮਾਂ ਸਾਨੂੰ ਦੁਹਾਂ ਭਰਾਵਾਂ ਨੂੰ ਸਾਡੇ ਨਾਨਕੀਂ ਲੈ ਗਈ। ਘੋਰ ਗ਼ਰੀਬੀ ਦੀ ਹਾਲਤ ਵਿਚ ਸੀਰ-ਸਾਂਝ ਕਰ ਕੇ, ਜੱਟਾਂ ਦੀਆਂ ਖੁਰਲੀਆਂ ਵਿਚ ਹੱਥ ਮਾਰ ਕੇ ਜੂਨ ਕੱਟ ਰਹੇ ਸਨ ਮੇਰੇ ਮਾਮੇ। ਜਿੰਨਾ ਸਮਾਂ ਵੀ ਅਸੀਂ ਉੱਥੇ ਰਹੇ, ਕਣਕ ਦੀ ਰੋਟੀ ਵੇਖਣ ਨੂੰ ਵੀ ਨਹੀਂ ਸੀ। ਜੌਆਂ ਦੀਆਂ ਰੋਟੀਆਂ ਸੰਘੋਂ ਹੇਠਾਂ ਨਾ ਉਤਰਦੀਆਂ ਤੇ ਉੱਤੋਂ ਡਿੱਗੀ ਦਾ ਮੁਸ਼ਕ ਮਾਰਦਾ, ਕੁਰਬਲ਼-ਕੁਰਬਲ਼ ਕਰਦੇ ਪੂਰਿਆਂ ਵਾਲ਼ਾ ਪਾਣੀ ਪੀ ਪੀ ਕੇ ਜੀਅ ਕੱਚਾ ਹੋਈ ਜਾਣਾ। ਜੇ ਖੂਹ ਦਾ ਪਾਣੀ ਪੀਣਾ ਤਾਂ ਖਾਰਾ ਹੋਣ ਕਰ ਕੇ ਦਿਨ ਵਿਚ ਕਈ ਕਈ ਵਾਰ ਬਾਹਰ ਨੂੰ ਭੱਜੇ ਰਹਿਣਾ। ਉੱਥੇ ਸਾਡਾ ਜੂਨ ਗੁਜ਼ਾਰਾ ਨਾ ਹੋ ਸਕਿਆ। ਉਦਰੇਵਾਂ ਕਾਲ਼ਜੇ ਵਿਚ ਵਰਮਾ ਬਣ ਕੇ ਸੱਲ ਕਰਦਾ ਰਹਿੰਦਾ। ਫਿਰ ਮਾਂ ਨੂੰ ਮਜਬੂਰਨ ਸਾਨੂੰ ਲੈ ਕੇ ਪਿੰਡ ਹੀ ਆਉਣਾ ਪਿਆ। ਉਹ ਆਪਣੀ ਮਜਬੂਰੀ ਅਤੇ ਬੇਵਸੀ ਸਮਝਦੀ ਸੀ ਕਿ ਉਸ ਲਈ ਹੋਰ ਸਾਰੇ ਰਾਹ ਬੰਦ ਹੋ ਚੁੱਕੇ ਹਨ, ਜਿਸ ਕਰ ਕੇ ਉਹ ਖ਼ੁਦ ਹੀ ਫ਼ੈਸਲਾ ਲੈ ਕੇ ਬਗ਼ੈਰ ਕਿਸੇ ਰੜੀ ਰਸਮ ਦੇ, ਮੇਰੇ ਤਾਏ ਦੀ ਰੋਟੀ ਪਕਾਉਣ ਲੱਗ ਪਈ। ਉਸ ਦੇ ਇਸ ਮਹਾਨ ਫ਼ੈਸਲੇ ਦਾ ਮੈਂ ਅੰਤ ਤਕ ਕੋਈ ਮੁੱਲ ਨਾ ਪਾ ਸਕਿਆ। ਕਮਾਲ ਸੀ, ਉਸਦਾ ਪੇਟ ਉਸ ਨੂੰ ਕਿਤੇ ਵੀ ਹੋਰ ਲਿਜਾ ਸਕਦਾ ਸੀ। ਜੇ ਉਹ ਸਾਨੂੰ ਲੈ ਕੇ ਕਿਸੇ ਹੋਰ ਮਰਦ ਦੇ ਚਲੀ ਗਈ ਹੁੰਦੀ ਤਾਂ ਅਸੀਂ ਤਾਂ ਉਸ ਮਰਦ ਨੂੰ ਹੀ ਬਾਪ ਤਸੱਵਰ ਕਰਨਾ ਸੀ। ਉਸ ਨੇ ਇਹ ਕੁਝ ਕਰਨਾ ਠੀਕ ਨਹੀਂ ਸੀ ਸਮਝਿਆ। ਉਸ ਨੇ ਆਪਣੀ ਹੋਣੀ ਨੂੰ ਓਸੇ ਘਰ ਨਾਲ਼ ਹੀ ਬੰਨ੍ਹ ਕੇ ਰੱਖਿਆ ਤੇ ਪਰੰਪਰਾਗਤ ਮਰਿਆਦਾ-'ਘਰ ਦੀ ਇੱਜ਼ਤ ਘਰੇ ਰਹਿ ਗਈ'-ਦੇ ਲੋਕ-ਯਾਨਕ ਮੁਹਾਵਰੇ ਨੂੰ ਜੀਵਨ ਦਾ ਅੰਗ ਬਣਾ ਲਿਆ।

ਮਾਂ ਦਾ ਇਹ ਫ਼ੈਸਲਾ ਵੀ ਮੇਰੇ ਲਈ ਬਹੁਤ ਵੱਡਾ ਸੰਤਾਪ ਸੀ, ਕਿਉਂਕਿ ਮੇਰੇ ਤਾਏ ਦਾ ਪੁੱਤ ਭਰਾ ਨਛੱਤਰ ਅਤੇ ਮੇਰੀ ਦਾਦੀ ਮੈਨੂੰ ਪੁੱਠੀ ਸਿੱਖਿਆ ਹੀ ਦਿੰਦੇ ਰਹਿੰਦੇ ਸਨ ਕਿ ਨਵਾਂ ਖਸਮ ਕਰ ਕੇ ਹੁਣ ਇਹਨੂੰ ਵੀ ਨਿਗਲ਼ ਜਾਊਗੀ। ਉਨ੍ਹਾਂ ਦੀ ਚੁੱਕ ਵਿਚ ਆ ਕੇ ਮੈਂ ਆਪਣੀ ਮਾਂ ਨੂੰ ਤਪਦੀ ਭੱਠੀ ਵਿਚ ਹੀ ਝੋਕੀ ਰੱਖਿਆ। ਸਾਮੰਤੀ ਤਾਣੇ-ਬਾਣੇ ਦਾ ਹੀ ਬੋਲ-ਬਾਲਾ ਹੋਣ ਕਰ ਕੇ ਮੇਰੀ ਮਾਂ ਨੂੰ ਘਰ ਦੇ ਸਾਰੇ ਜੀਅ ਹੀ ਤੁੱਖਣਾ ਦਿੰਦੇ ਰਹਿੰਦੇ, ਜਿਵੇਂ ਕਿਤੇ ਉਹ ਸਿਰੇ ਦੀ ਵਿਭਚਾਰਨ ਤੀਂਵੀਂ ਹੋਵੇ। ਗਲ਼ੀ ਗੁਆਂਢ ਦੇ ਮੁੰਡੇ ਮੇਰੇ ਮੂਹਰੇ ਹੋ ਕੇ ਕੱਝ ਇਹੋ ਜਿਹੇ ਸ਼ਬਦ ਹੀ ਪਰੋਸਦੇ, ਜੋ ਮੇਰੇ ਦਿਲ ਦਿਮਾਗ਼ ਉਪਰ ਪੱਛ ਦਾ ਕੰਮ ਕਰਦੇ ਅਤੇ ਜਿਨ੍ਹਾਂ ਨਾਲ਼ ਮੇਰੇ ਮਨ-ਮਸਤਕ ਵਿਚ ਮਾਂ ਪ੍ਰਤੀ ਨਫ਼ਰਤ ਦੀਆਂ ਕੰਡਿਆਲੀਆਂ ਝਾੜੀਆਂ ਉਗਣ ਲਗਦੀਆਂ, ਕੋਈ ਮਹਿਕਾਂ ਵੰਡਦਾ ਫੁੱਲ ਨਾ ਖਿੜਦਾ-"ਸਿੱਖਾ ਉਇ ਤੇਰੀ ਮਾਂ ਨੇ ਜੁਆਕ ਸਿੱਟ 'ਤਾ ਉਇ"। ਇਹੋ ਜਿਹੇ ਹਾਲਾਤ ਵਿਚ ਮੈਂ ਘੋਰ ਨਫ਼ਰਤ ਦਾ ਸ਼ਿਕਾਰ ਹੋਇਆ ਹਮੇਸ਼ਾ ਹੀ ਧਰਤੀ ਵਿਚ ਨਿੱਘਰਿਆ ਮਹਿਸੂਸ ਕਰਦਾ ਰਹਿੰਦਾ। ਮੈਨੂੰ ਆਪਣੇ ਬਚਪਨ ਦਾ ਕੋਈ ਦਿਨ ਅਜਿਹਾ ਯਾਦ ਨਹੀਂ ਆਉਂਦਾ ਜਦ ਮੈਂ ਖੁਸ਼ੀ ਵਿਚ ਖੀਵਾ ਹੋਇਆ ਕਦੇ ਖੁੱਲ੍ਹ ਕੇ ਹੱਸਿਆ ਹੋਵਾਂ।

ਸਾਡੀ ਤਾਈ ਸਿੱਧੀ ਸਾਦੀ ਜਿਹੀ ਔਰਤ ਸੀ ਜੋ ਮੇਰੀ ਦਾਦੀ ਨੂੰ ਨਾ ਹੀ ਮੇਰੇ ਤਾਏ ਨੂੰ ਫੁੱਟੀ ਅੱਖ ਭਾਉਂਦੀ ਸੀ। ਜਾਪਦਾ ਹੈ ਬਹੁਤ ਹੀ ਜ਼ਲੀਲ ਕਰ ਕੇ ਘਰੋਂ ਕੱਢਿਆ ਗਿਆ ਹੋਵੇਗਾ ਉਸਨੂੰ, ਜਿਸ ਕਰ ਕੇ ਉਹ ਮੇਰੇ ਬਾਪ ਦੇ ਕਤਲ ਵੇਲ਼ੇ ਵੀ ਨਹੀਂ ਸੀ ਆਈ। ਸੁਣਿਆ ਹੈ ਕਿ ਨਾਨੇ (ਤਾਈ ਦੇ ਬਾਪ) ਨੇ ਕਿਹਾ ਹੋਇਆ ਸੀ ਕਿ ਜਦ ਸਾਰੇ ਮਰ ਗਏ ਤਾਂ 'ਕੱਠੀ ਮਕਾਣ ਜਾ ਆਵਾਂਗੇ। ਮੇਰੀ ਮਾਂ ਨੇ ਦੋ ਹੋਰ ਪੁੱਤਰਾਂ ਅਤੇ ਦੋ ਧੀਆਂ ਨੂੰ ਜਨਮ ਦਿੱਤਾ। ਮਾਂ ਦੀ ਗਰਭਵਤੀ ਅਵਸਥਾ ਮੇਰੇ ਲਈ ਨਰਕ ਸਮਾਨ ਹੁੰਦੀ ਤੇ ਮੇਰੇ ਲਈ ਮਾਂ ਸੰਸਾਰ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦੀ। ਕਿਹੋ ਜਿਹੀ ਵਿਡੰਬਣਾ ਸੀ ਇਹ ਕਿ ਮੈਂ ਮਾਂ ਦੀ ਗਰਭ-ਅਵਸਥਾ ਵਿਚ ਈਰਖਾ ਨਫ਼ਰਤ ਨਾਲ਼ ਸੜਦਾ, ਕ੍ਰਿਝਦਾ ਅੱਗ-ਬਗੋਲ਼ਾ ਹੋਇਆ ਮਾਂ ਨੂੰ ਬੁਲਾਉਂਦਾ ਤਕ ਨਾ, ਪਰ ਬੱਚਿਆਂ ਦੇ

ਜਨਮ ਤੋਂ ਬਾਅਦ ਉਨ੍ਹਾਂ ਨਾਲ਼ ਪਰਚਦਾ ਵੀ ਤੇ ਖਿਡਾਉਂਦਾ ਵੀ। ਮਾਂ ਨਾਲ਼ ਨਫ਼ਰਤ ਤੇ ਉਸ ਵੱਲੋਂ ਕੀਤੀ ਗਈ ਸਿਰਜਣਾ ਨੂੰ ਨਤਮਸਕ ਹੋਣ ਦਾ ਇਹ ਵਰਤਾਰਾ ਮੇਰੀ ਕਦੇ ਵੀ ਸਮਝ ਵਿਚ ਨਾ ਆਇਆ।

ਮੈਂ ਇਸ ਗੱਲ ਉਪਰ ਫ਼ਖ਼ਰ ਕਰ ਸਕਦਾ ਹਾਂ ਕਿ ਮੇਰਾ ਦੂਜੀ ਜਮਾਤ ਵਿਚ ਹੀ ਸਾਹਿਤ ਨਾਲ਼ ਵਾਹ ਪੈ ਗਿਆ ਸੀ। ਮੇਰੇ ਤਾਏ ਦਾ ਲੜਕਾ ਨਛੱਤਰ ਸਿੰਘ ਮੇਲਿਆਂ ਤੋਂ ਚਿੱਠੇ ਲੈ ਕੇ ਆਉਂਦਾ, ਜਿਨ੍ਹਾਂ ਵਿਚ ਮੈਨੂੰ ਤਿੰਨ ਨਾਂ ਅਜੇ ਵੀ ਚੇਤੇ ਹਨ, ਸਾਧੂ ਦਯਾ ਸਿੰਘ ਦਾ 'ਜ਼ਿੰਦਗੀ ਬਿਲਾਸ', ਦੌਲਤ ਰਾਮ ਦਾ 'ਕਿੱਸਾ ਰੂਪ ਬਸੰਤ' ਅਤੇ ਮੱਘਰ ਸਿੰਘ ਦਾ 'ਨਸੀਹਤ ਬਿਲਾਸ'। ਛੇਵੀਂ ਜਮਾਤ ਵਿਚ ਆ ਕੇ ਗਿਆਨੀ ਸੋਹਣ ਸਿੰਘ ਸੀਤਲ ਦੀਆਂ ਬਹੁਤ ਸਾਰੀਆਂ ਪੁਸਤਕਾਂ-'ਵਾਰਾਂ' ਆਦਿ ਪੜ੍ਹ ਗਿਆ ਤੇ ਗੁਰਦੁਆਰੇ ਦੀਆਂ ਸਟੇਜਾਂ 'ਤੇ ਗਾਉਣ ਲੱਗ ਪਿਆ। ਇਨ੍ਹਾਂ ਸਮਿਆਂ ਦੀ ਇਕ ਹੋਰ ਗੱਲ ਮੈਨੂੰ ਚੇਤੇ ਆਉਂਦੀ ਹੈ, ਜਿਸ ਨੇ ਸ਼ਾਇਦ ਮੇਰੇ ਮਨ-ਮਸਤਕ ਵਿਚ ਸਾਹਿਤ ਦਾ ਬੀਜ ਬੀਜਣ ਦਾ ਕਾਰਜ ਕੀਤਾ ਹੋਵੇਗਾ। ਪਿੰਡ ਦੇ ਗੁਰੂ ਘਰ ਵਿਚ ਹਰ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ, ਅਤੇ ਸਾਡੇ ਆਪਣੇ ਭਾਈਚਾਰੇ ਦੇ ਲੋਕ ਮੇਰੇ ਬਾਬੇ ਦੀ ਅਗਵਾਈ ਵਿਚ ਰਵਿਦਾਸ ਜੀ ਦਾ, ਪੁਰਬ ਮਨਾਉਂਦੇ। ਇਨ੍ਹਾਂ ਦੀਵਾਨਾਂ ਵਿਚ ਪੇਸ਼ ਕੀਤੇ ਗਏ ਪ੍ਰਸੰਗ ਮੈਨੂੰ ਜ਼ੁਬਾਨੀ ਚੇਤੇ ਹੋ ਜਾਂਦੇ। ਇਸੇ ਤਰ੍ਹਾਂ ਘਰ ਵਿਚ ਮੇਰੀ ਅੰਬੋ (ਦਾਦੀ) ਅਤੇ ਬਾਬਾ ਕੋਈ ਨਾ ਕੋਈ ਸਾਖੀ ਸੁਣਾਉਂਦੇ ਰਹਿੰਦੇ ਜੋ ਮੈਂ ਚੇਤੇ ਰੱਖਦਾ। ਇਹ ਸਾਖੀਆਂ ਮੈਂ ਆਪਣੀ ਜਮਾਤ ਦੇ ਮੁੰਡਿਆਂ ਨੂੰ ਸੁਣਾਉਂਦਾ ਤਾਂ ਤਾਜੋ ਕੇ ਅਗਵਾੜ ਦਾ ਪਿੰਡ ਦਾ ਦੋਹਤਾ ਸ਼ਮਸ਼ੇਰ ਨਾਂ ਦਾ ਮੁੰਡਾ ਮੈਨੂੰ ਇਸ ਤਰ੍ਹਾਂ ਸੰਬੋਧਤ ਹੁੰਦਾ-"ਸਾਲ਼ੀ ਘਪਲ਼ੀ ਜਾਤ, ਗੱਪੀ ਮੇਰਾ ਸਾਲ਼ਾ"। ਗੱਪੀ ਅਖਵਾ ਕੇ ਤਾਂ ਮੈਨੂੰ ਕੋਈ ਗੁੱਸਾ ਨਾ ਆਉਂਦਾ ਪਰ ਜਾਤ ਪਰਖਣ ਨਾਲ਼ ਮੇਰੇ ਮਨ ਵਿਚ ਬਹੁਤ ਭਾਂਬੜ ਬਲ਼ ਉਠਦਾ। ਇਸ ਗੱਪੀ ਸ਼ਬਦ ਬਾਰੇ ਤਾਂ ਉਦੋਂ ਮੈਂ ਵੀ ਕੀ ਕਲਪਣਾ ਕਰ ਸਕਦਾ ਸਾਂ? ਕੀ ਪਤਾ ਸੀ ਕਿ ਇਹ ਗੱਪੀ ਸ਼ਬਦ ਸਮੇਂ ਨਾਲ਼ ਗਲਪੀ ਬਣ ਜਾਏਗਾ। ਲਿਖਣ ਲਿਖਾਉਣ ਨਾਲ਼ ਸੰਬੰਧਤ ਇਕ ਹੋਰ ਗੱਲ ਮੇਰੇ ਚੇਤੇ ਦਾ ਹਿੱਸਾ ਹੈ, ਜਿਸ ਨੂੰ ਆਪਣੇ ਗਲਪ ਸੰਸਾਰ ਨਾਲ਼ ਜੋੜ ਕੇ ਵੇਖ ਸਕਦਾ ਹਾਂ। ਉਹ ਇਹ ਕਿ ਸਾਡੇ ਘਰ ਦੇ ਪਿਛਲੇ ਪਾਸੇ ਮਜ਼੍ਹਬੀ ਸਿੱਖਾਂ ਦੇ ਅਗਵਾੜ ਵਿਚ ਪ੍ਰਸਿੰਨੀ ਨਾਂ ਦੀ ਇਕ ਮਾਈ ਰਹਿੰਦੀ ਸੀ, ਜਿਸ ਦੀਆਂ ਧੀਆਂ ਚੰਗੀਆਂ ਥਾਂਵਾਂ 'ਤੇ ਵਿਆਹੀਆਂ ਹੋਈਆਂ ਸਨ। ਉਹ ਮੇਰੇ ਕੋਲ਼ੋਂ ਆਪਣੇ ਜੁਆਈਆਂ ਨੂੰ ਚਿੱਠੀਆਂ ਲਿਖਵਾਉਂਦੀ ਹੁੰਦੀ ਸੀ। ਉਸ ਮਾਈ ਨੇ ਤਾਂ ਦੋ ਕੁ ਗੱਲਾਂ ਕਹਿ ਕੇ ਬੱਸ ਕਰ ਜਾਣਾ ਪਰ ਮੈਂ ਲਿਖਤੁਮ ਫਲਾਣਾ ਅੱਗੇ ਯੋਗ ਢਿਮਕਾ ਆਦਿ ਲਿਖ ਕੇ ਕੋਲ਼ੋਂ ਹੀ ਲਗ ਕੰਨਾ ਲਾ ਕੇ ਚਿੱਠੀ ਦਾ ਮਜ਼ਮੂਨ ਵਧਾ ਦੇਣਾ। ਪ੍ਰਸਿੰਨੀ ਮਾਈ ਆਮ ਤੌਰ 'ਤੇ ਇਹ ਗੱਲ ਆਖਿਆ ਕਰਦੀ ਸੀ-"ਭਾਈ ਮੁੰਡੇ ਤਾਂ ਹੋਰ ਵੀ ਬਥੇਰੇ ਪੜ੍ਹਦੇ ਐ ਪਰ ਐਹੀ ਜੀ ਚਿੱਠੀ ਨੀ ਹੋਰ ਕਿਸੇ ਤੋਂ ਲਿਖੀ ਜਾਂਦੀ"।...ਤੇ ਮੈਨੂੰ ਜਾਪਦਾ ਹੈ ਕਿ ਉਹ ਚਿੱਠੀਆਂ ਅਤੇ ਦੀਵਾਨਾਂ ਵਿਚ ਸੁਣੇ ਪ੍ਰਸੰਗ ਮੇਰੇ ਲੇਖਕ ਬਣਨ ਦਾ ਸਰੋਤ ਹੋ ਨਿੱਬੜੇ, ਬੀਜ ਰੂਪ।

ਪਿੰਡ ਦੇ ਮਿਡਲ ਸਕੂਲ ਤੋਂ ਅੱਠਵੀਂ ਪਾਸ ਕਰ ਕੇ ਮੈਂ ਦਸਵੀਂ ਮਾਰਚ 1958 ਵਿਚ, ਰਾਮਪੁਰਾ ਫੂਲ ਦੇ ਸਟੇਟ ਹਾਈ ਸਕੂਲ ਤੋਂ ਕੀਤੀ। ਮੈਂ ਦਸਵੀਂ ਤਕ ਪੜ੍ਹਾਈ ਵਿਚ ਬਿੱਲਕੁਲ ਫਾਡੀ ਸਾਂ। ਘਰ ਵਿਚ ਪੜ੍ਹਨ ਦਾ ਮਾਹੌਲ ਹੀ ਨਹੀਂ ਸੀ। ਰੋਟੀ ਦਾ ਹੀ ਫ਼ਿਕਰ ਲੱਗਿਆ ਰਹਿੰਦਾ ਸੀ, ਜਿਸ ਕਰ ਕੇ ਦਿਹਾੜੀ ਜਾਣਾ ਪੈਂਦਾ। ਦਿਹਾੜੀ ਜਾਣ ਸਮੇਂ ਜੋ ਭਾਂਡਾ ਲਿਜਾਣਾ ਪੈਂਦਾ, ਮੇਰੇ ਲਈ ਉਹ ਬਹੁਤ ਵੱਡਾ ਸੰਤਾਪ ਹੁੰਦਾ। ਹਾੜ੍ਹੀ ਸਾਉਣੀ ਮਾਂ ਨਾਲ਼ ਖੇਤਾਂ ਵਿਚੋਂ ਸਿਲ਼ਾ ਵੀ ਚੁਗਣ ਜਾਣਾ ਪੈਂਦਾ। ਘਰ ਦਾ ਤੋਰਾ ਤੋਰਨ ਲਈ ਹਾੜ੍ਹੀ ਸਾਉਣੀ ਦਿਹਾੜੀ ਵੀ ਜਾਣਾ ਪੈਂਦਾ। ਮੈਨੂੰ ਸਰਦਾਰ ਦੇ ਖੇਤਾਂ ਵਿਚ ਵੀ ਘਰਦਿਆਂ ਨਾਲ਼ ਕੰਮ ਕਰਵਾਉਣਾ ਪੈਂਦਾ। ਮੁਸ਼ਕਲ ਨਾਲ਼ ਤੀਜੇ

ਦਰਜੇ 'ਤੇ ਦਸਵੀਂ ਕਰ ਲੈਣੀ ਹੀ ਮੇਰੇ ਲਈ ਵੱਡੀ ਡਿਗਰੀ ਸੀ। ਇਤਿਹਾਸ ਵਿਚੋਂ ਫੇਲ੍ਹ ਅਤੇ ਪੰਜਾਬੀ ਵਿਚੋਂ ਡੇਢ ਸੌ ਵਿਚੋਂ ਮੁਸ਼ਕਲ ਨਾਲ਼ ਪੰਜਾਹ ਨੰਬਰ। ਹਾਂ ਰਾਮਪੁਰਾ ਫੂਲ ਤੋਂ ਗਿਆਨੀ ਗੁਰਬਚਨ ਸਿੰਘ ਤਾਂਘੀ ਹੁਰਾਂ ਪਾਸੋਂ ਗਿਆਨੀ ਵਿਚੋਂ ਮੈਂ ਬਹੁਤ ਸ਼ਾਨ-ਓ-ਸ਼ੌਕਤ ਨਾਲ਼ ਪਾਸ ਹੋਇਆ। ਇਸ ਸਮੇਂ ਦੌਰਾਨ ਮੈਂ ਧਾਰਮਿਕ ਗੀਤ ਅਤੇ ਕਵੀਸ਼ਰੀ ਲਿਖਣ ਵੱਲ ਰੁਚਿਤ ਹੋ ਗਿਆ। ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਰਾਮੂਵਾਲ਼ੀਆ, ਜੋ ਬਾਅਦ ਵਿਚ ਪਾਰਸ ਦੇ ਨਾਂ ਨਾਲ਼ ਮਸ਼ਹੂਰ ਹੋਇਆ, ਸਾਡੇ ਪਿੰਡ ਦੀਵਾਨਾਂ ਵਿਚ ਕਵੀਸ਼ਰੀ ਕਰਦਾ। ਮੇਰੇ ਹੀ ਪਿੰਡ ਦਾ ਪਹਿਲੀ ਤੋਂ ਗਿਆਨੀ ਤਕ ਦਾ ਮੇਰਾ ਹਮਜਮਾਤੀ, ਗਿਆਨੀ ਕਰਤਾਰ, ਪਾਰਸ ਹੁਰਾਂ ਦਾ ਸ਼ਗਿਰਦ ਬਣ ਗਿਆ। ਉਹ ਮੈਨੂੰ ਕਵੀਸ਼ਰੀ ਵਿਚ ਧੱਕਣਾ ਚਾਹੁੰਦਾ ਸੀ ਪਰ ਮੈਂ ਨੌਕਰੀ ਨੂੰ ਤਰਜੀਹ ਦਿੰਦਾ ਸਾਂ, ਜਿਸ ਕਰਕੇ ਸਾਡਾ ਕਰੂਰਾ ਨਹੀਂ ਸੀ ਰਲ਼ਦਾ। ਇਕ ਹੋਰ ਕਾਰਨ ਵੀ ਸੀ। ਮੇਰੇ ਤਾਏ ਹੁਰਾਂ ਨੇ ਮੇਰੇ ਬਾਪ ਨਾਲ਼ ਧੋਖਾ ਕਰਨ ਵਾਲ਼ੇ ਜਿਸ ਜੰਗ ਵੈਲੀ ਨੂੰ ਠੇਕੇ ਵਿਚ ਘੇਰ ਕੇ ਕਤਲ ਕੀਤਾ ਸੀ, ਕਰਤਾਰ ਨੇ ਉਸ ਦੇ ਹੀ ਭਰਾ ਗੁਰਬਚਨ ਨੂੰ ਕਵੀਸ਼ਰੀ ਜੱਥੇ ਦਾ ਆਗੂ ਬਣਾਇਆ ਹੋਇਆ ਸੀ। ਕਰਤਾਰ ਨੇ ਆਪਣਾ ਬਹੁਤ ਹੀ ਉਸਾਰੂ ਕਿਸਮ ਦਾ ਪ੍ਰਭਾਵ ਵਰਤ ਕੇ ਸਾਡੇ ਦੁਸ਼ਮਣੀਆਂ ਵਾਲ਼ੇ ਮਾਹੌਲ ਨੂੰ ਦੋਸਤੀਆਂ ਵਿਚ ਬਦਲਣ ਵਿਚ ਸਾਡੇ ਪਰਿਵਾਰ ਦੀ ਬਹੁਤ ਮੱਦਦ ਕੀਤੀ। ਹਾਲਾਂਕਿ ਜਾਤੀ-ਪਾਤੀ ਮਸਲਿਆਂ ਬਾਰੇ ਕਰਤਾਰ ਦੀ ਪਹੁੰਚ ਬਹੁਤ ਸੰਕੀਰਨ ਸੀ। ਕਰਤਾਰ ਮੈਨੂੰ ਇਕ ਦਿਨ ਧੋਖੇ ਨਾਲ਼ ਗੁਰਬਚਨ ਦੇ ਘਰ ਲੈ ਗਿਆ ਸੀ। ਮੇਰੇ ਇਕ ਤਰ੍ਹਾਂ ਦੀ ਹੁੱਝ ਜਿਹੀ ਵੱਜੀ ਕਿ ਲੈ ਬਈ ਇਹ ਜੱਟ ਵੀ ਮੇਰੇ ਨਾਲ਼ ਧੋਖਾ ਕਰ ਗਿਆ। ਮੈਂ ਥਰਨ ਥਰਨ ਕੰਬ ਰਿਹਾ ਸਾਂ, ਪਰ ਗੁਰਬਚਨ ਜ਼ਾਰੋ-ਜ਼ਾਰ ਰੋਂਦਾ ਮੇਰੇ ਗਲ਼ ਲੱਗਿਆ ਹੋਇਆ ਸੀ। ਇਸ ਤਰ੍ਹਾਂ ਦੁਸ਼ਮਣੀਆਂ ਨੂੰ ਦੋਸਤੀਆਂ ਵਿਚ ਬਦਲਣ ਦਾ ਸਾਡਾ ਦੁਹਾਂ ਦਾ ਯੋਗਦਾਨ ਇਕ ਤਰ੍ਹਾਂ ਇਤਿਹਾਸਕ ਹੋ ਨਿੱਬੜਿਆ, ਜਦੋਂ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਇਕ ਦੂਜੇ ਦੇ ਕੰਡੇ ਦੀ ਪੀੜ ਵੀ ਮਹਿਸੂਸ ਕਰਨ ਲੱਗ ਪਏ। ਤਿੰਨ ਚਾਰ ਕਤਲਾਂ ਤੋਂ ਬਾਅਦ ਸਾਡੇ ਸਾਰੇ ਪਰਿਵਾਰਾਂ ਵਿਚ ਸੁਖ-ਸ਼ਾਂਤੀ ਦਾ ਹੀ ਵਰਤਾਰਾ ਰਿਹਾ, ਇਕ ਤਰ੍ਹਾਂ ਸਾਰੇ ਸਮੀਕਰਨ ਹੀ ਬਦਲ ਗਏ। ਇਹਦਾ ਬਹੁਤਾ ਵਿਸਥਾਰ 'ਅੱਕ ਦਾ ਦੁੱਧ' ਵਿਚ ਦਰਜ ਹੈ।

ਜਦੋਂ ਅਪਰੈਲ 1960 ਵਿਚ ਕਰਨਾਲ ਤੋਂ ਓ. ਟੀ. ਪੰਜਾਬੀ ਅਧਿਆਪਕ ਦਾ ਕੋਰਸ ਪਹਿਲੀ ਪੁਜ਼ੀਸ਼ਨ ਨਾਲ਼ ਪਾਸ ਕਰ ਲਿਆ ਤੇ ਬਹੁਤ ਹੀ ਜਲਦੀ ਨੌਕਰੀ ਲੱਗ ਗਿਆ, ਤਦ ਮੈਂ ਅਸਲੋਂ ਹੀ ਬਚੂੰਗੜਾ ਜਿਹਾ ਸਾਂ। ਮੇਰੇ ਨਾਲ਼ੋਂ ਤਾਂ ਕਈ ਵਿਦਿਆਰਥੀ ਹੀ ਵਡੇਰੇ ਜਾਪਦੇ ਸਨ। ਸਰਵਿਸ ਮਿਲ਼ਣ ਦੇ ਦੋ ਸਾਲ ਬਾਅਦ ਹੀ ਮੇਰੇ ਦਾੜ੍ਹੀ ਫੁੱਟਣੀ ਸ਼ੁਰੂ ਹੋਈ ਸੀ। ਸਟੇਜਾਂ ਉਪਰ ਬੋਲਣ ਦਾ ਅਭਿਆਸ ਇੱਥੇ ਕੰਮ ਆਇਆ, ਨਹੀਂ ਤਾਂ ਧਮੋਟ ਦੇ ਹਾਈ ਸਕੂਲ ਵਿਚ ਹਾਜ਼ਰ ਹੋਣ ਗਏ ਨੂੰ ਹੈੱਡ ਮਾਸਟਰ ਬਲਵੰਤ ਸਿੰਘ ਧਨੋਆ ਨੇ ਜਵਾਬ ਦੇ ਦਿੱਤਾ ਸੀ।

ਬਚਪਨ ਵਿਚ ਪੜ੍ਹਾਈ ਵਿਚ ਕਮਜ਼ੋਰ ਰਹਿ ਜਾਣ ਕਰ ਕੇ, ਮਾਨਸਿਕ ਗੁੰਝਲ਼ ਦਾ ਸ਼ਿਕਾਰ ਹੋਇਆ, ਮੈਂ ਅੱਗੇ ਪੜ੍ਹਾਈ ਜਾਰੀ ਰੱਖਣ ਦਾ ਹੌਸਲਾ ਹੀ ਨਾ ਕਰ ਸਕਿਆ। ਦੂਜਾ ਹਰ ਪਾਸੇ ਛੂਤ-ਛਾਤ ਦਾ ਭੂਤ ਮੈਨੂੰ ਡਰਾਉਂਦਾ ਰਹਿੰਦਾ ਤੇ ਮੈਂ ਖਵ੍ਹੀਆਂ ਖਾਂਦਾ ਰਹਿੰਦਾ। ਅੰਮ੍ਰਿਤਧਾਰੀ ਹੋਣ ਦਾ ਤਾਂ ਇਕ ਪ੍ਰਕਾਰ ਦਾ ਡਰਾਮਾ ਹੀ ਸੀ, ਕਿਉਂਕਿ ਉਸ ਤਰ੍ਹਾਂ ਦਾ ਲਿਬਾਸ ਪਾ ਕੇ ਲੋਕਾਂ ਵਿਚ ਥੋੜ੍ਹੀ ਜਿਹੀ ਭੱਲ ਬਣਦੀ ਸੀ। ਅੰਦਰੋਂ ਭਿੱਜਿਆ ਬਿਲਕੁਲ ਵੀ ਨਹੀਂ ਸਾਂ, ਅਮਲੀ ਤੌਰ 'ਤੇ ਕੁੜੀਆਂ ਦੇ ਮਸਲੇ ਨੂੰ ਛੱਡ ਕੇ, ਉਹੀ ਕੁਝ ਸਾਂ, ਜੋ ਮੇਰੇ ਪਿੰਡ ਦੇ ਹੋਰ ਗਰੰਥੀ ਪਾਠ ਕਰਦੇ ਸਮੇਂ ਆਪਣਾ ਕਿਰਦਾਰ ਵਿਖਾਉਂਦੇ ਸਨ। ਮੈਂ ਵੇਖਦਾ ਸਾਂ ਕਿ

ਉਨ੍ਹਾਂ ਵਿਚੋਂ ਇਕ ਦੋ ਜਣੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਵੀ ਲਿਹਾਜ ਨਹੀਂ ਸੀ ਕਰਦੇ।

ਜਦ ਮੈਂ 1966-67 ਵਿਚ ਅੰਗਰੇਜ਼ੀ ਦੀ ਐੱਫ.ਏ. ਦਾ ਇਮਤਿਹਾਨ ਵਧੀਆ ਨੰਬਰ ਲੈ ਕੇ ਪਾਸ ਕਰ ਗਿਆ ਤਾਂ ਮੇਰਾ ਵਹਿਮ ਦੂਰ ਹੋਇਆ। ਬੀ.ਏ. ਅੰਗਰੇਜ਼ੀ ਦਾ ਦਾਖ਼ਲਾ ਭਰਿਆ-ਭਰਾਇਆ ਰਹਿ ਗਿਆ ਜਦ ਨਕਸਲੀ ਲਹਿਰ ਵਿਚ ਦਿਲਚਸਪੀ ਲੈਣ ਕਰਕੇ ਆਗੂਆਂ ਨੇ ਰੋਕ ਦਿੱਤ ਕਿ ਹੁਣ ਅਗਲੀ ਪੜ੍ਹਾਈ ਇਨਕਲਾਬ ਤੋਂ ਬਾਅਦ ਹੀ ਕਰਾਂਗੇ। ਸ਼ਾਇਦ ਉਦੋਂ ਇਹ ਵਹਿਮ ਹੋ ਗਿਆ ਸੀ ਕਿ ਅਗਲਾ ਸੂਰਜ ਤਾਂ ਇਨਕਲਾਬ ਨੂੰ ਨਾਲ਼ ਲਿਆ ਕੇ ਚੜ੍ਹੇਗਾ। ਫਿਰ ਤਾਂ ਗ੍ਰਿਫ਼ਤਾਰੀਆਂ, ਕੁੱਟ-ਮਾਰ ਤੇ ਲਗਾਤਾਰ ਪੁਲਿਸੀ ਚੱਕਰ ਹੀ ਪੱਲੇ ਪਏ ਰਹੇ। ਇਨਕਲਾਬ ਨੂੰ ਉਡੀਕਦਿਆਂ ਜੀਵਨ ਸਾਥ ਵੀ ਨਾ ਮਿਲ਼ ਸਕਿਆ। ਅਗਲੀ ਪੜ੍ਹਾਈ ਦਾ ਸਿਲਸਿਲਾ ਤਾਂ 1978 ਤੋਂ ਬਾਅਦ ਹੀ ਸ਼ੁਰੂ ਹੋ ਸਕਿਆ, ਜਦ ਮੈਂ 38 ਸਾਲ ਦੀ ਉਮਰ ਵਿਚ ਆਪਣੀ ਨਿੱਕੀ ਜਿਹੀ ਕਬੀਲਦਾਰੀ ਦਾ ਆਗਾਜ਼ ਕਰ ਸਕਿਆ। ਪ੍ਰਾਈਵੇਟ ਤੌਰ 'ਤੇ ਬਹੁਤ ਹੀ ਚੰਗੇ ਨੰਬਰਾਂ ਨਾਲ਼, ਬੀ.ਏ.,ਐੱਮ.ਏ. ਪੰਜਾਬੀ ਅਤੇ ਬਾਅਦ ਵਿਚ ਬੀ.ਐੱਡ ਤਕ ਦੀ ਵਿਦਿਆ ਹਾਸਲ ਕਰ ਸਕਿਆ। ਪੜ੍ਹਨ ਲਿਖਣ ਦੀ ਵੀ ਤਾਂ ਇਕ ਖ਼ਾਸ ਰੁੱਤ ਹੁੰਦੀ ਹੈ। ਉੱਤੋਂ ਜਨਤਕ ਅਤੇ ਸਿਆਸੀ ਰੁਝਾਨ ਨੇ ਵੀ ਸਿੱਖਿਆ ਦਾ ਰਾਹ ਬੰਦ ਹੀ ਕਰੀ ਰੱਖਿਆ। 1985 ਵਿਚ ਐੱਮ.ਏ.ਕਰਦਿਆਂ ਡਾ. ਰਵੀ ਨੇ ਪੀਐੱਚ.ਡੀ ਕਰਨ ਦਾ ਮੇਰੇ ਕੋਲੋਂ ਇਕਰਾਰ ਲਿਆ ਸੀ ਪਰ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਮੇਰਾ ਦਿਲ ਹੀ ਟੁੱਟ ਗਿਆ ਸੀ। ਆਪ ਮੈਂ ਪੀਐੱਚ.ਡੀ ਤਾਂ ਨਾ ਕਰ ਸਕਿਆ ਪਰ ਬਹੁਤ ਸਾਰੇ ਮੁੰਡੇ ਕੁੜੀਆਂ ਲਈ ਯੂ.ਜੀ.ਸੀ., ਐਮ.ਫਿਲ. ਜਾਂ ਪੀਐੱਚ.ਡੀ ਆਦਿ ਕਰਾਉਣ ਵਿਚ ਗਾਈਡ ਜਿੰਨਾ ਕੰਮ ਜ਼ਰੂਰ ਕੀਤਾ।

ਅਧਿਆਪਕੀ ਦੇ ਮੁੱਢਲੇ ਦਿਨੀਂ ਮੈਂ ਸਿਖ਼ਰ ਦਾ ਆਖੰਡ ਪਾਠੀ ਬਣਿਆ। ਇਨ੍ਹੀਂ ਦਿਨੀਂ ਮੈਂ ਬਹੁਤੀ ਬਾਣੀ ਅਰਥਾਂ ਸਮੇਤ ਪੜ੍ਹੀ, ਜਿਸ ਕਰ ਕੇ ਮੇਰੇ ਮਨ ਵਿਚ ਗੁਰੂ ਘਰਾਂ ਵਿਚ ਚਲਦੀ ਸਿੱਖੀ ਬਾਰੇ ਬਹੁਤ ਸਾਰੇ ਪ੍ਰਸ਼ਨਾਂ ਦੀ ਫ਼ਸਲ ਉਗ ਖਲੋਤੀ। ਮੈਨੂੰ ਜਾਪਦਾ ਸੀ ਕਿ ਗੁਰਬਾਣੀ ਤਾਂ ਬੰਦੇ ਨੂੰ ਬੰਦੇ ਨਾਲ਼ ਜੋੜਨ ਦਾ ਵਾਹਨ ਹੈ ਤੇ ਮਾਨਵ ਨੂੰ ਇਕ ਕੜੀ ਵਿਚ ਪਰੋਣ ਦਾ ਸਾਧਨ ਹੈ। ਜਦ ਮੈਂ ਵੇਖਿਆ ਕਿ ਗੁਰਦੁਆਰਿਆਂ, ਡੇਰਿਆਂ ਵਿਚ ਧਰਮ ਦਾ ਨਾਮੋ-ਨਿਸ਼ਾਨ ਵੀ ਦਿਖਾਈ ਨਹੀਂ ਦਿੰਦਾ ਤੇ ਸਿੱਖ ਧਰਮ ਨੂੰ ਮੰਨਣ ਵਾਲ਼ੇ ਵੀ ਗਲ਼ ਗਲ਼ ਤਕ ਅੰਧ-ਵਿਸ਼ਵਾਸਾਂ ਅਤੇ ਛੂਆ-ਛਾਤ ਵਿਚ ਫਸੇ ਪਏ ਹਨ ਤਾਂ ਮੇਰਾ ਧਰਮ ਅਤੇ ਅਕਾਲੀ ਸਿਆਸਤ ਤੋਂ ਮੋਹ ਭੰਗ ਹੋ ਗਿਆ। ਪ੍ਰਸ਼ਨਾਂ ਦੀ ਉਗੀ ਉਸ ਫ਼ਸਲ ਨੇ ਮੇਰਾ ਬਹੁਤ ਹੱਦ ਤਕ ਮਾਰਗ ਦਰਸ਼ਨ ਕੀਤਾ।

ਚਾਹੇ ਕੁਝ ਵੀ ਸੀ, ਮੈਂ ਇਹ ਸਮਝਣ ਲੱਗ ਪਿਆ ਸਾਂ ਕਿ ਮੇਰੀ ਮਾਂ ਦੀ ਕੁਰਬਾਨੀ ਸਦਕਾ ਮੇਰੇ ਤਾਏ ਨੇ ਬਹੁਤ ਔਖਾਂ ਝਾਗ ਕੇ ਮੈਨੂੰ ਪੜ੍ਹਾਇਐ, ਜਿਸ ਦਾ ਸਿਲਾ ਮੈਨੂੰ ਆਪਣੇ ਚਹੁੰਆਂ ਮਤਰੇਏ ਭੈਣਾਂ ਭਰਾਵਾਂ ਨੂੰ ਪੜ੍ਹਾ ਕੇ ਚੁਕਾਉਣਾ ਚਾਹੀਦਾ ਹੈ। ਮੈਂ ਜਦ ਵੀ ਰਾਮਪੁਰੇ ਤੋਂ ਸਾਈਕਲ 'ਤੇ ਪਿੰਡ ਪਹੁੰਚਦਾ ਤਾਂ ਲੋਕ ਵੇਖਦੇ ਕਿ ਮੈਂ ਸਾਈਕਲ ਉਪਰ ਕਿਤਾਬਾਂ ਕਾਪੀਆਂ ਦੀ ਪੰਡ ਲੈ ਕੇ ਪਿੰਡ ਵੜਿਆ ਹਾਂ। ਹੁਣ ਉਹ ਚਾਰੇ ਹੀ ਚੰਗੀਆਂ ਪੋਸਟਾਂ 'ਤੇ ਤਾਇਨਾਤ ਹਨ। ਮਾਂ ਪ੍ਰਤੀ ਵੀ ਮੇਰਾ ਨਜ਼ਰੀਆ ਬਦਲ ਗਿਆ ਸੀ ਤੇ ਮੈਂ ਉਸ ਦਾ ਪੁੱਜ ਕੇ ਸਤਿਕਾਰ ਕਰਨ ਲੱਗ ਪਿਆ ਸਾਂ। ਹੁਣ ਜੇ ਦੁੱਖ ਸੀ ਤਾਂ ਇਹ ਕਿ ਮੇਰਾ ਤਾਇਆ 112 ਤੋਂ ਵਧ ਕੇ 120 ਰੁਪਏ ਹੋਈ ਤਨਖ਼ਾਹ ਵਿਚੋਂ ਸੱਤਰ ਰੁਪਿਆਂ ਵਿਚ ਗੁਜ਼ਾਰਾ ਨਹੀਂ ਸੀ ਕਰਦਾ। ਹੋਰ ਹੋਰ ਮੰਗ ਕਰਦਾ ਰਹਿੰਦਾ ਸੀ। ਜੇ ਕਿਸੇ ਨੇ ਪੁੱਛਣਾ-"ਮੁੰਡਾ ਹੱਥ ਝਾੜਦੈ, ਕੁਛ?" ਤਾਂ ਉਸ ਨੇ ਮੇਰੀ ਹਾਜ਼ਰੀ ਵਿਚ ਹੀ ਆਖ ਦੇਣਾ-"ਬੱਸ ਠੀਕ ਈ ਐ। ਚੁੱਪ ਈ ਭਲੀ ਐ"। ਮੇਰੇ ਦਿਲ ਵਿਚ ਸੂਈਆਂ ਵੱਜਣ ਲੱਗਦੀਆਂ। ਕੋਈ ਪੇਸ਼ ਨਾ ਜਾਂਦੀ। ਇਕ ਵਾਰ ਮੈਂ ਗਰਮ ਕੋਟ ਬਣਾਉਣ ਦੀ ਨੀਅਤ ਨਾਲ਼

ਇਕ ਤਨਖ਼ਾਹ 'ਚੋਂ ਪੈਸੇ ਭੇਜ ਨਹੀਂ ਸੀ ਸਕਿਆ ਤਾਂ ਮੇਰੀ ਮਾਂ ਨੂੰ ਸੌ-ਸੌ ਸਲਾਉਤਾਂ ਸੁਣਾਈਆਂ ਸਨ, ਬਜ਼ੁਰਗ ਨੇ-"ਵਿਗੜ ਗਿਆ, ਪਿਉ ਵਾਂਗ ਦਾਰੂ ਪੀਣ ਲੱਗ ਪਿਆ ਹੋਣੈ"। ਉਨ੍ਹੀਂ ਦਿਨੀ ਦਾਰੂ ਨੂੰ ਮੂੰਹ ਤਾਂ ਕੀ ਮੈਂ ਹੱਥ ਵੀ ਨਹੀਂ ਸਾਂ ਲਾਉਂਦਾ।

ਅਧਿਆਪਨ ਦੇ ਕਿੱਤੇ ਦੀ ਸ਼ੁਰੂਆਤ ਤਾਂ ਮੈਂ ਕਹਿ ਸਕਦਾ ਹਾਂ ਕਿ ਰੋਟੀ-ਰੋਜ਼ੀ ਦੀ ਖ਼ਾਤਰ ਹੀ ਹੋਈ ਸੀ, ਪਰ ਬਾਅਦ ਵਿਚ ਇਕ ਕੁਸ਼ਲ, ਸੁਯੋਗ ਅਤੇ ਕਾਬਲ ਅਧਿਆਪਕ ਬਣਨ ਦੇ ਲਗਾਤਾਰ ਯਤਨ ਕੀਤੇ। ਆਪਣੇ ਰਾਹ ਤਲਾਸ਼ ਕੀਤੇ। ਪੜ੍ਹਾਉਣ ਦੀਆਂ ਨਵੀਆਂ ਵਿਧੀਆਂ ਦੀ ਤਲਾਸ਼ ਕੀਤੀ ਅਤੇ ਅਧਿਆਪਕਾਂ ਦੀ 'ਸੇਵਾ ਦੌਰਾਨ ਪ੍ਰਸਿੱਖਿਆ' (ਇਨ ਸਰਵਿਸ ਟ੍ਰੇਨਿੰਗ) ਵਿਚ ਸਰੋਤ ਵਿਅਕਤੀ ਦੇ ਤੌਰ 'ਤੇ ਵੀ ਸੱਦਿਆ ਜਾਣ ਲੱਗ ਪਿਆ ਸਾਂ। ਆਪਣੇ ਮੂੰਹੋਂ ਤਾਂ ਕਹਿਣਾ ਔਖਾ ਹੈ ਪਰ ਸੇਵਾ ਮੁਕਤੀ ਤਕ ਮੈਂ ਨਵੀਆਂ ਲੀਹਾਂ ਪਾਉਣ ਵਿਚ ਸਫ਼ਲ ਹੋਇਆ ਤੇ ਸਮਾਜ ਵਿਚ ਨਾਮਣਾ ਖੱਟ ਕੇ ਕੋਟ ਭਾਰਾ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਵਿਚੋਂ ਸ਼ਾਨੋ-ਸ਼ੌਕਤ ਨਾਲ਼ ਸੇਵਾ ਮੁਕਤ ਹੋਇਆ ਹਾਂ, ਇਹ ਗੱਲ ਜੱਗ ਤੋਂ ਅਖਵਾ ਕੇ ਕਿ ਜੇ ਅਧਿਆਪਕ ਹੋਵੇ ਤਾਂ ਅਤਰਜੀਤ ਵਰਗਾ ਹੋਵੇ। ਹਰਭਜਨ ਹਲਵਾਰਵੀ ਦੀ ਸੰਪਾਦਕੀ ਦੌਰਾਨ 'ਪੰਜਾਬੀ ਟ੍ਰਿਬਿਊਨ' ਵਿਚ ਉਪਰੋਥਲ਼ੀ ਅਧਿਆਪਨ ਤਜਰਬਿਆਂ ਅਤੇ ਕਾਰਜ ਸੰਬੰਧੀ ਮੇਰੇ ਕਈ ਲੇਖ ਛਪਦੇ ਰਹੇ ਸਨ, ਜਿਨ੍ਹਾਂ ਦੀ ਪੰਜਾਬੀ ਪਿਆਰਿਆਂ ਵਿਚ ਚੰਗੀ ਚਰਚਾ ਚੱਲੀ ਸੀ। ਇਨ ਸਰਵਿਸ ਟ੍ਰੇਨਿੰਗ ਕੈਂਪਾਂ ਦੌਰਾਨ ਜਿਨ੍ਹਾਂ ਪੰਜਾਬੀ ਅਧਿਆਪਕਾਂ ਨੂੰ ਕਵਿਤਾ, ਕਹਾਣੀ, ਨਾਵਲ ਜਾਂ ਵਿਆਕਰਨ ਸੰਬੰਧੀ ਲੈਕਚਰ ਲਾਉਂਦਾ ਰਿਹਾ, ਅੱਜ ਵੀ ਜਦ ਮਿਲ਼ਦੇ ਹਨ ਤਾਂ ਸਤਿਕਾਰ ਕਰਦੇ ਹਨ। ਟ੍ਰੇਨਿੰਗ ਸੈਂਟਰ ਦੇ ਲੈਕਚਰਾਰ ਘੁੱਗੂ ਬਣੇ ਮੇਰੇ ਲੈਕਚਰ ਨੂੰ ਨੋਟ ਕਰ ਰਹੇ ਹੁੰਦੇ। ਸ਼ਾਇਦ ਇਹ ਮੇਰੇ ਪੜ੍ਹਾਉਣ ਜਾਂ ਵਿਦਿਆਰਥੀਆਂ ਪ੍ਰਤੀ ਰਵੱਈਏ ਦਾ ਕਾਰਨ ਹੀ ਹੈ ਕਿ ਪੂਰੇ ਪੰਜਾਹ ਸਾਲਾਂ ਬਾਅਦ 1964 ਦੀ ਮੇਰੇ ਕੋਲ਼ੋਂ ਛੇਵੀਂ ਵਿਚ ਪੜ੍ਹੀ ਮੇਰੀ ਹੋਣਹਾਰ ਬੱਚੀ ਪਰਮਜੀਤ ਕੌਰ ਸਰਹਿੰਦ ਨੇ ਕਿਸੇ ਤਰ੍ਹਾਂ ਮੈਨੂੰ ਲੱਭ ਲਿਆ। ਮਾਪੇ ਧੀਆਂ ਨੂੰ ਬੁੱਕਲ਼ ਵਿਚ ਤਾਂ ਲੈਂਦੇ ਆਏ ਨੇ ਪਰ ਇਸ ਕੁੜੀ ਨੂੰ ਮੈਂ ਸਿਰ'ਤੇ ਬਿਠਾ ਕੇ 1 ਜੂਨ 2014 ਦੇ ਦਿਨ ਬਠਿੰਡੇ ਵਿਚ ਉਸ ਦਾ ਰੂ-ਬ-ਰੂ ਅਤੇ ਸਨਮਾਨ ਸਮਾਰੋਹ ਕਰਵਾਇਆ। ਸੱਭਿਆਚਾਰ ਦੇ ਮੈਦਾਨ ਵਿਚ ਉਸ ਨੇ ਜੋ ਪੈੜਾਂ ਪਾਈਆਂ ਹਨ, ਉਨ੍ਹਾਂ ਵਿਚ ਥੋੜ੍ਹੇ ਕੁ ਹੋਰ ਰੰਗ ਭਰਨ ਦਾ ਇਹ ਯਤਨ ਸੀ ਮਹਿਜ਼।

ਪਿਛਲੇ ਸਾਰੇ ਦੌਰ ਵਿਚ ਮੈਂ ਜਿੱਥੇ ਆਪਣੇ ਅਧਿਆਪਨ ਕਾਰਜ ਪ੍ਰਤੀ ਪੂਰੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਦਾ ਸਬੂਤ ਦਿੱਤਾ, ਉੱਥੇ ਮੈਂ ਅਧਿਆਪਕ ਜਥੇਬੰਦੀਆਂ ਵਿਚ ਵੀ ਡਟ ਕੇ ਕੰਮ ਕੀਤਾ। ਜੇਲ੍ਹਾਂ ਵੀ ਕੱਟੀਆਂ ਤੇ ਪੁਲਿਸ ਦੀ ਕੁੱਟ ਵੀ ਦੱਬਕੇ ਝੱਲੀ। ਮੈਨੂੰ ਇਹ ਮੰਨ ਲੈਣ ਵਿਚ ਕੋਈ ਝਿਜਕ ਨਹੀਂ ਕਿ ਅੱਜ ਅਧਿਆਪਕ ਯੂਨੀਅਨ ਪਹਿਲਾਂ ਵਾਂਗ ਮਜ਼ਬੂਤ ਨਹੀਂ ਰਹੀ, ਇਸ ਦਾ ਮੈਨੂੰ ਦੁੱਖ ਹੈ। ਇਕ ਉਹ ਸਮਾਂ ਵੀ ਸੀ ਜਦੋਂ ਅਧਿਆਪਕ ਯੂਨੀਅਨ ਦੀ ਚੋਣ ਦੀਆਂ ਖ਼ਬਰਾਂ ਬੀ.ਬੀ.ਸੀ. ਲੰਡਨ ਤੋਂ ਪ੍ਰਸਾਰਤ ਹੋਈਆਂ ਸਨ। ਅੱਜ ਅਧਿਆਪਕ ਵਰਗ ਦੀਆਂ ਕਿੰਨੀਆਂ ਸ਼ਾਖਾਵਾਂ ਬਣਾ ਧਰੀਆਂ ਹਨ। ਅਧਿਆਪਕ ਵਰਗ ਕੁਝ ਕੁ ਚੋਣਵੀਆਂ ਚੇਤੰਨ ਸ਼ਖ਼ਸੀਅਤਾਂ ਨੂੰ ਛੱਡ ਕੇ ਸਿੱਥਲ ਹੋਇਆ ਮਹਿਸੂਸ ਹੁੰਦਾ ਹੈ। ਅਧਿਆਪਕਾਂ ਦਾ ਬਹੁਤਾ ਲਾਣਾ ਜੇਬਾਂ ਭਰਨ ਜੋਗੀਆਂ ਤਨਖ਼ਾਹਾਂ ਲੈ ਕੇ ਵੀ ਆਪਣੇ ਕਿੱਤੇ ਪ੍ਰਤੀ ਸੁਹਿਰਦ ਨਹੀਂ ਰਿਹਾ। ਸਕੂਲਾਂ ਵਿਚ ਲਗਜ਼ਰੀ ਕਾਰਾਂ 'ਤੇ ਜਾਣ ਲੱਗਾ ਹੈ ਪਰ ਅਤਿ ਦਰਜ਼ੇ ਦਾ ਡਰਾਕ਼ਲ ਅਤੇ ਕੰਮਚੋਰ ਪਤਾ ਨਹੀਂ ਕਿਉਂ ਹੋ ਗਿਆ ਹੈ। ਕਿਉਂਕਿ ਪਿੰਡਾਂ ਵਿਚ

ਗਰੀਬ ਕਿਸਾਨਾਂ ਅਤੇ ਦਿਹਾੜੀਦਾਰਾਂ ਦੇ ਬੱਚੇ ਹੀ ਪੜ੍ਹਦੇ ਹਨ, ਜ਼ਿਆਦਾਤਰ ਅਧਿਆਪਕਾਂ ਉਹਨਾਂ ਨਾਲ਼ ਇਨਸਾਫ਼ ਨਹੀਂ ਕਰ ਰਹੇ।

ਪਹਿਲੋਂ-ਪਹਿਲ ਮੇਰੀਆਂ ਕਹਾਣੀਆਂ ਦਾ ਵਿਸ਼ਾ ਪ੍ਰੇਮ ਸੰਬੰਧਾਂ ਨਾਲ ਗੜੁੱਚ ਹੁੰਦਾ ਸੀ। ਇਹ ਕਹਾਣੀਆਂ ਕਿਸੇ ਵੀ ਰਸਾਲੇ ਦਾ ਸ਼ਿੰਗਾਰ ਨਾ ਬਣ ਸਕੀਆਂ ਪਰ ਉਸ ਵੇਲ਼ੇ ਦੇ ਸਾਰੇ ਹੀ ਪੰਜਾਬੀ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਸਨ। ਮੈਂ ਨਾਨਕ ਸਿੰਘ ਦੇ ਨਾਵਲਾਂ ਦਾ ਬੁਰੀ ਤਰ੍ਹਾਂ ਪ੍ਰਭਾਵ ਕਬੂਲ ਕਰ ਚੁੱਕਾ ਸਾਂ। ਇਸ ਨੇ ਜਿੱਥੇ ਮੇਰੇ ਜੀਵਨ ਵਿਚ ਨਵੇਂ ਮੁੱਲ ਵਿਧਾਨ ਦੀ ਸਿਰਜਣਾ ਕੀਤੀ, ਉੱਥੇ ਮਨ ਮਸਤਕ ਵਿਚ ਉਧਮੂਲ ਮਚਾਉਣ ਦੀ ਵੀ ਕੋਈ ਕਸਰ ਨਾ ਛੱਡੀ। ਮੈਂ ਘਸੀਆਂ ਪਿਟੀਆਂ ਲੀਹਾਂ ਤੋਂ ਲਾਂਭੇ ਜਾਣ ਲੱਗ ਪਿਆ। ਮੇਰੇ ਅੰਦਰ ਇਕ ਖ਼ਾਸ ਕਿਸਮ ਦਾ ਪ੍ਰਤੀਰੋਧ ਜਨਮ ਲੈ ਚੁੱਕਾ ਸੀ, ਜਿਸ ਕਰ ਕੇ ਮੈਂ ਬਹੁਤ ਸਾਰੀਆਂ ਭਾਰਤੀ ਕਦਰਾਂ-ਕੀਮਤਾਂ ਤੋਂ ਬਾਗ਼ੀ ਹੋ ਕੇ ਆਪਣਾ ਤਖ਼ੱਲਸ ਵੀ 'ਆਕੀ' ਰੱਖ ਲਿਆ। ਇਕ ਸੁਪਨੇ ਦਾ ਬੀਜ ਜੀਵਨ ਦੀ ਕੱਲਰੀ ਧਰਤੀ ਉਪਰ ਬੀਜਿਆ ਗਿਆ, ਜਾਤ ਤੋਂ ਬਾਹਰ ਵਿਆਹ ਕਰਾਉਣ ਦਾ। ਜਦੋਂ ਧਰਤੀ ਹੀ ਕੱਲਰੀ ਸੀ ਤਾਂ ਬੀਜ ਨੇ ਕੀ ਫੁੱਟਣਾ ਸੀ ਭਲਾ? ਠੋਸ ਧਰਾਤਲ ਕਿਧਰੇ ਦਿਸਦਾ ਨਹੀਂ ਸੀ, ਉਪਰਲੀ ਹਵਾ ਵਿਚ ਹੀ ਬਿਨਾ ਖੰਭਾਂ ਦੇ ਉਡਾਰੀਆਂ ਮਾਰਨ ਦਾ ਯਤਨ ਕਰਦਾ ਰਿਹਾ ਮੇਰਾ 'ਆਕੀ' ਮਨ। ਅੰਦਰ ਪਨਪੇ ਇਸ ਕਿਸਮ ਦੇ ਰੁਝਾਨ ਨੇ ਮੈਨੂੰ ਦੁੱਖ ਵੀ ਬਹੁਤ ਦਿੱਤਾ, ਪਰ ਮੇਰੇ ਅੰਦਰ ਇਕ ਖ਼ਾਸ ਕਿਸਮ ਦੇ ਅਣਖ਼ ਦੇ ਬੀਜ ਵੀ ਬੋ ਦਿੱਤੇ। ਇਹ ਤਾਂ ਭਲਾ ਹੋਵੇ, 'ਪ੍ਰੀਤ ਲੜੀ' ਨਾਲ਼ ਜੋੜਨ ਵਾਲ਼ੇ ਹਰਬੰਸ ਸਿੰਘ ਸੋਹੀ, ਪਿੰਡ ਸੇਖਾ ਕਲਾਂ, ਜਿਲ੍ਹਾ ਮੋਗਾ ਦਾ, ਜਿਸ ਨੇ ਕਾਫ਼ੀ ਮਾਰਗ-ਦਰਸ਼ਨ ਕੀਤਾ। ਉਸ ਤੋਂ ਬਾਅਦ ਹੀ ਮੇਰੇ ਜੀਵਨ ਦੀ ਧਾਰਾ ਬਦਲ ਸਕੀ ਤੇ ਜਿਵੇਂ ਮੇਰੇ ਕਦਮ ਜ਼ਿੰਦਗੀ ਦੇ ਠੋਸ ਧਰਾਤਲ ਉਪਰ ਆ ਟਿਕੇ।

1965-66 ਦੌਰਾਨ ਮੈਂ ਪਹਿਲਾਂ 'ਪ੍ਰੀਤਲੜੀ' ਦਾ ਪਾਠਕ ਬਣਿਆ। ਗੁਰਬਖ਼ਸ ਸਿੰਘ ਦੀ ਪੁਸਤਕ 'ਪਰਮ ਮਨੁੱਖ' ਪੜ੍ਹ ਕੇ ਅਸਲ ਸਿੱਖੀ ਦੇ ਦਰਸ਼ਨ ਹੋਏ ਤੇ ਉਸ ਤੋਂ ਬਾਅਦ ਮਾਸਟਰ ਹਰਬੰਸ ਸਿੰਘ ਸੋਹੀ ਨੇ ਹੋਰ ਕਾਫ਼ੀ ਸਾਰਾ ਸੋਵੀਅਤ ਸਾਹਿਤ ਪੜ੍ਹਾਇਆ ਤੇ ਮਾਰਕਸੀ ਵਿਚਾਰਧਾਰਾ ਵਾਲ਼ੇ ਬੰਦਿਆਂ ਨਾਲ਼ ਤਾਲ-ਮੇਲ ਕਰਵਾਇਆ ਸੀ । ਸ਼ਾਇਦ ਇਹ 1965 ਦੀ ਗੱਲ ਹੈ, ਫਗਵਾੜੇ ਦੀ ਜਗਜੀਤ ਮਿੱਲ ਦੇ ਮਜ਼ਦੂਰ ਧਰਨੇ 'ਤੇ ਬੈਠੇ ਸਨ। ਮੈਨੇਜਮੈਂਟ ਨੇ ਬੜੇ ਹੀ ਸਾਜ਼ਸ਼ੀ ਢੰਗ ਨਾਲ਼ ਪ੍ਰਧਾਨ ਦੇ ਨਾਂ ਇਕ ਬੰਬ ਪਾਰਸਲ ਕਰ ਦਿੱਤਾ। ਪਾਰਸਲ ਨੂੰ ਖੋਲ੍ਹਦਿਆਂ ਬੰਬ ਫਟ ਗਿਆ ਤੇ ਕਈ ਮਜ਼ਦੂਰ ਅਤੇ ਆਗੂ ਮੌਕੇ 'ਤੇ ਹੀ ਮਾਰੇ ਗਏ ਗਏ ਸਨ। ਮੈਂ ਇਸ ਸ਼ਹੀਦੀ ਕਾਂਡ ਨਾਲ਼ ਸੰਬੰਧਤ ਇਕ ਕਹਾਣੀ ਲਿਖ ਕੇ ਉਸ ਸਮੇਂ ਮਾਰਕਸੀ ਪਾਰਟੀ ਦੇ ਅਖ਼ਬਾਰ 'ਲੋਕ ਜਮਹੂਰੀਅਤ' ਲਈ ਭੇਜ ਦਿੱਤੀ, ਜੋ ਛਪ ਗਈ। ਮੇਰੇ ਕੋਲ਼ ਉਸ ਦੀ ਕੋਈ ਕਾਪੀ ਨਹੀਂ ਹੈ ਪਰ ਜਦ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਨੌਨਿਹਾਲ ਸਿੰਘ ਹੁਰਾਂ ਮੈਨੂੰ ਇਹ ਦੱਸਿਆ ਕਿ ਸੰਤ ਸਿੰਘ ਸੇਖੋਂ ਹੁਰਾਂ ਨੇ ਉਸ ਕਹਾਣੀ ਉਪਰ ਟਿੱਪਣੀ ਕੀਤੀ ਸੀ "ਸਨਅਤੀ ਮਜ਼ਦੂਰਾਂ ਬਾਰੇ ਲਿਖੀ ਗਈ ਇਹ ਪੰਜਾਬੀ ਬੋਲੀ ਦੀ ਪਹਿਲੀ ਕਹਾਣੀ ਹੈ", ਨਿਸਚੇ ਹੀ ਮੈਨੂੰ ਇਸ ਗੱਲ 'ਤੇ ਬਹੁਤ ਫ਼ਖ਼ਰ ਹੋਇਆ। ਇਹ ਸ਼ਬਦ ਮੇਰੇ ਕੰਨਾਂ ਵਿਚ ਸ਼ਹਿਦ ਹੀ ਤਾਂ ਚੋਅ ਗਏ, ਨਿਸਚੇ ਹੀ ਇਸ ਦਾ ਫ਼ਖ਼ਰ ਹੋਣਾ ਹੀ ਸੀ, ਪਰ ਨਾਲ਼ ਹੀ ਆਤਮਾ ਨੂੰ ਸਦਮੇ ਦਾ ਇਕ ਭਿਆਨਕ ਝਟਕਾ ਵੀ ਵੱਜਾ ਕਿ ਜਿਸ ਕਹਾਣੀ ਉਪਰ ਕਿਸੇ ਮਹਾਨ ਸ਼ਖ਼ਸੀਅਤ ਨੇ ਇਬਾਰਤ ਲਿਖ ਕੇ ਦਸਤਖ਼ਤ ਕੀਤੇ ਸਨ, ਉਹ ਰਚਨਾ ਕਿਧਰੇ ਗਰਦਸ਼ ਵਿਚ ਗੁੰਮ ਗੁਆਚ ਗਈ ਹੈ,ਕਿਸੇ ਉਧਾਲ਼ੀ ਗਈ ਅਭਾਗਣ ਔਰਤ ਵਾਂਗ ਜਾਂ ਸ਼ਾਇਦ ਮੇਰੀ ਨਿਕਰਮਣ ਮਾਂ ਵਾਂਗ, ਜੋ ਇਸ ਸੰਸਾਰ ਉਪਰ ਨਹੀਂ ਰਹੀ।

1962 ਦੀ ਹਿੰਦ-ਚੀਨ ਲੜਾਈ ਬਾਰੇ ਕਮਿਊਨਿਸਟ ਪਾਰਟੀ ਵਿਚ ਫੁੱਟ ਪੈ ਗਈ ਸੀ। ਇਕ ਧਿਰ ਕਹਿੰਦੀ ਸੀ ਕਿ ਚੀਨ ਨੇ ਭਾਰਤ ਉਪਰ ਹਮਲਾ ਕੀਤਾ ਹੈ, ਦੂਜੀ ਧਿਰ ਕਹਿੰਦੀ ਸੀ ਕਿ ਇਕ ਸਮਾਜਵਾਦੀ ਦੇਸ ਦੂਜੇ ਦੇਸ ਉਪਰ ਹਮਲਾ ਕਰ ਹੀ ਨਹੀਂ ਸਕਦਾ। ਇਸ ਤਰ੍ਹਾਂ 1964 ਵਿਚ ਕਮਿਊਨਿਸਟ ਪਾਰਟੀ ਵਿਚੋਂ ਟੁੱਟ ਕੇ ਮਾਰਕਸਵਾਦੀ ਪਾਰਟੀ ਬਣ ਗਈ। ਮੇਰਾ ਪਹਿਲਾ ਵਾਹ ਮਾਰਕਸਵਾਦੀ ਪਾਰਟੀ ਦੇ ਕਾਮਰੇਡਾਂ ਨਾਲ਼ ਹੀ ਪਿਆ। ਹਰਬੰਸ ਸਿੰਘ ਸੋਹੀ ਦੀ ਬਦੌਲਤ ਹੀ ਗ੍ਰਿਫ਼ਤਾਰੀ ਵਾਰੰਟ ਨਿਕਲ਼ੇ ਹੋਣ ਕਰਕੇ, ਰੂਪੋਸ਼ੀ ਦੀ ਹਾਲਤ ਵਿਚ ਵਿਚਰ ਰਿਹਾ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਪਹਿਲਾ ਕਮਿਊਨਿਸਟ ਆਗੂ ਸੀ ਜਿਸ ਨਾਲ਼ ਮੇਰੀ ਪਹਿਲੀ ਮੁਲਾਕਾਤ ਹੋਈ। ਉਦੋਂ ਮੈਨੂੰ ਬਰਟੰਡ ਰਸਲ ਦਾ ਕਿਤਾਬਚਾ- 'ਚੀਨ ਨਾਲ਼ ਸਲਾਹ ਕਰੋ' ਪੜ੍ਹਾਇਆ ਗਿਆ। ਉਸ ਲੇਖ ਅਨੁਸਾਰ ਵੀ ਚੀਨ ਹਮਲਾਵਰ ਸਿੱਧ ਨਹੀਂ ਸੀ ਹੁੰਦਾ। ਸੋਹੀ ਨੇ ਮੈਨੂੰ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਤਾਂ ਕਾਂਗਰਸ ਦੀ ਦੁੰਮ-ਛੱਲਾ ਹੈ, ਪਰ ਮਾਰਕਸੀ ਪਾਰਟੀ ਹਥਿਆਰਬੰਦ ਘੋਲ ਦੀ ਵਕਾਲਤ ਕਰਦੀ ਹੈ। ਮੈਨੂੰ ਲੱਗਿਆ ਜਿਵੇਂ ਇਹ ਪਾਰਟੀ ਗੁਰੂ ਗੋਬਿੰਦ ਸਿੰਘ ਦੇ ਮਾਰਗ ਉਪਰ ਚੱਲਣ ਵਾਲ਼ੀ ਪਾਰਟੀ ਹੈ ਅਤੇ ਉਹ ਪਾਰਟੀ ਮੈਨੂੰ ਚੰਗੀ ਲੱਗਣ ਲੱਗ ਪਈ। ਸਤੰਬਰ- ਅਕਤੂਬਰ 1967 ਵਿਚ ਹੀ ਮੇਰਾ ਨਕਸਲੀ ਲਹਿਰ ਵੱਲ ਝੁਕਾਅ ਹੋ ਗਿਆ। ਬੰਗਾਲ ਦੇ ਇਕ ਨਿੱਕੇ ਜਿਹੇ ਪਿੰਡ ਨਕਸਲਬਾੜੀ ਵਿਚ ਮਾਰਕਸੀ ਪਾਰਟੀ ਦੇ ਕਾਮਰੇਡ ਕਾਨੂੰ ਸਾਨਿਆਲ ਅਤੇ ਜੰਗਲ ਸੰਥਾਲ ਨੇ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ ਸੀ। ਮੈਂ ਇਸ ਪਾਸੇ ਝੁਕ ਜ਼ਰੂਰ ਗਿਆ ਸਾਂ ਪਰ ਪਤਾ ਮੈਨੂੰ ਕਾਸੇ ਦਾ ਨਹੀਂ ਸੀ, ਬੱਸ ਝੁਕ ਗਿਆ।

ਲਹਿਰ ਦੇ ਫੇਲ੍ਹ ਹੋਣ ਪਿੱਛੇ, ਮੇਰੇ ਖ਼ਿਆਲ ਅਨੁਸਾਰ ਇਸ ਵਿਚ ਕਾਹਲ਼ ਅਤੇ ਅੰਤਰਮੁਖੀ ਅਤੇ ਬਾਹਰਮੁਖੀ ਹਾਲਤਾਂ ਸੰਬੰਧੀ ਠੀਕ ਸਿੱਟੇ ਨਾ ਕੱਢ ਸਕਣਾ ਹੀ ਮੁੱਖ ਕਾਰਨ ਸੀ। ਅੱਡ ਅੱਡ ਖ਼ੇਤਰਾਂ ਵਿਚ ਸਰਗਰਮ ਬਹੁਤ ਸਾਰੇ ਗਰੁੱਪਾਂ ਅਤੇ ਲੋਕਾਂ ਨੂੰ ਨਾਲ਼ ਲਏ ਬਗ਼ੈਰ ਜਲਦਬਾਜ਼ੀ ਵਿਚ ਮਾਰਕਸੀ-ਲੈਨਿਨੀ ਪਾਰਟੀ ਦੀ ਸਥਾਪਨਾ ਤੇ ਬਹੁਤ ਹੀ ਤੱਤੇ ਹੁੰਦਿਆਂ ਵਿਅਕਤੀਗਤ ਐਕਸ਼ਨਾਂ ਰਾਹੀਂ ਗੁਰੀਲਾ ਯੁੱਧ ਦਾ ਐਲਾਨ ਨਿਰਾ ਹੀ ਗ਼ਲਤ ਕਦਮ ਸੀ। ਜਿੰਨੀ ਕੁ ਮੈਨੂੰ ਸਮਝ ਹੈ, ਚਾਰੂ ਵਾਲ਼ੀ ਲਾਈਨ ਦਾ, ਜਨਤਕ ਜੱਥੇਬੰਦੀਆਂ ਦਾ ਉੱਕਾ ਹੀ ਭੋਗ ਪਾ ਕੇ ਜਨਤਕ ਲਾਈਨ ਦੇਣ ਵਾਲ਼ਿਆਂ ਨੂੰ ਕੁਰਾਹੀਏ ਤੇ ਬੇ-ਦਾਵੀਏ ਆਦਿ ਦੇ ਵਿਸ਼ੇਸ਼ਣਾਂ ਨਾਲ਼ ਨਿਵਾਜਣਾ ਕਦਾਚਿਤ ਵੀ ਦਰੁਸਤ ਨਹੀਂ ਸੀ। ਉਸ ਦੌਰ ਵਿਚ ਪੁਲਿਸ ਨੂੰ ਨੌਜੁਆਨਾਂ ਉਪਰ ਅੱਤਿਆਚਾਰ ਕਰਨ ਦਾ ਖੁੱਲ੍ਹਾ ਮੌਕਾ ਮਿਲ਼ ਗਿਆ। ਇਨਕਲਾਬ ਦਾ ਇਕੋ ਇਕ ਰਾਹ ਹਥਿਆਰਬੰਦ ਘੋਲ ਦੀ ਥਾਂ ਹਥਿਆਰਬੰਦ ਘੋਲ਼ ਨੂੰ ਇਨਕਲਾਬ ਦੀ ਅੰਤਿਮ ਅਵਸਥਾ ਕਹਿਣ ਵਾਲ਼ਿਆਂ ਦਾ ਤਾਂ ਕਾਫ਼ੀਆ ਹੀ ਤੰਗ ਕਰ ਦਿੱਤਾ ਗਿਆ ਸੀ। ਖੱਬੀ ਮਾਅਰਕੇਬਾਜ਼ ਲਾਈਨ ਕਾਰਨ ਸੈਂਕੜੇ ਹੀ ਨੌਜੁਆਨ ਭੰਗ ਦੇ ਭਾੜੇ ਗੁਆ ਲੈਣੇ ਕਿੱਡੀ ਕੁ ਸਿਆਣਪ ਸੀ।

ਸੱਤਰਵਿਆਂ ਵਿਚ ਅਸੀਂ ਪਰਚਾ ਕੱਢਿਆ ਕਰਦੇ ਸਾਂ 'ਹੇਮ ਜਯੋਤੀ'। ਨਕਸਲਬਾੜੀ ਵਿਚਾਰਾਂ ਦੇ ਨਾਗੀ ਰੈਡੀ ਗਰੁੱਪ ਵੱਲੋਂ ਇਸ ਦੀ ਗਰਾਊਂਡ ਤਿਆਰ ਕੀਤੀ ਗਈ ਸੀ। ਪੰਜਾਬ ਸਾਹਿਤ ਸੱਭਿਆਚਾਰਕ ਮੰਚ ਸੰਸਥਾ ਦੇ ਨਾਂ ਹੇਠ ਇਹ ਪਰਚਾ ਸ਼ੁਰੂ ਕੀਤਾ ਗਿਆ ਸੀ ਜੋ ਤੱਤੇ ਪਰਚਿਆਂ ਦੇ ਮੁਕਾਬਲੇ ਸਾਹਿਤ ਦੀ ਪ੍ਰਸੰਗਕਤਾ ਦਾ ਮੁਦਈ ਸੀ। 'ਹੇਮ ਜਯੋਤੀ' ਦਾ ਸੰਪਾਦਕ ਮਰਹੂਮ ਸੁਰਿੰਦਰ ਹੇਮ ਜਯੋਤੀ ਸੀ। ਹਰਭਜਨ ਹਲਵਾਰਵੀ, ਵਰਿਆਮ ਸਿੰਘ ਸੰਧੂ, ਸੀ. ਮਾਰਕੰਡਾ, ਪ੍ਰੋ. ਮੇਘ ਰਾਜ, ਅਵਤਾਰ ਸਿੰਘ ਪਾਸ਼, ਬੂਟਾ ਰਾਮ

'ਗਹਿਰੀ ਅੱਖ', ਚਮਨ ਲਾਲ ਪ੍ਰਭਾਕਰ (ਹੁਣ ਡਾ.) ਆਦਿ ਇਸ ਦੇ ਮੈਂਬਰ ਸਨ। ਇਕ ਮੀਟਿੰਗ ਵਿਚ ਇਹ ਗੱਲ ਮੁੱਦੇ ਦੇ ਰੂਪ ਵਿਚ ਵਿਚਾਰੀ ਗਈ ਕਿ ਕਹਾਣੀ ਇਕ ਪਰਤੀ ਲਿਖਣ ਦੀ ਬਜਾਏ, ਲੰਮੀ ਕਹਾਣੀ ਲਿਖੀ ਜਾਵੇ ਜਿਸ ਵਿਚ ਜ਼ਿੰਦਗੀ ਦੀ ਬਹੁ-ਪਰਤੀ ਤਸਵੀਰ ਪੇਸ਼ ਕੀਤੀ ਗਈ ਹੋਵੇ। ਉਸ ਤੋਂ ਬਾਅਦ ਵਰਿਆਮ ਸਿੰਘ ਸੰਧੂ, ਮੈਂ ਬਕੱਲਮ ਖ਼ੁਦ ਅਤਰਜੀਤ ਅਤੇ ਬੂਟਾ ਰਾਮ 'ਗਹਿਰੀ ਅੱਖ' ਨੇ ਇਕ ਵਿਧਾ ਦੇ ਤੌਰ 'ਤੇ ਲੰਮੀ ਕਹਾਣੀ ਦਾ ਇਹ ਆਗਾਜ਼ ਕੀਤਾ ਸੀ। ਛੁਟ ਪੁਟ ਲੰਮੀਆਂ ਕਹਾਣੀਆਂ ਪਹਿਲਾਂ ਵੀ ਲਿਖੀਆਂ ਜਾਂਦੀਆਂ ਸਨ, ਕੋਈ ਕਹਾਣੀਕਾਰ ਨਿਰਾ ਲੰਮੀ ਕਹਾਣੀ ਦਾ ਕਹਾਣੀਕਾਰ ਕਰਕੇ ਸਥਾਪਤ ਨਹੀਂ ਸੀ। ਉਸ ਮੀਟਿੰਗ ਦੇ ਪ੍ਰਭਾਵ ਅਧੀਨ ਮੈਂ 'ਟੁਟਦੇ ਬਣਦੇ ਰਿਸ਼ਤੇ', 'ਸਰਪੰਚੀ', 'ਰੱਤੀ ਰੱਤੀ ਭਰ', 'ਅਠਾਰਾਂ ਤਾਰੀਖ', 'ਜ਼ਿੰਦਗੀ ਦੇ ਨਕਸ਼', 'ਬਠਲੂ ਚਮਿਆਰ', 'ਵਿੱਥ', 'ਅਸਤੀਫ਼ਾ', 'ਸ਼ਰਧਾਂਜਲੀ', 'ਸਬੂਤੇ ਕਦਮ', 'ਤੀਜਾ ਯੁੱਧ' ਆਦਿ ਅਨੇਕ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚੋਂ ਤਿੰਨ ਕਹਾਣੀਆਂ 'ਟੁਟਦੇ ਬਣਦੇ ਰਿਸ਼ਤੇ', 'ਸਰਪੰਚੀ' ਅਤੇ 'ਬਠਲੂ ਚਮਿਆਰ' 'ਹੇਮ ਜਯੋਤੀ' ਵਿਚ ਛਪੀਆਂ ਸਨ। ਮੈਨੂੰ ਇਹ ਇਕਬਾਲ ਕਰਨ ਵਿਚ ਰੱਤੀ ਭਰ ਵੀ ਆਪੱਤੀ ਨਹੀਂ ਹੈ ਕਿ ਮੇਰਾ ਸਾਹਿਤਕ ਵੀ ਤੇ ਸਮਾਜਕ ਵੀ ਸਾਢੂ ਵਰਿਆਮ ਸਿੰਘ ਸੰਧੂ ਲੰਮੀ ਕਹਾਣੀ ਦਾ ਗੁਰਜਧਾਰੀ ਹੈ। ਮੇਰੇ ਕੋਲ਼ ਜੇ ਗੁਰਜ ਨਹੀਂ ਤਾਂ ਮਲਵਈ ਟੰਬੇ ਵਰਗੀ ਕੋਈ ਚੀਜ਼ ਜ਼ਰੂਰ ਹੈ ਗੀ ਆ। ਮੇਰੇ ਇਸ ਮਲਵਈ ਟੰਬੇ ਤੋਂ ਪ੍ਰੇਮ ਪ੍ਰਕਾਸ਼ ਬਹੁਤ ਡਰਦਾ ਸੀ। ਇਸ ਗੱਲ 'ਤੇ ਬਹੁਤ ਪ੍ਰਸੰਨ ਹੁੰਦੇ ਹੋਇਆਂ, ਇਸ ਦਾ ਇਜ਼ਹਾਰ ਉਸ ਨੇ ਬੜੀ ਫ਼ਰਾਖ਼ਦਿਲੀ ਨਾਲ਼ ਕਿਸੇ ਪ੍ਰੋਗਰਾਮ ਦੀ ਸਟੇਜ ਤੋਂ ਕੀਤਾ ਸੀ-"ਮੈਨੂੰ ਅਤਰਜੀਤ ਤੋਂ ਡਰ ਲੱਗਦਾ ਸੀ, ਕਿ ਉਸ ਦੀ ਕਹਾਣੀ ਦਾ ਮੈਂ ਮੁਕਾਬਲਾ ਨਹੀਂ ਕਰ ਸਕੂੰਗਾ। ਮੇਰਾ ਡਰ ਦੂਰ ਹੋ ਗਿਆ ਜਦ ਅਤਰਜੀਤ ਰਾਜਨੀਤਕ ਕਹਾਣੀਆਂ ਲਿਖਣ ਲੱਗ ਪਿਆ"। ਪ੍ਰੇਮ ਪ੍ਰਕਾਸ਼ ਨੇ ਕਹਾਣੀ ਖ਼ੇਤਰ ਵਿਚ ਜਿਸ ਤਰ੍ਹਾਂ ਦੀ ਕਹਾਣੀ ਲਿਖਣ ਦਾ ਬਿਗਲ ਵਜਾਇਆ, ਉਸ ਦੀ ਬਹੁਤ ਧਮਕਾਰ ਪਈ ਆ। ਇਸ ਪੀਰ ਨੇ ਆਪਣਾ ਡੇਰਾ ਸਥਾਪਤ ਕਰਨ ਲਈ ਕੁਝ ਕੁ ਜਲੰਧਰੀਏ ਮੁਰੀਦ ਵੀ ਪੈਦਾ ਕਰਕੇ ਆਪਣੀ ਗੱਦੀ ਨੂੰ ਅੱਗੇ ਜਾਰੀ ਰੱਖਣ ਦਾ ਯਤਨ ਕੀਤਾ ਹੈ। ਉਸ ਵਰਗਾ ਕੋਈ ਗੱਦੀ ਨਸ਼ੀਨ ਤਾਂ ਸ਼ਾਇਦ ਉਹ ਪੈਦਾ ਨਹੀਂ ਕਰ ਸਕਿਆ ਪਰ ਇਹ ਕਹਿਣ ਵਾਲ਼ੇ ਜ਼ਰੂਰ ਪੈਦਾ ਕਰ ਦਿੱਤੇ ਜੋ ਕਹਿ ਰਹੇ ਹਨ-"ਹੁਣ ਪ੍ਰਗਤੀਵਾਦੀ ਕਹਾਣੀ ਦਾ ਦੌਰ ਖ਼ਤਮ ਹੋ ਚੁੱਕਾ ਹੈ। ਹੁਣ ਪਿਉ-ਧੀ, ਭੈਣ-ਭਰਾ, ਚਾਚਾ-ਭਤੀਜੀ, ਮਾਮਾ-ਭਾਣਜੀ, ਨੂੰਹ-ਸਹੁਰਾ ਜੇਠ-ਭਰਜਾਈ ਜਾਂ ਦਿਉਰ-ਭਰਜਾਈ, ਪ੍ਰੇਮੀ-ਪ੍ਰੇਮਕਾ ਆਦਿ ਦੇ ਵਿਵਰਜਤ ਰਿਸ਼ਤਿਆਂ ਦੀਆਂ ਕਹਾਣੀਆਂ ਹੀ ਲਿਖੀਆਂ ਜਾਣਗੀਆਂ। ਮੁਬਾਰਕਾਂ ਭਾਈ ਪ੍ਰਮ ਪ੍ਰਕਾਸ਼ਾ।

ਮੈਂ ਫਿਰ ਪਿੱਛਲ ਝਾਤ ਮਾਰਦਾ ਹਾਂ। ਜ਼ਿੰਦਗੀ, ਸਮਾਜ ਅਤੇ ਸੱਤਾ ਨੂੰ ਤਬਦੀਲ ਕਰਨ ਦੇ ਨਵੇਂ ਰਾਹਾਂ ਦਾ ਰਾਹੀ ਬਣਨ ਦਾ ਮੈਨੂੰ ਜਿੱਥੇ ਵੱਡਾ ਨੁਕਸਾਨ ਸਹਿਣਾ ਪਿਆ, ਉੱਥੇ ਮੈਨੂੰ ਇਸ ਦਾ ਮੁਕਾਬਲਤਨ ਫ਼ਾਇਦਾ ਵਧੇਰੇ ਹੋਇਆ। ਅਕਾਲੀ ਬਾਣਾ ਤਜਣ ਨਾਲ਼ ਮੈਨੂੰ ਆਪਣੇ ਪਿੰਡ ਵਿਚ ਵੀ ਕਾਫ਼ੀ ਸੰਤਾਪ ਝੱਲਣਾ ਪਿਆ ਸੀ। ਨਸਵਾਰੀਏ ਤੇ ਪੋਸਤੀ ਵੀ ਮੇਰੇ ਉਪਰ ਆਵਾਜ਼ੇ ਕਸਦੇ ਜਦ ਮੈਂ ਸੱਥ ਵਿਚੋਂ ਲੰਘਦਾ-"ਉਇ! ਆਹ ਜਾਂਦੈ ਚੰਨਣ ਸਿਉਂ ਦਾ ਪੋਤਾ"।

ਮੇਰੀ ਰਚਨਾ ਨੂੰ ਸਥਾਪਤ ਰਸਾਲੇ ਚਿਮਟੀ ਨਾਲ਼ ਵੀ ਛੂਹਣ ਲਈ ਤਿਆਰ ਨਹੀਂ ਸੀ ਹੁੰਦੇ। ਇਕ ਕਾਤਰ ਜਿਹੀ ਨਾਲ਼ ਜੋੜ ਕੇ ਰਚਨਾ ਵਾਪਸ ਭੇਜ ਦਿੰਦੇ ਸਨ, ਜਿਸ ਉਪਰ ਲਿਖਿਆ ਹੁੰਦਾ ਸੀ-'ਛਾਪਣ ਦੀ ਖ਼ੁਸ਼ੀ ਨਹੀਂ ਲੈ ਸਕਦੇ, ਰਚਨਾ ਵਾਪਸ ਭੇਜ ਰਹੇ ਹਾਂ ਤਾਂ ਜੋ ਕਿਤੇ ਹੋਰ ਕੰਮ

ਆ ਜਾਵੇ'। ਉਨ੍ਹਾਂ ਵੇਲ਼ਿਆਂ ਦੀ ਜੁਝਾਰ ਸਾਹਿਤਕ ਲਹਿਰ ਨਾਲ਼ ਜੁੜੇ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਜੀ ਨੇ ਸਭ ਤੋਂ ਪਹਿਲਾਂ ਮੈਨੂੰ ਸਹਾਰਾ ਦਿੱਤਾ ਤੇ ਮੇਰੀਆਂ ਕੁਝ ਰਚਨਾਵਾਂ ਉਨ੍ਹਾਂ ਵੱਲੋਂ ਕੱਢੇ ਜਾਂਦੇ ਰਸਾਲੇ 'ਸਰਦਲ' ਵਿਚ ਛਪਣ ਦਾ ਮੈਨੂੰ ਮਾਣ ਮਿਲਿਆ। ਉਸ ਤੱਤੀ ਹਵਾ ਵਿਚ ਬਹੁਤ ਸਾਰੇ ਰਸਾਲੇ ਪੰਜਾਬੀ ਵਿਚ ਛਪਣੇ ਆਰੰਭ ਹੋ ਚੁੱਕੇ ਸਨ, ਫਿਰ ਤਾਂ ਹਰੇਕ ਰਸਾਲੇ ਵੱਲੋਂ ਹੀ ਰਚਨਾ ਭੇਜਣ ਦੀਆਂ ਚਿੱਠੀਆਂ ਆਉਣ ਲੱਗੀਆਂ। 'ਰੋਹਲੇ ਬਾਣ', 'ਸਿਆੜ', 'ਕਸੀਰ', 'ਅਗਨਦੂਤ', 'ਕਿੰਤੂ', 'ਨਾਗ-ਨਿਵਾਸ', 'ਸੱਜਰੀ ਪੈੜ', 'ਮਾਂ', 'ਅਣੂ' ਆਦਿ ਪਰਚਿਆਂ ਵਿਚ ਮੇਰੀਆਂ ਰਚਨਾਵਾਂ ਧੜਾ-ਧੜ ਛਪਣ ਲੱਗੀਆਂ। ਇਕ ਵਾਰ ਪਿੰਡ ਕਾਲ਼ਾ ਸੰਘਿਆ ਦੇ ਇਕ ਸਮਾਗਮ ਮੌਕੇ ਗੁਰਸ਼ਰਨ ਸਿੰਘ ਹੁਰਾਂ ਮੇਰੇ ਕੋਲ਼ੋਂ ਕਹਾਣੀਆਂ ਦੀ ਮੰਗ ਕਰ ਲਈ ਤੇ ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਮਾਸ-ਖੋਰੇ' ਉਨ੍ਹਾਂ ਨੇ ਛਾਪ ਦਿੱਤਾ। ਇਸ ਕਹਾਣੀ ਸੰਗ੍ਰਹਿ ਦਾ ਵਿਆਪਕ ਸੁਆਗਤ ਹੋਇਆ ਤੇ ਮੈਂ ਪਹਿਲੇ ਹੱਲੇ ਹੀ ਸਿਖਰਲੇ ਡੰਡੇ 'ਤੇ ਅੱਪੜ ਗਿਆ ਮਹਿਸੂਸ ਕਰਨ ਲੱਗ ਪਿਆ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦਾ ਵਿਸ਼ਾ ਜ਼ਿਆਦਾਤਰ ਖਾੜਕੂ ਲਹਿਰ ਨਾਲ਼ ਲਬਰੇਜ਼ ਹੀ ਹੁੰਦਾ ਸੀ। ਲਹਿਰ ਨਾਲ਼ ਬਹੁਤ ਨੇੜਿਉਂ ਜੁੜਿਆ ਵਰਿਆਮ ਸਿੰਘ ਸੰਧੂ ਆਤਿਸ਼ਬਾਜ਼ੀ ਦੀ ਤਰ੍ਹਾਂ ਹੀ ਤਾਂ ਕਹਾਣੀ ਦੇ ਖ਼ੇਤਰ ਵਿਚ ਪ੍ਰਵੇਸ਼ ਕੀਤਾ ਸੀ। ਉਦੋਂ ਮੇਰਾ ਤੇ ਵਰਿਆਮ ਸਿੰਘ ਸੰਧੂ ਦਾ ਅੱਗੜ ਪਿੱਛੜ ਇਕੱਠਾ ਨਾਂ ਆਉਂਦਾ ਸੀ। ਬਾਅਦ ਵਿਚ ਭੂਰਾ ਸਿੰਘ ਕਲੇਰ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਸੁਖਵੰਤ ਕੌਰ ਮਾਨ ਆਦਿ ਕਹਾਣੀਕਾਰਾਂ ਦੇ ਨਾਂ ਸ਼ਾਮਿਲ ਹੁੰਦੇ ਸਨ। ਉਦੋਂ ਇਹ ਇਕ ਪ੍ਰਕਾਰ ਦਾ ਰਿਵਾਜ ਜਿਹਾ ਬਣ ਗਿਆ ਸੀ ਕਿ ਪਹਿਲਾਂ ਜਗੀਰਦਾਰ ਪਾਸੋਂ ਕਿਸੇ ਮਜ਼ਦੂਰ ਕੁੜੀ ਨਾਲ਼ ਬਲਾਤਕਾਰ ਕਰਾ ਦਿੱਤਾ ਜਾਵੇ ਤੇ ਬਾਅਦ ਵਿਚ ਉਸ ਕੁੜੀ ਦੇ ਭਰਾਵਾਂ ਪਾਸੋਂ ਜਗੀਰਦਾਰ ਦਾ ਕਤਲ ਕਰ ਦਿੱਤਾ ਜਾਵੇ। ਪ੍ਰੇਮ ਗੋਰਖੀ ਇਸ ਤਰ੍ਹਾ ਦੀ ਕਹਾਣੀ ਹੀ ਲਿਖਦਾ ਹੁੰਦਾ ਸੀ।

ਮੇਰਾ ਦੂਜਾ ਕਹਾਣੀ ਸੰਗ੍ਰਹਿ 'ਟੁੱਟਦੇ ਬਣਦੇ ਰਿਸ਼ਤੇ' ਅਤੇ ਪਹਿਲਾ ਨਾਵਲ 'ਨਵੀਆਂ ਸੋਚਾਂ ਨਵੀਆਂ ਲੀਹਾਂ' ਵੀ ਗੁਰਸ਼ਰਨ ਸਿੰਘ ਭਾਅ ਜੀ ਨੇ ਹੀ ਛਾਪੇ। ਇੰਨੀ ਕੁ ਪ੍ਰਾਪਤੀ ਨਾਲ਼ ਹੀ ਮੈਂ ਸਾਹਿਤ ਦੇ ਪੰਧ ਉਪਰ ਹਿੱਕ ਕੱਢ ਕੇ ਤੁਰਨ ਜੋਗਾ ਹੋ ਗਿਆ ਸਾਂ। ਡਾ. ਰਘਬੀਰ ਸਿੰਘ ਸਿਰਜਣਾ ਪਹਿਲਾ ਸਥਾਪਤ ਹਸਤਾਖ਼ਰ ਸੀ ਜਿਸ ਨੇ ਪੰਜਾਬੀ ਸਾਹਿਤ ਜਗਤ ਵਿਚ ਦਲਿਤ ਕਹਾਣੀ ਦੀ ਪਛਾਣ ਕਰਦਿਆਂ ਮੈਨੂੰ ਅਤੇ ਮੇਰੇ ਸਾਹਿਤਕ ਅਤੇ ਸਮਾਜਕ ਰਿਸ਼ਤੇਦਾਰ ਭੂਰਾ ਸਿੰਘ ਕਲੇਰ ਨੂੰ ਵੀ ਕੁੱਝ ਗੱਲਾਂ ਦੀ ਵਿੱਥ ਹੋਣ ਦੇ ਬਾਵਜੂਦ ਉਭਾਰਨ-ਉਸਾਰਨ ਦਾ ਸੁਹਿਰਦਤਾ ਨਾਲ਼ ਯਤਨ ਕੀਤਾ। ਉਨ੍ਹਾਂ ਨੇ ਮੇਰੇ ਤੀਜੇ ਕਹਾਣੀ ਸੰਗ੍ਰਹਿ 'ਅਦਨਾ ਇਨਸਾਨ' ਦਾ ਮੁੱਖ ਬੰਦ ਲਿਖਿਆ, ਜਿਸ ਨਾਲ਼ ਉਸ ਪੁਸਤਕ ਦਾ ਸਾਹਿਤਕ ਹਲਕਿਆਂ ਵਿਚ ਵਿਆਪਕ ਸੁਆਗਤ ਹੋਇਆ। ਉਹੀ ਮੁੱਖ ਬੰਦ ਬਾਅਦ ਵਿਚ 'ਸਿਰਜਣਾ' ਰਸਾਲੇ ਵਿਚ ਛਾਪਿਆ ਗਿਆ। ਅਦਨੇ ਇਨਸਾਨਾਂ ਦਾ ਕਹਾਣੀਕਾਰ ਹੋਣ ਕਰਕੇ ਮੇਰੇ ਨਾਂ ਨਾਲ਼ ਹੀ 'ਅਦਨਾ ਇਨਸਾਨ' ਜੁੜ ਗਿਆ-ਅਤਰਜੀਤ 'ਅਦਨਾ ਇਨਸਾਨ।' ਮੇਰੇ ਨਾਂ ਨਾਲ਼ ਇਹ ਸ਼ਬਦ ਜੋੜਨ ਵਾਲ਼ਿਆਂ ਦੀ ਚੋਣ ਦੀ ਮੈਂ ਦਾਦ ਹੀ ਦੇ ਸਕਦਾ ਹਾਂ। ਹਾਂ ਮੈਂ ਕੋਈ ਆਦਰਸ਼ ਵਿਅਕਤੀ ਨਹੀਂ ਹਾਂ, ਬਿਲਕੱਲ ਹੀ ਅਦਨਾ ਇਨਸਾਨ ਹਾਂ। ਕ੍ਰਾਂਤੀਕਾਰੀ ਪਰਚਿਆਂ ਵਿਚ ਛਪਣ ਨਾਲ਼ ਮੈਂ ਇਕ ਖ਼ਾਸ ਵਿਚਾਰਧਾਰਾ ਵਿਚ ਪ੍ਰਵਾਨ ਹੋ ਰਿਹਾ ਸਾਂ, ਪਰ 'ਸਿਰਜਣਾ' ਵਿਚ ਛਪਣ ਨਾਲ਼ ਹੋਰ ਖੁੱਲ੍ਹ-ਖ਼ਿਆਲੀਏ ਪਰ ਅਗਾਂਹਵਧੂ ਹਲਕਿਆਂ ਵਿਚ ਵੀ ਮੇਰੀ ਪਛਾਣ ਬਣ ਗਈ।

ਮੇਰਾ ਹੁਣ ਇਸ ਲਹਿਰ ਨਾਲ਼ ਸਿੱਧਾ ਕੋਈ ਵਾਹ ਨਹੀਂ ਹੈ। ਮੈਂ ਬਾਕਾਇਦਾ

ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦਾ ਹੀ ਰਾਹ ਚੁਣਿਆ ਹੈ। ਕੋਈ ਸਮਾਂ ਸੀ ਜਦੋਂ ਸੋਵੀਅਤ ਯੂਨੀਅਨ ਦੇ ਅਜੇ ਸਾਹ ਵਗਦੇ ਸਨ, ਪੰਜਾਬ ਵਿਚ 'ਪੰਜਾਬ ਬੁੱਕ ਸੈਂਟਰ' ਤੋਂ ਬਹੁਤ ਹੀ ਉਚ ਕੋਟੀ ਦਾ ਸਾਹਿਤ ਉਪਲੱਭਦ ਹੁੰਦਾ ਸੀ, ਜਿਸ ਦੀ ਇਕ ਵੱਡੀ ਸ਼ਾਖ ਬਠਿੰਡੇ ਭਗਤ ਸਿੰਘ ਚੌਕ ਵਿਚ ਵੀ ਹੋਇਆ ਕਰਦੀ ਸੀ। ਜਿਉਂ ਹੀ ਗੋਰਬਾਚੋਵ ਨੇ ਸੋਵੀਅਤ ਯੂਨੀਅਨ ਨੂੰ ਮੂਧੇ ਮੂੰਹ ਪਟਕਾ ਮਾਰਿਆ, ਪੰਜਾਬ ਬੁੱਕ ਸੈਂਟਰ ਦੇ ਵੀ ਸਾਹ ਮੁੱਕ ਗਏ।

ਇਸ ਦਾ ਅਰਥ ਇਹ ਵੀ ਨਹੀਂ ਕਿ ਮੇਰਾ ਇਨਕਲਾਬ ਪ੍ਰਤੀ ਮੋਹ ਭੰਗ ਹੋ ਗਿਆ ਹੈ, ਬਲਕਿ ਮੈਨੂੰ ਤਾਂ ਜਾਪਦਾ ਹੈ ਕਿ ਇਨਕਲਾਬ ਦੀ ਅਸਲ ਜ਼ਰੂਰਤ ਤਾਂ ਸਾਨੂੰ ਊਣਿਆਂ-ਵਿਹੂਣਿਆਂ ਨੂੰ ਹੀ ਹੈ। ਮੇਰਾ ਇਹ ਅਟੱਲ ਵਿਸ਼ਵਾਸ਼ ਹੈ ਕਿ ਇਹ ਤਮੰਨਾ ਇਕ ਨਾ ਇਕ ਦਿਨ ਜ਼ਰੂਰ ਪੂਰੀ ਹੋ ਕੇ ਰਹੇਗੀ। ਇਸ ਬਾਰੇ ਇੰਨਾ ਕੁ ਹੀ ਕਹਿ ਸਕਦਾ ਹਾਂ ਕਿ ਇਤਿਹਾਸ ਨੂੰ ਬੰਨ੍ਹ ਨਹੀਂ ਮਾਰਿਆ ਜਾ ਸਕਦਾ। ਇਤਿਹਾਸ ਆਪਣੀ ਗਤੀ ਵਿਚ ਨਿਰੰਤਰ ਅੱਗੇ ਤੁਰਦਾ ਤੁਰਿਆ ਜਾਂਦਾ ਹੈ। ਅੰਤ ਜਿੱਤ ਮਾਨਵਵਾਦ ਦੀ ਹੀ ਹੋਵੇਗੀ। ਕਦੋਂ ਹੋਵੇਗੀ, ਇਸ ਬਾਰੇ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਜੇ ਕੋਈ ਐਲਾਨ ਕਰਨਾ ਹੀ ਪਵੇ ਤਾਂ ਮੈਂ ਇਹੋ ਕਹਾਂਗਾ ਕਿ ਅਨੇਕਾਂ ਹਾਰਾਂ ਅਤੇ ਜਿੱਤਾਂ ਵਿਚੋਂ ਲੰਘ ਕੇ ਜਿੱਤਣਾ ਲਾਲੋਆਂ ਨੇ ਹੀ ਹੈ, ਜੋਕਾਂ (ਭਾਗੋਆਂ) ਨੇ ਹਾਰਨਾ ਹੀ ਹਾਰਨਾ ਹੈ। ਲਾਲੋਆਂ ਅਤੇ ਭਾਗੋਆਂ ਦਾ ਬਾਬੇ ਨਾਨਕ ਤੋਂ ਲੈ ਕੇ ਯੁੱਧ ਚਲਦਾ ਆ ਰਿਹਾ ਹੈ ਤੇ ਇਹ ਯੁੱਧ ਅੰਤਮ ਜਿੱਤ ਤੱਕ ਜਾਰੀ ਰਹੇਗਾ।

ਮੇਰੀ ਜ਼ਿੰਦਗੀ ਦਾ ਸਭ ਤੋਂ ਪਹਿਲਾ ਪੁਰਸਕਾਰ ਪੰਜਾਬੀ ਸਾਹਿਤ ਸਭਾ ਪਲਾਹੀ ਵੱਲੋਂ ਦਿੱਤਾ ਗਿਆ ਗਿਆਨੀ ਹੀਰਾ ਸਿੰਘ 'ਦਰਦ' ਪੁਰਸਕਾਰ ਸੀ, ਜਿਸ ਦਾ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਜ਼ਿਕਰ ਕਰਨ ਲੱਗਿਆਂ ਵਰਿਆਮ ਸਿੰਘ ਸੰਧੂ ਕਿਤੇ ਉੱਕ ਗਿਆ ਹੈ। ਬੀਮਾਰ ਹੋਣ ਕਰਕੇ ਮੈਂ ਆਪ ਇਹ ਪੁਰਸਕਾਰ ਲੈਣ ਨਹੀਂ ਸੀ ਜਾ ਸਕਿਆ। ਸ. ਸਾਧੂ ਸਿੰਘ 'ਹਮਦਰਦ' ਹੁਰਾਂ ਹੱਥੋਂ ਮਿਲ਼ੇ ਉਸ ਸਨਮਾਨ ਨੂੰ ਲੈਣ ਵਾਸਤੇ ਮੇਰੀ ਸੰਗੀ-ਸਾਥਣ ਬੇਅੰਤ ਕੌਰ ਗਈ ਸੀ। ਵਰਿਆਮ ਸਿੰਘ ਸੰਧੂ, ਸੁਖਵੰਤ ਕੌਰ ਮਾਨ, ਪ੍ਰੇਮ ਗੋਰਖੀ ਅਤੇ ਕਿਰਪਾਲ ਕਜ਼ਾਕ ਇਹ ਪੁਰਸਕਾਰ ਪ੍ਰਾਪਤ ਕਰਨ ਵਾਲ਼ੇ ਮੇਰੇ ਹਮਸਫ਼ਰ ਸਨ। ਉਸ ਤੋਂ ਬਾਅਦ ਇਨਾਮਾਂ ਸਨਮਾਨਾਂ ਦੀ ਲਹਿਰ ਵੀ ਚੱਲ ਪਈ। ਮੈਨੂੰ ਯਾਦ ਹੈ ਕਿ ਮੈਨੂੰ ਦੂਜਾ ਵੱਡਾ ਪੁਰਸਕਾਰ ਗੁਰਦਿਆਲ ਦਲਾਲ ਹੁਰਾਂ ਦੀ ਸਾਹਿਤ ਸਭਾ ਦੁਰਾਹਾ ਨੇ 'ਹਰਬੰਸ ਰਾਮਪੁਰੀ ਯਾਦਗਾਰੀ ਪੁਰਸਕਾਰ' ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਸੀ। ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ ਨੇ ਤਾਂ ਇਹੋ ਜਿਹੇ ਯਾਦਗਾਰੀ ਚਿੰਨ੍ਹਾਂ ਨੂੰ ਇਕ ਵਾਰ ਟਹੂਏ ਵੀ ਕਹਿ ਦਿੱਤਾ ਸੀ, ਪਰ ਮੈਂ ਦੁਰਾਹੇ ਦੇ ਉਸ ਸਮਾਗ਼ਮ ਵਿਚ ਬੈਠਾ ਯਾਦਗਾਰੀ ਚਿੰਨ੍ਹ ਦੇ ਦਰਸ਼ਨ ਕਰਨ ਲਈ ਤਰਸੇਵੇਂ ਦਾ ਸ਼ਿਕਾਰ ਹੋਇਆ ਪਿਆ ਸਾਂ। ਜਦ ਬਹੁਤ ਵੱਡਾ ਯਾਦਗਾਰੀ ਚਿੰਨ੍ਹ ਲਿਆ ਕੇ ਮੇਜ਼ ਉਪਰ ਸਜਾਇਆ ਗਿਆ ਤਾਂ ਮੇਰਾ ਮਾਣ ਨਾਲ਼ ਸਿਰ ਉੱਚਾ ਹੋ ਗਿਆ ਸੀ। ਉਸ ਤੋਂ ਅਗਲੇ ਸਨਮਾਨ ਸਾਹਿਤਕ ਸੱਥ ਅੰਮ੍ਰਿਤਸਰ ਵੱਲੋਂ 'ਨਾਨਕ ਸਿੰਘ ਨਾਵਲਕਾਰ ਪੁਰਸਕਾਰ' ਅਤੇ ਸਰਹੱਦੀ ਕਲਾ ਅਤੇ ਸਾਹਿਤ ਸੰਸਾਰ ਰਮਦਾਸ ਵੱਲੋਂ 'ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਅਵਾਰਡ' ਕਿਸੇ ਲਈ ਛੋਟੇ ਹੋ ਸਕਦੇ ਹਨ ਪਰ ਮੈਨੂੰ ਇਹ ਬਹੁਤ ਵੱਡਾ ਹਾਸਲ ਜਾਪਦਾ ਸੀ। ਬੜਾ ਚਾਅ ਹੋਇਆ ਸੀ ਟਹੂਏ ਦੇਖ ਕੇ। ਆਖ਼ਰ ਤੁਹਾਨੂੰ ਜਾਣਨ ਵਾਲ਼ੇ ਲੋਕਾਂ ਨੇ ਤੁਹਾਨੂੰ ਸੱਦ ਕੇ ਤੁਹਾਡੇ ਸਹੀ ਪਾਠਕਾਂ ਪ੍ਰਸ਼ੰਸਕਾਂ ਦੇ ਰੂ-ਬ-ਰੂ ਕਰਕੇ ਤੁਹਾਡਾ ਮਾਣ ਕੀਤਾ ਹੁੰਦਾ ਹੈ। ਠੀਕ ਹੈ ਮੈਨੂੰ ਕਿਸੇ ਸਰਕਾਰੀ ਅਦਾਰੇ ਤੋਂ ਕੋਈ ਸਨਮਾਨ

ਨਹੀਂ ਮਿਲ਼ਿਆ, ਪਰ ਵੱਡੇ ਤੋਂ ਵੱਡੇ ਸਾਹਿਤਕ ਅਦਾਰਿਆਂ ਵੱਲੋਂ ਮਿਲ਼ੇ ਸਨਮਾਨ ਮੈਨੂੰ ਉਨ੍ਹਾਂ ਵੱਡੇ ਸਰਕਾਰੀ ਸਨਮਾਨਾਂ ਤੋਂ ਵੀ ਵੱਡੇ ਜਾਪਦੇ ਹਨ।... ਤੇ ਮੈਂ ਸੋਚਦਾ ਹਾਂ ਕਿ ਵੱਡਾ ਸਨਮਾਨ ਪ੍ਰਾਪਤ ਕਰ ਲੈਣ ਤੋਂ ਬਾਅਦ ਕੀ ਸੱਚ-ਮੁੱਚ ਹੀ ਬੰਦਾ ਵੱਡਾ ਲੇਖਕ ਬਣ ਜਾਂਦਾ ਹੈ। ਮੇਰੇ ਖ਼ਿਆਲ ਵਿਚ ਇਸ ਦਾ ਉਤਰ ਹਾਂ ਵਿਚ ਕੋਈ ਨਹੀਂ ਦੇ ਸਕੇਗਾ। ਸਭ ਲੋਕ ਜਾਣਦੇ ਹਨ ਕਿ ਵੱਡੇ ਸਨਮਾਨ ਕਿਵੇਂ ਮਿਲ਼ਦੇ ਹਨ। ਪਰ ਸਾਹਿਤਕ ਸੰਸਥਾਵਾਂ ਵੱਲੋਂ ਮਿਲ਼ੇ ਸਨਮਾਨ ਮੇਰੀ ਜਾਚੇ ਜ਼ਿਆਦਾ ਸਾਰਥਕ ਤੇ ਮੁੱਲਵਾਨ ਹੁੰਦੇ ਹਨ। ਹੁਣ ਇਨ੍ਹਾਂ ਮਾਣਯੋਗ ਟਹੂਆਂ ਨਾਲ਼ ਮੇਰਾ ਘਰ ਭਰਿਆ ਪਿਆ ਹੈ। ਮੈਂ ਬਹੁਤ ਇੱਜ਼ਤ ਨਾਲ਼ ਸਾਫ਼ ਕਰ ਕਰ ਕੇ ਰੱਖਦਾ ਹਾਂ। ਮੈਨੂੰ ਇਹ ਲਿਖਦਿਆਂ ਹਾਸੀ ਜਿਹੀ ਵੀ ਆ ਰਹੀ ਹੈ ਕਿਉਂਕਿ ਮੈਂ ਰਾਖਵੇਂਕਰਨ ਦਾ ਵਿਰੋਧੀ ਹਾਂ ਤੇ ਵਕਾਲਤ ਕਰਦਾ ਹਾਂ ਕਿ ਇਸ ਮੁਲਕ ਦਾ ਸਾਰਾ ਧਨ ਦੌਲਤ ਸਾਡੇ ਹੀ ਲੋਕਾਂ ਨੇ ਪੈਦਾ ਕੀਤਾ ਹੈ। ਰਾਖਵੇਂਕਰਨ ਦੀ ਬਜਾਏ ਸਾਰੇ ਉਤਪਾਦਨ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਦਿੱਤਾ ਜਾਵੇ। ਜੇ ਮੈਂ ਰਾਖਵੇਂਕਰਨ ਦੀ ਵਕਾਲਤ ਵੀ ਕਰਨੀ ਹੋਵੇ ਤਾਂ ਮੈਂ ਸਰਕਾਰ ਨੂੰ ਕਹਿਣਾ ਚਾਹਾਂਗਾ ਕਿ ਸਨਮਾਨਾਂ ਦਾ ਵੀ ਰਾਖਵਾਂ ਕੋਟਾ ਸਥਾਪਤ ਕੀਤਾ ਜਾਵੇ!...!...!

ਉਸ ਤੋਂ ਬਾਅਦ ਉਘੀਆਂ ਸਾਹਿਤਕ ਸੰਸਥਾਵਾਂ ਵੱਲੋਂ ਪੁਰਸਕਾਰਾਂ ਦੀ ਫਰਿਸਤ ਬਹੁਤ ਲੰਮੀ ਹੈ ਪਰ ਹੁਣ ਤਕ ਦੇ ਸਭ ਤੋਂ ਵੱਡੇ ਪੁਰਸਕਾਰ ਦੀ ਜੇ ਮੈਂ ਗੱਲ ਕਰਨੀ ਹੋਵੇ ਤਾਂ ਅੰਤਰ ਰਾਸ਼ਟਰੀ ਪਾਸ਼ ਯਾਦਗਾਰੀ ਟ੍ਰਸਟ ਵੱਲੋਂ ਦਿੱਤੇ ਗਏ ਪੁਰਸਕਾਰ ਤੋਂ ਬਾਅਦ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਦਿੱਤਾ ਗਿਆ ਪੁਰਸਕਾਰ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਪੁਰਸਕਾਰ ਹੈ। ਸਰਕਾਰੀ ਅਦਾਰਿਆਂ ਤਕ ਅਤੇ ਨਾ ਹੀ ਵੱਡੇ ਆਲੋਚਕਾਂ ਤਕ ਮੈਂ ਕਦੇ ਵੀ ਪਹੁੰਚ ਨਹੀਂ ਕੀਤੀ। ਇਹ ਮੇਰਾ ਗੁਮਾਨ ਨਹੀਂ ਹੈ, ਮੈਂ ਆਪਣਾ ਇਹ ਹੱਕ ਸਮਝਦਾ ਹਾਂ ਕਿ ਜੇ ਪੰਜਾਬੀ ਦੇ ਆਲੋਚਕ ਇਮਾਨਦਾਰ ਅਖਵਾਉਣ ਦਾ ਦਾਅਵਾ ਕਰਦੇ ਹਨ ਤਾਂ ਉਹ ਖ਼ੁਦ-ਬ-ਖ਼ੁਦ ਮੇਰੀਆਂ ਰਚਨਾਵਾਂ ਨੂੰ ਧਿਆਨ ਗੋਚਰੇ ਕਰਨ। ਜੇ ਸਰਕਾਰੀ ਅਦਾਰਿਆਂ ਨੂੰ ਇਹ ਇਲਮ ਹੈ ਕਿ ਅਤਰਜੀਤ ਵਧੀਆ ਕਹਾਣੀ ਲਿਖਦਾ ਹੈ ਤਾਂ ਉਹ ਖ਼ੁਦ ਮੇਰੀ ਚੋਣ ਕਰਨ। ਮੈਂ ਦਾਅਵਾ ਕਰ ਸਕਦਾ ਹਾਂ ਕਿ ਹੁਣ ਤਕ ਸਨਮਾਨੇ ਗਏ ਕਹਾਣੀਕਾਰਾਂ ਨਾਲ਼ੋਂ ਮੈਂ ਕਿਸੇ ਕੋਲੋਂ ਵੀ ਮਾੜੀ ਕਹਾਣੀ ਨਹੀਂ ਲਿਖਦਾ। ਸਗੋਂ ਮੈਨੂੰ ਆਪਣੀਆਂ ਧੀਆਂ ਵਰਗੀਆਂ ਕਹਾਣੀਆਂ ਉਪਰ ਬਹੁਤ ਫ਼ਖ਼ਰ ਹੈ। ਮੈਂ ਕਿਉਂ ਗਲ਼ ਵਿਚ ਢੋਲ ਪਾ ਕੇ ਦੱਸਦਾ ਫਿਰਾਂ ਕਿ ਮੇਰੀ ਇਹ ਰਚਨਾ ਜ਼ਿਆਦਾ ਮਕਬੂਲ ਹੋਈ ਹੈ, ਜ਼ਰੂਰ ਪੜ੍ਹਨ ਦੀ ਕਿਰਪਾਲਤਾ ਕਰਕੇ ਦਾਸ ਨੂੰ ਆਪਣੇ ਧੰਨਵਾਦ ਦਾ ਪਾਤਰ ਬਣਾਇਆ ਜਾਏ, ਜਾਂ ਮੇਰੀ ਇਹ ਪੁਸਤਕ ਫਲਾਂ ਅਦਾਰੇ ਦਾ ਪੁਰਸਕਾਰ ਲੈਣ ਦੇ ਕਾਬਲ ਹੈ। ਅਧਿਆਪਕ ਵਰਗ ਦਾ ਇਕ ਨੈਸ਼ਨਲ ਅਵਾਰਡ ਜੇਤੂ ਮੇਰਾ ਸੁਹਿਰਦ ਸੀ। ਉਸ ਨੇ ਮੈਨੂੰ ਆਪਣੀ ਫਾਈਲ ਬਣਾਉਣ ਦੀ ਸਲਾਹ ਦਿੱਤੀ ਅਤੇ ਇਹ ਦਾਅਵਾ ਵੀ ਕੀਤਾ ਕਿ ਇਸ ਵਾਰ ਦਾ ਇਹ ਅਵਾਰਡ ਲਾਜ਼ਮੀ ਤੌਰ 'ਤੇ ਅਤਰਜੀਤ ਨੂੰ ਮਿਲੇਗਾ, ਰਾਸ਼ਟਰਪਤੀ ਅਵਾਰਡ। ਰਾਮਪੁਰਾ ਫੂਲ ਦੇ ਇਕ ਘੋਗੜ ਦੀ ਨਸਲ ਵਾਲ਼ੇ ਅਧਿਆਪਕ ਨੂੰ ਰਾਸ਼ਟਰਪਤੀ ਅਵਾਰਡ ਸਿਰਫ਼ ਇਸ ਕਰ ਕੇ ਮਿਲ਼ ਗਿਆ ਸੀ ਕਿ ਉਸ ਦਾ ਕੋਈ ਰਿਸ਼ਤੇਦਾਰ ਰਾਸ਼ਟਰਪਤੀ ਦਫ਼ਤਰ ਵਿਚ ਉਚ ਅਹੁਦੇ 'ਤੇ ਤਾਇਨਾਤ ਸੀ। ਸਾਖ਼ਰਤਾ ਦੇ ਦਿਨਾਂ ਵਿਚ ਉਸ ਦਾ ਜੋ ਜਲੂਸ ਨਿਕਲ਼ਦਾ ਅਧਿਆਪਕਾਂ ਨੇ ਵੇਖਿਆ, ਬੱਸ ਧੰਨ ਹੀ ਸੀ। ਬਿੱਲਕੁਲ ਹੀ ਘੁੱਗੂ ਘੋੜਾ ਸੀ, ਪਤਾ ਨਹੀਂ ਅਧਿਆਪਕ ਵੀ ਕਿਵੇਂ ਭਰਤੀ ਹੋ ਗਿਆ।

ਮੈਂ ਸਥਾਪਤ ਤਾਂ ਇਕ ਕਹਾਣੀਕਾਰ ਦੇ ਤੌਰ 'ਤੇ ਹੋਇਆ ਹਾਂ। ਮੇਰਾ ਸਥਾਨ ਕਹਾਣੀ ਖ਼ੇਤਰ ਵਿਚ ਕਾਫ਼ੀ ਉਪਰਲੇ ਮੁਕਾਮ 'ਤੇ ਹੈ। ਤੇ ਭਾਵੇਂ ਮੈਂ ਸਮਝਦਾ ਹਾਂ ਕਿ ਬਹੁਤ ਸਾਰੇ ਆਲੋਚਕ ਮੇਰੀ

ਗੱਲ ਕਰਨ ਨੂੰ ਸ਼ਾਇਦ ਅਛੂਤ ਨਾਲ਼ ਛੂਹ ਜਾਣ ਦੇ ਤੁਲ ਹੀ ਸਮਝਦੇ ਹਨ। ਮਰਹੂਮ ਜੋਗਿੰਦਰ ਸਿੰਘ ਰਾਹੀ ਨੇ ਅੰਮ੍ਰਿਤਸਰ ਇਕ ਕਹਾਣੀ ਦਰਬਾਰ ਵਿਚ ਮੇਰੀ ਛਾ ਗਈ ਕਹਾਣੀ ਉਪਰ ਗੱਲ ਤਾਂ ਕੀ ਕਰਨੀ ਸੀ ਜਦ ਸਵੇਰੇ ਤੁਰਨ ਲੱਗਿਆਂ ਮੈਂ ਅੱਗੋਂ ਹੋ ਕੇ ਦੋਵੇਂ ਹੱਥ ਜੋੜ ਕੇ ਉਸ ਨੂੰ ਫ਼ਤਿਹ ਬੁਲਾਈ ਤਾਂ ਉਹ ਮੂੰਹ ਦੂਜੇ ਪਾਸੇ ਕਰ ਕੇ ਟੇਢਾ ਝਾਕਦਾ ਮੇਰੇ ਕੋਲੋਂ ਲੰਘ ਗਿਆ ਸੀ। ਬੇਸ਼ੱਕ ਬਹੁਤ ਵੱਡਾ ਆਲੋਚਕ ਸੀ, ਚਲਾਣਾ ਕਰ ਗਿਆ ਵਿਚਾਰਾ ਪਿਛਲੇ ਦਿਨੀਂ। ਸੰਸਾਰ 'ਤੇ ਹੁਣ ਤਲਵਿੰਦਰ ਵੀ ਨਹੀਂ ਰਿਹਾ। ਜੋ ਰਿਹਾ ਹੀ ਨਹੀਂ ਉਸ ਨੂੰ ਉਲਾਂਭਾ ਵੀ ਕਾਹਦਾ? ਪਰ ਤਾਂ ਵੀ ਸੱਚ ਤਾਂ ਸੱਚ ਹੀ ਹੈ। ਉਸ ਨੇ ਵੀ ਮੇਰੀ ਉਸ ਕਹਾਣੀ ਬਾਰੇ ਬੱਸ ਐਨੀ ਕੁ ਹੀ ਟਿੱਪਣੀ ਕੀਤੀ ਸੀ-"ਜੇ ਆਰਸੀ ਵਰਗੇ ਮੈਗਜ਼ੀਨ ਵਿਚ ਛਪੀ ਹੈ ਤਾਂ ਵਧੀਆ ਹੀ ਹੋਵੇਗੀ"। ਮੈਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਸਾਡੇ ਕੁਝ ਕੁ ਬੰਦਿਆਂ ਦੀ ਧੌਣ ਵਿਚੋਂ ਜੱਟਪੁਣੇ ਦਾ ਕਿੱਲਾ ਨਹੀਂ ਨਿਕਲ਼ਦਾ। ਮੈਨੂੰ ਆਪਣੇ ਆਪ 'ਤੇ ਮਾਣ ਹੋਣ ਲੱਗਦਾ ਹੈ, ਜਦ ਮੈਂ ਹਰ ਉਭਰਦੇ ਲੇਖਕ ਨੂੰ ਉਤਸ਼ਾਹਤ ਹੀ ਕੀਤਾ ਹੈ। ਅੱਜ ਤਕ ਕਿਸੇ ਨਾਲ਼ ਵੀ ਈਰਖਾ ਜਾਂ ਸਾੜਾ ਨਹੀਂ ਕੀਤਾ। ਕਿਸੇ ਵੀ ਕਹਾਣੀਕਾਰ ਨਾਲ਼ ਉਸਾਰੂ ਕਿਸਮ ਦਾ ਹੀ ਸੰਬੰਧ ਬਣਾਉਂਦਾ ਹਾਂ।

ਬੇਸ਼ੱਕ ਮੈਂ ਬਹੁਤੀਆਂ ਕਹਾਣੀਆਂ ਹਾਸ਼ੀਏ ਤੋਂ ਬਾਹਰ ਧੱਕੇ ਗਏ ਲੋਕਾਂ ਬਾਰੇ ਹੀ ਲਿਖੀਆਂ ਹਨ। ਇਸ ਤੋਂ ਬਿਨਾਂ ਮੁਲਾਜ਼ਮ ਵਰਗ, ਔਰਤ, ਬੱਚੇ, ਕਿਸਾਨੀ ਆਦਿ ਵੀ ਮੇਰੀ ਕਹਾਣੀ ਦਾ ਵਿਸ਼ਾ ਰਹੇ ਹਨ। ...ਪਰ ਮੇਰਾ ਤੇ ਹੋਰ ਬਹੁਤੇ ਦਲਿਤ ਲੇਖਕਾਂ ਦਾ ਇਕ ਬੁਨਿਆਦੀ ਫ਼ਰਕ ਹੈ। ਮੈਂ ਹਰ ਗੱਲ ਨੂੰ ਵਿਗਿਆਨਕ ਨਜ਼ਰੀਏ ਤੋਂ ਨਿਰਖਦਾ-ਪਰਖਦਾ ਹਾਂ, ਜਦੋਂ ਕਿ ਬਹੁਤੇ ਦਲਿਤ ਲੇਖਕ ਸੰਸਾਰ ਵਿਗਿਆਨਕ ਨਜ਼ਰੀਆ ਨਹੀਂ ਰੱਖਦੇ। ਮੈਂ ਕਿਸੇ ਵੀ ਸਮਾਜਕ ਵਰਤਾਰੇ ਨੂੰ ਇਤਿਹਾਸਕ ਵਿਕਾਸ ਦੇ ਪਰਿਪੇਖ ਵਿਚ ਰੱਖ ਕੇ ਵੇਖਦਾ ਹਾਂ, ਜਦੋਂ ਕਿ ਦੂਜੇ ਜ਼ਿਆਦਾਤਰ ਸੰਕੀਰਣਤਾ ਤੋਂ ਪੱਲਾ ਨਹੀਂ ਛੁਡਾ ਸਕਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਵੀ ਦਲਿਤ ਭਾਈਚਾਰੇ ਨਾਲ਼ ਦੁਰਵਿਵਹਾਰ ਹੋ ਰਿਹਾ ਹੈ। ਖ਼ਾਸ ਕਰਕੇ ਦੂਜੇ ਕਈ ਪ੍ਰਾਂਤਾਂ ਵਿਚ। ਮੈਂ ਕਹਿੰਦਾ ਹਾਂ ਕਿ ਹੁਣ ਦਲਿਤਵਾਦ ਪਹਿਲਾਂ ਦੇ ਮੁਕਾਬਲੇ ਤਰਲ ਹੋ ਰਿਹਾ ਹੈ ਤੇ ਸਾਨੂੰ ਰੂੜ੍ਹੀਵਾਦ ਛੱਡ ਕੇ ਆਪਣੇ ਵੱਲ ਵਧਦੇ ਹੱਥਾਂ ਨੂੰ ਜੀਉ ਆਇਆਂ ਆਖਣਾ ਚਾਹੀਦਾ ਹੈ। ਸਾਨੂੰ ਲੇਖਕਾਂ ਨੂੰ ਸਾਮੰਤਸ਼ਾਹੀ ਦੇ ਖ਼ਾਤਮੇ ਵੱਲ ਕਦਮ ਵਧਾਉਣ ਦੀ ਜ਼ਰੂਰਤ ਹੈ ਨਾ ਕਿ ਇਕ ਦੂਜੇ ਨੂੰ ਪੁਣਨ-ਛਾਣਨ ਦੀ। ਜਦ ਤਕ ਸਾਮੰਤੀ ਕਦਰਾਂ-ਕੀਮਤਾਂ ਬਰਕਰਾਰ ਰਹਿਣਗੀਆਂ, ਜਾਤ-ਪਾਤ ਦਾ ਜਿੰਨ ਆਪਣੇ ਖ਼ੂੰਖਾਰ ਦੰਦ ਦਿਖਾਉਂਦਾ ਹੀ ਰਹੇਗਾ। ਇਹ ਗੱਲ ਸਾਨੂੰ ਸਾਰਿਆਂ ਨੂੰ ਸਮਝ ਲੈਣੀ ਚਾਹੀਦੀ ਹੈ। ਇਹ ਸਾਰਾ ਕੁਝ ਇਸ ਪ੍ਰਬੰਧ ਦੀ ਦੇਣ ਹੈ। ਦੂਜੇ ਪ੍ਰਾਂਤਾਂ ਵਿਚ ਵੀ ਮੈਂ ਬਹੁਤੀਆਂ ਥਾਂਵਾਂ 'ਤੇ ਜਾ ਕੇ ਵੇਖਿਆ ਹੈ ਕਿ ਦਲਿਤਵਾਦ ਦਾ ਬਹੁਤਾ ਸ਼ੋਰ ਆਈ.ਏ.ਐੱਸ., ਪੀ.ਸੀ.ਐੱਸ. ਅਧਿਕਾਰੀ ਹੀ ਵੱਧ ਪਾਉਂਦੇ ਹਨ। ਲੇਖਕਾਂ, ਪ੍ਰੋਫ਼ੈਸਰਾਂ ਜਾਂ ਹੋਰ ਕਈ ਤਰ੍ਹਾਂ ਦੇ ਬੁੱਧੀਜੀਵੀਆਂ ਰਾਹੀਂ ਮਚਾਇਆ ਜਾਂਦਾ ਇਹ ਸ਼ੋਰਗੁਲ ਦਲਿਤਾਂ ਦੇ ਵਿਹੜਿਆਂ ਵੱਲੋਂ ਤਾਂ ਪਿੱਠ ਕਰਕੇ ਲੰਘ ਜਾਂਦਾ ਹੈ।

ਪ੍ਰਗਤੀਵਾਦੀ ਸਾਹਿਤ ਬਾਰੇ ਇਹ ਸਵਾਲ ਖੜ੍ਹਾ ਕਰਨਾ ਕਿ ਕੀ ਇਹ ਅੱਜ ਵੀ ਪ੍ਰਸੰਗਕ ਹੈ, ਪ੍ਰਗਤੀਵਾਦ ਦੇ ਵਿਰੋਧੀਆਂ ਵੱਲੋਂ ਮਚਾਇਆ ਵਾ-ਵੇਲਾ ਹੀ ਹੈ। ਪ੍ਰਗਤੀਵਾਦ ਕੋਈ ਐਹੋ ਜਿਹੀ ਚੀਜ਼ ਤਾਂ ਹੈ ਨਹੀਂ ਜੋ ਇਕ ਖ਼ਾਸ ਸਮੇਂ ਦੀ ਉਪਜ ਹੋਵੇ ਤੇ ਇਹ ਇਕ ਵਾਰ ਅੱਲਾ ਦੇ ਕੁੰਨ ਕਹਿਣ ਵਾਂਗ 'ਖ਼ਤਮ ਹੋ ਜਾ' ਦਾ ਫੁਰਮਾਨ ਜਾਰੀ ਕਰਨ ਸਾਰ ਹੀ ਖ਼ਤਮ ਹੋ ਜਾਵੇਗਾ। ਇਹ ਜੀਵਨ ਦੀ ਇਕ ਨਿਰੰਤਰ ਧਾਰਾ ਹੈ, ਜਿਸ ਨੇ ਵਹਿੰਦੇ ਹੀ ਰਹਿਣਾ ਹੈ। ਇਹ ਕੋਈ ਰੱਬ ਕੋਲ਼ੋਂ ਗਿਣਤੀ ਦੇ ਸਾਹ ਲਿਖਵਾ ਕੇ ਨਹੀਂ ਲਿਆਇਆ, ਜਿਸ ਦੀ ਉਮਰ

ਵਿਹਾ ਜਾਵੇਗੀ। ਇਹ ਇਕ ਵਿਚਾਰ ਹੈ, ਇਕ ਦ੍ਰਿਸ਼ਟੀਕੋਣ ਹੈ। ਪ੍ਰਗਤੀਵਾਦ ਅਸਲ ਵਿਚ ਮਾਨਵਵਾਦੀ ਫ਼ਲਸਫ਼ਾ ਹੀ ਤਾਂ ਹੈ ਤੇ ਮਾਨਵਵਾਦ ਹਰ ਯੁੱਗ ਵਿਚ ਬੁਲੰਦ ਰਿਹਾ ਹੈ, ਭਾਵੇਂ ਉਸ ਦਾ ਸਰੂਪ ਕੁਝ ਵੀ ਹੋਵੇ। ਸਿੱਖੀ ਦੀ ਲਹਿਰ ਨੇ ਇਸ ਦੇ ਰੰਗ ਬਹੁਤ ਗੂੜ੍ਹੇ ਕਰਨ ਦਾ ਕਾਰਜ ਕੀਤਾ, ਬੇਸ਼ੱਕ ਬਾਅਦ ਵਿਚ ਮਾਨਵਵਾਦ ਦੀ ਉਸ ਮਹਿਕ ਨੂੰ ਜਗੀਰੂ ਜਕੜ ਨੇ ਮਧੋਲ ਕੇ ਪ੍ਰਦੂਸ਼ਤ ਕਰਨ ਦੀ ਕੋਈ ਕਸਰ ਨਹੀਂ ਛੱਡੀ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਅਤੇ ਖ਼ਾਸ ਕਰਕੇ ਬੰਦਾ ਸਿੰਘ ਬਹਾਦਰ ਵੱਲੋਂ ਨਿਭਾਏ ਗਏ ਮਹਾਨ ਕਾਰਜ ਨੂੰ ਜਿਸ ਤਰ੍ਹਾਂ ਇੱਥੋਂ ਦੀ ਸਾਮੰਤਸ਼ਾਹੀ ਨੇ ਤਹਿਸ ਨਹਿਸ ਕੀਤਾ, ਉਸ ਨੂੰ ਕਾਲ਼ੇ ਇਤਿਹਾਸ ਦਾ ਨਾਂ ਹੀ ਦਿੱਤਾ ਜਾ ਸਕਦਾ। ਅਸੀਂ ਸਿੱਖ ਅਖਵਾਉਣ ਦਾ ਦਾਅਵਾ ਤਾਂ ਕਰਦੇ ਹਾਂ ਪਰ ਸਿੱਖੀ ਸਿਧਾਂਤ ਆਪਣੇ ਜੀਵਨ ਦਾ ਅੰਗ ਨਹੀਂ ਬਣਨ ਦੇ ਰਹੇ। ਗੁਰਮੱਤ ਦੇ ਮਹਾਨ ਫ਼ਲਸਫ਼ੇ ਨੂੰ ਲਾਗੂ ਕਰਨ ਦੀ ਬਜਾਏ ਅਸੀਂ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਅਤੇ ਲੰਗਰ ਨੂੰ ਸਿੱਖੀ ਮੰਨੀ ਬੈਠੇ ਹਾਂ। ਸਾਲ ਭਰ ਦੋ ਨੰਬਰ ਦੀਆਂ ਕਮਾਈਆਂ ਕਰਦੇ ਜੂਨ ਦੇ ਮਹੀਨੇ ਠੰਢੇ-ਮਿੱਠੇ ਪਾਣੀ ਦੀ ਸ਼ਬੀਲ ਲਾ ਕੇ ਭਰਮ ਪਾਲ਼ਦੇ ਹਾਂ ਕਿ ਅਸੀਂ ਗੁਰੂਆਂ ਦੀਆਂ ਕੁਰਬਾਨੀਆਂ ਦਾ ਮੁੱਲ ਤਾਰ ਦਿੱਤਾ ਹੈ। ਸਿੱਖੀ ਸਿਧਾਂਤ ਨੇ ਜਿਸ ਤਰ੍ਹਾਂ ਦੇ ਮਾਨਵਵਾਦ ਦੇ ਬੀਜ ਬੀਜੇ ਸਨ, ਉਨ੍ਹਾਂ ਨੂੰ ਤਾਂ ਫੁਟਾਰੇ ਤਕ ਵੀ ਨਹੀਂ ਆਉਣ ਦਿੱਤਾ। ਮੁੜ ਕੇ ਰੂੜ੍ਹੀਵਾਦ ਦਾ ਛਿੜਕਾਅ ਕਰ ਕੇ ਕਰੰਡ ਹੀ ਕਰਕੇ ਰੱਖ ਦਿੱਤੀ, ਬੀਜੀ ਹੋਈ ਫ਼ਸਲ। ਜੋ ਸਾਹਿਤ ਜਨ-ਸਾਧਾਰਨ ਦੇ ਦੁੱਖਾਂ-ਸੁੱਖਾਂ ਦੀ ਗੱਲ ਕਰਦਾ ਹੈ, ਉਹ ਪ੍ਰਗਤੀਵਾਦੀ-ਮਾਨਵਵਾਦੀ ਹੈ। ਮਾਨਵਵਾਦ ਨੂੰ ਵੀ ਇਤਿਹਾਸਕ ਵਿਕਾਸ ਪ੍ਰਕਿਰਿਆ ਦੇ ਪ੍ਰਸੰਗ ਵਿਚ ਵੇਖਣ-ਪਰਖਣ ਦੀ ਜ਼ਰੂਰਤ ਹੁੰਦੀ ਹੈ। ਕਿਸੇ ਵੇਲ਼ੇ ਸਰਬੱਤ ਦੇ ਭਲੇ ਨੂੰ ਵੱਡੀ ਅਹਿਮੀਅਤ ਮਿਲ਼ ਸਕਦੀ ਹੈ। ਹੁਣ ਸਿਰਫ਼ ਅਰਦਾਸ ਵਿਚ ਇਸ ਸ਼ਬਦ ਦੀ ਗੂੰਜ ਤਾਂ ਸੁਣਾਈ ਦਿੰਦੀ ਹੈ ਪਰ ਸਰਬੱਤ ਦੇ ਭਲੇ ਦਾ ਸੰਕਲਪ 'ਮੇਰੇ' ਅਤੇ ਧਨਵਾਨ ਦੇ ਭਲੇ ਵਿਚ ਸੁੰਗੜ ਕੇ ਰਹਿ ਗਿਆ ਹੈ। ਸੰਗਤਾਂ 'ਚੋਂ ਸ਼ਾਇਦ ਹੀ ਕਿਸੇ ਨੂੰ ਸਰਬੱਤ ਦੇ ਭਲੇ ਦੇ ਅਰਥ ਪਤਾ ਹੋਣ। ਅੱਜ ਦੇ ਇਸ ਜਮਾਤੀ ਸਮਾਜ ਵਿਚ ਇਸ ਦੀ ਕੋਈ ਕੀਮਤ ਵੀ ਨਹੀਂ ਰਹੀ। ਇਹ ਨਿਰਣਾ ਤਾਂ ਗੁਰੂ ਨਾਨਕ ਵੱਲੋਂ ਲਿਆਂਦੇ ਗਏ ਲਾਲੋ (ਕਿਰਤੀ) ਅਤੇ ਭਾਗੋ (ਰੱਤ ਪੀਣੀ ਜੋਕ) ਦੇ ਫ਼ਲਸਫ਼ੇ ਨਾਲ ਹੋ ਗਿਆ ਸੀ। ਗੁਰੂ ਨਾਨਕ ਨੇ ਔਰਤ ਜਾਤੀ ਨੂੰ ਵਡਿਆਉਣ ਦੇ ਨਾਲ ਨਾਲ, ਛੂਤ-ਛਾਤ, ਜਾਤ-ਪਾਤ, ਧਾਰਮਿਕ ਕੱਟੜਤਾ, ਦਿਖਾਵੇ ਵਾਲ਼ੀ ਪੂਜਾ ਅਰਚਨਾ, ਪਾਖੰਡ, ਅੰਧ ਵਿਸ਼ਵਾਸ਼, ਧਾਰਮਿਕ ਦੰਭ ਆਦਿ ਦੇ ਵਿਰੋਧ ਵਿਚ ਧੜੱਲੇਦਾਰ ਆਵਾਜ਼ ਬੁਲੰਦ ਕੀਤੀ ਹੈ। ਇਹੋ ਤਾਂ ਪ੍ਰਗਤੀਵਾਦ ਹੈ, ਸਥਾਪਤੀ ਨੂੰ ਵੰਗਾਰਨਾ ਅਤੇ ਲੋਕਤਾ ਨੂੰ ਉਭਾਰਨਾ। ਇਸ ਦੀ ਪ੍ਰਸੰਗਕਤਾ ਕਿਸੇ ਵੀ ਯੁੱਗ ਵਿਚ ਮਨਫ਼ੀ ਨਹੀਂ ਹੋ ਸਕਦੀ, ਭਾਵੇਂ ਨਵ-ਵਿਚਾਰਵਾਦੀਏ ਕਿੰਨਾ ਵੀ ਸ਼ੋਰ-ਗੁੱਲ ਮਚਾਈ ਜਾਣ। ਜਿੱਥੋਂ ਤਕ ਮਾਰਕਸਵਾਦੀ ਫ਼ਲਸਫ਼ੇ ਦਾ ਸੁਆਲ ਹੈ, ਮੈਂ ਇਸ ਨੂੰ ਵਿਗਿਆਨਕ ਮਾਨਵਵਾਦ ਮੰਨਦਾ ਹਾਂ। ਮਾਰਕਸਵਾਦ ਅਸਲ ਵਿਚ ਸ਼ੁੱਧ ਮਾਨਵਵਾਦ ਹੈ, ਜੋ ਕਿਸੇ ਵੀ ਯੁੱਗ ਵਿਚ ਝੁਠਲਾਇਆ ਨਹੀਂ ਜਾ ਸਕੇਗਾ। ਲਾਗੂ ਕਰਨ ਵਾਲਿਆਂ ਦੀ ਸਮਝ ਦਾ ਸੁਆਲ ਹੋ ਸਕਦਾ ਹੈ, ਪਰ ਮਾਰਕਸਵਾਦ ਉਪਰ ਕਿੰਤੂ-ਪਰੰਤੂ ਨਹੀਂ ਕੀਤਾ ਜਾ ਸਕਦਾ। ਇਹ ਅੱਜ ਦੇ ਯੁੱਗ ਦਾ ਵਿਗਿਆਨਕ ਦ੍ਰਿਸ਼ਟੀਕੋਣ ਹੈ ਜਿਸ ਨੇ ਨਿਰੰਤਰ ਵਿਕਾਸ ਕਰਦੇ ਜਾਣਾ ਹੈ, ਲੱਖ ਵਿਰੋਧਾਂ ਦੇ ਬਾਵਜੂਦ। ਮਾਰਕਸਵਾਦੀ ਫ਼ਲਸਫ਼ੇ ਦਾ ਮੇਰਾ ਅਧਿਐਨ ਤਾਂ ੳ-ਅ ਤੋਂ ਅੱਗੇ ਨਹੀਂ ਟੱਪਿਆ ਪਰ ਫੇਰ ਵੀ ਮੈਂ ਕਹਿ ਸਕਦਾ ਹਾਂ ਕਿ ਮਾਰਕਸਵਾਦ ਅੱਜ ਵੀ ਪ੍ਰਸੰਗਕ ਹੈ।

ਮੈਨੂੰ ਲੈਨਿਨ ਬਹੁਤ ਚੰਗਾ ਲਗਦਾ ਹੈ, ਭਾਵੇਂ ਕਿ ਸੋਵੀਅਤ ਯੂਨੀਅਨ ਦਾ ਮਹਿਲ ਢਹਿ ਢੇਰੀ ਕਰ ਦਿੱਤਾ ਗਿਆ ਹੈ। ਮੈਨੂੰ ਮਾਓ ਜ਼ੇ ਤੁੰਗ ਵੀ ਚੰਗਾ ਲਗਦਾ ਹੈ, ਬੇਸ਼ੱਕ ਉਸ ਦਾ ਉਸਾਰਿਆ ਚੀਨ, ਅੱਜ ਫੇਰ ਸਰਮਾਏਦਾਰੀ ਦੇ ਰਸਤੇ 'ਤੇ ਤੁਰ ਪਿਆ ਹੈ।

ਅੱਸੀਵਿਆਂ ਦੇ ਕਾਲ਼ੇ ਦੌਰ ਸਮੇਂ ਮੈਂ ਬਹੁਤ ਹੀ ਬੇਬਾਕ ਹੋ ਕੇ ਕਹਾਣੀਆਂ ਲਿਖੀਆਂ। ਇਸ ਸਮੇਂ ਜਦ ਮੈਂ ਜੱਸੀ ਪਾਉ ਵਾਲ਼ੀ ਵਿਖੇ ਸਾਂ, ਖ਼ਾਲਿਸਤਾਨੀ ਦਹਿਸ਼ਤਗਰਦੀ ਦੇ ਵਰੋਲ਼ਿਆਂ ਦੇ ਬਾਵਜੂਦ ਮੈਂ ਐਮ.ਏ. ਪੰਜਾਬੀ ਦਾ ਇਮਤਿਹਾਨ ਸ਼ਾਨ ਨਾਲ਼ ਪਾਸ ਤਾਂ ਕੀਤਾ ਹੀ, ਬੀ.ਐਡ. ਵੀ ਕਰ ਗਿਆ। ਕੋਈ ਨਾ ਕੋਈ ਪਰਿਵਾਰਕ ਝੰਜਟ ਪਿਆ ਹੀ ਰਹਿੰਦਾ ਸੀ। ਮੇਰਾ ਭਰਾ ਬਲਵਿੰਦਰ, ਜੋ ਪਿਛਲੇ ਸਾਲ ਮਰ ਗਿਆ ਹੈ, ਦਹਿਸ਼ਤੀ ਕਾਰਵਾਈਆਂ ਦਾ ਅੰਗ ਬਣਨ ਕਰਕੇ ਮੇਰਾ ਇਕ ਨੰਬਰ ਦਾ ਦੁਸ਼ਮਣ ਬਣ ਗਿਆ ਸੀ। ਮੇਰੇ ਬੱਚਿਆਂ ਦੀ ਮਾਂ ਇਹ ਗੱਲਾਂ ਸਮਝ ਨਾ ਸਕੀ, ਜਿਸ ਕਰਕੇ ਅਸੀਂ ਬਹੁਤ ਡੂੰਘੇ ਅਤੇ ਭਿਆਨਕ ਸੰਕਟ ਦਾ ਸ਼ਿਕਾਰ ਹੋ ਗਏ। ਇਕ ਵਾਰ ਜ਼ਿੰਦਗੀ ਉੱਕਾ ਹੀ ਨੀਰਸ ਜਾਪਣ ਲੱਗ ਪਈ ਸੀ। ਜਦ ਉਸ ਨੇ ਮੇਰਾ ਪਿੰਡ ਵਾਲ਼ਾ ਘਰ ਪਿਸਤੌਲ ਦੇ ਜ਼ੋਰ ਦੱਬਾ ਮਾਰ ਕੇ ਅੱਗੇ ਵੇਚ ਦਿੱਤਾ ਤਾਂ ਬੱਚਿਆਂ ਦੀ ਮਾਂ ਨਾਲ਼ ਖ਼ਫ਼ਾ ਹੋਇਆ ਦਾਰੂ ਵੀ ਬਹੁਤ ਪੀਣ ਲੱਗ ਪਿਆ। ਜੁਲਾਹੇ ਦੀ ਨਾਲ਼ ਵਾਂਗ ਮੈਨੂੰ ਇਹ ਸਮਝ ਨਹੀਂ ਸੀ ਲਗਦੀ ਕਿ ਮੇਰਾ ਭਵਿੱਖ ਕੀ ਤੇ ਕਿਹੜੀ ਕੰਨੀ 'ਤੇ ਹੋਵੇਗਾ। ਦਿਨ-ਰਾਤ ਇਕ ਖ਼ਾਸ ਤਰ੍ਹਾਂ ਦੇ ਸੰਤਾਪ ਵਿਚ ਭੁੱਜਦਾ, ਮੈਂ ਆਪਣੇ ਇਸ ਸੰਤਾਪ ਨੂੰ ਉਚੀ ਸੁਰ ਵਾਲ਼ੀਆਂ ਕਹਾਣੀਆਂ ਲਿਖ ਕੇ ਕੱਢਣ ਦਾ ਯਤਨ ਕਰਦਾ ਸਾਂ। ਇਕ ਵਾਰ ਸਾਡੇ ਸੁਪ੍ਰਸਿੱਧ ਨਾਟਕਕਾਰ ਅਜਮੇਰ ਸਿੰਘ ਔਲਖ ਨੇ ਵੀ ਮੈਨੂੰ ਕਿਹਾ ਸੀ-"ਅਤਰਜੀਤ ਤੇਰੀਆਂ ਰਚਨਾਵਾਂ ਵਿਚੋਂ ਗੁੱਸਾ ਬਹੁਤ ਝਲਕਦਾ ਹੈ"।

ਮਰਹੂਮ ਰਾਮ ਸਰੂਪ ਅਣਖੀ ਨੇ ਮੈਨੂੰ ਵਰਜਦਿਆਂ ਕਿਹਾ ਸੀ, "ਅਤਰਜੀਤ ਐਨੀ ਉਚੀ ਸੁਰ ਵਾਲ਼ੀ ਕਹਾਣੀ ਲਿਖ ਕੇ ਮੌਤ ਨੂੰ ਆਵਾਜ਼ਾਂ ਨਾ ਮਾਰ"। ਪਰ ਮੈਂ ਤਾਂ ਸੱਚ-ਮੁੱਚ ਮੌਤ ਨੂੰ ਆਵਾਜ਼ਾਂ ਹੀ ਮਾਰਦਾ ਰਿਹਾ ਸਾਂ। 'ਕਹਾਣੀ ਕੌਣ ਲਿਖੇਗਾ?' ਜਾਂ 'ਅੰਨ੍ਹੀ ਥੇਹ' ਸੰਗ੍ਰਹਿਆਂ ਦੀਆਂ ਕਹਾਣੀਆਂ ਬਾਰੇ ਮੈਂ ਇਕਬਾਲ ਕਰ ਸਕਦਾ ਹਾਂ ਕਿ ਹੋ ਸਕਦਾ ਹੈ ਕਲਾਤਮਕ ਮਰੋੜੀਆਂ ਦੀ ਘਾਟ ਰਹਿ ਗਈ ਹੋਵੇ। ਉਸ ਕੁਲਹਿਣੇ ਦੌਰ ਨੇ ਖ਼ੂਨ ਦੇ ਰਿਸ਼ਤਿਆਂ ਵਿਚ ਏਸ ਕਦਰ ਤਰੇੜ ਪਾ ਦਿੱਤੀ ਸੀ ਕਿ ਪੰਜਾਬੀ ਦੀ ਲੋਕ ਕਹਾਵਤ 'ਨਹੁੰਆਂ ਨਾਲੋਂ ਕਦੀ ਮਾਸ ਨਹੀਂ ਟੁਟਦਾ' ਅਣਆਈ ਮੌਤੇ ਮਰ ਗਈ ਸੀ ਤੇ ਨਹੁੰਆਂ ਨਾਲੋਂ ਟੁੱਟੇ ਮਾਸ ਨੂੰ ਜੋੜਨ ਵਾਲਾ ਸਰਜਨ ਵੀ ਉਨ੍ਹਾਂ ਕਾਲੇ ਦਿਨਾਂ ਦੀ ਭੇਂਟ ਚੜ੍ਹ ਗਿਆ ਸੀ। ਲਾਊਡ ਨਾ ਹੋਣ ਅਤੇ ਅਣਆਈ ਮੌਤ ਨਾ ਮਰਨ ਦੀਆਂ ਸਲਾਹਾਂ ਮਿਲ਼ਦੀਆਂ ਰਹੀਆਂ। ਚਲੋ ਹੋਰ ਨਹੀਂ ਤਾਂ ਮੇਰੇ ਇਸ ਲਾਊਡਪੁਣੇ ਨੂੰ ਮਰਹੂਮ ਰਘੁਬੀਰ ਢੰਡ ਨੇ ਜ਼ਰੂਰ ਸਲਾਹਿਆ। ਉਸਨੇ ਕਿਹਾ ਸੀ: "ਪਤਾ ਨਹੀਂ ਪੰਜਾਬੀ ਦੇ ਕਹਾਣੀਕਾਰਾਂ ਨੂੰ ਕੀ ਪਹਿਰ ਗਿਆ ਹੈ - ਡਰ ਜਾਂ... ਸ਼ੁਕਰ ਹੈ ਅਤਰਜੀਤ ਸਹੀ ਗੱਲ ਕਰਦਾ ਹੈ"।

ਜਦ ਵਿਸ਼ਵ ਨਾਥ ਤਿਵਾੜੀ ਨੂੰ ਖ਼ਾਲਿਸਤਾਨੀ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ, ਫਿਰ ਉਪਰੋਥਲੀ ਸੁਮੀਤ, ਜੈਮਲ ਪੱਡਾ, ਡਾ. ਰਵੀ ਅਤੇ ਹੋਰ ਅਨੇਕਾਂ ਹੀ ਪੰਜਾਬੀ ਸਾਹਿਤ ਸੱਭਿਆਚਾਰ ਅਤੇ ਮਾਂ ਬੋਲੀ ਪੰਜਾਬੀ ਦੇ ਚਮਕਦੇ ਸਿਤਾਰਿਆਂ ਦੇ ਖ਼ੂਨ ਦੀਆਂ ਨਦੀਆਂ ਵਗਾ ਦਿੱਤੀਆਂ ਗਈਆਂ ਤਾਂ ਮੇਰਾ ਸਗੋਂ ਉਸ ਲਹਿਰ ਪ੍ਰਤੀ ਰੋਹ ਹੋਰ ਪ੍ਰਚੰਡ ਹੁੰਦਾ ਰਿਹਾ। ਉਨ੍ਹੀਂ ਦਿਨੀਂ ਮੈਨੂੰ ਹੋਰ ਵੀ ਬਹੁਤ ਵੱਡੇ ਸੰਕਟ ਦਾ ਸਾਮ੍ਹਣਾ ਕਰਨਾ ਪਿਆ ਸੀ। ਉਸ ਵਕਤ ਸ. ਤੇਰਾ ਸਿੰਘ ਚੰਨ ਕੇਂਦਰੀ ਲੇਖਕ ਸਭਾ ਦੇ ਜਨਰਲ ਸਕੱਤਰ ਸਨ। ਚੰਡੀਗੜ੍ਹੋਂ

ਉਨ੍ਹਾਂ ਨੇ ਵਰ੍ਹਦੀਆਂ ਅੱਗਾਂ ਵਿਚ ਫੁਹਾਰਾਂ ਛਿੜਕ ਕੇ ਮੇਰੀ ਰਹਿਨੁਮਾਈ ਵੀ ਕੀਤੀ ਤੇ ਡੀ.ਈ.ਓ. ਗੁਰਦਿਆਲ ਸਿੰਘ ਜੱਸਲ ਹੁਰਾਂ ਤੋਂ ਮੇਰੀ ਹਰ ਤਰ੍ਹਾਂ ਸਹਾਇਤਾ ਵੀ ਕਰਵਾਈ। ਉਸ ਜ਼ਲਾਲਤ ਤੋਂ ਛੁਟਕਾਰਾ ਕਰਾਉਣ ਵਿਚ ਚੰਨ ਹੁਰਾਂ ਦੀ ਭੂਮਿਕਾਂ ਵਰਦਾਨ ਸਾਬਤ ਹੋਈ ਸੀ ਤੇ ਮੈਂ ਉਸ ਸੰਕਟ ਵਿਚੋਂ ਅਟੰਕ ਹੋ ਕੇ ਨਿਕਲ਼ਿਆ ਸਾਂ।

ਮੈਨੂੰ ਪ੍ਰਕਾਸ਼ਨ ਦੀ ਕਦੇ ਕੋਈ ਸਮੱਸਿਆ ਨਹੀਂ ਆਈ। ਮੇਰੀਆਂ ਤਿੰਨ ਪੁਸਤਕਾਂ-'ਅਦਨਾ ਇਨਸਾਨ' 'ਕਹਾਣੀ ਕੌਣ ਲਿਖੇਗਾ?' ਅਤੇ 'ਅੰਨ੍ਹੀ ਥੇਹ' ਅੰਮ੍ਰਿਤਸਰ ਦੇ ਮਸ਼ਹੂਰ ਪ੍ਰਕਾਸ਼ਕ ਮੋਹਨ ਸਿੰਘ ਰਾਹੀ ਨੇ ਆਪਣੇ ਅਦਾਰੇ 'ਰਵੀ ਸਾਹਿਤ ਪ੍ਰਕਾਸ਼ਨ' ਵੱਲੋਂ ਛਾਪੀਆਂ ਸਨ। 'ਚੇਤਨਾ ਪ੍ਰਕਾਸ਼ਨ' ਲੁਧਿਆਣਾ ਵੱਲੋਂ ਛਾਪੀ ਮੇਰੀ ਪੁਸਤਕ 'ਤੀਜਾ ਯੁੱਧ', ਜਿਸ ਵਿਚ ਮੈਂ ਵਿਸ਼ਵੀਕਰਨ ਦੀ ਚਕਾਚੂੰਧ ਦਰਸਾਉਣ ਦਾ ਯਤਨ ਕੀਤਾ ਸੀ, ਦਾ ਵੀ ਵਿਆਪਕ ਸੁਆਗਤ ਹੋਇਆ ਹੈ। ਡਾ. ਗੁਰਇਕਬਾਲ ਸਿੰਘ ਨੇ ਇਸ ਸੰਗ੍ਰਹਿ ਉਪਰ ਬਹੁਤ ਵੱਡਾ ਆਰਟੀਕਲ ਲਿਖਿਆ ਸੀ ਜੋ ਜਗਜੀਤ ਸਿੰਘ ਆਨੰਦ ਹੁਰਾਂ ਸਾਰੇ ਦਾ ਸਾਰਾ ਨਵਾਂ ਜ਼ਮਾਨਾ ਵਿਚ ਛਾਪ ਦਿੱਤਾ ਸੀ। ਖ਼ਾਸ ਕਰ ਕੇ ਇਸ ਪੁਸਤਕ ਤੋਂ ਬਾਅਦ ਕਾਮਰੇਡ ਜਗਜੀਤ ਸਿੰਘ ਆਨੰਦ ਮੈਨੂੰ ਬਹੁਤ ਪਿਆਰ ਕਰਨ ਲੱਗ ਪਏ ਸਨ। ਇਕ ਸਮਾਗ਼ਮ ਵਿਚ ਉਨ੍ਹਾਂ ਨੇ ਮੈਨੂੰ ਗ਼ਲੇ ਲਗਾ ਕੇ ਬਹੁਤ ਪਿਆਰ ਅਤੇ ਵਧਾਈ ਦਿੱਤੀ ਸੀ। ਮੈਂ ਇਹੋ ਜਿਹੇ ਨਿੱਕੇ ਨਿੱਕੇ ਛਿਣਾਂ ਨੂੰ ਵੀ ਡਾਇਮੰਡ ਦੇ ਗਹਿਣਿਆਂ ਵਾਂਗ ਸਾਂਭ ਕੇ ਰੱਖਦਾ ਹਾਂ। ਦਿੱਲੀ ਦੇ ਨਵਯੁਗ ਪਬਲਿਸ਼ਰਜ਼ ਦੇ ਭਾਪਾ ਪ੍ਰੀਤਮ ਸਿੰਘ ਨੇ ਮੇਰਾ ਇਕ ਕਹਾਣੀ ਸੰਗ੍ਰਹਿ 'ਰੇਤੇ ਦਾ ਮਹਿਲ' ਛਾਪਣ ਲਈ ਲਿਆ ਸੀ ਪਰ ਕਿਸੇ ਮਜਬੂਰੀ ਵੱਸ ਬਾਅਦ ਵਿਚ ਉਨ੍ਹਾਂ ਨੇ ਉਹ 'ਨੈਸ਼ਨਲ ਬੁੱਕ ਸ਼ਾਪ' ਵਾਲ਼ਿਆਂ ਨੂੰ ਦੇ ਦਿੱਤਾ ਸੀ, ਜਿਸ ਦਾ ਮੈਨੂੰ ਕਾਫ਼ੀ ਦੁੱਖ ਹੋਇਆ ਸੀ। ਮੇਰੀਆਂ ਦਲਿਤ ਵਿਸ਼ਿਆਂ ਨਾ਼ਲ ਸੰਬੰਧਤ ਕਹਾਣੀਆਂ ਦਾ ਸੰਗ੍ਰਹਿ 'ਸਬੂਤੇ ਕਦਮ' ਕੁਲਬੀਰ ਸਿੰਘ ਸੂਰੀ ਨੇ 'ਲੋਕ ਸਾਹਿਤ ਪ੍ਰਕਾਸ਼ਨ' ਅੰਮ੍ਰਿਤਸਰ ਅਧੀਨ ਛਾਪਿਆ। ਪਤਾ ਨਹੀਂ ਇਹ ਠੀਕ ਹੈ ਜਾਂ ਗ਼ਲਤ- 'ਅਦਨਾ ਇਨਸਾਨ', 'ਟੁਟਦੇ ਬਣਦੇ ਰਿਸ਼ਤੇ', 'ਸਬੂਤੇ ਕਦਮ' ਅਤੇ 'ਅੰਨ੍ਹੀ ਥੇਹ' ਸੰਗ੍ਰਹਿਆਂ ਦੇ ਤਿੰਨ ਤਿੰਨ ਐਡੀਸ਼ਨ ਪਾਠਕਾਂ ਦੇ ਹੱਥਾਂ ਵਿਚ ਜਾ ਚੁੱਕੇ ਹਨ।

ਜਦ ਤੋਂ ਨਾਟਕ ਖ਼ੇਤਰ ਦੀ ਕਲਗੀ ਗੁਰਸ਼ਰਨ ਸਿੰਘ ਭਾਅ ਜੀ ਨੇ 'ਬਲਰਾਜ ਸਾਹਨੀ ਪ੍ਰਕਾਸ਼ਨ' ਮੈਨੂੰ ਦਿੱਤਾ ਸੀ, ਮੈਂ ਪੁਸਤਕ ਸੱਭਿਆਚਾਰ ਸਿਰਜਣ ਲਈ ਅਣਥੱਕ ਰੂਪ ਵਿਚ ਪੰਜਾਬ ਭਰ ਵਿਚ ਚਲਦੀ ਫਿਰਦੀ ਲਾਇਬਰੇਰੀ ਲੈ ਕੇ ਜਾਂਦਾ ਰਿਹਾ ਹਾਂ। ਮਾਰਚ ਦੋ ਹਜ਼ਾਰ ਚੌਦਾਂ ਤਕ ਮੈਂ ਬਿੱਲਾਂ ਆਦਿ ਦੇ ਮੁਤਾਬਕ ਦੋ ਹਜ਼ਾਰ ਇਕ ਸੌ ਪੱਚੀ ਸਕੂਲਾਂ ਕਾਲਿਜਾਂ ਅਤੇ ਜਨਤਕ ਥਾਂਵਾਂ ਉਪਰ ਸਾਹਿਤ ਅਤੇ ਸੱਭਿਆਚਾਰ ਬਾਰੇ ਆਪਣੇ ਭਾਸ਼ਨਾਂ ਰਾਹੀਂ ਹੋਕਾ ਦੇ ਚੁੱਕਾ ਹਾਂ ਅਤੇ ਕਿਤਾਬਾਂ ਦਾ ਇਹ ਭੰਡਾਰ ਲੈ ਕੇ ਜਾ ਚੁੱਕਾ ਹਾਂ। ਪਹਿਲਾਂ ਇਹ ਕਾਰਜ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਵਿੱਢਿਆ ਗਿਆ ਸੀ, ਜੋ ਮੇਰੇ ਭਾਗਾਂ ਨਾ਼ਲ ਹੀ ਜੁੜ ਗਿਆ ਹੈ। ਪੰਜਾਬ ਦੇ ਚੋਟੀ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਮੈਂ ਹਜ਼ਾਰਾਂ ਹੀ ਪਾਠਕਾਂ ਤੱਕ ਲਿਜਾ ਚੁੱਕਾ ਹਾਂ, ਪਰ ਇਕਾ-ਦੁੱਕਾ ਸਾਹਿਤ ਸਭਾਵਾਂ ਨੂੰ ਛੱਡ ਕੇ ਮੇਰੀ ਕਿਸੇ ਨੇ ਹੌਸਲਾ-ਅਫ਼ਜ਼ਾਈ ਨਹੀਂ ਕੀਤੀ। ਇਸ ਸਮੇਂ ਮੈਂ ਕਾਫ਼ੀ ਸਾਰਾ ਬਾਲ ਸਾਹਿਤ ਵੀ ਲਿਖਿਆ ਹੈ। ਪਿੰਡਾਂ ਦੇ ਵਿਦਿਆਰਥੀਆਂ ਦੀ ਆਰਥਿਕ ਹਾਲਤ ਨੂੰ ਧਿਆਨ ਵਿਚ ਰੱਖਦਿਆਂ, ਪੰਜ ਪੰਜ, ਦਸ ਦਸ ਰੁਪਏ ਦੀਆਂ ਬਹੁਤ ਹੀ ਸਸਤੀਆਂ ਪੁਸਤਕਾਂ ਪੇਂਡੂ ਬਾਲਾਂ ਦੇ ਹੱਥਾਂ ਵਿਚ ਦੇਣ ਦਾ ਯਤਨ ਕੀਤਾ ਹੈ। ਅੱਜ ਮਿਤੀ 2 ਜੂਨ 2014 ਨੂੰ ਜਦ ਮੈਂ ਇਹ ਸਤਰਾਂ ਲਿਖ ਰਿਹਾ

ਹਾਂ, ਮੇਰੀ ਉਮਰ ਤਿਹੱਤਰ ਸਾਲ ਅਤੇ ਪੰਜ ਮਹੀਨੇ ਹੋ ਗਈ ਹੈ, ਤਾਂ ਵੀ ਗੱਡੀ ਆਪ ਹੀ ਚਲਾਉਂਦਾ ਹਾਂ। ਜੋ ਵੀ ਮੁਲਾਜ਼ਮ ਰੱਖੇ, ਚਾਹੇ ਰਿਸ਼ਤੇਦਾਰ ਵੀ ਰੱਖੇ ਧੋਖੇਬਾਜ਼ ਨਿਕਲ਼ੇ, ਵਿਸ਼ਵਾਸਘਾਤ ਹੀ ਕੀਤਾ। ਕਿਸ ਉਪਰ ਵਿਸ਼ਵਾਸ ਕੀਤਾ ਜਾਵੇ? ਇਕ ਜਣਾ ਤਾਂ ਅਗਾਊਂ ਤਨਖ਼ਾਹ ਵੀ ਲੈ ਗਿਆ ਤੇ ਜਾਂਦਾ ਹੋਇਆ ਸਾਈਕਲ ਵੀ ਲੈ ਗਿਆ। ਪਤਾ ਹੀ ਨਹੀਂ ਕਿੱਧਰ ਛਿਪਨ ਹੋ ਗਿਆ? ਪੈਸਾ ਸਾਮ੍ਹਣੇ ਦੇਖ ਕੇ ਲਲਚਾ ਜਾਣਾ ਮਨੁੱਖੀ ਫਿਤਰਤ ਹੀ ਮੰਨੀ ਜਾ ਸਕਦੀ ਹੈ। ਮੈਨੂੰ ਆਪਣੇ ਜਾਣੂ-ਪਛਾਣੂ ਸਕੂਲਾਂ ਕਾਲਿਜਾਂ ਦੇ ਅਧਿਆਪਕਾਂ ਉਪਰ ਮਾਣ ਹੈ ਜੋ ਬਹੁਤ ਹੀ ਸਹਿਯੋਗੀ ਸਾਬਤ ਹੋ ਰਹੇ ਹਨ। ਕਈ ਥਾਂਈਂ ਤਾਂ ਮੈਨੂੰ ਦਫ਼ਤਰ ਵਿਚ ਬਿਠਾ ਦਿੱਤਾ ਜਾਂਦਾ ਹੈ, ਸਾਰਾ ਕੰਮ ਵਿਦਿਆਰਥੀ ਅਤੇ ਅਧਿਆਪਕ ਆਪ ਹੀ ਕਰਦੇ ਹਨ। ਆਪੇ ਕਿਤਾਬਾਂ ਕੱਢਣੀਆਂ, ਮੇਜ਼ਾਂ 'ਤੇ ਲਾਉਣੀਆਂ ਤੇ ਵਿਕਰੀ ਕਰਨੀ। ਮੈਨੂੰ ਇਸ ਤਰ੍ਹਾਂ ਦੇ ਵਰਤਾਉ ਉਪਰ ਮਾਣ ਹੋਣਾ ਹੀ ਚਾਹੀਦਾ ਹੈ।

ਅਸੀਂ ਹੁਣ ਤਕ ਇਹੋ ਕਹਿੰਦੇ ਆਏ ਹਾਂ, ਦੇਸ ਦਾ ਭਵਿੱਖ ਸਾਡੀ ਜੁਆਨੀ ਹੈ। ਹੁਣ ਤੁਸੀਂ ਆਪ ਹੀ ਵੇਖੋ, ਜੁਆਨੀ ਨੂੰ ਬੇ-ਰੁਜ਼ਗਾਰ ਰੱਖ ਕੇ ਕਿਸ ਕਿਸਮ ਦੇ ਭਵਿੱਖ ਦੀ ਰਚਨਾ ਕੀਤੀ ਜਾ ਰਹੀ ਹੈ। ਜੁਆਨੀ ਦਾ ਭਵਿੱਖ ਸ਼ਾਹ ਕਾਲ਼ਾ ਕੀਤਾ ਜਾ ਚੁੱਕਾ ਹੈ। ਇਕ ਬੁੱਧੀਜੀਵੀ ਫੂਕੋ ਜਾਮਾ ਨੇ ਐਲਾਨ ਕੀਤਾ ਹੈ ਕਿ ਇਤਿਹਾਸ, ਗਿਆਨ ਅਤੇ ਵਿਚਾਰ ਅੱਜ ਦੇ ਗਲੋਬਲੀ ਸੰਸਾਰ ਵਿਚ ਮਰ ਚੁੱਕੇ ਹਨ। ਹੁਣ ਇਨ੍ਹਾਂ ਤੋਂ ਕੋਈ ਸੇਧ ਨਹੀਂ ਲਈ ਜਾ ਸਕਦੀ। ਸਿਰਫ਼ ਤੇ ਸਿਰਫ਼ ਬਾਜ਼ਾਰ ਹੀ ਇਕੋ ਇਕ ਜਿਉਂਦੀ ਸ਼ਕਤੀ ਰਹਿ ਗਈ ਹੈ। ਸੋ ਖਾਉ-ਪੀਉ ਐਸ਼ ਕਰੋ ਦੇ ਦੌਰ ਵਿਚ ਧੱਕਿਆ ਜਾ ਰਿਹਾ ਹੈ, ਸੰਸਾਰ। ਜੁਆਨੀ ਕੋ਼ਲ ਸੂਚਨਾ ਢੇਰਾਂ ਦੇ ਢੇਰ ਹੈ, ਪਰ ਗਿਆਨ ਤੋਂ ਕੋਰੀ ਜੁਆਨੀ ਸੂਚਨਾ ਦੇ ਚਿੱਕੜ ਵਿਚ ਧਸੀ ਨਸ਼ਿਆਂ ਦੀ ਮਾਰ ਝੱਲ ਰਹੀ ਹੈ। ਹਾਕਮ ਜਮਾਤਾਂ ਮਹਿਲ ਕਲਾਂ, ਫਰੀਦਕੋਟ ਦੇ ਸ਼ਰੁਤੀ ਕਾਂਡ ਵਰਤਾਉਣ ਲਈ ਨਿਸ਼ਾਨ ਵਰਗਿਆਂ ਦੇ ਗੁੰਡਾ ਗਰੋਹਾਂ ਨੂੰ ਹੱਲਾ-ਸ਼ੇਰੀ ਦੇਣ ਦੇ ਰਾਹ ਤੁਰੀਆਂ ਹੋਈਆਂ ਹਨ। ਪ੍ਰਤੱਖ ਹੈ ਕਿ ਜੇ ਲੋਕ ਮੋਰਚਾ ਅਤੇ ਬੀ. ਕੇ. ਯੂ. ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਆਦਿ ਜਥੇਬੰਦੀਆਂ ਅੱਗੇ ਨਾ ਆਉਂਦੀਆਂ ਤਾਂ ਗਰਭ ਅਵਸਥਾ ਦੀ ਹਾਲਤ ਵਿਚ ਸ਼ਰੁਤੀ ਨੂੰ ਆਕਲੀਆਂ ਦੀ ਅਗਵਾਈ ਵਾਲੀ ਸਰਕਾਰ ਦੇ ਪੰਜੇ ਤੋਂ ਮੁਕਤ ਨਹੀਂ ਸੀ ਕਰਵਾਇਆ ਜਾ ਸਕਣਾ। 24 ਜਨਵਰੀ ਨੂੰ ਮੁਕਤਸਰ ਦੇ ਪਿੰਡ ਗੰਧੜ ਦੀ 13 ਸਾਲਾ ਮਾਸੂਮ ਬੱਚੀ ਨਾ਼ਲ ਜੋ ਕੁੱਝ ਵਾਪਰਿਆ ਹੈ, ਜੱਗ ਜ਼ਾਹਰ ਹੈ ਪਰ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਇਹ 'ਪੰਥਕ' ਸਰਕਾਰ ਕੁੜੀ ਦੇ ਮਾਪਿਆਂ ਅਤੇ ਸਮਰਥਕਾਂ ਨੂੰ ਫੜ ਕੇ ਅੰਦਰ ਕਰ ਰਹੀ ਹੈ। ਅੰਮ੍ਰਿਤਸਰ ਵਿਚ ਪਿਛਲੇ ਸਾਲ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਸਕੱਤਰ ਰਾਣਾ ਹੱਥੋਂ, ਜਿਸ ਤਰ੍ਹਾਂ ਇਕ ਥਾਣੇਦਾਰ ਨੂੰ ਆਪਣੀ ਬੱਚੀ ਦੀ ਖ਼ਾਤਰ ਜਾਨ ਤੋਂ ਹੱਥ ਧੋਣੇ ਪਏ, ਤੇ ਜਿਸ ਤਰ੍ਹਾਂ ਉਸ ਕਾਂਡ ਵਿਚ ਕਿਸੇ ਮੰਤਰੀ ਤਕ ਦਾ ਨਾਂ ਬੋਲਦਾ ਰਿਹਾ ਹੈ- ਮੇਰੇ ਸਰੋਕਾਰਾਂ ਤੇ ਚਿੰਤਾ ਦਾ ਵਿਸ਼ਾ ਹੈ।

ਅਸੀਂ ਇਕ ਹੋਰ ਵੱਡੇ ਦੁਖਾਂਤ 'ਚੋਂ ਗੁਜ਼ਰ ਰਹੇ ਹਾਂ- ਉਹ ਹੈ ਸਿੱਖਿਆ ਦਾ ਅਧਿਕਾਰ। ਆਜ਼ਾਦੀ ਦੇ ਸਾਢੇ ਛੇ ਦਹਾਕੇ ਬੀਤ ਜਾਣ 'ਤੇ ਸਰਕਾਰਾਂ ਨੂੰ ਹੁਣੇ ਕਿਵੇਂ ਜਾਗ ਆ ਗਈ ਕਿ ਛੇ ਸਾਲ ਤੋਂ ਲੈ ਕੇ ਬਾਰਾਂ ਸਾਲ ਦੇ ਕੁੱਲ ਬੱਚਿਆਂ ਨੂੰ ਪੜ੍ਹਨ ਲਿਖਣ ਦੇ ਯੋਗ ਬਣਾਉਣਾ ਹੈ। ਇਹ ਸਰਕਾਰਾਂ ਦਾ ਬਹੁਤ ਹੋਛੀ ਕਿਸਮ ਦਾ ਨਾਟਕ ਹੈ, ਕੋਝਾ ਮਜ਼ਾਕ ਹੈ। ਸਰਕਾਰਾਂ ਕਿਸੇ ਗ਼ਰੀਬ ਨੂੰ 'ਸਿੱਖਿਆ ਦਾ ਅਧਿਕਾਰ' ਦੇ ਕੇ ਵੀ ਸਿੱਖਿਆ ਦੇਣ ਲਈ ਤਿਆਰ ਨਹੀਂ। ਇਸ ਤੋਂ ਹੁਸੀਨ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਸਾਰੇ ਹੀ ਛੇ ਸਾਲ ਦੇ

ਬੱਚਿਆਂ ਨੂੰ ਸਕੂਲ ਵਿਚ ਦਾਖ਼ਲ ਕਰੋ। ਸਕੂਲ ਆਉਣ ਜਾਂ ਨਾ ਆਉਣ, ਸਕੂਲ ਵਿਚ ਆ ਕੇ ਪੜ੍ਹਨ ਜਾਂ ਨਾ ਪੜ੍ਹਨ, ਉਨ੍ਹਾਂ ਨੂੰ ਫੇਲ੍ਹ ਨਹੀਂ ਕਰਨਾ। ਅੱਠਵੀਂ ਤਕ ਲਾਜ਼ਮੀ ਸਿੱਖਿਅਤ ਕਰਨਾ ਹੈ। ਕੀ ਇਹੋ ਹੈ ਸਿੱਖਿਆ ਦੇ ਅਧਿਕਾਰ ਦਾ ਮੂੰਹ ਮੱਥਾ। ਸਕੂਲ ਵਿਚ ਮਿੱਡ ਡੇ ਮੀਲ ਦੀ ਸਕੀਮ ਸ਼ੁਰੂ ਕੀਤੀ ਹੈ। ਸਰਕਾਰੀ ਸਕੂਲਾਂ ਦੇ ਅੱਠਵੀਂ ਤਕ ਦੇ ਕੁੱਲ ਬੱਚੇ ਸਰਕਾਰੀ ਰਾਸ਼ਨ ਵਿਚੋਂ ਦੁਪਹਿਰ ਦਾ ਖਾਣਾ ਸਕੂਲ ਵਿਚ ਖਾਣਗੇ। ਹਾਂ ਇਸ ਲਾਲਚ ਵਿਚ ਗਰੀਬ ਬੱਚੇ ਸਕੂਲ ਵਿਚ ਆਉਣਗੇ ਹੀ। ਬਹੁਤ ਦਿਲ ਲੁਭਾਉਣਾ ਮਾਹੌਲ ਉਸਾਰਿਆ ਗਿਆ ਹੈ ਸਕੂਲਾਂ ਵਿਚ। ਕਿਉਂਕਿ ਸਰਕਾਰੀ ਸਕੂਲਾਂ ਵਿਚ ਗਰੀਬ ਕਿਸਾਨਾਂ ਮਜ਼ਦੂਰਾਂ ਦੇ ਬੱਚੇ ਹੀ ਪੜ੍ਹਨ ਆਉਣਗੇ, ਉਨ੍ਹਾਂ ਨੂੰ ਲੁਭਾਉਣੇ ਲਾਰੇ ਪਰੋਸ ਕੇ ਉਲਝਾਈ ਰੱਖੋ। ਜਿੱਥੋਂ ਤਕ ਬੋਲੀ ਦਾ ਸੁਆਲ ਹੈ, ਇਸ ਦੇ ਸਿਰ 'ਤੇ ਬਹੁਤ ਵੱਡਾ ਖ਼ਤਰਾ ਤਾਂ ਮੰਡਲਾ ਹੀ ਰਿਹਾ ਹੈ। ਬਹੁਤੇ ਲੋਕਾਂ ਦੇ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਦੇ ਮਾਡਲ ਸਕੂਲਾਂ ਵਿਚ ਪੜ੍ਹਦੇ ਹਨ ਜੋ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਗਰੀਬ ਕਿਸਾਨਾਂ-ਮਜ਼ਦੂਰਾਂ ਦੇ ਬੱਚਿਆਂ ਨੂੰ ਬੇਗ਼ਾਨਗੀ ਨਾਲ਼ ਹੀ ਪੇਸ਼ ਆਉਂਦੇ ਹਨ। ਪੰਜਾਬ ਦੇ ਧੀਆਂ ਪੁੱਤ ਅੰਗਰੇਜ਼ੀ ਚਰਦੇ ਹਨ, ਜਦੋਂ ਕਿ ਰੋਟੀ-ਰੋਜ਼ੀ ਲਈ ਆਏ ਪੂਰਬੀ ਭਾਈਚਾਰੇ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਗੁਰਮੁਖੀ ਸਿੱਖ ਰਹੇ ਹਨ। ਸਿੱਖਿਆ ਦੇ ਨਿਘਾਰ ਦੀ ਇਸ ਤੋਂ ਸੁਹਣੀ ਤਸਵੀਰ ਹੋਰ ਕੀ ਹੋ ਸਕਦੀ ਹੈ। ਇਹੋ ਜਿਹੀ ਤ੍ਰਾਸਦਕ ਹਾਲਤ ਦੀਆਂ ਮੁੱਖ ਜ਼ੁਮੇਵਾਰ ਸਰਕਾਰੀ ਨੀਤੀਆਂ ਹਨ। ਅਧਿਆਪਕ ਵਰਗ ਤੋਂ ਵੱਡੀਆਂ ਆਸਾਂ ਦੀ ਤਵੱਕੋ ਕੀਤੀ ਜਾ ਸਕਦੀ ਹੈ ਪਰ ਉਸਦਾ ਬਹੁਤਾ ਹਿੱਸਾ ਆਪਣੇ ਅਧਿਆਪਕ ਹੋਣ ਦੇ ਸੰਕਲਪ ਤੋਂ ਹੀ ਕੋਰਾ ਹੈ। ਤੁਹਾਨੂੰ ਬਹੁਤ ਸਾਰੇ ਲੋਕ ਮਿਲ ਜਾਣਗੇ ਜੋ ਵੱਡੀਆਂ ਵੱਡੀਆਂ ਲਗਜ਼ਰੀ ਕਾਰਾਂ 'ਤੇ ਸਕੂਲ ਆਉਂਦੇ ਹਨ, ਜਿਨ੍ਹਾਂ ਨੂੰ ਵਿਦਿਆਰਥੀਆਂ ਦੇ ਸਿਰੋਂ ਪੰਜਾਹ-ਪੰਜਾਹ ਹਜ਼ਾਰ ਤਨਖਾਹਾਂ ਮਿਲ਼ਦੀਆਂ ਹਨ, ਪਰ ਉਹ ਉਨ੍ਹਾਂ ਨਾਲ ਬਿਲਕੱਲ ਵੀ ਇਨਸਾਫ਼ ਨਹੀਂ ਕਰ ਰਹੇ।

ਉਹ ਲੋਕ ਜੋ ਪਬਲਿਕ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਨੂੰ ਆਪਣਾ ਸਟੇਟਸ ਸਿੰਬਲ ਮੰਨਦੇ ਹਾਂ, ਇਸ ਦੋਸ਼ ਦੇ ਭਾਗੀਦਾਰ ਹਨ। ਪੰਜਵੀਂ ਪੰਜਵੀ ਜਮਾਤ ਵਿਚ ਪੜ੍ਹਦੇ ਉਨ੍ਹਾਂ ਦੇ ਬੱਚੇ ਪੰਜਾਬੀ ਪੜ੍ਹ ਨਹੀਂ ਸਕਦੇ। ਇਸ ਤੋਂ ਵੱਡਾ ਦੁਖਾਂਤ ਕੀ ਹੋਵੇਗਾ? ਮਾਡਲ ਦੱਸੇ ਜਾਂਦੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਵਿਚ ਗੱਲ ਕਰਨ 'ਤੇ ਵਿਦਿਆਰਥੀਆਂ ਨੂੰ ਸਜ਼ਾ ਮਿਲ਼ਦੀ ਹੈ। ਘਰ ਵਿਚ ਮਾਪੇ ਅਭਿਆਸ ਕਰਾਉਣ ਲਈ ਅੰਗਰੇਜ਼ੀ ਵਿਚ ਗੱਲ ਕਰਦੇ ਹਨ। ਸੋਚਣ ਦੀ ਲੋੜ ਹੈ। ...ਤੇ ਗਰੀਬਾਂ ਦੇ ਬੱਚੇ ਅੱਠਵੀਂ ਤਕ ਮਿੱਡ ਡੇ ਮੀਲ ਖਾ ਕੇ ਬਿਨਾਂ ਪੜ੍ਹਿਆਂ ਹੀ ਪਾਸ ਹੋ ਕੇ ਤੁਰਦੇ ਹੋਣ। ਸਰਕਾਰਾਂ ਨੇ ਬਹੁਤ ਹੀ ਸੋਚ ਸਮਝ ਕੇ ਗ਼ਰੀਬ ਅਮੀਰ ਦੇ ਇਸ ਪਾੜੇ ਨੂੰ ਹੋਰ ਚੌੜਾ ਕਰਨ ਦੀ ਸਾਜ਼ਿਸ਼ ਰਚੀ ਹੋਈ ਹੈ। ਹੋਰ ਵੀ ਸਿਤਮ ਦੀ ਗੱਲ ਹੈ- ਕਹਿੰਦੇ ਨੇ ਮੌਨਟੇਕ ਸਿੰਘ ਆਹਲੂਵਾਲ਼ੀਆ ਦੇ ਬਾਥਰੂਮ ਦੀ ਮੁਰੰਮਤ ਉਪਰ ਲੱਖਾਂ ਰੁਪਿਆ ਖ਼ਰਚਿਆ ਗਿਆ ਪਰ ਉਹ ਬਿਆਨ ਦਿੰਦਾ ਹੈ ਕਿ ਜੋ ਪਰਿਵਾਰ ਰੋਜ਼ਾਨਾ ਵੀਹ ਰੁਪਏ ਵਿਚ ਗੁਜ਼ਾਰਾ ਕਰ ਰਿਹਾ ਹੈ, ਗਰੀਬ ਨਹੀਂ ਹੈ। ਦੇਖੋ ਮੇਰੇ ਲੇਖਕ ਦੋਸਤੋ ਤੁਹਾਡੇ ਸਾਮ੍ਹਣੇ ਵਿਸ਼ਿਆਂ ਦੇ ਅੰਬਾਰ ਲੱਗੇ ਪਏ ਹਨ। ਐਨਕਾਂ ਵਿਚੋਂ ਤਾਂ ਸੱਚ-ਮੁੱਚ ਹੀ ਕੋਈ ਵਿਸ਼ਾ ਨਹੀਂ ਲੱਭਣਾ। ਮੇਰੀ ਕਹਾਣੀ 'ਰੱਤੀ ਰੱਤੀ ਭਰ' ਕੁਝ ਇਸ ਤਰ੍ਹਾਂ ਦੀ ਗੱਲ ਹੀ ਕਹਿੰਦੀ ਹੈ। ਜੋ ਗ਼ਰੀਬ ਬੱਚੇ ਲੀਹੋਂ ਲੱਥ ਗਏ ਜਾਂ ਲੱਥਣ ਕਿਨਾਰੇ ਖੜ੍ਹੇ ਹਨ, ਉਹਨਾਂ ਦੇ ਵਿਸ਼ੇ ਨੂੰ ਹੀ ਛੋਂਹਦੀ ਹੈ ਇਹ ਕਹਾਣੀ।

ਇਹੋ ਜਿਹੇ ਬਦਲਦੇ ਹਾਲਾਤ ਵਿਚ ਮੈਂ ਕਹਾਣੀ ਤੋਂ ਇਲਾਵਾ ਹੋਰ ਵਿਧਾਵਾਂ ਵੱਲ ਵੀ ਰੁਚਿਤ ਹੋਇਆ ਹਾਂ। ਮੈਨੂੰ ਜਾਪਦਾ ਹੈ ਕਿ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜੋ ਕਹਾਣੀ ਦਾ ਵਿਸ਼ਾ ਨਹੀਂ ਬਣ ਸਕਦੀਆਂ। ਉਨ੍ਹਾਂ ਲਈ ਕਿਸੇ ਹੋਰ ਵਿਧਾ ਦੀ

ਜ਼ਰੂਰਤ ਹੁੰਦੀ ਹੈ। ਬਹੁਤ ਸਾਰੇ ਲੋਕ ਮੇਰੀ ਵਾਰਤਕ ਪੜ੍ਹ ਕੇ ਰਾਇ ਵੀ ਦਿੰਦੇ ਹਨ ਕਿ ਮੈਨੂੰ ਵਾਰਤਕ ਹੀ ਲਿਖਣੀ ਚਾਹੀਦੀ ਹੈ। ਕਹਾਣੀ ਨਾਲ਼ੋਂ ਵਾਰਤਕ ਵਿਚਾਰਮੁਖੀ ਹੋਣ ਕਰਕੇ ਲਿਖਣੀ ਮੁਕਾਬਲਤਨ ਔਖਾ ਕਾਰਜ ਹੈ। ਤਦ ਵੀ ਇਸ ਉਪਰ ਹੱਥ ਅਜ਼ਮਾਇਆ ਹੈ ਤੇ ਸਫ਼ਲ ਹੋਇਆ ਹਾਂ। ਜਦ ਕੋਈ ਰਚਨਾ ਅਨੁਵਾਦ ਦੀ ਮੰਗ ਕਰਦੀ ਹੈ ਤਾਂ ਮੈਂ ਚੰਗੇ ਅਨੁਵਾਦ ਵੀ ਕੀਤੇ ਹਨ। ਹਿੰਦੀ ਅਤੇ ਅੰਗਰੇਜ਼ੀ ਉਪਰ ਮੇਰੀ ਥੋੜ੍ਹੀ ਬਹੁਤੀ ਪਕੜ ਹੈ। ਕਦੇ ਕਦਾਈਂ ਕਵਿਤਾ ਵੀ ਲਿਖਦਾ ਆ ਰਿਹਾ ਹਾਂ। ਖ਼ਪਤਵਾਦੀ ਸੱਭਿਆਚਾਰ ਦੇ ਵਿਸ਼ੇ ਨਾਲ਼ ਸੰਬੰਧਤ ਮੇਰੀ ਪੁਸਤਕ 'ਸੱਭਿਆਚਾਰ ਬਨਾਮ ਖੁੰਬਾਂ ਦੀ ਗੰਦੀ ਨਸਲ' ਨੇ ਬਹੁਤ ਹੀ ਗੂੜ੍ਹਾ ਪ੍ਰਭਾਵ ਛੱਡਿਆ ਹੈ। ਮੇਰੇ ਵੱਲੋਂ ਵੱਖ ਵੱਖ ਥਾਂਵਾਂ 'ਤੇ ਕੀਤੇ ਗਏ ਭਾਸ਼ਨਾਂ, ਛਪੇ ਲੇਖਾਂ ਜਾਂ ਮੇਰੇ ਹੁਣ ਤਕ ਦੇ ਜੀਵਨ ਤਜਰਬਿਆਂ 'ਚੋਂ ਉਪਜੀ ਰਚਨਾ-'ਸੱਭਿਆਚਾਰ, ਉਤਪਤੀ ਅਤੇ ਵਿਕਾਸ' ਛਪਣ ਕਿਨਾਰੇ ਹੈ। ਸੱਭਿਆਚਾਰ ਨੂੰ ਮਨੁੱਖੀ ਹੱਥਾਂ ਦੀ ਕਿਰਤ ਨਾਲ਼ ਜੋੜ ਕੇ ਮੈਂ ਜੋ ਤਿੰਨ ਤਰ੍ਹਾਂ ਦੇ ਸੱਭਿਆਚਾਰ ਦੀ ਵਿਆਖਿਆ ਦੇਣ ਦਾ ਯਤਨ ਕੀਤਾ, ਮੇਰੀ ਸਾਰਥਕ ਕਮਾਈ ਸਿੱਧ ਹੋਵੇਗੀ। ਮੈਂ ਇਸ ਪੁਸਤਕ ਦੇ ਵਿਸ਼ੇ ਵਸਤੂ ਨਾਲ਼ ਸੰਸਾਰ ਦ੍ਰਿਸ਼ਟੀਕੋਣ ਜਾਂ ਪਦਾਰਥਵਾਦੀ ਨਜ਼ਰੀਏ ਤੋਂ ਲਿਖਣ ਦਾ ਯਤਨ ਕੀਤਾ ਹੈ। ਮੈਂ ਸਮਝਦਾ ਹਾਂ ਕਿ ਜਦ ਮਨੁੱਖ ਨੇ ਆਪਣੇ ਹੱਥਾਂ ਦੀ ਵਰਤੋਂ ਕਰਨ ਦੀ ਜਾਚ ਸਿੱਖ ਲਈ ਤਾਂ ਉਸ ਨੇ ਤਿੰਨ ਤਰ੍ਹਾਂ ਦਾ ਸੱਭਿਆਚਾਰ ਸਿਰਜਿਆ ਹੈ। ਪਹਿਲੀ ਕਿਸਮ ਹੈ ਸ਼ਿਲਪ ਸੱਭਿਆਚਾਰ ਭਾਵ ਚੀਜ਼ਾਂ ਜੋ ਸਿਰਫ਼ ਕਿਸਾਨ ਤੇ ਕਾਰੀਗਰ ਅਰਥਾਤ ਮਜ਼ਦੂਰ ਦੇ ਹੱਥਾਂ ਦੀ ਸਿਰਜਣਾ ਹੈ।

ਦੋ ਕਹਾਣੀ ਸੰਗ੍ਰਹਿ ਇਸ ਸਾਲ ਵਿਚ ਪਾਠਕਾਂ ਦੇ ਹੱਥਾਂ ਵਿਚ ਹੋਣਗੇ-'ਕੰਧਾਂ 'ਤੇ ਲਿਖੀ ਇਬਾਰਤ' ਅਤੇ 'ਅੰਦਰਲੀ ਔਰਤ।' ਅੰਦਰਲੀ ਔਰਤ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਔਰਤ ਸੰਬੰਧਾਂ ਦੀਆਂ ਕਹਾਣੀਆਂ ਹੀ ਹਨ। ਮੈਂ ਸਾਮੰਤੀ ਸਮਾਜਕ ਤਾਣੇ-ਬਾਣੇ ਨੂੰ ਛੁਹਿਆ ਹੈ, ਜਿਸ ਵਿਚ ਔਰਤ ਇਕ ਤਰ੍ਹਾਂ ਉਪਭੋਗੀ ਵਸਤੂ ਬਣਾ ਧਰੀ ਹੈ। ਮਰਦ ਪ੍ਰਧਾਨ ਸਮਾਜ ਵਿਚ ਉਸ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਜਾ ਰਿਹਾ। ਕੁੱਝ ਕੁ ਲੋਕ ਹਨ ਜੋ ਰਿਸ਼ਤਿਆਂ ਨੂੰ ਨਵੇਂ ਆਯਾਮ ਦੇ ਰਹੇ ਹਨ। ਉਨ੍ਹਾਂ ਨਵੇਂ ਰੁਝਾਨਾਂ ਨੂੰ ਜੀਉ ਆਇਆਂ ਨੂੰ।

ਸਾਲ 2000 ਵਿਚ ਮੈਂ ਪੰਜਾਬ ਲੋਕ ਸੱਭਿਆਚਾਰ ਮੰਚ ਦਾ ਪ੍ਰਧਾਨ ਚੁਣ ਲਿਆ ਗਿਆ ਸਾਂ। ਕੁਝ ਸਮਾਂ ਮੈਂ ਪੰਜਾਬੀ ਸਾਹਿਤ ਸਭਾ ਦਿੱਲੀ ਵਾਲ਼ੀ ਕਿਤਾਬਾਂ ਵਾਲ਼ੀ ਬੱਸ ਨੂੰ ਪੰਜਾਬ ਵਿਚ ਲੈ ਲੈ ਕੇ ਵੀ ਜਾਂਦਾ ਰਿਹਾ ਹਾਂ। ਚੰਗੇ ਸਿੱਟੇ ਕੱਢੇ ਹਨ। ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ। ਚਲਦੇ ਚਲਦੇ ਮੈਂ ਭਾਅ ਗੁਰਸ਼ਰਨ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਬਲਰਾਜ ਸਾਹਨੀ ਪ੍ਰਕਾਸ਼ਨ ਨੂੰ ਮੁੜ ਸੁਰਜੀਤ ਕੀਤਾ ਜਾਵੇ। ਮੈਂ ਉਹ ਕਾਰਜ ਆਪਣੇ ਜ਼ਿੰਮੇ ਲੈਣ ਦੀ ਹਾਮੀ ਓਟ ਦਿੱਤੀ। ਤਕਰੀਬਨ ਸਾਢੇ ਚਾਰ ਲੱਖ ਆਪਣੀ ਪੈਨਸ਼ਿਨ ਵਿਚੋਂ ਲਾ ਕੇ ਇਕ ਗੱਡੀ ਖ਼ਰੀਦ ਲਈ। ਢਾਈ ਤਿੰਨ ਲੱਖ ਕਿਤਾਬਾਂ ਵਿਚ ਪਾ ਦਿੱਤਾ। ਮਾਰਚ 2014 ਤੱਕ ਮੈਂ ਪੰਜਾਬ ਦੇ ਸਕੂਲਾਂ, ਕਾਲਿਜਾਂ ਅਤੇ ਜਨਤਕ ਥਾਂਵਾਂ ਉਪਰ, ਮੇਰੇ ਹਿਸਾਬ ਨਾਲ਼ 2125 ਥਾਂਈਂ, ਸੱਭਿਆਚਾਰ, ਇਤਿਹਾਸ, ਗਿਆਨ ਅਤੇ ਵਿਚਾਰ ਨਾਲ਼ ਜੁੜਨ ਦਾ ਹੋਕਾ ਦੇ ਚੁੱਕਾ ਹਾਂ। ਲੱਖਾਂ ਰੁਪਿਆਂ ਦੀਆਂ ਉਸਾਰੂ ਕਿਤਾਬਾਂ ਲੋਕਾਂ ਤਕ ਗਈਆਂ ਹਨ। ਭਾਅ ਜੀ ਨੇ ਆਪਣਾ ਪ੍ਰਕਾਸ਼ਨ ਮੈਨੂੰ ਸੌਂਪ ਦਿੱਤਾ ਸੀ ਤੇ ਹੁਣ ਮੇਰਾ ਇਕੋ-ਇਕ ਅਕੀਦਾ ਵਿਦਿਆਰਥੀ ਵਰਗ ਨੂੰ ਪੁਸਤਕ ਸੱਭਿਆਚਾਰ ਨਾਲ਼ ਜੋੜਨਾ ਹੈ।

ਇਸ ਵੇਲੇ ਸਾਡਾ ਨੌਜੁਆਨ ਵਰਗ ਉਦਾਸੀਨਤਾ ਅਤੇ ਭਟਕਣ ਦਾ ਸ਼ਿਕਾਰ ਹੋ ਚੁੱਕਾ ਹੈ। ਗੰਦੇ ਗੀਤ, ਘਟੀਆ ਫਿਲਮਾਂ, ਮੁਬਾਈਲ ਫ਼ੋਨ ਤੇ ਨੈੱਟ ਦੀ ਦੁਰਵਰਤੋਂ, ਨਸ਼ੇ ਅਤੇ

ਅਪਰਾਧ-ਜਗਤ ਆਦਿ ਦੀ ਭਿਆਨਕ ਮਾਰ ਝੱਲ ਰਿਹਾ ਹੈ ਸਾਡਾ ਨੌਜੁਆਨ ਵਰਗ। ਉਸ ਨੂੰ ਸੰਭਾਲਣ ਦੀ ਸਖ਼ਤ ਲੋੜ ਹੈ। ਤੇ ਮੈਂ ਜਿੱਧਰੋਂ ਹਵਾ ਆ ਰਹੀ ਹੈ, ਉਧਰ ਨੂੰ ਮੂੰਹ ਕਰ ਕੇ ਮਾਰੋ ਮਾਰ ਕਰਦੀ ਹਨੇਰੀ ਦੇ ਮੂਹਰੇ ਹਿੱਕ ਡਾਹ ਕੇ ਤੁਰ ਰਿਹਾ ਹਾਂ। ਇਸ ਯੋਜਨਾ ਵਿਚੋਂ ਜੋ ਪੈਸਾ ਬਚਦਾ ਹੈ, ਉਹ ਗੱਡੀ ਨੂੰ ਚਲਦੀ ਰੱਖਣ ਅਤੇ ਨਵੀਂਆਂ ਕਿਤਾਬਾਂ ਛਾਪਣ ਉਪਰ ਖ਼ਰਚ ਕਰ ਰਿਹਾ ਹਾਂ। ਮੈਂ ਵਿਦਿਆਰਥੀਆਂ ਨਾਲ਼ ਵਾਹਦਾ ਕੀਤਾ ਹੈ ਕਿ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਵਿਚੋਂ ਇਕ ਵੀ ਪੈਸਾ ਮੇਰੀ ਘਰ ਦੀ ਕਬੀਲਦਾਰੀ ਵਿਚ ਨਹੀਂ ਲੱਗੇਗਾ। ਇਸੇ ਲਈ ਮੈਂ ਛੋਟੇ ਬੱਚਿਆਂ ਲਈ ਆਪਣੀਆਂ ਲਿਖੀਆਂ,ਪੰਜ ਪੰਜ ਰੁਪਏ ਵਾਲ਼ੀਆਂ ਕਿਤਾਬਾਂ ਲੈ ਕੇ ਸਕੂਲਾਂ ਵਿਚ ਜਾਂਦਾ ਹਾਂ, ਤਾਂ ਜੁ ਸਾਡੇ ਬੱਚੇ ਪੁਸਤਕ ਸੱਭਿਆਚਾਰ ਨਾਲ਼ ਜੁੜਨ। ਆਪਣੀ ਮਕਬੂਲ ਹੋਈ ਸਵੈ ਜੀਵਨੀ 'ਅੱਕ ਦਾ ਦੁੱਧ' ਤੋਂ ਇਲਾਵਾ 'ਦੁਰਗਾ ਭਾਬੀ' ਦੀ ਜੀਵਨੀ ਅਤੇ ਭਗਤ ਸਿੰਘ ਬਾਰੇ ਪੁਸਤਕ 'ਕਿਹੋ ਜਿਹਾ ਸੀ ਸਾਡਾ ਭਗਤ ਸਿੰਘ?' ਆਦਿ ਉਪਰ ਵੀ ਕਲਮ ਅਜ਼ਮਾਈ ਕੀਤੀ ਹੈ। ਕਈ ਪੁਸਤਕਾਂ ਸੰਪਾਦਤ ਵੀ ਕੀਤੀਆਂ ਜਿਨ੍ਹਾਂ ਵਿਚ ਤਿੰਨ ਭਾਗਾਂ ਵਿਚ ਸੱਤਰਵਿਆਂ ਵਿਚ ਛਪਦੇ ਰਸਾਲੇ 'ਹੇਮ ਜਯੋਤੀ' ਦੀ ਵਾਰਤਕ ਸਮੇਟਣ ਦਾ ਯਤਨ ਕੀਤਾ ਹੈ। ਮੈਨੂੰ ਸਕੂਲਾਂ ਵਿਚੋਂ ਚੰਗਾ ਹੀ ਨਹੀਂ ਬਹੁਤ ਹੀ ਵਧੀਆ ਹੁੰਘਾਰਾ ਮਿਲ਼ਿਆ ਹੈ।

ਹੁਣ ਸਕੂਲਾਂ ਦੀਆਂ ਲਾਇਬਰੇਰੀਆਂ ਨੂੰ ਸੰਭਾਲਣ ਦੀ ਵੀ ਲਹਿਰ ਚੱਲੀ ਹੈ। ਦੋ ਕੁ ਸਾਲਾਂ ਤੋਂ ਲਾਇਬਰੇਰੀਆਂ ਵਾਸਤੇ ਗ੍ਰਾਂਟਾਂ ਜਾਰੀ ਹੋਈਆਂ ਹਨ। ਇਹ ਚੰਗਾ ਰੁਝਾਨ ਹੈ। ਅਧਿਆਪਕਾਂ ਦਾ ਫ਼ਰਜ਼ ਬਣਦਾ ਹੈ ਕਿ ਆਪ ਵੀ ਪੁਸਤਕ ਸੱਭਿਆਚਾਰ ਨਾਲ਼ ਜੁੜਨ ਅਤੇ ਵਿਦਿਆਰਥੀਆਂ ਨੂੰ ਵੀ ਜੋੜਨ। ਗਿਆਨ ਹਾਸਲ ਕੀਤੇ ਬਗ਼ੈਰ, ਆਪਣੇ ਇਤਿਹਾਸਕ ਵਿਰਸੇ ਦੀ ਜਾਣਕਾਰੀ ਬਗ਼ੈਰ, ਸਰਨਾ ਨਹੀਂ। ਖਾ ਪੀ ਕੇ ਮਰਨ ਵਾਲ਼ੀ ਗੱਲ ਤਾਂ ਪਸ਼ੂ ਪੰਛੀ ਵੀ ਕਰਦੇ ਆ ਰਹੇ ਹਨ। ਮਨੁੱਖ ਕਿਹੜੀਆਂ ਗੱਲਾਂ ਕਰ ਕੇ ਪਸ਼ੂਆਂ-ਪੰਛੀਆਂ ਨਾਲ਼ੋਂ ਭਿੰਨ ਹੈ, ਪਛਾਣਨ ਦੀ ਜ਼ਰੂਰਤ ਹੈ। ਮੈਨੂੰ ਮੇਰੇ ਪ੍ਰਸੰਸਕ ਦੋਸਤ ਆਮ ਹੀ ਪੁੱਛਦੇ ਹਨ ਕਿ ਨਵਾਂ ਕੀ ਲਿਖਿਆ ਹੈ? ਕਾਫ਼ੀ ਸਮੇਂ ਤੋਂ ਖੜੋਤ ਵਰਗਾ ਮਾਹੌਲ ਬਣਿਆ ਰਿਹਾ ਹੈ। ਮੈਂ ਵੇਖਿਆ ਹੈ ਕਿ ਜਿਹੜੀਆਂ ਗੱਲਾਂ ਰਚਨਾ ਦਾ ਹਿੱਸਾ ਬਣਨੀਆਂ ਸਨ, ਉਹ ਤੁਸੀਂ ਸਟੇਜ ਉਪਰ ਕਹਿ ਦਿੱਤੀਆਂ ਤਾਂ ਉਹ ਗੱਲਾਂ ਕਹਾਣੀ ਦਾ ਹਿੱਸਾ ਬਣਨ ਤੋਂ ਰਹਿ ਜਾਂਦੀਆਂ, ਕਿਉਂਕਿ ਤੁਸੀਂ ਤਣਾਅ ਮੁਕਤ ਹੋ ਜਾਂਦੇ ਹੋ। ਲਿਖਣ ਵੇਲ਼ੇ ਉਹ ਸ਼ਿਦਤ ਨਹੀਂ ਰਹਿੰਦੀ। ਉਹ ਤਰਜਬੇ ਅਤੇ ਅਨੁਭਵ ਭਾਵੇਂ ਮੇਰੀ ਵਾਰਤਕ ਦਾ ਹਿੱਸਾ ਬਣੇ ਹਨ। ਅਸਲ ਵਿਚ ਵਾਰਤਕ ਵੱਲ ਮੁੜਨ ਦਾ ਇਕ ਇਹ ਕਾਰਨ ਵੀ ਰਿਹਾ ਹੈ। ਫਿਰ ਵੀ ਮੈਂ ਗਾਹੇ-ਬ-ਗਾਹੇ ਕਲਮ ਚੁੱਕਦਾ ਆ ਰਿਹਾ ਹਾਂ। ਤਾਂ ਵੀ ਮੈਂ ਇਨ੍ਹਾਂ ਦਿਨਾਂ ਵਿਚ ਕੁਝ ਕੁ ਚਰਚਾ ਯੋਗ ਕਹਾਣੀਆਂ ਲਿਖ ਸਕਿਆਂ ਹਾਂ। ਅੱਡ ਅੱਡ ਪਰਚਿਆਂ ਵਿਚ ਛਪੀਆਂ ਵੀ ਹਨ। ਪਰ ਮੇਰੇ ਇਸ ਰੁਝੇਵੇਂ ਨੇ ਮੇਰੀ ਕਲਾਤਮਕਤਾ ਉਪਰ ਵੀ ਪ੍ਰਭਾਵ ਪਾਇਆ ਹੈ। ਬੱਸ ਇਹ ਸਕੂਨ ਹੈ ਕਿ ਮੈਂ ਜ਼ਿੰਦਗੀ ਨਾਲ਼ ਆਪਣੀ ਪ੍ਰਤੀਬੱਧਤਾ ਨਿਭਾਅ ਰਿਹਾ ਹਾਂ। ਘਰ ਵਿਚੋਂ ਜੋ ਰਾਹਤ ਮਿਲ਼ਣੀ ਚਾਹੀਦੀ ਹੈ, ਉਹ ਤਾਂ ਮੇਰੀ ਕਿਸਮਤ ਵਿਚ ਹੈ ਹੀ ਨਹੀਂ। ਲੋਕਾਂ ਵਿਚ ਵਿਚਰਦਿਆਂ ਜੋ ਕੁੱਝ ਹਾਸਲ ਹੁੰਦਾ ਹੈ, ਉਹ ਮੈਨੂੰ ਹੋਰ ਮਜ਼ਬੂਤੀ ਨਾਲ਼ ਜਿਉਣ ਦੀ ਪ੍ਰੇਰਨਾ ਤੇ ਸ਼ਕਤੀ ਦਿੰਦਾ ਹੈ। ਬੱਸ ਆਪ ਹੀ ਡਰਾਈਵ ਕਰਦਾ ਹਾਂ ਤੇ ਅੰਦਰੋਂ ਤਮੰਨਾ ਹੈ ਕਿ ਜੇ ਮੌਤ ਆਉਣੀ ਹੀ ਹੈ, ਜੋ ਕਿ ਅਟੱਲ ਹੈ ਤਾਂ ਤੁਰਦਿਆਂ ਫਿਰਦਿਆਂ ਸਮਾਜ ਵਿਚ ਵਿਚਰਦਿਆਂ, ਸਾਹਿਤ ਅਤੇ ਮਾਂ ਬੋਲੀ ਦੀ ਸੇਵਾ ਕਰਦਿਆਂ ਹੀ ਗਲ਼ੇ ਲੱਗੇ, ਮਹਿਬੂਬਾ ਦੀ ਤਰ੍ਹਾਂ, ਫਿਰ ਮਰਨ ਦਾ ਵੀ ਸੁਆਦ ਆ ਜਾਵੇ।

ਸੋਵੀਅਤ ਸੰਘ ਦੇ ਖ਼ਾਤਮੇ ਤੋਂ ਬਾਅਦ ਪੂੰਜੀਵਾਦੀ ਸਾਮਰਾਜੀ ਮੁਲਕਾਂ ਖ਼ਾਸ

ਕਰਕੇ ਅਮਰੀਕਾ ਨੇ ਵਿਕਾਸਸ਼ੀਲ ਮੁਲਕਾਂ ਵਿਚ ਜਿਸ ਤਰ੍ਹਾਂ ਦੇ ਵਿਕਾਸ ਦਾ ਮਾਡਲ ਦੁਨੀਆਂ ਦੇ ਅੱਗੇ ਪਰੋਸਿਆ ਹੈ, ਖੱਬੀ ਇਨਕਲਾਬੀ ਜਮਹੂਰੀ ਲਹਿਰ ਨੂੰ ਸਮਝਣ ਵਾਲ਼ੇ ਲੋਕ ਤਾਂ ਸਮਝਦੇ ਹਨ ਪਰ ਬਹੁਤੀ ਜਨਤਾ ਇਸ ਤੋਂ ਨਿਰਲੇਪ ਉਸ ਵਿਕਾਸ ਮਾਡਲ ਦੀ ਸਹਿਜ ਨਾਲ਼ ਹੀ ਸ਼ਿਕਾਰ ਹੋ ਰਹੀ ਹੈ। ਖੱਬੀਆਂ ਧਿਰਾਂ ਵਿਚ ਆਪਸੀ ਖਿੱਚੋਤਾਣ ਅਤੇ ਬੱਝਵੇਂ ਪ੍ਰਭਾਵਸ਼ਾਲੀ ਹੱਲੇ ਦੀ ਅਣਹੋਂਦ ਕਾਰਨ ਕਾਲ਼ੀਆਂ ਤਾਕਤਾਂ ਦੀ ਚੜ੍ਹ ਮੱਚੀ ਹੈ। ਦੇਸੀ-ਬਦੇਸੀ ਕਾਰਪੋਰੇਟ ਕੰਪਨੀਆਂ ਨੇ ਜਿਸ ਤਰ੍ਹਾਂ ਦਾ ਮੱਕੜ ਜਾਲ ਭਾਰਤ ਦੀ ਧਰਤੀ ਉਪਰ ਵਿਛਾਇਆ ਹੈ, ਦੇਸ ਦਾ ਭਵਿੱਖ ਪੂਰਨ ਤੌਰ 'ਤੇ ਖ਼ਤਰੇ ਵਿਚ ਹੈ। ਸੱਤਾਧਾਰੀ ਦਲਾਂ ਸਮੇਤ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਜਿਵੇਂ ਕਿ ਮੰਨਦੀਆਂ ਹਨ, ਭਾਰਤ ਕੁਦਰਤੀ ਖ਼ਜ਼ਾਨਿਆ ਨਾਲ਼ ਮਾਲੋ-ਮਾਲ ਹੈ। ਇਨ੍ਹਾਂ ਕੁਦਰਤੀ ਮਾਲ-ਖ਼ਜ਼ਾਨਿਆਂ ਦੇ ਮਾਲਕਾਂ ਨੂੰ ਉਨ੍ਹਾਂ ਦੇ ਜਲ, ਜੰਗਲ, ਜ਼ਮੀਨ ਤੋਂ ਵਿਰਵੇ ਕਰ ਕੇ ਜਿਸ ਤਰ੍ਹਾਂ ਦਾ ਵਿਕਾਸ ਮਾਡਲ ਉਸਾਰਿਆ ਜਾ ਰਿਹਾ ਹੈ, ਜਨ-ਮਾਨਸ ਨਾਲ਼ ਉਸ ਦਾ ਕੋਈ ਸਰੋਕਾਰ ਨਹੀਂ ਬਣ ਰਿਹਾ। ਹੋਰ ਤਾਂ ਹੋਰ, ਵਧੇਰੇ ਅਮੀਰ ਹੋਣ ਦੇ ਭਰਮ ਵਿਚ ਮੱਧ ਵਰਗ ਵੀ ਮੋਟੀ ਕਮਾਈ ਦੇ ਚੁੰਗਲ਼ ਵਿਚ ਫਸਿਆ ਜ਼ਿੰਦਗੀ ਦੇ ਸੱਚ ਤੋਂ ਅੱਖਾਂ ਮੁੰਦ ਕੇ ਦੂਜਿਆਂ ਨੂੰ ਦਰੜ ਕੇ ਅੱਗੇ ਲੰਘਣ ਦੇ ਯਤਨ ਹੀ ਕਰ ਰਿਹਾ ਹੈ। ਆਦਿਵਾਸੀ ਕਬੀਲਿਆਂ ਤੋਂ ਤਾਂ ਜੀਵਨ ਜਿਉਣ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ। ਪ੍ਰਾਚੀਨ ਕਾਲ ਤੋਂ ਜੋ ਆਪਣੇ ਹੀ ਤਰੀਕੇ ਨਾਲ਼ ਕੁਦਰਤੀ ਢੰਗ ਨਾਲ਼ ਜੀਵਨ ਬਤੀਤ ਕਰਦੇ ਆ ਰਹੇ ਸਨ, ਉਨ੍ਹਾਂ ਨੂੰ ਪਹਿਲੇ ਸਮਿਆਂ ਵਿਚ ਜੇ ਜੰਗਲਾਂ ਵਿਚ ਅੱਗਾਂ ਲਾ ਕੇ ਸਾੜਿਆ ਗਿਆ ਸੀ, ਤਾਂ ਹੁਣ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਕਾਰਪੋਰੇਟ ਬਘਿਆੜਾਂ ਦੇ ਹਵਾਲੇ ਕਰਕੇ, ਉਨ੍ਹਾਂ ਨੂੰ ਆਪਰੇਸ਼ਨ ਗਰੀਨ ਹੰਟ ਰਾਹੀਂ ਮਾਉਵਾਦੀ ਆਦਿ ਕਹਿ ਕੇ ਜ਼ਿਬਾਹ ਕੀਤਾ ਜਾ ਰਿਹਾ ਹੈ। ਇਹ ਠੀਕ ਹੈ ਮਾਉਵਾਦੀ ਆਦਿਵਾਸੀ ਇਲਾਕਿਆਂ ਵਿਚ ਕੁਝ ਸਰਗਰਮੀਆਂ ਕਰ ਰਹੇ ਹਨ। ਪਿਛਲੇ ਸਾਲਾਂ ਵਿਚ ਇਹੋ ਜਿਹੀਆਂ ਖ਼ਬਰਾਂ ਆਮ ਹੀ ਮਿਲ਼ਦੀਆਂ ਰਹੀਆਂ ਹਨ ਕਿ ਜੋ ਉਨ੍ਹਾਂ ਨਾਲ਼ ਸਹਿਮਤ ਨਹੀਂ ਵੀ ਪਰ ਆਪਣੇ ਪਿੰਡ ਛੱਡਣ ਲਈ ਤਿਆਰ ਨਹੀਂ, ਉਨ੍ਹਾਂ ਵਿਚੋਂ ਹੀ ਭਾੜੇ ਦੀ ਸਲਵਾ ਜੁਡਮ ਬਣਾ ਕੇ ਉਨ੍ਹਾਂ ਕੋਲ਼ੋਂ ਹੀ ਆਪਣੇ ਭਰਾਵਾਂ ਦਾ ਨਰ ਸੰਹਾਰ ਕਰਵਾਇਆ ਜਾ ਰਿਹਾ ਹੈ। ਦਸ ਦਸ ਬਾਰਾਂ ਸਾਲ ਦੀਆਂ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਦੇ ਕਤਲ ਕੀਤੇ ਜਾ ਰਹੇ ਹਨ। ਸਮੇਂ ਦਾ ਬਦਲਦਾ ਤੌਰ ਦੇਖੋ ਜਿਸ ਸ਼ਬਦ ਦੀ ਵਰਤੋਂ ਕਰਦਿਆਂ ਝਿਜਕ ਜਿਹੀ ਮਹਿਸੂਸ ਹੁੰਦੀ ਸੀ, ਅੱਜ ਕੱਲ੍ਹ ਇਹ ਇਕ ਤਰ੍ਹਾਂ ਸਿਰ ਚੜ੍ਹ ਕੇ ਬੋਲਣ ਲੱਗ ਪਿਆ ਹੈ। ਇਸ ਦੇ ਗਵਾਹਾਂ ਵਜੋਂ ਸੁਆਮੀ ਅਗਨੀਵੇਸ਼, ਅਰੁੰਧਤੀ ਰਾਇ, ਗਾਂਧੀਵਾਦੀ ਸਮਾਜ-ਸੇਵੀ ਹਿਮਾਂਸ਼ੂ ਕੁਮਾਰ ਆਦਿ ਚੋਟੀ ਦੇ ਵਿਦਵਾਨਾਂ ਅਤੇ ਮਾਨਵ ਹਿਤਾਇਸ਼ੀ ਸ਼ਖ਼ਸੀਅਤਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਜੇ ਕੋਈ ਪੁਲਿਸ ਅਫ਼ਸਰ ਕਿਸੇ ਆਦਿਵਾਸੀ ਅਧਿਆਪਕਾ ਸੋਨੀ ਸੌਰੀ ਨੂੰ ਪੁਲਿਸ ਹਿਰਾਸਤ ਵਿਚ ਰੱਖ ਕੇ ਉਸਦੇ ਗੁਪਤ ਅੰਗਾਂ ਵਿਚ ਪੱਥਰ ਪਾ ਦਿੰਦਾ ਹੈ ਤੇ ਉਸ ਪੁਲਿਸ ਅਧਿਕਾਰੀ ਨੂੰ ਸਰਕਾਰੀ ਸਨਮਾਨਾਂ ਨਾਲ਼ ਨਿਵਾਜਿਆ ਜਾਂਦਾ ਹੈ ਤਾਂ ਕੀ ਇਸ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਿਹਾ ਜਾਵੇਗਾ? ਕੀ ਇਹ ਸੁਆਲ ਹੀ ਸਾਡੇ ਆਜ਼ਾਦ ਭਾਰਤ ਨੂੰ ਕਟਹਿਰੇ ਵਿਚ ਖੜ੍ਹਾਉਣ ਲਈ ਕਾਫ਼ੀ ਨਹੀਂ ਹੈ। ਕਿਤੇ ਹੈ ਕੋਈ ਕਾਨੂੰਨ?

ਫਿਰ ਸਾਡੇ ਦਲਿਤ ਅਖਵਾਉਣ ਵਾਲ਼ੇ ਲੇਖਕ ਕਿਉਂ ਆਖ ਰਹੇ ਹਨ ਕਿ ਹੁਣ ਕਹਾਣੀ ਲਈ ਕੋਈ ਵਿਸ਼ਾ ਹੀ ਨਹੀਂ ਰਿਹਾ, ਸਿਵਾਏ ਵਰਜਿਤ ਰਿਸ਼ਤਿਆਂ ਦੀ ਕਹਾਣੀ ਦੇ। ਹਿੰਦੁਸਤਾਨ ਦੀ ਅਸਲ ਪ੍ਰੋਲਤਾਰੀ ਜਮਾਤ ਦਲਿਤਾਂ ਅਤੇ ਆਦਿਵਾਸੀਆਂ ਉਪਰ ਬਹੁ

ਕੌਮੀ ਕਾਰਪੋਰੇਸ਼ਨਾਂ ਦਾ ਜੋ ਗਲਬਾ ਸਮੇਂ ਦੀਆਂ ਸਰਕਾਰਾਂ ਪੁਆ ਕੇ ਦੇਸ਼ ਨੂੰ ਮੁੜ ਗੁਲਾਮੀ ਵੱਲ ਧੱਕ ਰਹੀਆਂ ਹਨ, ਇਹ ਸਾਡੇ ਮੁਲਕ ਦੇ ਦੁਰਭਾਗ ਹੀ ਆਖੇ ਜਾ ਸਕਦੇ ਹਨ। ਮੈਂ ਸਮਝਦਾ ਹਾਂ ਕਿ ਸਾਡੇ ਲੇਖਕ ਵਰਗ ਨੂੰ ਅੱਖਾਂ ਖੋਲ੍ਹ ਕੇ ਇਸ ਪਾਸੇ ਵੀ ਝਾਤੀ ਮਾਰਨ ਦੀ ਲੋੜ ਹੈ। ਅਸੀਂ ਕੁੱਝ ਕੁ ਲੇਖਕਾਂ ਬੁੱਧੀਜੀਵੀਆਂ ਨੇ ਰਲ਼ ਕੇ ਆਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਬਣਾਇਆ ਹੈ। ਸਾਡਾ ਲੇਖਕ ਵਰਗ ਵੱਡੀਆਂ ਰਚਨਾਵਾਂ ਕਰਕੇ ਵੱਡੇ ਇਨਾਮ ਖਨਾਮ ਲੈ ਕੇ ਫੁੱਲਿਆ ਨਹੀਂ ਸਮਾ ਰਿਹਾ, ਪਰ ਜਦ ਕਿਸੇ ਗ਼ਰੀਬ ਉਪਰ ਧੱਕਾ ਹੁੰਦਾ ਹੈ ਤਾਂ ਉਸ ਦੀ ਕਲਮ ਨੂੰ ਉੱਲੀ ਲੱਗ ਜਾਂਦੀ ਹੈ। ਕੀ ਇਹ ਕਹਿ ਦੇਣਾ ਹੀ ਕਾਫ਼ੀ ਹੈ ਕਿ ਸਾਹਿਤਕਾਰ ਨੇ ਦੂਰ ਤੋਂ ਹੀ ਮਸਲਿਆਂ ਨੂੰ ਦੇਖਣਾ ਹੁੰਦਾ ਹੈ।

ਜਦ ਵੀ ਕਿਤੇ ਕਹਾਣੀ ਦੀ ਗੱਲ ਹੋਵੇਗੀ, ਮੈਰੀ ਕਹਾਣੀ ਤੋਂ ਬਗ਼ੈਰ ਨਹੀਂ ਹੋ ਸਕੇਗੀ ਤੇ ਮੇਰਾ ਜ਼ਿਕਰ ਅਗਾਂਹਵਧੂ ਦਲਿਤ ਲੇਖਕ ਵਜੋਂ ਹੀ ਹੋਵੇਗਾ। ਬਹੁਤ ਵੱਡੇ ਕਹਾਣੀਕਾਰਾਂ ਦੀ ਤਰ੍ਹਾਂ ਮੇਰਾ ਪਾਠਕ ਵਰਗ ਵੀ ਬਹੁਤ ਵਸੀਹ ਹੈ। ਮੇਰੀਆਂ ਰਚਨਾਵਾਂ ਉਪਰ ਵੀ ਬਹੁਤ ਸਾਰੇ ਵਿਦਿਆਰਥੀਆਂ ਨੇ ਖੋਜ-ਪ੍ਰਬੰਧ ਲਿਖੇ ਹਨ, ਜਿਨ੍ਹਾਂ ਨੇ ਮੇਰੀ ਕਹਾਣੀ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ਼ ਫੜਨ ਦਾ ਯਤਨ ਕੀਤਾ ਹੈ। ਇਹ ਖੋਜ-ਪ੍ਰਬੰਧ ਵੀ ਚੋਟੀ ਦੇ ਵਿਦਵਾਨਾਂ ਦੀ ਨਿਗਰਾਨੀ ਵਿਚ ਲਿਖੇ ਗਏ ਹਨ। 'ਅਤਰਜੀਤ ਦੀਆਂ ਕਹਾਣੀਆਂ ਵਿਚ ਵਿਹੜਾ'ਨਾ ਦਾ ਸਿਰਫ਼ ਇਕ ਖੋਜ-ਪ੍ਰਬੰਧ, ਜੋ ਬਠਿੰਡੇ ਦੇ ਇਕ ਵਿਦਵਾਨ ਦੀ ਨਿਗਰਾਨੀ ਵਿਚ ਤਿਆਰ ਹੋਇਆ, ਊਲ-ਜਲੂਲ ਜਿਹਾ ਸੀ। ਮੇਰੀਆਂ ਕੁੱਝ ਕੁ ਰਚਨਾਵਾਂ ਯੂਨੀਵਰਸਿਟੀਆਂ ਦੇ ਸਲੇਬਸ ਦਾ ਹਿੱਸਾ ਵੀ ਹਨ। ਪਿੱਛੇ ਜਿਹੇ ਇਗਨੋ ਦੇ ਹਿੰਦੀ ਐਮ. ਏ. ਦੇ ਸਲੇਬਸ ਵਿਚ ਵੀ ਮੇਰੀ ਇਕ ਰਚਨਾ ਦੀ ਚੋਣ ਹੋ ਗਈ ਹੈ। ਹੇਠਲੇ ਪੱਧਰ ਤੋਂ ਉਠ ਕੇ ਆਏ ਬੰਦੇ ਦੀਆਂ ਪ੍ਰਾਪਤੀਆਂ ਬਹੁਤ ਨੇ!

ਜੇ ਮੈਂ ਆਪਣੇ ਪਰਿਵਾਰਕ ਮਸਲਿਆਂ ਬਾਰੇ ਗੱਲ ਕਰਨ ਲੱਗਾਂ ਤਾਂ ਮੈਂ ਬਹੁਤ ਹੀ ਮਾਣ ਨਾਲ਼ ਕਹਿ ਸਕਦਾ ਹਾਂ ਕਿ ਮੈਂ ਬੱਚਿਆਂ ਦੀਆਂ ਭਾਵਨਾਵਾਂ ਨੂੰ ਅਊਂ ਗਊਂ ਨਹੀਂ ਕਰਦਾ, ਸਗੋਂ ਦਿਲੋਂ ਕਦਰ ਕਰਦਾ ਹਾਂ। ਮੇਰੀ ਵੱਡੀ ਬੇਟੀ ਅਰਸ਼ਦੀਪ ਨੇ ਮਾਂ ਦੇ ਡਟਵੇਂ ਵਿਰੋਧ ਦੇ ਬਾਵਜੂਦ, ਉਸ ਕੋਲ਼ੋਂ ਕੁੱਟ ਖਾ ਕੇ ਵੀ ਮੇਰੇ ਸਹਿਯੋਗ ਨਾਲ਼ ਮੇਰੇ ਸਾਹਿਤਕਾਰ ਮਿੱਤਰ ਭੂਰਾ ਸਿੰਘ ਕਲੇਰ ਨਾਲ਼ ਮੇਰਾ ਕੁੜਮਾਚਾਰੀ ਦਾ ਖ਼ੁਦ-ਬ-ਖ਼ੁਦ ਹੀ ਰਿਸ਼ਤਾ ਸਥਾਪਤ ਕਰ ਦਿੱਤਾ। ਜੇ ਮੁੰਡਿਆਂ ਨੂੰ ਰਿਸ਼ਤੇ ਦੀ ਚੋਣ ਕਰਨ ਦਾ ਅਧਿਕਾਰ ਹੈ ਤਾਂ ਕੁੜੀ ਨੂੰ ਕਿਉਂ ਨਹੀਂ? ਮੈਨੂੰ ਹਰ ਵਾਰ ਬੱਚਿਆਂ ਦੀ ਮਾਂ ਦੇ ਅੜੀਅਲ ਰਵੱਈਏ ਕਾਰਨ ਉਸ ਦੀ ਝਾੜ-ਝੰਬ ਵੀ ਕਰਨੀ ਪੈਂਦੀ ਰਹੀ ਹੈ। ਮੈਨੂੰ ਆਪਣੇ ਪੁੱਤ ਨਾਲ਼ੋਂ ਪਿਆਰੇ ਬਲਰਾਜ ਸਾਗਰ ਉਪਰ ਬਹੁਤ ਫ਼ਖ਼ਰ ਹੈ ਜੋ ਨਾਟਕ ਖ਼ੇਤਰ ਵਿਚ ਚੰਗੀਆਂ ਲੀਹਾਂ ਪਾ ਰਿਹਾ ਹੈ। ਪਿਛਲੇ ਦਿਨੀਂ ਉਸ ਰਾਹੀਂ ਬਣਾਈ ਫਿਲਮ 'ਲੱਗੀ ਨਜ਼ਰ ਪੰਜਾਬ ਨੂੰ' ਨੇ ਚੰਗਾ ਨਾਮਣਾ ਖੱਟਿਆ ਹੈ ਤੇ ਹੁਣ ਉਹ ਮੇਰੀ 'ਸਬੂਤੇ ਕਦਮ' ਕਹਾਣੀ ਉਪਰ ਫਿਲਮ ਦੀਆਂ ਤਿਆਰੀਆਂ ਵਿਚ ਰੁੱਝਿਆ ਹੋਇਆ ਹੈ। ਵਿਚਕਾਰਲੀ ਬੇਟੀ ਹਲਵਾਰੇ ਦੇ ਢਿੱਲੋਂ ਪਰਿਵਾਰ ਵਿਚ ਪਰੰਪਰਾਗਤ ਢੰਗ ਨਾਲ਼ ਗਈ ਪਰ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਤੋਂ ਐਮ. ਸੀ. ਏ. ਪਾਸ ਮੇਰੀ ਸਭ ਤੋਂ ਛੋਟੀ ਕ੍ਰਾਂਤੀਪਾਲ ਨੇ ਨੈੱਟ ਉਪਰ ਖ਼ੁਦ ਅੰਤਰਜਾਤੀ, ਅੰਤਰ ਰਾਜੀ, ਅੰਤਰ ਧਰਮੀ ਤੇ ਹੋਰ ਪਤਾ ਨਹੀਂ ਕੀ ਕੀ ਅੰਤਰ...ਰਿਸ਼ਤਾ ਵਿਹਾਜਿਆ ਹੈ। ਇੱਥੇ ਵੀ ਮੈਨੂੰ ਉਨ੍ਹਾਂ ਦੀ ਮੰਮੀ ਉਪਰ ਦਾਬ ਦੇ ਕੇ ਹੀ ਇਹ ਕਾਰਜ ਸਿਰੇ ਲਾਉਣਾ ਪਿਆ। ਇਨ੍ਹਾਂ ਰਿਸ਼ਤਿਆਂ ਵਿਚ ਇਕ ਰਿਸ਼ੀ ਪਰਿਵਾਰ ਨੇ ਸਾਡੀ ਬਹੁਤ ਜ਼ਿਆਦਾ ਮੱਦਦ ਕੀਤੀ, ਜਿਸ ਕਰ ਕੇ ਸਾਡੀ ਸ਼ਾਨ ਹੀ ਬਣੀ। ਬੇਟੀ ਮੁੰਬਈ ਦੇ

ਨਿਊ ਪਨਵੇਲ ਇਲਾਕੇ ਵਿਚ ਖੱਤਰੀ ਆਨੰਦ ਪਰਿਵਾਰ ਵਿਚ ਬਹੁਤ ਖ਼ੁਸ਼ਗਵਾਰ ਜੀਵਨ ਬਿਤਾ ਰਹੀ ਹੈ। ਦੋ ਕੁ ਮਹੀਨੇ ਹੋਏ ਮੇਰੇ ਧੀ-ਜੁਆਈ ਦੋਵੇਂ ਹੀ ਪੀ. ਆਰ. 'ਤੇ ਆਸਟ੍ਰੇਲੀਆ ਪਹੁੰਚ ਗਏ। ਦੁਹਾਂ ਨੂੰ ਜਾਂਦਿਆਂ ਹੀ ਨੌਕਰੀਆਂ ਮਿਲ਼ ਗਈਆਂ ਹਨ।

ਪਿਛਲੇ ਸਮੇਂ ਸਾਡੇ ਘਰ ਵਿਚ ਇਕ ਬਹੁਤ ਹੀ ਭਿਆਨਕ ਤੂਫ਼ਾਨ ਆਇਆ ਸੀ, ਜਿਸ ਨੇ ਘਰ ਦੀਆਂ ਨੀਂਹਾਂ ਤੱਕ ਹਿਲਾ ਦਿੱਤੀਆਂ ਸਨ। ਚਲੋ ਕਿਵੇਂ ਨਾ ਕਿਵੇਂ ਮਸਲਾ ਦੁਹਾਂ ਧਿਰਾਂ ਵੱਲੋਂ ਸਾਰੇ ਕਦਮ ਲਿਖਤੀ ਤੌਰ 'ਤੇ ਵਾਪਸ ਲੈਣ ਨਾਲ਼ ਹੱਲ ਹੋ ਗਿਆ ਤੇ ਬੱਚਿਆਂ ਦੀ ਮਾਂ ਘਰ ਮੁੜ ਆਈ ਹੈ। ਜੀਵਨ ਜਿਉਣ ਦਾ ਆਪਣਾ ਆਪਣਾ ਤਰੀਕਾ ਹੈ। ਚਾਰ ਬੱਚੇ ਜੰਮ ਕੇ ਵੀ, ਹੁਣ ਤਕ ਜੇ ਇਕਸੁਰਤਾ ਨਹੀਂ ਬਣ ਸਕੀ ਤਾਂ ਇਕਸੁਰਤਾ ਦੀ ਝਾਕ ਕਰਨੀ ਮੂਰਖ਼ਤਾ ਹੀ ਹੋਵੇਗੀ। ਅਸੀਂ ਇਕ ਦੂਜੇ ਦੇ ਕਿਸੇ ਮਸਲੇ ਵਿਚ ਦਖ਼ਲ ਵੀ ਨਹੀਂ ਦਿਆਂਗੇ। ਮੇਰੇ ਮੁੰਡੇ ਨੇ ਮੇਰੇ ਵਿਚਾਰਾਂ ਨੂੰ ਨਹੀਂ ਸਮਝਿਆ। ਉਸ ਨੇ ਵੀ ਫਰੀਦਕੋਟ ਦੇ ਇਕ ਸੋਨੀ ਪਰਿਵਾਰ ਦੀ ਕੁੜੀ ਨਾਲ਼ ਅੰਤਰਜਾਤੀ ਵਿਆਹ ਕਰ ਲਿਆ ਹੈ। ਜੇ ਮੇਰੇ ਨਾਲ਼ ਗੱਲ ਕਰ ਲੈਂਦਾ ਤਾਂ ਮੈਂ ਸਗੋਂ ਉਹਦੇ ਨਾਲ਼ ਹੀ ਖੜ੍ਹਨਾ ਸੀ, ਉਸ ਤੋਂ ਅਲੇਲਪੁਣੇ ਵਿਚ ਬਹੁਤ ਕੁੱਝ ਗਲਤ ਮਲਤ ਹੋ ਗਿਆ ਹੈ, ਜਿਸ ਕਰਕੇ ਮੈਂ ਵੱਖ ਰਹਿ ਰਹੇ ਨੂੰਹ-ਪੁੱਤ ਦੇ ਰਾਹ ਵਿਚ ਵੀ ਕੋਈ ਰੁਕਾਵਟ ਨਹੀਂ ਬਣਾਂਗਾ। ਉਹ ਜਦ ਮਰਜ਼ੀ ਆਪਣੀ ਮਾਂ ਨੂੰ ਜਾਂ ਮੈਨੂੰ ਵੀ ਮਿਲ਼ਣ ਆਉਣਾ ਚਾਹੁਣ, ਉਨ੍ਹਾਂ ਨੂੰ ਖੁੱਲ੍ਹ ਹੋਵੇਗੀ, ਪਰ ਇਕ ਛੱਤ ਹੇਠ ਸਾਡਾ ਗੁਜ਼ਾਰਾ ਨਹੀਂ ਹੋ ਸਕੇਗਾ। ਵਹੁਟੀ ਫਾਸਟ ਵੇਅ ਚੈਨਲ ਉਪਰ ਰੋਜ਼ਾਨਾ ਖ਼ਬਰਾਂ ਪੜ੍ਹਦੀ ਹੈ, ਮਾਣ ਹੀ ਕੀਤਾ ਜਾ ਸਕਦਾ ਹੈ। ਬੱਚੇ ਹਨ, ਆਪੇ ਹੋਲ਼ੀ ਹੌਲ਼ੀ ਠੀਕ ਹੋ ਜਾਣਗੇ। ਉਨ੍ਹਾਂ ਦਾ ਇੰਨਾ ਕੁ ਹਾਸਲ ਵੀ ਮੇਰੇ ਲਈ ਮਾਣ ਕਰਨ ਯੋਗ ਹੈ।

ਰੁਚੀਆਂ ਅਤੇ ਸੁਹਜ ਸੁਆਦਾਂ ਦੇ ਫ਼ਰਕ ਸੰਬੰਧੀ ਮੈਨੂੰ ਇਕ ਚੁਟਕਲਾ ਚੇਤੇ ਆ ਗਿਆ। ਇਕ ਵਾਰ ਕੀ ਹੋਇਆ ਕਿ ਇਕ ਆਰਟਿਸਟ ਕੁੜੀ ਦਾ ਵਿਆਹ ਹਿਸਾਬ ਦੇ ਵਿਸ਼ੇ ਦੇ ਪ੍ਰੋਫ਼ੈਸਰ ਨਾਲ਼ ਹੋ ਗਿਆ। ਇਕ ਰਾਤ ਉਹ ਦੋਵੇਂ ਕੋਠੇ ਦੀ ਛੱਤ ਉਪਰ ਪਏ ਹੋਏ ਸਨ। ਪੂਰਨਮਾਸ਼ੀ ਦਾ ਚੰਨ ਆਪਣੇ ਪੂਰੇ ਜਲੌਅ ਵਿਚ ਠੰਢੀ ਚਾਨਣੀ ਦਾ ਉਨ੍ਹਾਂ ਉਪਰ ਛਿੜਕਾਉ ਕਰ ਰਿਹਾ ਸੀ। ਕੁੜੀ ਆਪਣੇ ਪਤੀ ਨੂੰ ਸੰਬੋਧਤ ਹੋਈ-"ਦੇਖੋ ਅੱਜ ਚੰਨ ਕਿੰਨਾ ਖ਼ੂਬਸੂਰਤ ਜਾਪਦਾ ਹੈ"। ਪਤੀ ਪਰਮੇਸ਼ਰ ਜੀ ਨੇ ਸਿਰ੍ਹਾਣੇ ਹੇਠੋਂ ਆਪਣੀ ਮੋਟੇ ਸ਼ੀਸ਼ਿਆਂ ਵਾਲ਼ੀ ਐਨਕ ਕੱਢੀ ਤੇ ਕਹਿਣ ਲੱਗਾ-''ਭਲਾ ਇਹ ਚੰਦ ਕੌਥ ਦਾ ਐ?'' ਇਸੇ ਤਰ੍ਹਾਂ ਕਿਸੇ ਹੋਰ ਦਾ (ਮੈਂ ਵੀ ਹੋ ਸਕਦਾ ਹਾਂ) ਬਿਲਕੱਲ ਇਹੋ ਜਿਹੀ ਸਥਿੱਤੀ ਨਾਲ਼ ਵਾਹ ਪੈ ਗਿਆ। ਇਕ ਲੇਖਕ ਆਪਣੀ ਪਤਨੀ ਨੂੰ ਆਪਣੇ ਸਨਮਾਨ ਸਮਾਗਮ 'ਤੇ ਨਾਲ਼ ਲੈ ਗਿਆ। ਰਸਤੇ ਵਿਚ ਉਨ੍ਹਾਂ ਵੇਖਿਆ ਕਿ ਫਰਵਰੀ ਦੇ ਅੰਤਲੇ ਦਿਨਾਂ ਵਿਚ ਖੇਤਾਂ ਵਿਚ ਜਿੱਥੋਂ ਤਕ ਨਿਗਾਹ ਜਾਂਦੀ ਸੀ, ਲਹਿ-ਲਹਾਉਂਦੀਆਂ ਸਰ੍ਹੋਆਂ ਦੇ ਫੁੱਲਾਂ ਦਾ ਆਪਣੇ ਹੀ ਜਲੌਅ ਵਿਚ ਬਸੰਤੀ ਰੰਗ ਬਿਖ਼ਰਿਆ ਪਿਆ ਸੀ। ਲੇਖਕ ਦਾ ਜੀਅ ਕਰੇ ਕਿ ਗੱਡੀ ਰੋਕ ਕੇ ਉਸ ਨਜ਼ਾਰੇ ਦੀਆਂ ਘੁੱਟਾਂ ਭਰੇ ਪਰ ਵਕਤ ਹੈ ਨਹੀਂ ਸੀ। ਜਾਂਦੇ ਜਾਂਦੇ ਉਹ ਕਹਿ ਬੈਠਾ-"ਦੇਖੋ ਜੀ ਕਿਆ ਖ਼ੂਬਸੂਰਤ ਨਜ਼ਾਰਾ ਹੈ?" ਅੱਗੋ ਜੀਵਨ ਸਾਥਣ ਦੇ ਵਾਰਤਾਲਾਪ ਸੁਣ ਕੇ ਲੇਖਕ ਨਿੰਮੋਝੂਣਤਾ ਜਿਹੀ ਦੇ ਪਾਣੀਆਂ ਵਿਚ ਗੋਤੇ ਖਾਣ ਲੱਗਾ-"ਬਹੁਤ ਘਾਣੀਆਂ ਨਿਕਲ਼ਣਗੀਆਂ"। ਲੇਖਕ ਨੂੰ ਇਵੇਂ ਹੀ ਲੱਗਿਆ ਜਿਵੇਂ ਕੋਈ ਜੋਬਨ 'ਤੇ ਆਈਆਂ ਕਣਕਾਂ ਨੂੰ ਵੇਖ ਕੇ ਆਖ ਦੇਵੇ- "ਰੂੜੀ ਦੇ ਕੰਮ ਆਉਣਗੀਆਂ"।

ਪਿਛਲੇ ਸਮੇਂ ਤੋਂ ਲੰਮੀ ਕਹਾਣੀ ਬਾਰੇ ਬਹਿਸ ਛਿੜੀ ਰਹੀ ਹੈ। ਪੰਜਾਬੀ ਵਿਚ ਲੰਮੀਆਂ ਕਹਾਣੀਆਂ ਬਹੁਤ ਪਹਿਲਾਂ ਤੋਂ ਲਿਖੀਆਂ ਜਾ ਰਹੀਆਂ ਹਨ। ਅਮਰ ਸਿੰਘ 'ਕਬਰ ਪੁੱਟ' ਦੀਆਂ ਕਹਾਣੀਆਂ 'ਤੇ ਗੱਲ ਕੀਤੀ ਜਾ ਸਕਦੀ ਹੈ। ਸੇਖੋਂ, ਸੁਜਾਨ ਸਿੰਘ ਨੇ ਵੀ

ਲੰਮੀਆਂ ਕਹਾਣੀਆਂ ਲਿਖੀਆਂ, ਪਰ ਉਦੋਂ ਲੰਮੀ ਕਹਾਣੀ ਨੂੰ ਇਕ ਵਿਧਾ ਦੇ ਤੌਰ 'ਤੇ ਨਹੀਂ ਸੀ ਲਿਆ ਜਾਂਦਾ। ਉਹ ਅਸਲ ਵਿਚ ਇਕਹਿਰੀ ਬਣਤਰ ਦੀ ਕਹਾਣੀ ਦਾ ਦੌਰ ਸੀ। ਸਮੇਂ ਸਥਾਨ ਤੇ ਪ੍ਰਭਾਵ ਦੀ ਏਕਤਾ ਦੇ ਮਾਪ-ਦੰਡ ਉੱਤੇ ਪੂਰੀ ਉਤਰਨ ਵਾਲੀ ਕਹਾਣੀ ਨੂੰ ਸਫ਼ਲ ਕਹਾਣੀ ਮੰਨਿਆਂ ਜਾਂਦਾ ਸੀ। ਕਹਾਣੀ ਝੱਟ-ਪੱਟ ਸ਼ੁਰੂ ਹੁੰਦੀ ਸੀ ਤੇ ਬਗੈਰ ਕਿਸੇ ਮੋੜ ਜਾਂ ਉਤਰਾ-ਚੜ੍ਹਾਅ ਦੇ ਇਕ ਦਮ ਆਤਸ਼ਬਾਜ਼ੀ ਵਾਂਗ ਆਪਣੇ ਸਿਖ਼ਰ ਵੱਲ ਜਾਂਦੀ ਸੀ ਤੇ ਸਿਖ਼ਰ 'ਤੇ ਜਾ ਕੇ ਧਮਾਕੇ ਵਾਂਗ ਸਮਾਪਤ ਹੋ ਜਾਂਦੀ ਸੀ। ਬਹੁਤ ਸਾਰੇ ਕਹਾਣੀਕਾਰ ਕੇਵਲ ਫ਼ੈਸ਼ਨ ਵਜੋਂ ਹੀ ਲੰਮੀ ਕਹਾਣੀ ਕਹਿੰਦੇ ਜ਼ਰੂਰ ਨੇ, ਪਰ ਸਥਾਪਤੀ ਦੀ ਮੰਜ਼ਿਲ ਦੂਰ ਹੈ। ਕਈ ਉਭਰਦੇ ਕਹਾਣੀਕਾਰਾਂ ਨੇ ਵੀ ਚੰਗਾ ਪਿੜ ਮੱਲਿਆ ਹੈ। ਸਥਾਪਤੀ ਦੇ ਚੱਕਰਾਂ ਵਿਚ ਜਾਣ ਬੁੱਝ ਕੇ ਦੂਜੇ ਦੀ ਚੰਗੀ ਰਚਨਾ ਨੂੰ ਵੀ ਤੁੱਛ ਜਾਣਨਾ ਜਾਂ ਅਣਗੌਲਿਆਂ ਕਰਨਾ ਸਾਹਿਤਕ ਬੇਈਮਾਨੀ ਹੈ। ਕੁਝ ਲੇਖਕ ਜਦੋਂ ਇਹ ਇਕਬਾਲ ਕਰਦੇ ਹਨ ਕਿ 'ਆਪਾਂ ਕਿਸੇ ਖੱਬੀ ਖਾਨ ਲੇਖਕ ਦੇ ਪੱਬ ਨਹੀਂ ਲੱਗਣ ਦੇਣੇ' -ਤਾਂ ਮੈਂ ਇਹ ਪੁੱਛ ਸਕਦਾ ਹਾਂ ਕਿ ਇਸ ਵਿਚ ਕੀ ਵਡਿਆਈ ਹੈ। ਲੇਖਕ ਨੂੰ ਦੂਜਿਆਂ ਪ੍ਰਤੀ ਸੁਹਿਰਦ ਵੀ ਹੋਣਾ ਚਾਹੀਦਾ ਹੈ।

ਇਕਹਿਰੀ ਬਣਤਰ ਦੀ ਕਹਾਣੀ ਵਿਚ ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ ਗੁਲਜ਼ਾਰ ਸਿੰਘ ਸੰਧੂ ਆਦਿ ਨੇ ਤੇ ਲੰਮੀ ਕਹਾਣੀ ਵਿਚ ਵਰਿਆਮ 'ਸੰਧੂ' ਨੇ ਲੋਹਾ ਮੰਨਵਾਇਆ ਹੈ, ਪ੍ਰੇਮ ਪ੍ਰਕਾਸ਼ ਦਾ ਆਪਣਾ ਉਤਮ ਸਥਾਨ ਹੈ ਪਰ ਜੇ ਕੋਈ ਦੂਹਾਂ ਦੇ ਨਾਂ 'ਤੇ ਅੱਧੇ ਅੱਧੇ ਆਸਮਾਨ ਦਾ ਇੰਤਕਾਲ ਕਰਾ ਦੇਵੇ ਤਾਂ ਅਸੀਂ ਉਸ ਦੀ 'ਸਮਝ' ਅੱਗੇ 'ਸਿਰ ਹੀ ਝੁਕਾ ਸਕਦੇ ਹਾਂ' (!) ... ਤੇ ਜੇ ਕੋਈ ਕਿਸੇ ਇਕ ਵਿਅਕਤੀ ਨੂੰ ਲੰਮੀ ਕਹਾਣੀ ਦਾ ਆਦਿ ਤੇ ਅੰਤ ਗਰਦਾਨ ਦੇਵੇ ਤਾਂ ਸਾਨੂੰ ਚੁੱਪ ਹੀ ਕਰ ਜਾਣਾ ਸ਼ੋਭਦਾ ਹੈ (!)

ਕਹਿ ਸਕਦੇ ਹਾਂ ਕਿ ਜ਼ਿੰਦਗੀ ਦੇ ਸਨਅਤੀ ਦੌਰ ਵਿਚ ਪ੍ਰਵੇਸ਼ ਨੇ ਸਾਡੇ ਸਮਾਜ ਅਤੇ ਜ਼ਿੰਦਗੀ ਨੂੰ ਬੜਾ ਜਟਿਲ ਬਣਾ ਦਿੱਤਾ ਹੈ। ਅੱਜ ਮਨੁੱਖ ਨੂੰ ਜੀਵਨ ਦੀਆਂ ਅਨੇਕਾਂ ਹੀ ਸਮੱਸਿਆਵਾਂ ਦੀ ਜਟਿਲਤਾ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਇਨ੍ਹਾਂ ਜਟਿਲ ਸਮੱਸਿਆਵਾਂ, ਮਨੁੱਖੀ ਸਮਾਜ ਦੇ, ਇਥੋਂ ਤਕ ਕਿ ਮਨੁੱਖ ਦੇ ਆਪਣੇ ਅੰਤਰੀਵ ਤੇ ਬਾਹਰੀ ਦਵੰਦਾਤਮਕ ਸੰਬੰਧਾਂ, ਸੰਘਰਸ਼ਾਂ, ਟਕਰਾਵਾਂ, ਖਹਿਸਰਾਂ ਅਤੇ ਅਕਾਂਖਿਆਵਾਂ, ਆਦਿ ਦੇ ਵਿਸਤ੍ਰਿਤ ਸਰੋਕਾਰਾਂ ਨੂੰ ਇਕਹਿਰੀ ਬਣਤਰ ਦੀ ਕਹਾਣੀ ਆਪਣੇ ਕਲਾਵੇ ਵਿਚ ਨਹੀਂ ਸਮੇਟ ਸਕਦੀ। ਹੁਣ ਕੇਵਲ ਘਟਨਾ ਬਿਆਨ ਨੂੰ ਕਹਾਣੀ ਨਹੀਂ ਮੰਨਿਆ ਜਾ ਸਕਦਾ। ਵਾਪਰੇ ਦੇ ਮਾਨਸਿਕਤਾ ਉਪਰ ਪਏ ਪ੍ਰਭਾਵ ਨੂੰ ਪੇਸ਼ ਕਰਨਾ ਅੱਜ ਦੀ ਕਹਾਣੀ ਦਾ ਵਿਸ਼ਾ ਹੈ। ਮਨ ਦੀ ਕਹਾਣੀ ਕਹਿਣੀ ਉਸ ਤਰ੍ਹਾਂ ਕਠਿਨ ਕਾਰਜ ਹੈ।

ਕੁਝ ਦੋਸਤਾਂ ਨੇ ਮਿੰਨੀ ਕਹਾਣੀ ਦਾ ਸੌਖਾ ਰਾਹ ਚੁਣਿਆ ਹੈ, ਪਰ ਇਹ ਪੱਕ ਹੈ ਕਿ ਮਿੰਨੀ ਕਹਾਣੀ ਕਦੀ ਵੀ ਹੁਨਰੀ ਕਹਾਣੀ ਦੀ ਥਾਂ ਨਹੀਂ ਲੈ ਸਕੇਗੀ। ਬੇਸ਼ਕ ਕੁੱਝ ਦੋਸਤਾਂ ਨੇ ਧਿਆਨ ਖਿੱਚਣ ਵਾਲੀਆਂ ਚੰਗੀਆਂ ਗੱਲਾਂ ਕੀਤੀਆਂ ਹਨ, ਪਰ ਕਿਸੇ ਘਟਨਾ ਨੂੰ ਚੁਟਕਲੇ ਵਾਂਗ ਬਿਆਨ ਕਰ ਕੇ ਕਿਸੇ ਟਿਪਣੀ ਨਾਲ ਕਹਾਣੀ ਸਮਾਪਤ ਕਰ ਦੇਣ ਨੂੰ ਕਹਾਣੀ ਨਹੀਂ ਕਿਹਾ ਜਾ ਸਕਦਾ। ਲੋੜੀਂਦੇ ਕਥਾ ਰਸ, ਕਥਾਨਕ ਤੇ ਹੁਨਰ ਤੋਂ ਬਘੈਰ ਕਹਾਣੀ ਆਖੀ ਹੀ ਨਹੀਂ ਜਾ ਸਕਦੀ।

ਇਕ ਹੋਰ ਗੱਲ, ਮਨੋਵਿਗਿਆਨ ਦੇ ਅਧਿਐਨ ਨੇ ਮਨੁੱਖੀ ਮਨ ਦੀਆਂ ਅਨੇਕਾਂ ਪਰਤਾਂ ਸਾਡੇ ਸਾਹਮਣੇ ਉਜਾਗਰ ਕਰ ਦਿੱਤੀਆਂ ਹਨ। ਕੋਈ ਵੀ ਵਿਅਕਤੀ ਇਕੋ ਸਮੇਂ ਇਕੋ ਮਾਨਸਿਕ ਰਉਂ ਵਿਚ ਨਹੀਂ ਵਿਚਰ ਸਕਦਾ। ਇਕੋ ਸਮੇਂ ਖੁਸ਼ੀ-ਗਮੀ, ਨੇਕੀ-ਬਦੀ,

ਸੱਚ-ਝੂਠ, ਚੰਗਿਆਈ-ਬੁਰਿਆਈ, ਉਤਰਾਅ-ਚੜ੍ਹਾਅ ਵਿਚੋਂ ਮਨੁੱਖੀ ਮਨ ਗੁਜ਼ਰ ਸਕਦਾ ਹੈ। ਮਨੁੱਖੀ ਵਿਵਹਾਰ ਦੇ ਇਸ ਦੋਗਲੇ-ਤਿਗਲੇਪਣ ਨੂੰ ਲਿਆਕਤ ਜਾਂ ਸ਼ਿਸ਼ਟਾਚਾਰ ਦਾ ਨਾਂ ਦਿੱਤਾ ਜਾ ਰਿਹਾ ਹੈ, ਜਦੋਂ ਕਿ ਸਾਦਗੀ ਅਤੇ ਇਕਹਿਰੇਪਣ ਨੂੰ ਸਿੱਧੜ ਮੱਤ ਦਾ ਦਰਜ਼ਾ ਦਿੱਤਾ ਜਾਂਦਾ ਹੈ। ਅੱਜ ਜੋ ਵਿਅਕਤੀ ਇਸ ਗੁਣ ਵਿਚ ਮਾਹਿਰ ਹੈ ਉਹ ਮਾਰ ਨਹੀਂ ਖਾ ਸਕਦਾ। ਸਪਸ਼ਟਤਾ, ਕਹਿਣੀ ਤੇ ਕਰਨੀ ਵਿਚ ਸਮਾਨਤਾ ਦਿਨ-ਪ੍ਰਤੀ-ਦਿਨ ਮਾਂਦ ਪੈ ਰਹੀ ਹੈ। ਸ਼ਹਿਰੀ ਕਿਸਮ ਦੀਆਂ ਚੁਸਤੀਆਂ ਚਲਾਕੀਆਂ ਹੁਣ ਪਿੰਡਾਂ ਦੀਆਂ ਸੱਥਾਂ ਤਕ ਵੀ ਪਹੁੰਚ ਗਈਆਂ ਹਨ। ਕਦਰਾਂ-ਕੀਮਤਾਂ ਬਦਲ ਰਹੀਆਂ ਹਨ। ਪੁਰਾਣੀਆਂ ਕਦਰਾਂ ਦੇ ਹੇਰਵੇ ਤੇ ਨਵੀਆਂ ਦੀ ਚਾਹਨਾ ਅਤੇ ਨਾ-ਪਸੰਦੀ ਦੇ ਵਿਚਕਾਰ ਮਨੁੱਖ ਤ੍ਰਿਸ਼ੰਕੂ ਵਾਂਗ ਲਟਕ ਰਿਹਾ ਹੈ। ਮੇਰੇ ਵਰਗੇ ਕਹਾਣੀਕਾਰ ਪਾਸੋਂ ਪਿੰਡ ਛੱਡਿਆ ਨਹੀਂ ਜਾ ਰਿਹਾ ਤੇ ਸ਼ਹਿਰ ਨਾਲ਼ ਜੁੜਿਆ ਨਹੀਂ ਜਾ ਰਿਹਾ, ਨਾ ਇੱਧਰ ਕੇ ਨਾ ਉਧਰ ਕੇ ਵਾਲ਼ੀ ਗੱਲ ਹੋਈ ਪਈ ਹੈ।

ਥੁੜਿਆਂ ਟੁੱਟਿਆਂ ਦੀ ਸਾਰ ਲੈਣ ਵਾਲੀ ਕੋਈ ਸਰਕਾਰ ਨਹੀਂ। ਅਜੇ ਕੋਈ ਮਜਬੂਤ ਜਥੇਬੰਦੀ ਨਹੀਂ। ਇਲਾਕਾਈ ਜਥੇਬੰਦੀਆਂ ਜ਼ੋਰ ਮਾਰ ਰਹੀਆਂ ਹਨ ਪਰ ਰਾਸ਼ਟਰੀ ਪੱਧਰ 'ਤੇ ਅਜੇ ਕੁੱਝ ਵੀ ਤਾਂ ਨਹੀਂ ਦਿਸਦਾ। ਖੱਬਿਆਂ ਦੀ ਉੱਕਾ ਹੀ ਫੂਕ ਨਿੱਕਲ ਚੁੱਕੀ ਹੈ। ਹਰ ਪਾਸੇ ਭੰਵਰ ਹੀ ਭੰਵਰ ਦਿਖਾਈ ਦਿੰਦਾ ਹੈ - ਪਾਰ ਕਰਨ ਵਾਲਾ ਕੋਈ ਨਹੀਂ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਖੱਬੀ ਲਹਿਰ ਦੀ ਪਾਟੋ-ਧਾੜ ਕਾਰਨ ਬੱਝਵੇਂ ਹੱਲੇ ਦੀ ਅਣਹੋਂਦ ਇਸ ਵਰਤਾਰੇ ਨੂੰ ਅਜੇ ਪੱਠੇ ਪਾ ਰਹੀ ਹੈ। ਆਰਥਿਕ ਮੰਦਹਾਲੀ, ਭ੍ਰਿਸ਼ਟਾਚਾਰ, ਕੁਨਬਾ-ਪਰਵਰੀ, ਮਾਰ-ਧਾੜ, ਚੋਰੀਆਂ, ਡਾਕੇ, ਲੁੱਟ-ਖੋਹ ਬਲਾਤਕਾਰ ਇੱਥੋਂ ਤਕ ਕਿ ਚਾਰ ਚਾਰ ਸਾਲ ਦੀਆਂ ਬੱਚੀਆਂ ਅਤੇ ਸੱਤਰ ਸੱਤਰ ਸਾਲ ਦੀਆਂ ਬਜ਼ੁਰਗ ਔਰਤਾਂ ਨਾਲ਼ ਜ਼ੁਲਮ ਦੀ ਇੰਤਹਾ ਨੇ ਸੰਵੇਦਨਸ਼ੀਲ ਵਿਅਕਤੀ ਨੂੰ ਦੰਦਾਂ ਵਿਚ ਉਂਗਲਾਂ ਟੁੱਕਣ ਲਾ ਦਿੱਤਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨੇ ਜਨ-ਸਾਧਾਰਨ ਦੀ ਜੂਨ ਦੁਭਰ ਕਰ ਛੱਡੀ ਹੈ। ਇੱਥੋਂ ਤਕ ਕਿ ਮੱਧ-ਵਰਗੀ ਅਤੇ ਨਿਮਨ-ਮੱਧ-ਵਰਗੀ ਲੋਕਾਂ ਦਾ ਜੀਵਨ ਵੀ ਨਿਰਾਸਤਾ ਵੱਲ ਧੱਕਿਆ ਜਾ ਰਿਹਾ ਹੈ। ਤਨਖ਼ਾਹਦਾਰ ਕਾਮਿਆਂ ਨੂੰ ਉਪਭੋਗਤਾ-ਕਲਚਰ ਨੇ ਖੁੱਡੇ ਲਾਈਨ ਲਾ ਕੇ ਅਜਗਰ ਵਾਂਗ ਕੁੰਡਲੀ ਵਿਚ ਜਕੜਿਆ ਹੋਇਆ ਹੈ। ਇਹ ਸਭ ਕੁਝ ਕਹਾਣੀ ਦਾ ਵਿਸ਼ਾ ਹੈ। ਖ਼ਾਸ ਕਰਕੇ ਜਾਤੀ-ਪਾਤੀ ਪ੍ਰਬੰਧ ਤੋਂ ਪੀੜਤ ਵਿਅਕਤੀ ਨੂੰ ਅਜੇ ਕਿਧਰੇ ਮੁਕਤੀ ਦਾ ਮਾਰਗ ਨਹੀਂ ਦਿਸਦਾ। ਛੂਤ-ਛਾਤ ਤਾਂ ਤਰਲ ਹੋ ਗਈ ਪਰ ਪਹਿਲਾਂ ਦੇ ਮੁਕਾਬਲੇ ਤ੍ਰਿਸਕਾਰ ਦੀ ਭਾਵਨਾ ਹੋਰ ਬਲਵਾਨ ਹੋਈ ਹੈ। ਕੇਵਲ ਚੇਤੰਨ ਵਿਅਕਤੀ ਦੇ ਮਾਨਸਿਕ ਧਰਾਤਲ ਉਪਰ ਅਜੇ ਸੰਘਰਸ਼ ਦਾ ਬੀਜ ਫੁਟਿਆ ਹੈ, ਜਨ-ਸਾਧਾਰਨ ਤਾਂ ਹੀਣੀ ਜਾਤ ਨੂੰ ਵੀ ਕਿਸਮਤ ਅਤੇ ਭਾਵੀ ਦਾ ਚੱਕਰ ਮੰਨ ਕੇ ਗਲ਼ ਨਾਲ਼ ਲਾਈ ਬੈਠਾ ਹੈ।

ਮੈਨੂੰ ਕਈ ਆਲੋਚਕ ਦੋਸਤਾਂ ਨੇ ਟੋਕਿਆ ਹੈ ਤੇ ਸੁਝਾਅ ਦਿੱਤਾ ਹੈ ਕਿ ਜੇ ਚਰਚਾ ਕਰਾਉਣੀ ਹੈ ਤਾਂ 'ਪ੍ਰਗਤੀਵਾਦ' ਦਾ ਪੱਲਾ ਛੱਡ ਕੇ ਕਾਮ ਹੱਥੋਂ ਪੀੜਤ ਮਨੁੱਖੀ ਮਨ ਦੀ ਵੇਦਨਾ ਦੀ ਕਹਾਣੀ ਕਹਿ। ਇਸ ਦਾ ਜਵਾਬ ਮੈਂ ਉਪਰ ਦੇ ਆਇਆ ਹਾਂ। ਮੈਂ ਫਿਰ ਦੁਹਰਾਉਂਦਾ ਹਾਂ ਕਿ ਵਿਸ਼ਵ ਯਥਾਰਥ ਤੋਂ ਵੱਡਾ ਕੁੱਝ ਵੀ ਨਹੀਂ - ਕਾਮ ਉਸ ਵਿਚ ਜ਼ੱਰੇ ਵਾਂਗ ਰਮਿਆ ਹੋਇਆ ਮਾਮੂਲੀ ਅੰਸ਼ ਜ਼ਰੂਰ ਹੈ। ਕਾਮ ਜ਼ਿੰਦਗੀ ਦੀ ਅਣਸਰਦੀ ਲੋੜ ਹੈ ਤੇ ਇਸ ਦੀ ਜ਼ਿੰਦਗੀ ਵਿਚ ਬਹੁਤ ਉਤਮ ਥਾਂ ਹੈ ਪਰ ਇਹ ਹੀ ਸਭ ਕੁਝ ਨਹੀਂ। ਨਿਰੋਲ ਕਾਮ, ਕੱਟੇ ਗਏ ਲਿੰਗ ਜਾਂ ਠਰ ਗਏ ਲਿੰਗ' ਦੀਆਂ ਕਹਾਣੀਆਂ ਵਕਤੀ ਤੌਰ 'ਤੇ ਬੱਲੇ ਬੱਲੇ ਕਰਾ ਲੈਣ ਤਾਂ ਕੋਈ ਅਚੰਭੇ ਵਾਲੀ ਗੱਲ ਨਹੀਂ। ਸਦੀਵੀ ਸੱਚ ਵਜੋਂ ਤਾਂ ਮਨੁੱਖੀ ਸੰਘਰਸ਼, ਖ਼ਾਸ ਕਰਕੇ ਸਮਾਜ ਦੀ ਤਰੱਕੀ ਲਈ ਕੀਤੇ ਸੰਘਰਸ਼ ਦੀਆਂ ਕਹਾਣੀਆਂ ਨੂੰ ਹੀ ਅੰਤਮ ਤੌਰ 'ਤੇ

ਪ੍ਰਵਾਨਿਆ ਜਾਏਗਾ। ਪੂਰਬੀ ਯੂਰਪ ਦੀਆਂ ਘਟਨਾਵਾਂ ਤੋਂ ਉਦਾਸ ਹੋਣ ਦੀ ਜ਼ਰੂਰਤ ਨਹੀਂ। ਮਾਨਵਵਾਦ ਦਾ ਝੰਡਾ ਯੁੱਗੋ-ਯੁੱਗ ਝੁਲਦਾ ਹੀ ਰਹਿਣਾ ਹੈ।

ਸਾਹਿਤ ਨੂੰ ਜ਼ਿੰਦਗੀ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਸਾਹਿਤ ਹੁੰਦਾ ਹੀ ਜ਼ਿੰਦਗੀ ਲਈ ਹੈ। ਕਲਮ ਜ਼ਿੰਦਗੀ ਦੇ ਨਕਸ਼ ਸੰਵਾਰਨ ਲਈ ਬੁਰਸ਼ ਜਿਨਾ ਕੰਮ ਤਾਂ ਕਰ ਹੀ ਸਕਦੀ ਹੈ। ਮੇਰੀ ਕਲਮ ਵਚਨਬੱਧਤਾ ਦੀ ਪਾਲਣਾ ਕਰੇਗੀ- ਜ਼ਿੰਦਗੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੈਂ ਇਹ ਵਚਨ ਦਿੰਦਾ ਹਾਂ। ਪਾਠਕਾਂ ਦੇ ਰੂ-ਬ-ਰੂ ਹਾਂ। ਤੁਹਾਡਾ ਚੰਗਾ-ਮਾੜਾ ਹੁੰਘਾਰਾ ਸਿਰ ਦਾ ਸਿਹਰਾ ਹੋਵੇਗਾ। ਇਕ ਹੋਰ ਪ੍ਰਸ਼ਨ ਜੋ ਅਕਸਰ ਮੇਰੇ ਕੋਲੋਂ ਲੇਖਕ ਬਣਨ ਦੇ ਚਾਹਵਾਨ ਪਾਠਕ ਪੁੱਛ ਲੈਂਦੇ ਹਨ ਕਿ ਕੀ ਮੈਂ ਕਹਾਣੀ ਕਲਪਣਾ ਨਾਲ਼ ਲਿਖਦਾ ਹਾਂ ਜਾਂ ਇਹ ਸੱਚੀ ਘਟਨਾ 'ਤੇ ਅਧਾਰਤ ਹੁੰਦੀ ਹੈ। ਮੇਰਾ ਜਵਾਬ ਹੈ ਕਿ ਕਲਪਣਾ ਨਾਂ ਦੀ ਆਪਣੇ ਆਪ ਵਿਚ ਕੋਈ ਚੀਜ਼ ਹੁੰਦੀ ਹੀ ਨਹੀਂ। ਕਲਪਣਾ ਵੀ ਤਾਂ ਠੋਸ ਧਰਾਤਲ ਤੋਂ ਹੀ ਕੀਤੀ ਜਾਂਦੀ ਹੈ। ਜੇ ਸਮਾਜ ਵਿਚ ਯਥਾਰਥ ਹੀ ਨਹੀਂ ਤਾਂ ਕਲਪਣਾ ਕਾਹਦੇ ਆਸਰੇ ਕੀਤੀ ਜਾਏਗੀ। ਜੋ ਕੁਝ ਵੀ ਇਕ ਕਹਾਣੀਕਾਰ ਲਿਖਦਾ ਹੈ, ਉਸ ਦੀਆਂ ਜੜ੍ਹਾਂ ਤਾਂ ਕਿਤੇ ਨਾ ਕਿਤੇ ਪਈਆਂ ਹੀ ਹੁੰਦੀਆਂ ਹਨ। ਮੈਂ ਆਪਣੀਆਂ ਕੁਝ ਕੁ ਕਹਾਣੀਆਂ ਦੇ ਪ੍ਰਸੰਗ ਵਿਚ ਇਹ ਵਿਚਾਰ ਆਪਣੇ ਪਾਠਕਾਂ ਨਾਲ਼ ਸਾਂਝਾ ਕਰਨ ਦੀ ਆਗਿਆ ਮੰਗਦਾ ਹਾਂ। ਸਾਡੇ ਪਿੰਡ ਮੰਡੀ ਕਲਾਂ ਵਿਚ ਮੀਂਹ ਨੇ ਘਾਰਾ ਪਾ ਕੇ ਰਾਹ ਦੀ ਮਿੱਟੀ ਛੱਪੜ ਵਿਚ ਵਹਾ ਦਿੱਤੀ। ਹਾੜੀ ਦੇ ਦਿਨ ਸਨ, ਮਜ਼੍ਹਬੀ ਸਿੱਖਾਂ ਦੇ ਇਕ ਬੰਦੇ ਨੇ ਉਕਾ-ਪੁੱਕਾ ਪੱਚੀ ਰੁਪਿਆਂ ਵਿਚ ਠੇਕਾ ਕਰ ਲਿਆ। ਮੈਂ ਉਸ ਦੇ ਕੋਲ਼ੋਂ ਲੰਘਿਆ ਤਾਂ ਮੈਨੂੰ ਜਾਪਿਆ ਕਿ ਇਹ ਬੰਦਾ ਤਾਂ ਪੰਚਾਇਤ ਨੇ ਠੱਗ ਲਿਆ ਹੈ। ਲੰਮਾ ਸਮਾਂ ਇਹ ਕਹਾਣੀ ਮੇਰੇ ਜ਼ਿਹਨ ਵਿਚ ਉਸਲ਼ ਵੱਟੇ ਲੈਂਦੀ ਰਹੀ। ਫਿਰ ਜਦ ਲਿਖਣ ਦਾ ਸਮਾਂ ਆਇਆ, ਆਪਣੇ ਆਪ ਹੀ ਹੋਰ ਬਹੁਤ ਸਾਰੀਆਂ ਕਿਤੇ ਹੋਰ ਵਾਪਰੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਗਈਆਂ ਤੇ ਕਹਾਣੀ ਬਣ ਗਈ 'ਬਠਲ਼ੂ ਚਮਿਆਰ'। ਇਸੇ ਤਰ੍ਹਾਂ ਇਕ ਵਾਰ ਮੈਂ ਚੁਬਾਰਾ ਪਾਉਣਾ ਸੀ। ਇਕ ਜੱਟਾਂ ਦਾ ਮੁੰਡਾ ਮਜ਼ਦੂਰ ਮੇਰੇ ਕੰਮ 'ਤੇ ਆ ਲੱਗਿਆ ਪਰ ਅੱਧੀ ਦਿਹਾੜੀ ਲੈ ਕੇ ਕੰਮ ਛੱਡ ਗਿਆ। ਗੱਲ ਤਾਂ ਸਿਰਫ਼ ਐਨੀ ਕੁ ਹੀ ਸੀ ਪਰ ਲਗ ਕੰਨਾ ਲਗਦਾ ਲਗਦਾ ਲੰਮੀ ਕਹਾਣੀ ਬਣ ਗਈ 'ਠੂੰਹਾਂ'। ਗੱਲ ਵਿਚ ਇਸ ਤਰ੍ਹਾਂ ਵਾਧਾ ਹੋਇਆ ਕਿ ਸਾਡੇ ਗੁਆਂਢ ਵਿਚ ਵਾਲੀਆ ਨਾਂ ਦੀ ਤਖ਼ਤੀ ਵਾਲ਼ਾ ਇਕ ਪਰਿਵਾਰ ਕਿਸੇ ਘਰ ਕਿਰਾਏ 'ਤੇ ਰਹਿੰਦਾ ਸੀ। ਇਕ ਦਿਨ ਉਸਦਾ ਮੇਰੇ ਬਾਰ ਅੱਗੋਂ ਲੰਘਦਿਆਂ ਅਚਾਨਕ ਹੀ ਮੇਲ ਹੋ ਗਿਆ। ਉਹ ਕਹਿਣ ਲੱਗਾ-"ਜੀ ਕਦੇ ਸਾਡੇ ਘਰ ਵੀ ਦਰਸ਼ਨ ਦਿਉ, ਅਸੀਂ ਵੀ ਆਪ ਜੀ ਦਾ ਹੀ ਭਾਈਚਾਰਾ ਹਾਂ"। ਮੈਂ ਕਿਹਾ-"ਤੁਹਾਡੀ ਨੇਮ ਪਲੇਟ ਉਪਰ ਤਾਂ ਵਾਲੀਆ ਲਿਖਿਆ ਹੋਇਆ ਹੈ"। "ਓ ਜੀ ਤੁਸੀਂ ਜਾਣਦੇ ਹੀ ਓ, ਉਹਲਾ ਤਾਂ ਰੱਖਣਾ ਹੀ ਪੈਂਦਾ"। ਇਕ ਮੈਂ ਹਾਂ ਕਦੇ ਭੋਰੇ ਭਰ ਦਾ ਵੀ ਉਹਲਾ ਨਹੀਂ ਰੱਖਿਆ। ਉਨ੍ਹਾਂ ਦੀ ਇਹ ਗੱਲ ਸੁਣ ਕੇ ਜੱਟ ਮੁੰਡੇ ਦਾ ਮੇਰੇ ਕੰਮ 'ਤੇ ਦਿਹਾੜੀ ਆਉਣਾ ਤੇ ਅੱਧ ਵਿਚਕਾਰੋਂ ਹੀ ਚਲੇ ਜਾਣਾ ਠੂੰਹਾਂ ਕਹਾਣੀ ਦਾ ਪਲਾਟ ਬਣ ਗਿਆ। ਸਾਡੇ ਹੀ ਪਿੰਡ ਦੇ ਇਕ ਮੁਸਲਮਾਨ ਮਹਿਰਾ ਪਰਿਵਾਰ ਦੀ ਬਹੁਤ ਹੀ ਛੋਟੀ ਜਿਹੀ ਘਟਨਾ ਨੂੰ ਲੈ ਕੇ ਮੈਂ ਕਹਾਣੀ 'ਸਬੂਤੇ ਕਦਮ' ਲਿਖੀ ਸੀ, ਜਿਸ ਉਪਰ ਹੁਣ ਬਲਰਾਜ ਸਾਗਰ ਫਿਲਮ ਬਣਾਉਣ ਲੱਗਾ ਹਪੋਇਆ ਹੈ। ਜੀਵਨ ਦਾ ਡੂੰਘਾ ਅਧਿਐਨ, ਜ਼ਿੰਦਗੀ ਦੀ ਕਿਤਾਬ ਨੂੰ ਗਹਿਰਾਈ ਨਾਲ ਪੜ੍ਹ ਸਕਣ ਦੀ ਜਾਚ ਹੀ ਨਿੱਗਰ ਕਹਾਣੀ ਕਹਿਣ ਦੀ ਜੁਗਤ ਹੈ।❑❑

[ਬੀ-6, ਗੁਰੂ ਕੀ ਨਗਰੀ, ਬਠਿੰਡਾ- 151001, ਫੋਨ: 9417581936]

ਗੇਰੂਏ ਵਸਤਰ

ਸਾਧੂ ਸਿੰਘ

ਆਸ਼ਰਮ ਦੀ ਬਾੜੀ ਵਿਚ ਪੱਬਾਂ ਭਾਰ ਬਹਿ ਕੇ ਮਟਰ ਤੋੜਦੇ ਮਿਸ਼ਰਾ ਜੀ ਨੂੰ ਆਪਣੇ ਵੱਲ ਆਉਂਦੇ ਮਨੁੱਖੀ ਪਰਛਾਵੇਂ ਦਾ ਝਉਲ਼ਾ ਜਿਹਾ ਪਿਆ। ਕਰੂੰਬਲੀ 'ਤੇ ਢਿਲ਼ਕ ਆਈ ਐਨਕ ਦੇ ਫਰੇਮ ਨੂੰ ਉਹਨਾਂ ਆਪਣੀਆਂ ਉਂਗਲ਼ੀਆਂ ਦੇ ਪੋਟਿਆਂ ਨਾਲ ਨੱਕ ਦੀ ਘੋੜੀ 'ਤੇ ਥਾਂ ਸਿਰ ਕੀਤਾ। ਗੋਡਿਆਂ ਉਪਰ ਦੋਨੋਂ ਹੱਥ ਧਰ ਕੇ ਆਪਣੇ ਧੜ ਨੂੰ ਉਪਰ ਉਗਾਸ ਕੇ ਲੱਕ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ। ਇੱਕੋ ਹੱਲੇ ਉਹਨਾਂ ਨੂੰ ਇਸ ਕੰਮ ਵਿਚ ਪੂਰੀ ਸਫਲਤਾ ਨਾ ਮਿਲ਼ੀ ਤੇ ਉਹਨਾਂ ਦੇ ਮੂੰਹੋਂ ਸਭਾਉਕੇ ਹੀ 'ਹੇ ਰਾਮ' ਨਿਕਲ ਗਿਆ।

ਉਹ ਆਉਣ ਵਾਲੇ ਵੱਲ ਆਪਣੀ ਨੀਝ ਦੀ ਸ਼ਿਸਤ ਬੰਨ੍ਹ ਹੀ ਰਹੇ ਸਨ ਕਿ ਅਜਨਬੀ ਨੇ ਰਤਾ ਕੁ ਝੁਕ ਕੇ ਬੜੇ ਅਦਬ ਨਾਲ 'ਨਮਸ਼ਕਾਰ ਮਿਸ਼ਰਾ ਜੀ' ਦੀ ਧੁਨ ਦਾਗ ਦਿੱਤੀ। ਅਗਿਆਤ ਅਤਿਥੀ ਦੇ ਮੂੰਹੋਂ ਉਹਨਾਂ ਨੂੰ ਆਪਣੇ ਨਾਂ ਦਾ ਉਚਾਰਣ ਚੰਗਾ ਚੰਗਾ ਲੱਗਾ। ਪਰ ਸਹਿਜ-ਸੁਭਾਵਕ ਉਮਾਹ ਨਾਲ ਯਾਤਰੀ ਦੇ ਸਵਾਗਤ ਲਈ ਤਤਪਰਤਾ ਦਾ ਪ੍ਰਗਟਾਵਾ, ਸ਼ਾਇਦ ਆਸ਼ਰਮ ਦੀ ਮਰਯਾਦਾ ਦੇ ਅਨੁਕੂਲ ਨਹੀਂ ਸੀ। ਉਹਨਾਂ ਜ਼ਾਹਰਾ ਬੇਲਗਾਉ ਜਤਾਉਂਦਿਆਂ ਅਜਨਬੀ ਦੀ ਬੰਦਨਾ ਦੇ ਸਵੀਕਾਰ ਵਜੋਂ ਕੁਝ ਆਖਿਆ ਜੋ ਉਹਨਾਂ ਦੇ ਪੋਪਲੇ ਬੁਲ੍ਹਾਂ ਦੀ ਫੁਸਫੁਸਾਹਟ ਵਿਚ ਹੀ ਗੁੰਮ ਕੇ ਰਹਿ ਗਿਆ'

"ਕਹੀਏ, ਕੈਸੇ ਆਨਾ ਹੂਆ?"

ਹੁਣ ਤਕ ਮਿਸ਼ਰਾ ਜੀ ਦੇ ਬੋਲਾਂ ਵਿਚ ਕਸਬੀ ਮੁਹਾਰਤ ਪੂਰੀ ਤਰ੍ਹਾਂ ਪਰਤ ਚੁੱਕੀ ਸੀ।

"ਪੰਡਿਤ ਜੀ, ਜਹਾਂ ਹੀ ਹੋ?" ਅਜਨਬੀ ਦੇ ਬੋਲ ਵਿਚ ਰਤਾ ਕਾਹਲ਼ ਸੀ, ਜੋ ਮਿਸ਼ਰਾ ਜੀ ਨੂੰ ਰਤਾ ਓਪਰੀ ਲੱਗੀ ਤੇ ਅਸੁਖਾਵੀਂ ਵੀ।

"ਕੌਨ ਪੰਡਿਤ ਜੀ?" ਮਿਸ਼ਰਾ ਜੀ ਦੀ ਆਵਾਜ਼ ਵਿਚ ਥੋੜ੍ਹੀ ਜਿਹੀ ਕੁਰਖਤਗੀ ਘੁਲ਼ੀ ਹੋਈ ਸੀ।

ਅਜਨਬੀ ਨੂੰ ਲੱਗਾ ਜਿਵੇਂ ਅਵੇਸਲ਼ੇਪਨ ਵਿਚ ਹੀ ਉਸਤੋਂ ਮੱਠਾਧੀਸ਼ ਦਾ ਅਪਮਾਨ ਹੋ ਗਿਆ ਹੋਵੇ।

"ਸੁਆਮੀ ਪਰਮਾਨੰਦ ਜੀ!", ਉਹਨੇ ਆਪਣੀ ਭੁੱਲ ਦੀ ਸੋਧ ਕਰਦਿਆਂ ਬੜੀ ਆਜਜ਼ੀ ਨਾਲ ਆਖਿਆ।

"ਐਸੇ ਕਹੀਏ ਨਾ"। ਬਿਰਧ ਜਨ ਨੇ ਭੁੱਲ ਦੀ ਸੋਧ ਨੂੰ ਪ੍ਰਵਾਨ ਤਾਂ ਕਰ ਲਿਆ ਪਰ ਸੁਆਮੀ ਜੀ ਦੇ ਰੁਤਬੇ ਨੂੰ ਪੁੱਜੀ ਪਹਿਲੀ ਠੇਸ ਦੀ ਖਿਝ ਹਾਲੇ ਵੀ ਉਹਦੇ ਚਿਹਰੇ ਦੀਆਂ ਝੁਰੜੀਆਂ ਵਿਚ ਝਿੜਕ ਦਾ ਰੂਪ ਧਾਰੀ ਬੈਠੀ ਸੀ।

ਉਹਨੂੰ ਯਾਦ ਆਇਆ ਕਿ ਹਾਲੇ ਪਿਛਲੇ ਸਾਲ ਹੀ ਤਾਂ ਪੰਡਿਤ ਜੀ ਨੇ ਆਪਣੇ ਧਰਮ ਗੁਰੂ ਤੋਂ ਬਾਕਾਇਦਾ ਦੀਕਸ਼ਾ ਲੈ ਕੇ ਬਾਣਪ੍ਰਸਥ ਆਸ਼ਰਮ ਵਿਚ ਪ੍ਰਵੇਸ਼ ਕੀਤਾ ਸੀ। ਉਹਨਾਂ ਦੇ ਉਚੇਚੇ ਸੱਦੇ 'ਤੇ ਉਹ ਦੀਕਸ਼ਾ ਸਮਾਰੋਹ ਵਿਚ ਸ਼ਾਮਲ ਹੋਣ ਆਇਆ ਸੀ, ਜਿਸਦਾ ਰਵਾਇਤੀ ਜਲੌ ਹਾਲੇ ਵੀ ਉਹਦੇ ਚੇਤੇ ਵਿਚ ਤਾਜ਼ਾ ਸੀ। ਚਹੁੰਆਂ ਦਿਸ਼ਾਵਾਂ ਵਿਚ ਜਲ਼ ਰਹੀਆਂ ਅਗਰਬੱਤੀਆਂ ਦੀ ਮਹਿਕ। ਮੰਤਰਾਂ ਦੀ ਮੁਗਧਕਾਰੀ ਧੁਨੀ। ਪੀਤਾਂਬਰੀ ਬਾਣੇ ਵਿਚ ਚੌਕੜੀ ਮਾਰ ਕੇ ਅੰਤਰਧਿਆਨ ਬੈਠੇ ਪੰਡਿਤ ਜੀ। ਸਾਹਮਣੇ ਹਵਨ ਕੁੰਡ ਵਿਚ ਜਲ਼ ਰਹੀ ਸਮੱਗਰੀ। ਤੇ ਇਸ ਹਵਨ ਕੁੰਡ ਵਿਚ ਮੇਲ੍ਹ ਰਹੀਆਂ ਅਗਨੀ ਦੀਆਂ ਲਾਟਾਂ ਵਿਚ ਹੋਰ

ਕਈ ਕੁਝ ਤੋਂ ਬਿਨਾਂ ਪੰਡਿਤ ਜੀ ਦਾ ਬੀਤਿਆ ਜੀਵਨ ਤੇ ਉਹਨਾਂ ਦਾ ਕੁਲਨਾਮ ਵੀ ਸੜ ਕੇ ਰਾਖ ਹੋ ਗਿਆ ਸੀ। ਇਸ ਭੂਤ ਦੀ ਵਿਭੂਤੀ ਵਿਚੋਂ ਉਹਨਾਂ ਦਾ ਨਵਾਂ ਜਨਮ ਹੋਇਆ ਮੰਨਿਆ ਜਾਂਦਾ ਸੀ ਤੇ ਉਸੇ ਪਲ ਤੋਂ ਉਹ ਪੰਡਿਤ ਕਪਲਦੇਵ ਦੀ ਥਾਂ ਸੁਆਮੀ ਪਰਮਾਨੰਦ ਦੇ ਨਾਂ ਨਾਲ ਜਾਣੇ ਜਾਣ ਲੱਗ ਪਏ ਸਨ!

ਸੁਆਮੀ ਪਰਮਾਨੰਦ ਜੀ ਮਹਾਰਾਜ!

ਇਸ ਨਾਂ ਦੀ ਆਪਣੀ ਹੀ ਆਭਾ ਸੀ। ਕਿੱਥੇ ਕਪਲ ਦੇਵ ਤੇ ਕਿੱਥੇ ਸੁਆਮੀ ਪਰਮਾਨੰਦ ਜੀ ਮਹਾਰਾਜ। ਪਰ ਪੰਡਿਤ ਦੇ ਬਚਪਨ ਦੇ ਦੋਸਤ ਸੁਰਿੰਦਰ ਦੇ ਮੂੰਹ 'ਤੇ ਇਹ ਨਾਂ ਚੜ੍ਹ ਹੀ ਨਹੀਂ ਸੀ ਰਿਹਾ। ਉਹਨੇ ਪੰਡਿਤਾ ਤੋਂ ਪੰਡਿਤ ਜੀ ਤਕ ਦਾ ਸਫਰ ਤਾਂ ਤੈਅ ਕਰ ਲਿਆ ਸੀ ਪਰ ਸੁਆਮੀ ਪਰਮਾਨੰਦ ਜੀ ਮਹਾਰਾਜ ਤਕ ਦੀ ਔਖੀ ਘਾਟੀ ਉਹਤੋਂ ਸਰ ਹੀ ਨਹੀਂ ਸੀ ਹੋ ਰਹੀ। ਉਹ ਤਾਂ ਹਾਲੇ ਵੀ ਜਦ ਕਦੇ ਪੰਡਿਤ ਜੀ ਦੀ ਹਜ਼ੂਰੀ ਵਿਚ 'ਕੱਲਾ ਹੁੰਦਾ ਤਾਂ ਥੋੜ੍ਹੀ ਜਿਹੀ ਅੱਖ ਦੱਬ ਕੇ ਸੁਭਾਵਕ ਹੀ ਕਹਿ ਦਿੰਦਾ ਸੀ, "ਕਿੱਦਾਂ ਫੇਰ ਪੰਡਿਤਾ?" ਇਸ ਸਾਦਾ ਜਿਹੇ ਸੁਆਲ ਵਿਚ ਉਹਨਾਂ ਦੀਆਂ ਪੂਰੀਆਂ ਜ਼ਿੰਦਗੀਆਂ ਵਿਚ ਘੁਲ਼ੇ ਜੁਆਬਾਂ ਦਾ ਇਤਿਹਾਸ ਸਮੋਇਆ ਹੁੰਦਾ ਸੀ। ਉਸ ਘੜੀ ਉਹਨਾਂ ਦੀਆਂ ਮਿਲ਼ੀਆਂ ਅੱਖਾਂ ਵਿਚ ਅਜਿਹੀ ਸਾਂਝ ਦੀ ਲਿਸ਼ਕ ਹੁੰਦੀ ਸੀ ਜਿਸ ਸਾਹਮਣੇ ਸਭ ਪਰਮਾਨੰਦ ਜਾਂ ਧਰਮਾਨੰਦ ਹੇਚ ਹੋ ਜਾਂਦੇ ਸਨ।

ਮਿਸ਼ਰਾ ਜੀ ਤਾਂ ਹਾਲੇ ਤਿੰਨ ਮਹੀਨੇ ਪਹਿਲਾਂ ਆਪਣੀ ਸਰਕਾਰੀ ਸੇਵਾ-ਮੁਕਤੀ ਤੋਂ ਬਾਅਦ ਆਪਣਾ ਅੱਗਾ ਸੁਆਰਨ ਦੇ ਫਿਕਰ ਵਿਚ ਪੰਡਿਤ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਸਨ। "ਕਲ੍ਹ ਦੀਏ ਜੰਮੀਏਂ, ਤੂੰ ਕਿਆ ਜਾਣੇ ਉਮਰਾਂ ਦਾ ਇਤਿਹਾਸ"। ਘੁੱਗੀ ਕਿਆ ਜਾਣੇ ਸਤਿਗੁਰ ਕੀਆਂ ਬਾਤਾਂ।

ਪਰ ਮਿਸ਼ਰਾ ਜੀ ਆਪਣੀ ਥਾਂ ਸਹੀ ਸਨ। ਉਹਨਾਂ ਨੂੰ ਆਪਣੇ ਸੁਆਮੀ ਦੀ ਤਨਜ਼ਲੀ ਦਾ ਕੋਈ ਸੰਬੋਧਨ ਕਿਵੇਂ ਸਵੀਕਾਰ ਹੋ ਸਕਦਾ ਸੀ?

ਵਿਚਾਰੇ ਮਿਸ਼ਰਾ ਜੀ ਨੂੰ ਕੀ ਪਤਾ ਸੀ ਕਿ ਉਸ ਦੀਕਸ਼ਾ ਸਮਾਰੋਹ ਦੀ ਸਮਾਪਤੀ ਤੋਂ ਬਾਅਦ, ਉਹ ਦੋਨੋਂ ਦੋਸਤ ਡੂੰਘੀ ਰਾਤ ਤੀਕ ਜਿਹੜੀਆਂ ਗੱਲਾਂ ਕਰਦੇ ਰਹੇ ਸਨ, ਉਹਨਾਂ ਦਾ ਭਵਾਨ ਤੇ ਭਵਿੱਖ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਸਭ ਦੀਆਂ ਸਭ ਭੂਤਮੁਖੀ ਸਨ। ਭੂਤ ਜੋ ਕਿਸੇ ਵੀ ਹਵਨ ਕੁੰਡ ਵਿਚ ਆਤਮਦਾਹ ਕਰਨ ਤੋਂ ਇਨਕਾਰੀ ਸੀ।

ਉਸ ਰਾਤ ਪੰਡਿਤ ਜੀ ਨੇ ਦੋ-ਢਾਈ ਦਹਾਕੇ ਪੁਰਾਣੀ ਭੂਰੇ ਹੋ ਗਏ ਕਾ.ਗਜ਼ਾਂ ਵਾਲੀ ਆਪਣੀ ਵਿਆਜ਼ ਵਿਚੋਂ ਉਰਦੂ ਪੰਜਾਬੀ ਵਿਚ ਲਿਖੀਆਂ ਆਪਣੀਆਂ ਬੜੀਆਂ ਪੁਰਾਣੀਆਂ ਨਜ਼ਮਾਂ ਸੁਣਾਈਆਂ ਸਨ। ਮੁੰਦਾਵਣੀ ਦਾ ਸ਼ਿਅਰ ਸੁਣਾਉਣ ਲੱਗਿਆਂ ਉਹਨਾਂ ਦੀ ਆਵਾਜ਼ ਵਿਚ ਕਹਿਰਾਂ ਦੀ ਉਦਾਸੀ ਸੀ, ਜਿਵੇਂ ਉਹ ਕਿਸੇ ਬੀਆਬਾਨ ਜੰਗ਼ਲ ਦੇ ਬੋੜੇ ਖੂਹ ਵਿਚੋਂ ਬੋਲ ਰਹੇ ਹੋਣ:

ਮਾਜ਼ੀ ਕੀ ਤਲਖ ਯਾਦੋਂ ਕੋ ਭੁਲਾਨੇ ਕੇ ਲੀਏ
ਚੰਦ ਫਟੇ ਪੁਰਾਨੇ ਕੱਪੜੇ ਥੇ
ਗੇਰੂਏ ਰੰਗਵਾ ਲਈਏ, ਮੈਂ ਨੇ।

ਇਸ ਤੋਂ ਬਾਅਦ ਉਹ ਦੋਨੋਂ ਕੋਈ ਵੀ ਗੱਲ ਨਹੀਂ ਸਨ ਕਰ ਸਕੇ। ਕਿਤੇ ਤੜਕਸਾਰ ਜਾ ਕੇ ਦੋਨਾਂ ਦੀ ਅੱਖ ਲੱਗੀ ਸੀ।

ਪਰ ਮਿਸ਼ਰਾ ਜੀ ਆਪਣੀ ਥਾਂ ਸਹੀ ਸਨ। ਉਹ ਮਟਰਾਂ ਨਾਲ ਭਰੀ ਟੋਕਰੀ ਉਠਾਉਣ ਲਈ ਹੇਠਾਂ ਵੱਲ ਅਹੁਲਣ ਦੇ ਯਤਨ ਵਿਚ ਸਨ।

"ਇਸੇ ਮੈਂ ਉਠਾ ਲੇਤਾ ਹੂੰ", ਵਾਕ ਪੂਰਾ ਹੋਣ ਤੋਂ ਪਹਿਲਾਂ ਹੀ ਸੁਰਿੰਦਰ ਨੇ ਕੁੱਕੋ ਦੀ

ਟੋਕਰੀ ਦੀ ਡੰਡੀ ਥੰਮ ਲਈ ਸੀ।

ਦਾਖੀ ਓਵਰਕੋਟ। ਸਫੇਦ ਕਾਲਰ ਹੇਠ ਸਜੀ ਸੂਹੀ ਟਾਈ। ਗੋਰਾ ਨਿਛੋਹ ਰੰਗ। ਬੇਪਰਵਾਹੀ ਨਾਲ ਵਾਹੇ ਕੁੰਡਲ਼ਦਾਰ ਵਾਲ਼। ਇਕ ਹੱਥ ਨਿੱਕਾ ਜਿਹਾ ਅਟੈਚੀ ਤੇ ਦੂਜੇ ਮਟਰਾਂ ਦੀ ਟੋਕਰੀ।

ਮਿਸ਼ਰਾ ਜੀ ਉਹਦੇ ਸੇਵਾ ਭਾਵ ਤੋਂ ਅੰਦਰੋਂ ਗਦ ਗਦ ਤਾਂ ਹੋਏ ਸਨ ਪਰ ਉਹਨਾਂ ਨੇ ਆਪਣੇ ਅੰਦਰ ਦੇ ਪ੍ਰਭਾਵ ਨੂੰ ਚਿਹਰੇ ਦੀਆਂ ਝੁਰੜੀਆਂ ਤੋਂ ਬਾਹਰ ਝਾਕਣ ਦੀ ਇਜਾਜ਼ਤ ਨਹੀਂ ਸੀ ਦਿੱਤੀ।

ਖਾ਼ਲ ਵਿਚ ਬੋਚ ਬੋਚ ਕੇ ਨਿੱਕੇ ਨਿੱਕੇ ਪੈਰ ਧਰਦੇ ਮਿਸ਼ਰਾ ਜੀ ਦੇ ਮਗਰੇ ਮਗਰ ਕਦਮਾਂ ਦੀ ਕਾਹ਼ਲ ਨੂੰ ਕਾਬੂ ਕਰਨ ਦੀ ਕੋਸ਼ਿਸ਼ ਵਿਚ ਤੁਰ ਰਹੇ ਸੁਰਿੰਦਰ ਲਈ ਪੰਡਿਤ ਜੀ ਨੂੰ ਮਿਲਣ ਦੀ ਤਤਪਰਤਾ ਸੰਭਾਲਣੀ ਔਖੀ ਹੋ ਰਹੀ ਸੀ। ਪਰ ਉਹ ਮਿਸ਼ਰਾ ਜੀ ਨੂੰ ਉਲੰਘਣ ਦੀ ਗੁਸਤਾਖੀ ਨਹੀਂ ਸੀ ਕਰ ਸਕਦਾ।

ਵਰ੍ਹੇ ਖੰਡ ਵਿਚ ਹੀ ਇਸ ਥਾਂ ਦਾ ਕਾਇਆ ਕਲਪ ਹੀ ਤਾਂ ਹੋ ਗਿਆ ਸੀ। ਪਹਿਲੀ ਵਾਰ ਜਦ ਉਹ ਪੰਡਿਤ ਜੀ ਨਾਲ ਆਸ਼ਰਮ ਲਈ ਖਰੀਦੀ ਜਾਣ ਵਾਲੀ ਨਵੀਂ ਥਾਂ ਦਾ ਮੁਆਇਨਾ ਕਰਨ ਆਇਆ ਸੀ ਤਾਂ ਏਥੇ ਇਕ ਬੋੜੀ ਜਿਹੀ ਕੱਚੀ ਖੂਹੀ ਵਿਚ ਜ਼ੰਗ-ਖਾਧੇ ਪਾਈਪ ਵਾਲਾ ਟਿਊਬਵੈੱਲ ਸੀ, ਜੋ ਬੁੱਢ-ਪੁਰਾਣੇ, ਮਸਾਂ ਹੀ ਧੁਕ ਧੁਕ ਕਰਦੇ ਮਰਨਾਊ ਜਿਹੇ ਡੀਜ਼ਲ ਇੰਜਣ ਨਾਲ ਰੁਕ ਰੁਕ ਕੇ ਚਲਦਾ ਸੀ। ਸਰਕੜੇ ਦੀ ਛੰਨ ਤੇ ਸੰਘਣੀ ਧ੍ਰੇਕ ਦੀ ਛਾਂ ਹੇਠ ਜੁਗਾਲ਼ੀ ਕਰਦੇ ਹਾਰੇ ਹੋਏ ਦੋ ਢੱਗੇ ਬੱਧੇ ਹੋਏ ਸਨ।

ਹੁਣ ਬਿਜਲੀ ਦੇ ਆਉਣ ਨਾਲ ਚੌਹੀਂ ਪਾਸੀਂ ਲਹਿਰ ਬਹਿਰ ਹੋਈ ਪਈ ਸੀ। ਤਰ੍ਹਾਂ ਤਰ੍ਹਾਂ ਦੇ ਫ਼ਲਦਾਰ ਰੁੱਖਾਂ ਦੀ ਬਗੀਚੀ। ਏਧਰ ਓਧਰ ਵਿਉਂਤ ਕੇ ਬਣਾਈਆਂ ਪਗਡੰਡੀਆਂ ਦੇ ਕਿਨਾਰੀਂ ਭਾਂਤ-ਸੁਭਾਂਤੇ ਫੁੱਲਦਾਰ ਬੂਟਿਆਂ ਦੀ ਛਹਿਬਰ। ਛੰਨ ਵਾਲੀ ਥਾਂ 'ਤੇ ਤਿਆਸਵੀਂ ਇਮਾਰਤ ਦੇ ਸਿਖਰ ਦੀ ਮੰਦਰਨੁਮਾ ਮਮਟੀ ਦੇ ਸੁਨਹਿਰੀ ਕਲ਼ਸ 'ਤੇ ਝੂਲ ਰਹੀ ਜੋਗੀਆ ਰੰਗ ਦੀ ਧਰਮ-ਧਵਜਾ।

ਖੁਲ੍ਹੇ ਬਰਾਂਡੇ ਦੇ ਇਕ ਪਾਸੇ ਖੜ੍ਹੀ ਅੰਬੈਸਡਰ। ਕਾਲ਼ੀਸ਼ਾਹ ਲੱਕੜ ਦੇ ਮਜ਼ਬੂਤ ਤਖਤਪੋਸ਼ ਦੇ ਆਲ਼ੇ-ਦੁਆਲ਼ੇ ਊਂਘਦੀਆਂ ਆਰਾਮ ਕੁਰਸੀਆਂ ਦਾ ਝੁਰਮਟ।

"ਆਪ ਬੈਠੀਏ। ਸੁਆਮੀ ਜੀ ਵਿਸ਼ਰਾਮ ਕਰ ਰਹੇ ਹੈਂ"।

ਮਿਸ਼ਰਾ ਜੀ ਦੀ ਸਧੀ ਹੋਈ ਪੇਸ਼ਾਵਰਾਨਾ ਆਵਾਜ਼ ਵਿਚ 'ਇੰਤਜ਼ਾਰ ਕੀਜੀਏ' ਦੀ ਤਾਕੀਦ ਸੀ।

ਇੰਤਜ਼ਾਰ?

ਦੋਸਤੀ ਦੇ ਦੁਆਰ 'ਤੇ ਇੰਤਜ਼ਾਰ ਤਾਂ ਕੀ, ਦਸਤਕ ਦਾ ਵੀ ਕੀ ਅਰਥ ਹੁੰਦਾ ਹੈ, ਇਹ ਗੱਲ ਸੁਰਿੰਦਰ ਦੀ ਸਮਝ ਤੋਂ ਬਾਹਰ ਸੀ।

ਵਿਸ਼ਰਾਮ ਨੂੰ ਪੰਡਿਤ ਕਿਹੜਾ ਗੱਠੇ ਗੁਡਦਾ ਰਿਹਾ ਹੋਣਾ ਹੈ। ਰਤਾ ਵੱਧ ਖਾਣ ਜਾਂ ਪੜ੍ਹਦਿਆਂ ਉਕਤਾ ਜਾਣ ਕਾਰਨ ਜ਼ਰਾ ਝਪਕੀ ਆ ਗਈ ਹੋਣੀ ਹੈ। ਵਿਸ਼ਰਾਮ ਕਰ ਰਹੇ ਹੈਂ ਸੁਆਮੀ ਜੀ! ਤੇ ਮੈਂ ਜਿਹੜਾ ਦਿੱਲੀਉਂ ਸਿੱਧਾ ਘਰ ਮੁੜਨ ਦੀ ਥਾਂ, ਏਡੀ ਦੂਰੋਂ ਉੱਤਰ ਪ੍ਰਦੇਸ਼ ਪਰਿਵਾਹਨ ਦੀਆਂ ਛਕੜੇਦਾਰ ਬੱਸਾਂ ਵਿਚ ਧੱਕੇ ਖਾਂਦਾ ਆਇਆ ਹਾਂ! ਸੁਰਿੰਦਰ ਦੇ ਮਨ ਵਿਚ ਬੜੇ ਅਵੈੜੇ ਜਿਹੇ ਖਿਆਲ ਆਏ ਪਰ ਉਹ ਮੂੰਹੋਂ ਕੁਝ ਨਾ ਉਭਾਸਰਿਆ।

ਪਰ ਇੰਤਜ਼ਾਰ? ਇਹ ਉਸ ਲਈ ਅਸੰਭਵ ਸੀ।

ਉਪਰਲੀ ਮੰਜ਼ਿਲ ਵੱਲ ਜਾਂਦੀਆਂ ਪਉੜੀਆਂ ਦੇ ਸੱਜੇ ਹੱਥ ਪੰਡਿਤ ਜੀ ਦੀ ਕੈਨਵਸ ਦੀ

ਗੁਰਗਾਬੀ ਪਈ ਸੀ ਤੇ ਕੰਧ ਨਾਲ ਖੜ੍ਹੀ ਸੀ ਚਾਂਦੀ ਦੇ ਮੁੱਠੇ ਵਾਲੀ ਛੜੀ। ਉਸ ਨੇ ਖੜ੍ਹੇ ਖੜ੍ਹੇ ਹੀ ਨਾਲ ਪਏ ਤਖਤਪੋਸ਼ 'ਤੇ ਆਪਣਾ ਅਟੈਚੀਕੇਸ ਰੱਖਿਆ।

"ਕੋਈ ਨਹੀਂ ਮਿਸ਼ਰਾ ਜੀ! ਆਪ ਚਿੰਤਾ ਨਾ ਕਰੇਂ। ਮੈਂ ਖ਼ੁਦ ਹੀ ਊਪਰ ਜਾ ਕੇ ਮਿਲ ਲੇਤਾ ਹੂੰ!"

ਉਹਨੇ ਮਿਸ਼ਰਾ ਜੀ ਦਾ ਹੁੰਗਾਰਾ ਨਾ ਉਡੀਕਿਆ ਤੇ ਬਿਨਾਂ ਬੂਟ ਲਾਹੇ ਹੀ ਦਗੜ ਦਗੜ ਕਰਦਾ ਪਉੜੀ ਦੇ ਪੌਡਿਆਂ ਨੂੰ ਮਿੱਧਦਾ ਉੱਪਰ ਚਲਾ ਗਿਆ।

ਅਜੀਬ ਆਦਮੀ ਹੈ!

ਮਿਸ਼ਰਾ ਜੀ ਡਰੇ ਸਹਿਮੇ ਜੇਹੇ ਮਗਰੇ ਮਗਰ ਗੋਡਿਆਂ 'ਤੇ ਹੱਥ ਰੱਖ ਕੇ ਪਉੜੀ ਚੜ੍ਹਨ ਲੱਗੇ।

ਚੁਬਾਰੇ ਦੇ ਬੂਹੇ ਕੋਲ ਅੰਦਰਵਾਰ ਪੰਡਿਤ ਜੀ ਦੇ ਪਊਏ ਪਏ ਸਨ। ਸਾਹਮਣੇ ਤਿਪਾਈ 'ਤੇ ਕੋਈ ਧਰਮ ਗ੍ਰੰਥ ਖੁਲ੍ਹਾ ਪਿਆ ਸੀ। ਆਲ਼ੇ ਵਿਚ ਸੁਆਮੀ ਰਾਮ ਕ੍ਰਿਸ਼ਨ ਤੇ ਮਾਤਾ ਜੀ ਦੀਆਂ ਤਸਵੀਰਾਂ ਸ਼ਸ਼ੋਭਤ ਸਨ। ਪੰਡਿਤ ਜੀ ਦਾ ਕਿਤੇ ਨਾਂ-ਨਿਸ਼ਾਨ ਨਹੀਂ ਸੀ।

ਪੰਡਿਤ ਜੀ ਮਹਾਰਾਜ!

ਕਿਧਰ ਮਾ ਲੋਪ ਹੋ ਗਏ?

ਸੁਰਿੰਦਰ ਦੀ ਉੱਚੀ ਆਵਾਜ਼ ਦੀ ਪ੍ਰਤੀਧੁਨੀ ਚੁਬਾਰੇ ਦੀਆਂ ਚਹੁੰਆਂ ਕੰਧਾਂ ਵਿਚ ਗੂੰਜ ਰਹੀ ਸੀ।

ਹੌਲ਼ੀ ਹੌਲ਼ੀ ਪਉੜੀ ਚੜ੍ਹਦੇ ਮਿਸ਼ਰਾ ਜੀ ਸੱਚਮੁਚ ਹੀ ਦਹਿਲ ਗਏ ਸਨ। ਸ਼ਾਇਦ ਉਹ ਆਪਣਾ ਫਰਜ਼ ਪੂਰੀ ਮੁਸਤੈਦੀ ਨਾਲ ਪੂਰਾ ਨਹੀਂ ਸਨ ਕਰ ਸਕੇ। ਪਰ ਇਸ ਭਾਈ ਨੇ ਉਹਨਾਂ ਦੀ ਸੁਣੀ ਹੀ ਕਦ ਸੀ? ਅਜੀਬ ਸ਼ਾਮਤ ਸੀ।

ਪੰਡਿਤ ਜੀ ਕਮਰੇ ਦੇ ਪਿਛਲੇ ਵਰਾਂਡੇ ਦੀ ਛੱਤ ਦੇ ਮਜ਼ਬੂਤ ਕੁੰਡਿਆਂ ਨਾਲ ਬੱਧੇ ਝੂਲੇ ਵਿਚੋਂ ਤ੍ਰਭਕ ਕੇ ਉੱਠੇ ਤੇ ਬੂਹਾ ਖੋਲ੍ਹ ਕੇ ਪੋਲੇ ਪੈਰੀਂ ਕਮਰੇ ਵਿਚ ਨਮੂਦਾਰ ਹੋਣ ਸਾਰ ਹੀ ਵਾਹੋ ਦਾਹੀ 'ਆਓ ਆਓ' ਦਾ ਰਾਗ ਅਲਾਪਦੇ ਹੋਏ ਸੁਰਿੰਦਰ ਨਾਲ ਚਿਰ-ਵਿਛੁੰਨਿਆਂ ਵਾਂਗ ਆਪ-ਮੁਹਾਰੇ ਬਗਲਗੀਰ ਹੋ ਗਏ।

ਉਨ੍ਹਾਂ ਦੇ ਉਲਝੇ ਹੋਏ ਵਾਲ਼। ਫਰਸ਼ 'ਤੇ ਲਮਕਦੀ ਧੋਤੀ ਦੀ ਲਾਂਗੜ। ਚੁਪੱਟ ਖੁਲ੍ਹੇ ਦਰ 'ਚ ਖੜ੍ਹੇ ਮਿਸ਼ਰਾ ਜੀ ਦੇ ਇਹ ਦ੍ਰਿਸ਼ ਦੇਖ ਕੇ ਦੰਦ ਜੁੜ ਹੀ ਤਾਂ ਗਏ ਸਨ। ਹੈਰਾਨੀ ਵਿਚ ਟੱਡੀਆਂ ਅੱਖਾਂ। ਬੁੱਤ ਬਣ ਕੇ ਫਰਸ਼ ਨਾਲ ਚਿਪਕੇ ਵਿਚਾਰੇ ਮਿਸ਼ਰਾ ਜੀ।

ਅਣਖੁਲ੍ਹੀ ਜੱਫੀ ਵਿਚ ਧਰੀਕਦਿਆਂ ਉਨ੍ਹਾਂ ਅਜਨਬੀ ਨੂੰ ਆਪਣੇ ਆਸਣ 'ਤੇ ਸਿਰ੍ਹਾਣੇ ਵੱਲ ਬਿਠਾ ਲਿਆ।

"ਤੂੰ ਕਿੱਧਰ ਓ ਅਚਾਨਕ ਛਿੰਦਿਆ। ਨਾ ਖਬਰ ਨਾ ਸਾਰ। ਨਾ ਚਿੱਠੀ ਨਾ ਪੱਤਰ। ਅੱਡੇ ਤੋਂ ਕਿੱਦਾਂ ਆਇਆ ਐਥੇ ਤਕ"।

"ਇਕ ਦੋਸਤ ਨੂੰ ਵਲਾਇਤ ਲਈ ਵਿਦਿਆ ਕਰਨ ਆਇਆ ਸੀ। ਪੰਜਾਬ ਮੁੜਨ ਨੂੰ ਰੂਹ ਨਹੀਂ ਕੀਤੀ। ਮੈਂ ਕਿਹਾ ਦੋ ਦਿਨ ਤੇਰੇ ਕੋਲ਼ ਹੀ ਜ਼ਰਾ ਚੈਨ ਨਾਲ...."।

– ਕੀ ਉਡੀਕਦੈਂ ਹੁਣ ਤੂੰ ਪੰਜਾਬ ਵਿਚ?

– ਮੌਤ।

– ਮਰ ਕੇ ਵੀ ਹੱਡੀਆਂ ਨੇ ਗੰਗਾ ਪੈਣ ਹੀ ਆਉਣਾ, ਜਿਉਂਦਾ ਹੀ ਕਿਉਂ ਨੀ ਆ ਜਾਂਦਾ?

– ਉਹ ਯਾਰ ਨੌਕਰੀ।

– ਜਹਾਨੋਂ ਬਾਹਰੀ ਹੈ ਤੇਰੀ ਨੌਕਰੀ? ਅਸੀਂ ਕੀਤੀ ਨਹੀਂ ਕਿ ਕਰਕੇ ਛੱਡੀ ਨਹੀਂ"?

ਇਹ ਠੀਕ ਹੈ ਕਿ ਪੰਡਿਤ ਜੀ ਦੋ ਕੁ ਵਰ੍ਹੇ ਪਹਿਲਾਂ ਸਥਾਨਕ ਕਾਲਿਜ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਮੁਸਤਫੀ ਹੋਏ ਸਨ ਪਰ ਉਨ੍ਹਾਂ ਕੋਲ ਜਯੋਤਿਸ਼ ਵਿੱਦਿਆ ਦੀ ਧਾਂਕ ਤੇ ਅਯੁਰਵੈਦ

ਦੀਆਂ ਦੋ ਮਜ਼ਬੂਤ ਟੇਕਾਂ ਸਨ।

– ਤੁਹਾਡੀ ਹੋਰ ਗੱਲ ਹੈ ਪੰਡਿਤ ਜੀਮੇਰੀ ਕਬੀਲਦਾਰੀ।

– ਜੱਗੋਂ ਬਾਹਰੀ ਹੈ ਤੇਰੀ ਕਬੀਲਦਾਰੀ। ਮੈਂ ਦੇਖੀ ਨੀ ਕਬੀਲਦਾਰੀ ਕਿ ਕਿਉਂਟੀ ਨੀ।

ਇਹ ਵੀ ਠੀਕ ਹੈ ਪੰਡਿਤ ਜੀ ਦੋ ਵਿਆਹੀਆਂ ਵਰੀਆਂ ਧੀਆਂ ਤੇ ਇਕ ਬਰਸਰੇ-ਰੁਜ਼ਗਾਰ ਪੁੱਤਰ ਦੇ ਬਾਪ ਸਨ।

– ਚਲੋ ਛੱਡੋ ਪੰਡਿਤ ਜੀ, ਇਹ ਗੱਲਾਂ ਫੇਰ ਸਹੀ, ਤੁਸੀਂ ਆਪਣੇ ਹਾਲ ਚਾਲ ਦੀ ਗੱਲ ਸੁਣਾਉ।

– ਹਾਲ ਚਾਲ ਕੋਈ ਪੁੱਛਣ ਵਾਲੀ ਗੱਲ ਹੈ। ਦੀਂਹਦੀ ਨੀਂ ਚੌਹੀਂ ਪਾਸੀਂ ਲਹਿਰ ਬਹਿਰ। ਸੱਚੀਂ ਯਾਰ ਝੂਲੇ ਵਿਚ ਪਿਆ ਅੱਧ ਸੁੱਤਾ ਜਿਹਾ ਮੈਂ ਤੇਰੇ ਬਾਰੇ ਹੀ ਸੋਚ ਰਿਹਾ ਸੀ।

ਮਿਸ਼ਰਾ ਜੀ ਦੇ ਦੰਦ ਤਾਂ ਪਹਿਲਾਂ ਹੀ ਜੁੜੇ ਹੋਏ ਸਨ। ਤੇ ਹੁਣ ਹੱਥ ਵੀ ਜੁੜ ਗਏ ਸਨ।

ਪੰਡਿਤ ਜੀ ਦੀ ਆਪਣੀ ਅੜਦਲ ਵਿਚ ਖੜ੍ਹੇ ਮਿਸ਼ਰਾ ਜੀ ਵੱਲ ਅਚਾਨਕ ਨਜ਼ਰ ਗਈ।

"ਮਿਸ਼ਰਾ ਜੀ ਆਪ ਲਕਸ਼ਮੀ ਜੀ ਕੋ ਕਹਿ ਕੇ ਇਨ ਕੇ ਲੀਏ ਚਾਏ ਪਾਨੀ ਕਾ ਇੰਤਜ਼ਾਮ ਕਰੇਂ"।

"ਸਤਿ ਬਚਨ ਮਹਾਰਾਜ" ਤੇ ਡੌਰ ਭੌਰ ਹੋਏ ਮਿਸ਼ਰਾ ਜੀ ਹਰੇ ਰਾਮ ਹਰੇ ਰਾਮ ਕਰਦੇ ਹੌਲ਼ੀ ਹੌਲ਼ੀ ਪਉੜੀਆਂ ਉਤਰਨ ਲੱਗੇ।

"ਆਹ ਝੁੱਲ ਜਿਹਾ ਲਾਹ ਲੈ ਤੇ ਗਲ਼ 'ਚ ਪਾਇਆ ਫਾਹਾ ਵੀ"। ਪੰਡਿਤ ਜੀ ਨੇ ਉਹਦੀ ਟਾਈ ਦੀ ਗੰਢ ਢਿੱਲੀ ਕਰ ਦਿੱਤੀ।

ਦੋਨੋਂ ਜਣੇ ਲੱਤਾਂ 'ਤੇ ਕੰਬਲ ਲੈ ਕੇ, ਕਿੰਨਾ ਹੀ ਚਿਰ ਸਿੱਧ-ਆਸਣ 'ਤੇ ਬਿਰਾਜਮਾਨ ਪੁਰਾਣੀਆਂ ਯਾਦਾਂ ਦੇ ਜੰਗਲ ਵਿਚ ਗੁਆਚੇ ਰਹੇ।

ਲਕਸ਼ਮੀ ਬਰਫੀ ਤੇ ਸੁੱਕੇ ਮੇਵਿਆਂ ਨਾਲ ਸਜੀ ਚਾਹ ਦੀ ਟ੍ਰੇਅ ਲੈ ਆਈ। ਟ੍ਰੇਅ ਸਾਹਮਣੇ ਪਈ ਤਿਪਾਈ 'ਤੇ ਧਰੀ। ਸੁਆਮੀ ਜੀ ਦੇ ਚਰਨ ਛੂਹੇ। ਕੱਪਾਂ ਵਿਚ ਚਾਹ ਪਾਈ, ਸਿਰ 'ਤੇ ਸਾੜ੍ਹੀ ਦਾ ਢਿਲਕਿਆ ਪੱਲੂ ਸਵਾਹਰਿਆਂ ਕੀਤਾ ਤੇ ਇਕ ਵਾਰ ਫੇਰ ਸੁਆਮੀ ਜੀ ਦੇ ਚਰਨ ਛੂਹ ਕੇ ਜਿਨ੍ਹੀਂ ਪੈਰੀਂ ਆਈ ਸੀ, ਮੁੜ ਗਈ।

ਉਹ ਦੋਨੋਂ ਜਣੇ ਚਾਹ ਪੀਂਦੇ, ਏਧਰ ਓਧਰ ਦੀਆਂ ਗੱਲਾਂ ਕਰਦੇ ਰਹੇ। ਪੰਡਿਤ ਜੀ ਦਾ ਤੋੜਾ ਹਰ ਵਾਰ ਇਸ ਗੱਲ 'ਤੇ ਹੀ ਝੜਦਾ ਰਿਹਾ ਕਿ ਛਿੰਦਿਆ ਕਿਉਂ ਡਰਿਆ ਸਹਿਮਿਆ ਅਤਿਵਾਦੀਆਂ ਹੱਥੋਂ ਹੋਣ ਵਾਲੀ ਮੌਤ ਨੂੰ ਉਡੀਕ ਰਿਹਾ ਹੈਂ। ਜੇ ਸਿਰ ਵਿਚ ਰਤਾ ਮਾਸਾ ਗਿਆਨ ਹੋਵੇ ਤੇ ਜੀਭ ਨੂੰ ਸੁਰਸਤੀ ਦਾ ਵਰਦਾਨ ਹੋਵੇ ਤਾਂ ਸਾਰਾ ਹਿੰਦੁਸਤਾਨ ਲੁੱਟ ਹੋਣ ਨੂੰ ਖੁਲ੍ਹਾ ਪਿਆ ਹੈ।

ਸੁਰਿੰਦਰ ਕੋਲ਼ ਇਹਨਾਂ ਸਭ ਗੱਲਾਂ ਦਾ ਇੱਕੋ ਜੁਆਬ ਸੀ ਕਿ ਮਨ ਵਿਚ ਲੁੱਟਣ ਦੀ ਬਿਰਤੀ ਨਾ ਹੋਵੇ ਤਾਂ ਇਸ ਸਭ ਕੁਝ ਦਾ ਕੋਈ ਅਰਥ ਨਹੀਂ।

– ਚੱਲ ਲੁੱਟਣ ਨੂੰ ਮੈਂ 'ਕੱਲਾ ਹੀ ਬਥੇਰਾ ਹਾਂ। ਤੂੰ ਆਰਾਮ ਨਾਲ ਵਿਹਲਾ ਬਹਿ ਕੇ ਮਰਜ਼ੀ ਦਾ ਪੜ੍ਹੀਂ, ਲਿਖੀਂ, ਸੈਰ-ਸਪਾਟਾ ਕਰੀਂ

– ਅੱਛਾ ਚੱਲ ਹੁਣ ਛੱਡ ਵੀ। ਤੇਰੀ ਤਜਵੀਜ਼ 'ਤੇ ਵੀ ਗ਼ੌਰ ਕਰਾਂਗੇ।

ਸੁਰਿੰਦਰ ਗੱਲ ਨੂੰ ਕਿਸੇ ਤਣ ਪੱਤਣ ਨਹੀਂ ਸੀ ਲੱਗਣ ਦਿੰਦਾ।

– ਤੂੰ ਗ਼ੌਰ ਹੀ ਕਰਦਾ ਰਹੀਂ। ਤੇ ਜਦ ਅਚਿੰਤੇ ਬਾਜ਼ ਆਣ ਪਏ, ਤੂੰ ਤਾਂ ਜਾ ਸੌਈਂ ਜੀਰਾਂਦਿ ਤੇ ਕੇਲਾਂ ਏਧਰ ਸਾਨੂੰ ਸਾਰੀਆਂ ਵਿੱਸਰ ਜਾਣੀਆਂ ਨੇ। ਪੰਡਿਤ ਜੀ ਦੇ ਦਰਦ-ਭਿੱਜੇ ਬੋਲਾਂ ਵਿਚ ਕਹਿਰਾਂ ਦੀ ਉਦਾਸੀ ਸੀ।

– ਕੋਈ ਨੀ ਪੰਡਿਤ ਜੀ, ਕੋਈ ਬਣਾਉਨੇ ਆਂ ਸਬੀਲ। ਬੱਸ ਐਤਕੀਂ ਗੱਲ ਨੂੰ ਕਿਸੇ ਕੜੇ ਬਿਠਾ ਕੇ ਹੀ ਜਾਣਾ ਹੈ।

– ਗੱਲ ਕੜੇ ਬਿਠਾਉਣ ਨੂੰ ਤੂੰ ਕਿਹੜੀ ਗੜਵੇ 'ਚ ਬਿੱਲੀ ਫਿੱਟ ਕਰਨੀ ਹੈ। ਇਹੀ ਨਾ ਕਿ ਤੈਨੂੰ ਵਸਣ ਨੂੰ ਥੋੜ੍ਹੀ ਜਿਹੀ ਜ਼ਮੀਨ ਚਾਹੀਦੀ ਹੈ ਤੇ ਕੋਈ ਸੁਖਾਵਾਂ ਜਿਹਾ ਰੁਜ਼ਗਾਰ। ਤੇ ਹੌਲੀ ਦੇਣੀ ਪੰਡਿਤ ਜੀ ਆਪਣੇ ਆਸਣ ਤੋਂ ਉੱਠੇ। ਲੱਕੜ ਦੀ ਸੰਦੂਕੜੀ 'ਚ ਪਏ ਭੂਕਣੇ 'ਚੋਂ ਅੱਟੇ ਦੀ ਤੰਦ ਨਾਲ ਬੰਨ੍ਹੇ ਗੋਲ਼ ਕਾਗਜ਼ ਉਸ ਸੁਰਿੰਦਰ ਦੀ ਝੋਲ਼ੀ ਵਿਚ ਲਿਆ ਧਰੇ।

"ਇਹ ਆਸ਼ਰਮ ਦੀ ਰਜਿਸਟਰੀ ਦੇ ਕਾਗ਼ਜ਼ ਨੇ। ਖੋਲ੍ਹ ਕੇ ਪੜ੍ਹ ਲੈ। ਰਜਿਸਟਰੀ ਸਾਂਝੀ ਹੈ ਤੇਰੇ ਤੇ ਮੇਰੇ ਨਾਂ।

ਲ਼ੱਖਾਂ ਦੀ ਜਾਇਦਾਦ ਵਿਚ ਬਿਨ-ਦਮੜੀ ਕਾਨੂੰਨੀ ਦਸਤਾਵੇਜ਼ੀ ਅੱਧ ਦੀ ਗੱਲ ਕਰਦਿਆਂ ਪੰਡਿਤ ਜੀ ਦੀ ਆਵਾਜ਼ ਵਿਚ ਕਿਸੇ ਅਹਿਸਾਨ ਤਾਂ ਕੀ ਉਚੇਚ ਦਾ ਵੀ ਲੇਸ ਮਾਤਰ ਨਹੀਂ ਸੀ।।

"ਧੰਨ ਹੋ ਸੁਆਮੀ ਪਰਮਾਨੰਦ ਜੀ ਮਹਾਰਾਜ। ਧੰਨ ਹੋ"।

"ਸੁਆਮੀ ਜੀ ਦੀ ਮਾਰ ਤੂੰ ਗਾਂਡ। ਸਾਰੀ ਉਮਰ ਸੁਆਮੀਪੁਣੇ ਦਾ ਭੱਠ ਝੋਕਣ ਨੂੰ ਹੀ ਪਈ ਹੈ। ਤੂੰ ਮਿਲ਼ਦਾਂ ਤਾਂ ਦੋ ਪਲ 'ਬੰਦੇ' ਬਣਨ ਦਾ ਸੁਭਾਗ ਮਿਲਦਾ"।

ਪੰਡਿਤ ਜੀ ਦਾ ਗਲ਼ ਭਰ ਆਇਆ ਸੀ।

ਆਪ ਮੁਹਾਰੇ ਸੁਰਿੰਦਰ ਦੀ ਬਾਂਹ ਪੰਡਿਤ ਦੀ ਧੌਣ ਦੁਆਲ਼ੇ ਵਲ਼ੀ ਗਈ ਸੀ।

-ਪੰਡਿਤਾ ਤੂੰ ਜਿਵੇਂ ਆਖੇਂ। ਗੋਲੀ ਕਿਹਦੀ ਤੇ ਗਹਿਣੇ ਕਿਹਦੇ।

"ਇਸ ਭਾਸ਼ਣੀ ਮੁਦਰਾ ਨੂੰ ਰੱਖ ਆਪਣੇ ਕੋਲ਼ੇ। ਮੈਨੂੰ ਤੇਰੇ 'ਬਚਨ ਬਿਲਾਸ' ਦੀ ਨੀ ਲੋੜ ਕੋਈ। ਸਾਰੀ ਉਮਰ ਮੈਂ ਵੀ ਇਨ੍ਹਾਂ 'ਬਚਨ ਬਿਲਾਸਾਂ' ਦੀ ਹੀ ਖੱਟੀ ਖਾਧੀ ਹੈ। ਮੇਰੇ ਨਾਲ ਗੱਲ ਕਰ ਸਿੱਧੀ, ਬੰਦਿਆਂ ਵਾਂਗ"।

-ਬੰਦੇ ਦਾ ਪੁੱਤ ਬਣ ਜਾ ਛਿੰਦਿਆ ਬੰਦੇ ਦਾ। ਪੰਡਿਤ ਜੀ ਦੀ ਸਿੱਧੀ ਤੇ ਭਖਦੀ ਨਜ਼ਰ ਦੀ ਤਾਬ ਛਿੰਦਰ ਤੋਂ ਝੱਲੀ ਨਹੀਂ ਸੀ ਗਈ।

"ਚੰਗਾ!" ਤੇ ਸੁਰਿੰਦਰ ਦੀਆਂ ਅੱਖਾਂ ਆਪ ਮੁਹਾਰੇ ਵੇਗ ਨਾਲ ਨਮ ਹੋ ਕੇ ਨੀਵੀਆਂ ਹੋ ਗਈਆਂ।

-ਛਿੰਦਰਾ ਉਹ ਜ਼ਮੀਨ ਸੀ ਨਾ ਸੜਕ ਦੇ ਮੱਥੇ 'ਤੇ ਤਿੰਨ ਚਾਰ ਕਨਾਲ। ਉਹ ਤੈਂ ਲੈ ਲਈ।

-ਲੈ ਲਈ! ਮੈਂ ਤਾਂ ਤੇਰੇ ਨਾਲ ਸਲਾਹ ਹੀ ਕੀਤੀ ਸੀ ਸਰਸਰੀ ਜੇਹੀ।

-ਮੇਰੇ ਚਿੱਤ ਨੂੰ ਲੱਗ ਗਈ ਸੀ ਤੇਰੀ ਸਰਸਰੀ ਜੇਹੀ ਗੱਲ। ਸਿੱਧਾ ਚਾਹੇ ਮੰਨ ਚਾਹੇ ਨਾ ਮੰਨ। ਵਿਚੋਂ ਫਟੀ ਪਈ ਹੈ ਤੇਰੀ। ਐਵੇਂ ਬੱਧੋਰੁੱਧੀ ਹੀ ਰਹਿ ਰਿਹਾ ਹੈਂ ਹੁਣ ਤੂੰ ਪੰਜਾਬ ਵਿਚ। ਵਿਚੋਂ ਤੇਰੀ ਵੱਢੀ ਰੂਹ ਨਹੀਂ ਕਰਦੀ।

-ਗੱਲ ਤਾਂ ਤੇਰੀ ਠੀਕ ਆ। ਪਰ...।

-ਹੁਣ ਪਰ ਪੁਰ ਦੀ ਗੁੰਜਾਇਸ਼ ਨਹੀਂ ਰਹੀ ਕੋਈ। ਪੰਡਿਤ ਜੀ ਫਿਰ ਇਕ ਵਾਰ ਲੱਕੜ ਦੀ ਸੰਦੂਕੜੀ ਵੱਲ ਅਹੁਲ਼ੇ।

-ਆਹ ਪਈ ਆ ਤੇਰੀ ਰਜਿਸਟਰੀ। ਮਰਜ਼ੀ ਆ ਗੋਲ਼ ਕਰ ਕੇ ਆਪਣੇ ਉੱਥੇ ਦੇ ਲਈਂ ਚਾਹੇ ਕੋਲ਼ ਲੈ ਜੀਂ। ਮਰਜ਼ੀ ਆ ਏਥੇ ਪਈ ਰਹਿਣ ਦੀਂ।

-ਨੀਹਾਂ ਭਰਵਾ ਦਿੱਤੀਆਂ ਨੇ ਤੇਰੇ 'ਅਵਕਾਸ਼ ਆਸ਼ਰਮ' ਦੀਆਂ। ਫਿਲਹਾਲ ਜਾਂਗਲ਼ੀ ਗੁੱਜਰਾਂ ਤੋਂ ਛੰਨ ਵੀ ਬੰਨ੍ਹਵਾ ਲਈ, ਐਨ ਓਹੋ ਜਿਹੀ, ਚੂਨੇ ਗੱਚ ਕੋਠੜੀ ਵਰਗੀ ਜਿਹੋ ਜਿਹੀ ਸਿੱਧ ਪੀਠ ਨੂੰ ਜਾਂਦਿਆਂ, ਆਪਾਂ ਮੂੰਨ੍ਹ ਗੁੱਜਰ ਦੀ ਤੱਕੀ ਸੀ। ਉਹਤੋਂ ਹੀ ਬਣਵਾਈ ਹੈ ਇਹ ਵੀ। ਹੁਣ

ਤੂੰ ਸਬੱਬੀਂ ਆ ਗਿਆ। ਪਰਸੋਂ ਨੂੰ ਕਰਾਉਣਾ ਤੈਥੋਂ ਉਦਘਾਟਨ। ਭਜਨ ਮੰਡਲੀ ਸੱਦਾਂਗੇ। ਜੱਗ ਕਰਾਵਾਂਗੇ। ਕੱਚੀ ਤੋਂ ਪੱਕੀ ਬਣ ਜਾਊ ਅੱਖ ਦੇ ਫੋਰ ਵਿਚ। ਭਗਤਾਂ ਦੇ ਕਾਰਜ ਪ੍ਰਭੂ ਆਪ ਸੰਵਾਰੇ।

ਸੁਰਿੰਦਰ ਦੀਆਂ ਅੱਖਾਂ ਵਿਚ ਕਈ ਸੁਆਲ ਉਲਝੇ ਹੋਏ ਵੇਖ ਕੇ ਪੰਡਿਤ ਜੀ ਨੇ ਇਕੋ ਗੱਲ ਨਾਲ ਸਭਨਾਂ ਦਾ ਹੂੰਝਾ ਫੇਰ ਦਿੱਤਾਆਹ ਸਭ ਕੁਝ ਕਿਹੜਾ ਆਪਾਂ ਹਲ਼ ਵਾਹ ਕੇ ਉਸਾਰਿਆ। ਚੱਲ ਹੁਣ ਹੇਠ ਤੈਨੂੰ ਆਸ਼ਰਮ ਦੀ ਸੈਰ ਕਰਾਈਏ।

ਸੁਰਿੰਦਰ ਨੇ ਕੀਲੀ ਨਾਲ ਟੰਗਿਆ ਕੋਟ ਲਾਹ ਕੇ ਗਲ਼ ਪਾਇਆ।

ਸੂਰਜ ਦੀ ਟਿੱਕੀ ਛੁਪਣਹਾਰ ਸੀ। ਆਸ਼ਰਮ ਦੇ ਇਕ ਪਾਸੇ ਮੀਲ ਕੁ ਦੀ ਵਿੱਥ 'ਤੇ ਗੰਗਾ ਵਹਿ ਰਹੀ ਸੀ ਤੇ ਦੂਜੇ ਪਾਸੇ ਨਜੀਬਾਬਾਦੀ ਸੜਕ ਦੇ ਪਾਰ ਘਣਾ ਜੰਗਲ ਸੀ। ਪਉੜੀਆਂ ਉਤਰਨ ਸਾਰ ਉਹਦੀ ਨਜ਼ਰ ਆਕਾਸ਼ ਵਿਚ ਝਿਲਮਲਾਂਦੇ ਰੰਗਾਂ 'ਤੇ ਪਈ ਤੇ ਉਹਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ, "ਸਬਹਾਨ ਤੇਰੀ ਕੁਦਰਤ"।

ਆ ਹੁਣ ਤੈਨੂੰ ਸੁਆਮੀਪੁਣੇ ਦੀ ਲੀਲ੍ਹਾ ਦੇ ਦਰਸ਼ਨ ਕਰਾਈਏ। ਇਹ ਹੈ ਯੱਗਸ਼ਾਲਾ।

ਹੂੰ।

ਤੇ ਆਸ਼ਰਮ ਦੇ ਮੱਥੇ ਵਾਲੇ ਖੇਤ ਵਿਚ ਪਰਾਰ ਬਣੀ ਸ਼ੈੱਡ ਸਾਹਵੇਂ ਖਲ੍ਹਾਰਦਿਆਂ ਸਵਾਮੀ ਜੀ ਨੇ ਦੱਸਿਆਇਹ ਹੈ ਗਊਸ਼ਾਲਾ।

ਦੋ ਕਾਲ਼ੀਆਂ ਗਊਆਂ, ਦੁੱਧ ਨਾਲ ਆਕੜੇ ਲੇਵੇ ਵਾਲੀਆਂ।

– ਫਿਲਹਾਲ ਦੋ ਹੀ ਨੇ। ਵੱਡੇ ਆਸ਼ਰਮ ਤੋਂ ਹੋਰ ਆ ਜਾਣਗੀਆਂ। ਪੱਠੇ ਦੱਥੇ ਦੀ ਕਮੀ ਨੀ ਏਥੇ। ਵਾਧੂ ਦੁੱਧ ਵੱਡੇ, ਗੁਰੂ ਜੀ ਵਾਲੇ ਆਸ਼ਰਮ ਭੇਜ ਦਿਆ ਕਰਾਂਗੇ।

– ਤੇ ਗਊਆਂ ਨੂੰ ਸੰਭਾਲਣ ਦਾ ਖਲਜਗਣ?

– ਖਲਜਗਣ ਹੁੰਦਾ ਡੇਅਰੀ ਫਾਰਮ ਦਾ, ਤੇ ਭਗਤ ਜੀ ਇਹ ਹੈ ਗਊਸ਼ਾਲਾ। ਇਹਦਾ ਪ੍ਰਬੰਧ ਕਰਨਗੇ ਬ੍ਰਹਮਚਾਰੀ। ਗਊਆਂ ਸੰਭਾਲਣਗੇ। ਖੇਤ-ਬੰਨੇ ਕੰਮ ਕਰਨਗੇ। ਅਹੁ ਬਣੀਆਂ ਹੋਈਆਂ ਨੇ ਝੌਂਪੜੀਆਂ। ਉਨ੍ਹਾਂ ਵਿਚ ਸਵੇਰੇ ਤ੍ਰਕਾਲੀਂ ਆਪੋ ਆਪਣੀ ਸਾਧਨਾ ਕਰਿਆ ਕਰਨਗੇ, ਆਪੋ ਆਪਣੇ ਸਾਧਨਾ ਕਕਸ਼ ਵਿਚ।

ਗੱਲਾਂ ਕਰਦੇ ਉਹ ਆਸ਼ਰਮ ਤੋਂ ਤਿੰਨ ਚਾਰ ਖੇਤ ਦੂਰ ਆ ਗਏ ਸਨ। ਸੁਆਮੀ ਜੀ ਨੂੰ ਇਸ ਮਰਹਲੇ 'ਤੇ ਪਤਾ ਨਹੀਂ ਕੀ ਭੁੱਲੀ ਗੱਲ ਯਾਦ ਆ ਗਈ। ਤੇ ਥੋੜ੍ਹੇ ਜਿਹੇ ਚਿੰਤਾ-ਭਾਵ ਨਾਲ ਉਨ੍ਹਾਂ ਆਖਿਆ, "ਰੁਪਈਏ ਹੋਣਗੇ ਤੇਰੀ ਜੇਬ ਵਿਚ ਵੀਹ ਪੰਝੀ? ਸਿੱਧ-ਬਗਲੀ ਨਾਲ ਲਿਆਉਣ ਦਾ ਮੈਨੂੰ ਗੱਲਾਂ ਗੱਲਾਂ 'ਚ ਚੇਤਾ ਹੀ ਨਹੀਂ ਰਿਹਾ।"

"ਵੀਹ ਪੰਝੀ ਜਾਂ ਜਿਹੜੇ ਵੀ ਨੇ, ਮੇਰੀ ਜੇਬ ਵਿਚ ਹੀ ਨੇ। ਰੁਪਈਆਂ ਦੀ ਕੀ ਲੋੜ ਪੈ ਗਈ ਏਸ ਵੇਲ਼ੇ?"

ਸੁਰਿੰਦਰ ਦੀਆਂ ਅੱਖਾਂ ਵਿਚ ਜਾਣ ਬੁੱਝਕੇ ਅਣਜਾਣ ਬਣਿਆਂ ਵਾਲੀ ਸ਼ਰਾਰਤ ਦੀ ਲਿਸ਼ਕ ਸੀ।

-ਏਥੋਂ ਨੇੜੇ ਹੀ ਆ ਠੇਕਾ। ਹੈ ਤਾਂ ਦੇਸੀ ਦਾ ਹੀ।

ਸਾਹਮਣੇ ਸਕੂਟਰ 'ਤੇ ਬੰਦਾ ਆਉਂਦਾ ਦੇਖ ਕੇ ਪੰਡਿਤ ਜੀ ਦਾ ਚਿਹਰਾ ਲਿਸ਼ਕ ਗਿਆ। – ਲੈ ਬਣ ਗਿਆ ਕੰਮ। ਉਹਦਾ ਸਕੂਟਰ ਲੈ ਦਊਂ ਤੈਨੂੰ ਤੇ ਪਰਦੇ ਨਾਲ ਫੜ ਤੂੰ ਲਿਆਈਂ। ਪਲਾਸਟਕ ਦੀ ਥੈਲੀ ਵਿਚ ਹੀ ਮਿਲ ਜਾਂਦਾ ਹੈ ਅਧੀਆ। ਹੈਸ ਧੁੱਸੇ ਜਿਹੇ ਦੀ ਜੇਬ ਵਿਚ ਹੀ ਪਾ ਲਿਆਈਂ।

"ਚੰਗਾ।"

ਸੁਰਿੰਦਰ ਜਾਣਦਾ ਸੀ, ਪੰਡਿਤ ਜੀ ਪੀਣ ਦੇ ਆਦੀ ਨਹੀਂ ਸਨ। ਪਰ ਉਹਦੇ ਆਉਣ ਨਾਲ ਸਾਰੀਆਂ ਪੁਰਾਣੀਆਂ ਗੱਲਾਂ ਹੀ ਨਹੀਂ, ਸਗੋਂ ਉਨ੍ਹਾਂ ਦੀਆਂ ਹੋਰ ਸੁੱਤੀਆਂ ਕਲਾਵਾਂ ਵੀ ਜਾਗ ਪੈਣੀਆਂ ਸਨ।

"ਨਮਸਕਾਰ ਸੁਆਮੀ ਜੀ!" ਰਾਹ ਵਿਚ ਹੀ ਸਟੈਂਡ 'ਤੇ ਸਕੂਟਰ ਲਾਉਂਦੇ ਆਏ ਬੰਦੇ ਨੇ ਸੁਆਮੀ ਜੀ ਨੂੰ ਬੰਦਨਾ ਦਾਗ ਦਿੱਤੀ।

"ਚਿਰੰਜੀਵ ਰਹੋ ਵਰਮਾ ਇਨਹੇਂ ਜ਼ਰਾ ਆਪਨਾ ਸਕੂਟਰ ਦੇ ਦੇਨਾ"। ਪੰਡਿਤ ਜੀ ਨੇ ਬਿਨਾਂ ਕਿਸੇ ਭੂਮਿਕਾ ਦੇ ਆਪਣਾ ਫੁਰਮਾਨ ਜਾਰੀ ਕਰ ਦਿੱਤਾ।

"ਮੁਝੇ ਸੇਵਾ ਬਤਾਈਏ"। ਸ਼ਾਇਦ ਆਉਣ ਵਾਲੇ ਨੂੰ ਆਪਣਾ ਸਕੂਟਰ ਦੂਜੇ ਦੇ ਹੱਥ ਦੇਣੋਂ ਕੋਈ ਝਿਜਕ ਸੀ।

"ਨਹੀਂ, ਸੇਵਾ ਯੇਹ ਹੀ ਕਰੇਂਗੇ ਆਜ"। ਪੰਡਿਤ ਜੀ ਦੇ ਆਦੇਸ਼ ਵਿਚ ਕਿਸੇ ਲਰਜ਼ਿਸ਼ ਦੀ ਗੁੰਜਾਇਸ਼ ਨਹੀਂ ਸੀ।

"ਕਹਾਂ ਜਾਏਂਗੇ ਆਪ?" ਹੁਣ ਵਰਮਾ ਸਿੱਧਾ ਸੁਰਿੰਦਰ ਨੂੰ ਮੁਖਾਤਿਬ ਸੀ।

"ਸਿਗਰਟ ਲੇਨੇ"।

"ਸਿਗਰਟ ਮੇਰੇ ਪਾਸ ਹੈ", ਵਰਮੇ ਨੂੰ ਸਕੂਟਰ ਦੇਣ ਤੋਂ ਛੁਟਕਾਰਾ ਹੁੰਦਾ ਜਾਪਿਆ।

"ਕੌਨ ਸਾ?"

"ਵਿਲਜ਼"।

"ਮੈਂ ਫੋਰ ਸੁਕਏਅਰ ਪੀਤਾ ਹੂੰ"।

"ਯੇਹ ਆਪਨਾ ਬਰਾਂਡ ਹੀ ਪੀਤੇ ਹੈਂ ਵਰਮਾ ਸਾਹਿਬ"। ਸੁਆਮੀ ਦੇ ਬੋਲ ਵਿਚ ਥੋੜ੍ਹੀ ਤਿਲਮਲਾਹਟ ਦੇਖ ਕੇ ਵਰਮੇ ਨੇ ਸਕੂਟਰ ਦੀ ਹੱਥੀ ਤੋਂ ਆਪਣਾ ਹੱਥ ਚੁੱਕ ਲਿਆ।

"ਆਈਏ ਲੀਜੀਏ"।

– ਆਪ ਫਿਕਰ ਨਾ ਕਰੇਂ, ਮੇਰੇ ਪਾਸ ਭੀ ਚੇਤਕ ਹੀ ਹੈ। ਮੈਂ ਇਸਕੀ ਮਸ਼ੀਨ ਸੇ ਅੱਛੀ ਤਰ੍ਹਾ ਪਰਿਚਿਤ ਹੂੰ।

– ਐਸੀ ਕੋਈ ਬਾਤ ਨਹੀਂ ਜੀ। ਵਰਮਾ ਜੀ ਨੇ ਨਿਸ਼ਚਿੰਤ ਹੋਣ ਦੀ ਕੋਸ਼ਿਸ਼ ਕਰਦਿਆਂ ਆਖਿਆ।

ਹਰਿਦੁਆਰ ਦੇ ਪਾਵਨ ਨਗਰ ਵਿਚ ਸ਼ਰਾਬਨੋਸ਼ੀ ਵਰਜਤ ਹੈ। ਪਰ ਨਸ਼ਈਆਂ ਦੀ ਸਹੂਲਤ ਲਈ ਸ਼ਹਿਰ ਦੇ ਵਸੀਮੇਂ 'ਤੇ ਹਰ ਪਾਸੇ ਠੇਕਿਆਂ ਦੀ ਸਹੂਲਤ ਹੈ, ਜਿਨ੍ਹਾਂ ਦੀ ਬਹੁਤੀ ਸ਼ਰਾਬ ਦੀ ਖਪਤ ਹਰਿਦੁਆਰ ਦੇ ਦਾਰੂ-ਪ੍ਰੇਮੀ ਹੀ ਕਰਦੇ ਹਨ।

ਦੇਸੀ ਠੇਕੇ ਦੀਆਂ ਸੀਖਾਂ ਵਾਲੀ ਖਿੜਕੀ ਸਾਹਮਣੇ ਅਜੀਬੋ ਗਰੀਬ ਵੇਸਾਂ ਵਾਲੇ ਗਾਹਕਾਂ ਦੀ ਕਤਾਰ ਲੱਗੀ ਹੋਈ ਸੀ। ਝਿਜਕਦਾ ਹੋਇਆ ਸੁਰਿੰਦਰ ਵੀ ਸਿਰੇ 'ਤੇ ਜਾ ਖੜ੍ਹਿਆ। ਬਾਕੀ ਸਭਨਾਂ ਨੂੰ ਬਣੇ ਫਬੇ ਵੇਸ-ਪੁਸ਼ਾਕ ਵਾਲਾ ਇਹ ਗਾਹਕ ਓਪਰਾ ਜਿਹਾ ਲੱਗ ਰਿਹਾ ਸੀ।

ਚਹੁੰ ਕੁ ਮਿੰਟਾਂ ਵਿਚ ਉਹਦੀ ਵਾਰੀ ਆ ਗਈ।

"ਅਧੀਆ ਪਲਾਸਟਕ ਕੀ ਥੈਲੀ ਮੇਂ"।

"ਵੁਹ ਤੋ ਆਜ ਖਤਮ ਹੈ"।

"ਸ਼ੀਸ਼ੇ ਕਾ ਅੱਧਾ ਹੀ ਦੇ ਦੋ"।

-ਵੋਹ ਭੀ ਆਜ ਖਤਮ ਹੈ। ਬੋਤਲ ਹੀ ਲੇ ਲੋ।

ਉਲਟਣ ਪਲਟਣ ਦੀ ਸੁਰਿੰਦਰ ਕੋਲ਼ ਵੀ ਵਿਹਲ ਨਹੀਂ ਸੀ। ਕਾਹਲੀ ਵਿਚ ਉਹਨੇ

ਬੋਤਲ ਲੈਣੀ ਹੀ ਬਿਹਤਰ ਸਮਝੀ।

ਹੁਣ ਸੁਆਲ ਸੀ ਕਿ ਬੋਤਲ ਰੱਖੀ ਕਿੱਥੇ ਜਾਏ। ਡਿੱਗੀ ਵਿਚ?

ਨਹੀਂ। ਕੱਢਣ ਲੱਗਿਆਂ ਕਿਸੇ ਦੇਖ ਲਿਆ ਤਾਂ ਸਾਰਾ ਭੇਦ ਨਸ਼ਰ ਹੋ ਜਾਏਗਾ।

ਉਹਨੇ ਓਵਰਕੋਟ ਦੀ ਅੰਦਰਲੀ ਜੇਬ ਵਿਚ ਹੀ ਬੋਤਲ ਤੁੰਨ ਲਈ। ਸੜਕ ਕਿਨਾਰੇ ਬਣੀ ਛੰਨ ਕੋਲ਼ ਆ ਕੇ ਉਸ ਜਾਣ ਬੁੱਝ ਕੇ ਸਕੂਟਰ ਦੀ ਕੀਲੀ ਹੋਰ ਨੱਪ ਦਿੱਤੀ ਤੇ ਸਕੂਟਰ ਸਿੱਧਾ ਆਸ਼ਰਮ ਦੀਆਂ ਪਉੜੀਆਂ ਲਾਗੇ ਜਾ ਖਲ੍ਹਾਰਿਆ। ਅੰਦਰਲੀ ਉੱਭਰੀ ਹੋਈ ਜੇਬ ਨੂੰ ਕਾਹਲੀ ਨਾਲ ਸੰਭਾਲਦਾ ਉਹ ਚੁਬਾਰੇ ਜਾ ਚੜ੍ਹਿਆ ਤੇ ਗ੍ਰੰਥਾਂ ਦੀ ਪੀਂਜ ਪਿੱਛੇ ਬੋਤਲ ਲੁਕਾ ਕੇ ਉਹਨੀਂ ਪੈਰੀਂ ਵਾਪਸ ਆ ਗਿਆ।

"ਮਿਲ ਗਈ ਫੋਰ ਸੁਕਏਅਰ", ਵਰਮਾ ਜੀ ਨੇ ਆਉਂਦਿਆਂ ਹੀ ਸੁਆਲ ਦਾਗ ਦਿੱਤਾ।

"ਹਾਂ"।

ਸੁਰਿੰਦਰ ਨੇ ਪਹਿਲਾਂ ਹੀ ਕੋਟ ਦੀ ਜੇਬ ਵਿਚ ਪਈ ਫੋਰ ਸੁਕਏਅਰ ਦੀ ਡੱਬੀ ਕੱਢਕੇ ਪੇਸ਼ ਕਰਦਿਆਂ ਕਿਹਾ, "ਪੀਏਂਗੇ ਆਪ?"

"ਨਹੀਂ, ਧੰਨਯਵਾਦ, ਮੇਰੇ ਪਾਸ ਹੈ"।

ਛੇਤੀ ਹੀ ਵਰਮੇਂ ਤੋਂ ਫਾਰਗ ਹੋ ਕੇ ਉਹ ਦੋਨੋਂ ਸਿੱਧੇ ਚੁਬਾਰੇ ਜਾ ਚੜ੍ਹੇ। ਧਰਮ ਗ੍ਰੰਥਾਂ ਪਿੱਛੇ ਪਈ ਬੋਤਲ ਉਨ੍ਹਾਂ ਨੂੰ ਵਾਜਾਂ ਮਾਰ ਰਹੀ ਸੀ।

ਪੰਡਿਤ ਜੀ ਹਾਲੇ ਸਾਰੀ ਸਥਿਤੀ ਦਾ ਜਾਇਜ਼ਾ ਹੀ ਲੈ ਰਹੇ ਸਨ ਕਿ ਮਿਸ਼ਰਾ ਜੀ ਆ ਨਮੂਦਾਰ ਹੋਏ।

"ਮਿਸ਼ਰਾ ਜੀ ਆਪ ਕੇ ਪਾਸ ਵਿੰਮ ਹੋਗੀ, ਥੋੜ੍ਹੀ ਸੀ ਊਪਰ ਲੇ ਆਨਾ"।

ਮਿਸ਼ਰਾ ਜੀ ਨੂੰ ਇਸ ਵੇਲੇ, ਅਸਲੋਂ ਹੀ ਪਹਿਲੋਂ ਕਦੇ ਨਾ ਕੀਤੀ ਗਈ ਸੁਆਮੀ ਜੀ ਦੀ ਮੰਗ ਰਤਾ ਅਟਪਟੀ ਜੇਹੀ ਲੱਗੀ।

"ਵਿੰਮ ਕਿਆ ਕਰੇਂਗਾ ਜੀ ਆਪ!"

"ਬਰਤਨ ਧੋਏਂਗਾ"।

"ਨਾ ਜੀ, ਮੇਰੇ ਹੋਤੇ ਆਪ--- ?"

"ਆਪ ਜਾਈਏ ਮਿਸ਼ਰਾ ਜੀ, ਮੈਂ ਹਰ ਵਾਰ ਜਲਪਾਨ ਕਰ ਕੇ ਬਰਤਨ ਸਾਫ ਕਰਤਾ ਹੂੰ। ਆਪ ਸਦਾ ਤੋ ਮੇਰੇ ਪਾਸ ਨਹੀਂ ਹੋਤੇ"।

ਪੰਡਿਤ ਜੀ ਚੰਡੀ ਦਾ ਰੂਪ ਧਾਰਨ ਕਰਦੇ ਪ੍ਰਤੀਤ ਹੋ ਰਹੇ ਸਨ। ਮਿਸ਼ਰਾ ਝੇਂਪ ਗਿਆ ਤੇ ਝੱਟ ਹੇਠੋਂ ਵਿੰਮ ਲੈ ਆਇਆ।

ਉਹ ਅਗਲੇ ਹੁਕਮ ਦੀ ਤਾਮੀਲ ਕਰਨ ਲਈ ਤਤਪਰ ਖੜ੍ਹਾ ਸੀ।

"ਮਿਸ਼ਰਾ ਜੀ, ਅਬ ਆਪ ਨੀਚੇ ਜਾਈਏ"।

ਮਿਸ਼ਰਾ ਜੀ ਚਾਬੀ ਦਿੱਤੇ ਖਿਡਾਉਣੇ ਵਾਂਗ ਪੈਰਾਂ ਤੋਂ ਹੀ ਪਿਛਾਂਹ ਘੁੰਮੇਂ।

"ਠਹਿਰੀਏ, ਸੁਨੀਏਂ!"

ਮਿਸ਼ਰਾ ਜੀ ਨੇ ਖੜ੍ਹੇ ਪੈਰ ਅਬਾਊਟਰਨ ਮਾਰੀ।

"ਆਜ ਹਮ ਰਾਤਰੀ ਕਾ ਭੋਜਨ ਨਹੀਂ ਕਰੇਂਗੇ"।

ਮਿਸ਼ਰਾ ਜੀ ਦੇ ਮਨ ਅੰਦਰ ਆਏ ਕਈ ਸੁਆਲ ਸੁਆਮੀ ਜੀ ਦੀ ਭੀਸ਼ਮ ਪ੍ਰਤੱਗਿਆ ਅੱਗੇ ਦਮ ਤੋੜਕੇ ਸੁੱਸਰੀ ਵਾਂਗ ਸੌਂ ਗਏ।

"ਅਬ ਆਪ ਆਰਾਮ ਫੁਰਮਾਏਂ। ਸੁਬਹ ਕੀ ਚਾਏ ਹਮ ਨੀਚੇ ਆ ਕੇ ਹੀ ਪੀਏਂਗੇ"।

ਮਿਸ਼ਰਾ ਜੀ 'ਸਤਿ ਬਚਨ' ਕਹਿ ਕੇ ਪਉੜੀਆਂ ਉਤਰਨ ਲੱਗ ਪਏ।

ਮਿਸ਼ਰਾ ਜੀ ਦੇ ਜਾਣ ਸਾਰ ਹੀ ਪੰਡਿਤ ਜੀ ਨੇ ਬੂਹੇ ਦੀਆਂ ਦੋਨੋਂ ਚਿਟਕਣੀਆਂ ਅੰਦਰੋਂ ਚਾੜ੍ਹ ਲਈਆਂ। ਸੁਰਿੰਦਰ ਲਈ ਕੁਰਸੀ ਸਾਹਮਣੇ ਤਿਪਾਈ ਰੱਖੀ। ਅੱਖ ਦੇ ਫੋਰ ਵਿਚ ਮੇਜ਼ 'ਤੇ ਗਲਾਸ ਸਜ ਗਏ। ਫਰਿੱਜ 'ਚੋਂ ਠੰਢੇ ਪਾਣੀ ਦਾ ਜੱਗ ਕੱਢਿਆ ਤੇ ਸਾਹਮਣਲੀ ਅਲਮਾਰੀ 'ਚੋਂ ਸਲੂਣੇ ਕਾਜੂਆਂ ਤੇ ਬਦਾਮਾਂ ਦੇ ਮਰਤਬਾਨ ਲਿਆ ਧਰੇ।

ਕੌਣ ਘੜੀ ਮੁੜੀ ਪਲੇਟੋਂ ਪਲੇਟੀ ਹੋਣ ਦੇ ਪੁਆੜੇ ਕਰਦਾ ਫਿਰੂ। ਸੁਰਿੰਦਰ ਲਈ ਉਹ ਕੁਰਸੀ ਧਰੀਕ ਲਿਆਏ ਤੇ ਆਪ ਗੋਂ ਤਕੀਏ ਦਾ ਢਾਸਣਾ ਲਾ ਕੇ ਆਪਣੇ ਸਿੱਧ-ਆਸਣ 'ਤੇ ਸਜ ਗਏ।

"ਕੀ ਗੱਲ, ਹੁਣ ਖੱਟਾ ਉਡੀਕਦਾਂ?"

ਸੁਰਿੰਦਰ ਨੇ ਮਿਸ਼ਰਾ ਜੀ ਨਾਲੋਂ ਵੀ ਵੱਧ ਫੁਰਤੀ ਨਾਲ ਗਰੁੜ ਪੁਰਾਣ ਵਾਲੇ ਗੁੱਠ 'ਚੋਂ ਕੱਢਕੇ ਸੁਰਾ-ਸੁੰਦਰੀ ਧੌਣੋਂ ਨਿਵਾ ਕੇ ਸਾਹਮਣੇ ਪਏ ਗਲਾਸਾਂ ਵਿਚ ਟੇਢੀ ਕਰ ਦਿੱਤੀ। ਉਹਨੂੰ ਪਤਾ ਸੀ ਕਿ ਇਸ ਵੇਲੇ ਛਿਣ ਭਰ ਦੀ ਢਿੱਲ ਵੀ ਮਾਰੂ ਸਿੱਧ ਹੋ ਸਕਦੀ ਹੈ।

ਦੋ ਤਿੰਨ ਭਰਵੇਂ ਘੁੱਟ ਉਨ੍ਹਾਂ ਚੀਂਡ ਲਾ ਕੇ ਇਕੱਠਿਆਂ ਹੀ ਹਲਕ ਹੇਠ ਉਤਾਰਨ ਦੀ ਕੀਤੀ। ਕਾਜੂਆਂ ਨਾਲ ਮੂੰਹ ਸਲੂਣਾ ਕਰਦਿਆਂ ਸੁਰਿੰਦਰ ਨੇ ਕਿਹਾ,

"ਕਿੱਦਾਂ ਪੰਡਿਤਾ, ਖੇਲ੍ਹਦੀ ਆ ਕਾਟੋ ਫੁੱਲਾਂ 'ਤੇ?"

ਦੋਹਾਂ ਦੀਆਂ ਅੱਖਾਂ ਦੀ ਜਾਣੀ ਪਛਾਣੀ ਲਿਸ਼ਕ ਓਤਪੋਤ ਹੋਈ।

"ਹੋਰ ਕਾਟੋ ਹਰ ਵੇਲੇ ਪੂਛ ਤੁੜਾਉਣ ਨੂੰ ਹੀ ਰੱਖੀ ਹੋਈ ਆ", ਪੰਡਿਤ ਜੀ ਨੇ ਮੋੜਵਾਂ ਬਚਨ ਕੀਤਾ।

-ਹੁਣ ਭਾਵੇਂ ਜਲ-ਸੰਸਕਾਰ ਵੀ ਕਰ ਲੈ। ਸੁਰਿੰਦਰ ਨੇ ਪੰਡਿਤ ਜੀ ਦਾ ਭਾਵ ਸਮਝਦਿਆਂ ਊਣੇ ਹੋਏ ਗਲਾਸਾਂ ਵਿਚ ਥੋੜ੍ਹਾ ਥੋੜ੍ਹਾ ਪਾਣੀ ਪਾ ਲਿਆ।

ਸ਼ਰਾਬ ਵਿਚ ਪਤਾ ਨਹੀਂ ਠੇਕੇ ਵਾਲਿਆਂ ਕੋਈ ਉਪਰਲਾ ਪਦਾਰਥ ਪਾਇਆ ਹੋਇਆ ਸੀ ਜਾਂ ਉਂਝ ਹੀ ਭਵੀ ਦੇਰ ਬਾਅਦ ਪੀਤੀ ਹੋਣ ਕਾਰਨ ਦੋਨੋਂ ਜਣੇ ਪਹਿਲੇ ਪਟਿਆਲਾਸ਼ਾਹੀ ਹਾੜੇ ਨਾਲ ਹੀ ਵਾਹਵਾ ਤਰਾਰੇ ਜੇਹੇ ਵਿਚ ਆ ਗਏ।

ਦੂਜਾ ਪੈੱਗ ਮੁੱਕਣ ਸਾਰ ਹੀ ਪੰਡਿਤ ਜੀ ਦੇ ਕਪਾਟ ਖੁਲ੍ਹ ਗਏ। ਪੁਰਾਣੇ ਦਿਨਾਂ ਦੇ ਕਵੀ ਦਰਬਾਰਾਂ ਵਿਚ ਪੜ੍ਹੀਆਂ ਤੇ ਹੋਰਨਾਂ ਦੀਆਂ ਚੁਣੀਆਂ ਨਜ਼ਮਾਂ ਦੀ ਝੜੀ ਲੱਗ ਗਈ। ਵਿੱਚੇ ਉਰਦੂ ਦੀ ਸ਼ਿਅਰੋ-ਸ਼ਾਇਰੀ ਦੀ ਛਹਿਬਰ ਲੱਗੀ। ਬਚਪਨ ਵਿਚ ਸੁਣੇ ਲੋਕਗੀਤਾਂ ਦੇ ਫੁਹਾਰੇ ਚੱਲੇ। ਬੋਲੀਆਂ ਦੇ ਵਹਿਣ ਵਿਚ ਸਭ ਬੰਦਸ਼ਾਂ, ਵਰਜਨਾਵਾਂ ਦੇ ਕਿਨਾਰੇ ਰੁੜ੍ਹ ਗਏ। ਟਿਕੀ ਰਾਤ ਵਿਚ ਹੀਰ ਦੀਆਂ ਦਿਲ ਚੀਰਵੀਆਂ ਹੂਕਾਂ। ਮਿਰਜ਼ੇ ਦੀ ਸੱਦ। ਪੂਰਨ ਦਾ ਜੋਗ। ਭਰਥਰੀ ਹਰੀ ਦਾ ਵੈਰਾਗ। ਦਿਲ ਜਾਨੀ। ਦੁਨੀਆਂ ਫਾਨੀ। ਮਤਾਬੀਆਂ ਵਾਂਗ ਦਗਦੇ ਚਿਹਰੇ। ਨਸ਼ਿਆਏ ਨੈਣਾਂ ਵਿਚ ਸੰਦਲੀ ਡੋਰੇ। ਆਤਸ਼ੀ ਬੋਲਾਂ ਦੀਆਂ ਫੁਲਝੜੀਆਂ ਵਿਚ ਦੋਸਤੀ, ਇਸ਼ਕ, ਭਗਤੀ, ਸ਼ਕਤੀ ਤੇ ਦੀਨ ਦੁਨੀਆਂਸਤਰੰਗੀ ਵਿਚ ਸੁਭਾਇਮਾਨ ਸਵਰ ਲਹਿਰੀ।

ਵਿਚ ਵਿਚ ਸਾਹ ਤਾਂ ਭਾਵੇਂ ਸੁਰਿੰਦਰ ਨੇ ਵੀ ਵਾਹਵਾ ਦੁਆਇਆ ਪਰ ਪੰਡਿਤ ਦੇ ਤਾਂ ਪਤਾ ਨਹੀਂ ਕਿਹੜੀਆਂ ਅਜ਼ਲਾਂ ਤੋਂ ਡੱਕੇ ਕਪਾਟ ਚੌਪੱਟ ਖੁਲ੍ਹ ਗਏ ਸਨ। ਉਹਦੇ ਚੇਤੇ ਦੀ ਚੰਗੇਰ ਚੋਂ ਅਜਿਹੇ ਚਮਤਕਾਰੀ ਬੋਲ ਉਦੈ ਹੋ ਰਹੇ ਸਨ ਕਿ ਬੱਸ 'ਸੁਣੋ ਤੋ ਜਾਣੋਂ'।

ਰਾਤ ਅੱਧੀਉਂ ਵੱਧ ਬੀਤ ਚੁੱਕੀ ਸੀ। ਛਿਣ ਭਰ ਲਈ ਸੰਘਣੀ ਚੁੱਪ ਦਾ ਸੰਨਾਟਾ।

"ਮੰਨ ਗਏ ਬਈ ਪੰਡਿਤਾ ਤੈਨੂੰ। ਏਨਾ ਕੁਝ ਸੰਭਾਲੀ ਬੈਠਾਂ ਆਪਣੀ ਹਿੱਕ ਵਿਚ"।

"ਹੋਰ ਛਿੰਦਿਆ ਸਾਧ ਬਣਨ ਦਾ ਐਵੇਂ ਸ਼ੌਕ ਨੀ ਹੁੰਦਾ ਕਿਸੇ ਨੂੰ"।

ਪੰਡਿਤ ਜੀ ਦੇ ਬੋਲ ਵਿਚ ਸੁਖ ਦੁਖ ਆਪਣੇ ਪੂਰੇ ਸੰਘਣੇਪਣ ਵਿਚ ਇਕ ਰਸ ਹੋਏ ਪਏ ਸਨ।

ਬੋਤਲ ਵਿਚ ਦੋ ਕੁ ਹਾੜੇ ਬਾਕੀ ਸਨ। ਪੰਡਿਤ ਜੀ ਆਪਣੇ ਆਸਣ ਤੋਂ ਚੁੱਪ-ਚਾਪ ਉੱਠੇ। ਨੁੱਕਰ ਵਿਚ ਪਈ ਚਿੱਪੀ ਉਹਨਾਂ ਤਿਪਾਈ 'ਤੇ ਲਿਆ ਧਰੀ ਤੇ ਬੋਤਲ ਵਿਚ ਬਚਦੀ ਸ਼ਰਾਬ ਉਨ੍ਹਾਂ ਚਿੱਪੀ ਵਿਚ ਉਲਟਾ ਲਈ। ਜੱਗ ਵਿਚ ਬਚਿਆ ਥੋੜ੍ਹਾ ਜਿਹਾ ਪਾਣੀ ਵਿਚੇ ਪਾ ਕੇ ਉਨ੍ਹਾਂ ਚਿੱਪੀ ਵਿਚ ਉਂਗਲੀ ਡੋਬ ਕੇ ਦਾਰੂ ਨਾਲ ਧਰਤ ਨਮਸ਼ਕਾਰੀ।

ਸ਼ਰਾਬ ਵਿਚ ਮਿਲਿਆ ਪਾਣੀ। ਦੋਨੋਂ ਇਕ ਜਾਨ। ਮੇਰੀ ਹਯਾਤੀ, ਸੱਚ ਵਿਚ ਘੁਲਿਆ ਝੂਠ। ਦੋਨੋਂ ਇਕ ਰਸ। ਤੂੰ ਮੈਂ। ਅਖੇ ਕੰਧ ਤੇ ਟਾਂਡਾ। ਸਭਨਾਂ ਦਾ ਸਾਂਝਾ। ਨਹੀਂ ਕੋਈ ਦੁਰਾਡਾ। ਝਗੜਾ ਨਾ ਝਾਂਜਾ। ਹਮ ਨਿਵਾਲਾ। ਸਾਧ ਦੀ ਚਿੱਪੀ, ਪ੍ਰਮ ਪਿਆਲਾ।

ਅਗਲੀ ਦਾਰੂ ਆਪਾਂ ਰਲਕੇ ਪੀਆਂਗੇ, ਇਕੋ ਭਾਂਡੇ'ਚੋਂ। ਇਕ ਘੁੱਠ ਭਰ ਕੇ ਉ ਸਚਿੱਪੀ ਸੁਰਿੰਦਰ ਨੂੰ ਥੰਮ੍ਹਾ ਦਿੱਤੀ। ਆਪ ਘੁੱਟ ਭਰ ਕੇ,ਉ ਸਚਿੱਪੀ ਪੰਡਿਤ ਨੂੰ ਮੋੜੀ। ਗੱਲ ਕੈ ਪੇਂਦਾ ਭੁੰਜੇ ਲੱਗਣ ਤੋਂ ਪਹਿਲਾਂ ਦੋਹਾਂ ਨੇ ਰਲ਼ਕੇ ਚਿੱਪੀ ਖਾਲੀ ਕਰ ਕੇ ਮੂਧੀ ਮਾਰ ਦਿੱਤੀ।

ਦੋਨੋਂ ਵਾਹਵਾ ਨਸ਼ੇ ਵਿਚ ਸਨ। ਪਰਅੱਜ ਨੀਂਦ ਕਿਸੇ ਨੂੰ ਨਹੀਂ ਆ ਰਹੀ ਸੀ। ਨੈਣ ਜੁ ਦੋਹਾਂ ਦੇ ਨੇਹੁੰ ਵਾਲੇ ਸਨ, ਸ਼ਾਇਦ ਇਸੇ ਕਰਕੇ।

"ਪੰਡਿਤਾ ਇਕ ਗੱਲ ਕਰਨੀ ਆ ਤੇਰੇ ਨਾਲ", ਸੁਰਿੰਦਰ ਨੇ ਆਪਣੀਆਂ ਅੱਖਾਂ ਸੇਲੇ ਵਾਂਗ ਉਹਦੀਆਂ ਅੱਖਾਂ ਵਿਚ ਗੱਡ ਕੇ ਕਿਹਾ।

"ਕਰ"।

ਕੰਧ ਨਾਲ ਢੋਅ ਲਾ ਕੇ ਬੈਠਾ ਪੰਡਿਤ ਸੋਘਾ ਹੋਇਆ। ਅੰਦਰੋਂ, ਨਾ ਜਾਣੇ ਕਿਉਂ, ਉਹ ਸੁਰਿੰਦਰ ਦੀਆਂ ਵਿੰਨ੍ਹਵੀਆਂ ਨਜ਼ਰਾਂ ਤੋਂ ਥੋੜ੍ਹਾ ਜਿਹਾ ਦਹਿਲ ਗਿਆ ਸੀ।

"ਦੋ ਘੁੱਟ ਦਾਰੂ ਪੀਣ ਲਈ, ਪੰਡਿਤਾ ਪਤਾ ਨਹੀਂ ਆਪਾਂ ਨੂੰ ਕਿੰਨੇ ਫਫੜੇ ਕਰਨੇ ਪਏ। ਝੂਠ ਤੁਫਾਨ ਤੋਲਣੇ ਪਏ। ਸਿਗਟਾਂ ਦਾ ਬਹਾਨਾ। ਫੋਰ ਸੁਕਏਅਰ। ਵਿੰਮ। ਰਾਤਰੀ ਬਰਤ।

"ਹੂੰ", ਪੰਡਿਤ ਦੀ ਜੀਭ ਤਾਲੂਏ ਲੱਗ ਗਈ ਸੀ।

"ਕਾਹਦੇ ਲਈ, ਸੁਆਮੀ ਜੀ ਕਾਹਦੇ ਲਈ"।

ਸੁਆਮੀ ਜੀ ਚੁੱਪ ਸਨ।

"ਆਪਾਂ ਸਿੱਧੇ-ਸਾਦੇ ਬੰਦਿਆਂ ਵਾਂਗ ਨਹੀਂ ਜੀਅ ਸਕਦੇ, ਪੀ ਸਕਦੇ"?

ਪੰਡਿਤ ਜੀ ਅੱਗੋਂ ਫੇਰ ਚੁੱਪ।

ਸੁਰਿੰਦਰ ਆਪਣੀ ਕੁਰਸੀ ਦੀਆਂ ਬਾਹਾਂ ਦੀ ਟੇਕ ਲੈ ਕੇ ਉੱਠਿਆ।

"ਇਹ ਅਡੰਬਰ ਨਹੀਂ ਪੰਡਿਤਾ ਮੈਂ ਰਹਿਣ ਦੇਣਾ"।

ਉਹਨੇ ਆਪਣੀਆਂ ਬਾਹਾਂ ਅੱਗੇ ਵਧਾਈਆਂ।

ਪੰਡਿਤ ਜੀ ਨੂੰ ਜਾਪਿਆ ਜਿਵੇਂ ਕੋਈ ਵਿਕਰਾਲ ਦੈਂਤ ਦੁਸ਼ਾਸਨ ਦਾ ਰੂਪ ਧਾਰ ਕੇ ਭਰੀ ਸਭ ਵਿਚ ਦਰੋਪਦੀ ਦਾ ਚੀਰ ਹਰਨ ਲਈ ਉਸ ਵੱਲ ਅੱਗੇ ਵਧ ਰਿਹਾ ਹੋਵੇ।

"ਨਹੀਂ", ਉਹ ਉੱਚੀ ਦੇਣੀ ਕੂਕਿਆ, "ਮੈਂ ਇਹ ਅਡੰਬਰ ਨਹੀਂ ਛੱਡਣਾ"।

ਉਹਨੇ ਜੋਗੀਆ ਕੰਬਲ ਦੀ ਬੁੱਕਲ਼ ਘੁੱਟ ਕੇ ਆਪਣੀ ਹਿੱਕ ਨਾਲ ਲਾ ਲਈ ਸੀ। ਉਨ੍ਹਾਂ ਦੋਹਾਂ ਵਿਚ ਪਸਰੀ ਚੁੱਪੀ, ਟਿਕੀ ਰਾਤ ਵਿਚ ਇਕ ਚੀਰ ਪਾ ਗਈ ਸੀ।❑❑

[11142 - 131A Street, Surrey, B.C., V3T 3S2 Canada]

ਕੋਰਾ ਕਾਗ਼ਜ਼

ਜ਼ੋਰਾ ਸਿੰਘ ਸੰਧੂ

ਦਸਤਕ ਸੁਣ, ਮੈਂ ਬੈਠਕ ਦਾ ਬੂਹਾ ਖੋਲ੍ਹਦੀ ਹਾਂ। ਬੂਹਾ ਲੰਘਦਿਆਂ ਗੋਪਾਲ ਮੇਰੇ ਮੋਢੇ ਉੱਤੇ ਆਪਣਾ ਹੱਥ ਰੱਖ ਦਿੰਦਾ ਹੈ। ਇਹ ਉਸਦਾ ਹੱਥ ਹੈ ਕਿ ਬਿਜਲੀ ਦਾ ਕਰੰਟ। ਮੇਰੇ ਅੰਦਰ ਝਰਨਾਹਟ ਫਿਰ ਜਾਂਦੀ ਹੈ। ਕੰਬਣੀ ਮੇਰੇ ਪੈਰ ਡਗਮਗਾ ਦਿੰਦੀ ਹੈ। ਅਜਬ ਤਰ੍ਹਾਂ ਦੀ ਮਾਦਕਤਾ ਨਾਲ ਮੇਰਾ ਅੰਦਰ ਬਾਹਰ ਭਰ ਜਾਂਦਾ ਹੈ। ਮੈਂ ਪਿਛਲੇ ਪੱਚੀ ਸਾਲਾਂ ਤੋਂ ਇਸ ਛੋਹ ਲਈ ਤਰਸਦੀ ਆ ਰਹੀ ਹਾਂ। ਮੇਰੇ ਰੱਬਾ! ਮੁੱਦਤ ਦੀ ਉਡੀਕ ਪਿੱਛੋਂ, ਅੱਜ ਆਖਰ ਇਹ ਛੋਹ ਮੈਨੂੰ ਨਸੀਬ ਹੋ ਹੀ ਗਈ ਹੈ। ਤੇ ਮੈਥੋਂ ਆਪਣਾ ਆਪ ਸੰਭਾਲ਼ਿਆ ਨਹੀਂ ਜਾ ਰਿਹਾ।

ਪਹਿਲੀ ਹੀ, ਹਾਂ ਪਹਿਲੀ ਹੀ ਵਾਰ ਮੈਨੂੰ ਇਹ ਅਗੰਮੀ ਛੋਹ ਪ੍ਰਾਪਤ ਹੋਈ ਹੈ ਅੱਜ।

ਅੰਤਾਂ ਦੇ ਸੋਹਜ ਤੇ ਸ਼ੌਕ ਨਾਲ ਮੈਂ ਆਪਣੀ ਬੈਠਕ ਨੂੰ ਸਜਾਇਆ ਸੰਵਾਰਿਆ ਹੈ। ਪਰ ਇਹ ਚਮਕ-ਦਮਕ ਮੈਨੂੰ ਅੱਜ ਹੀ ਦਿਖੀ ਹੈ। ਇਹ ਨਹੀਂ ਕਿ ਗੋਪਾਲ ਅੱਜ ਪਹਿਲੀ ਵਾਰ ਇਸ ਕਮਰੇ ਵਿਚ ਆਇਆ ਹੈ। ਇਸ ਸਾਡੇ ਘਰ ਵਿਚ, ਅਕਸਰ ਉਹਦਾ ਗੇੜਾ ਵੱਜਦਾ ਹੀ ਰਹਿੰਦਾ ਹੈ। ਅੱਜ ਇਸ ਕਮਰੇ ਦੀ ਸ਼ਾਨ ਤੇ ਸੁਹਜ ਨੂੰ ਚਾਰ ਚੰਦ ਲੱਗ ਗਏ ਹਨ। ਸੱਚ ਇਹ ਹੈ ਕਿ ਪਹਿਲਾਂ ਨਾਲੋਂ ਕੁਝ ਵੀ ਇਸ ਵਿਚ ਵਾਧਾ ਨਹੀਂ ਕੀਤਾ ਗਿਆ। ਤੁਸੀਂ ਨਿਆਣੇ ਨਹੀਂ ਹੋ, ਹੋਇਆ ਵਾਧਾ ਤੁਸੀਂ ਬਾਖੂਬੀ ਜਾਣਦੇ ਹੋ, ਸਮਝਦੇ ਹੋ। ਮੈਂ ਮੂੰਹ ਪਾੜ ਕੇ ਕਿਉਂ ਕੁਝ ਆਖਾਂ।

ਹਾਂ, ਮੈਂ ਉਹਦੇ ਨਾਲ ਨਾਲ ਤੁਰਕੇ ਸੋਫੇ ਤਕ ਆ ਗਈ ਹਾਂ। ਉਹ ਸੋਫੇ ਨੂੰ ਨਵਾਜਣ ਲਈ ਖੜ੍ਹ ਗਿਆ ਹੈ। ਮੈਂ ਵੀ ਉਹਦੇ ਨਾਲ ਢੁੱਕ ਕੇ ਖੜ੍ਹ ਜਾਂਦੀ ਹਾਂ। ਮੈਥੋਂ ਆਪਣਾ ਆਪ ਸਾਂਭ ਨਹੀਂ ਹੋ ਰਿਹਾ। ਸਥਿਰ ਤੇ ਸਹਿਜ ਹੋਣ ਦੇ ਜਤਨ ਵਿਚ ਮੇਰੇ ਮੂੰਹੋਂ ਸੰਗੀਤਕ ਸੁਰ ਨਿਕਲਦੀ ਹੈ:

"ਢਿੱਲੋਂ ਸਾਹਬ, ਵੇਖੋ! ਸਾਡੇ ਅੱਜ ਕੌਣ ਆਇਆ ਹੈ?" ਮੈਂ ਆਪਣੇ ਗੋਪਾਲ ਨੂੰ ਆਵਾਜ਼ ਦਿੰਦੀ ਹਾਂ। ਮੈਨੂੰ ਨਹੀਂ ਪਤਾ ਕਿ ਮੈਂ ਸੋਫੇ ਦੀ ਬਾਂਹ ਨਾਲ ਜੁੜਕੇ ਖੜ੍ਹੀ ਹਾਂ ਕਿ ਇਹ ਬਾਂਹ ਗੋਪਾਲ ਦੀ ਹੈ। ਮੂੰਹੋਂ ਫਿਰ ਉਹੀ ਸੰਗੀਤਕ ਸੁਰ ਨਿਕਦੀ ਹੈ, " ਬੈਠੋ!" ਮੇਰਾ, ਸਾਰੇ ਦਾ ਸਾਰਾ ਵਜੂਦ ਸੰਗੀਤ ਬਣ ਗਿਆ ਮੈਨੂੰ ਜਾਪਣ ਲੱਗ ਪਿਆ ਹੈ। ਉਹਤੋਂ ਜਿਵੇਂ ਬਹਿ ਨਹੀਂ ਹੁੰਦਾ। ਉਹਦੀਆਂ ਅੱਖਾਂ, ਮੇਰੀਆਂ ਅੱਖਾਂ ਦੀ ਝੀਲ ਵਿਚ ਡੁੱਬ ਗਈਆਂ ਜਾਪਦੀਆਂ ਹਨ। ਤੇ ਮੇਰੀ ਕਾਇਆ, ਉਹਦੀਆਂ ਬਾਹਾਂ ਦੇ ਸਮੁੰਦਰ ਵਿਚ ਡੁੱਬ ਜਾਣ ਲਈ ਤਰਲੋ ਮੱਛੀ ਹੋ ਰਹੀ ਹੈ, ਕਿ ਮੇਰੇ ਸਰਦਾਰ, ਢਿੱਲੋਂ ਸਾਹਿਬ ਕਮਰੇ ਵਿਚ ਪ੍ਰਵੇਸ਼ ਕਰਦੇ ਹਨ। ਉਹ ਪ੍ਰਵੇਸ਼ ਕਰਦੇ ਹਨ, ਤੇ ਉਹ ਦੋਵੇਂ ਇਕ ਦੂਜੇ ਦੀਆਂ ਬਾਹਾਂ ਵਿਚ ਡੁੱਬ ਜਾਂਦੇ ਹਨ। ਤੇ ਮੈਂ ਕਿਨਾਰੇ ਉੱਤੇ ਖੜ੍ਹੀ ਰਹਿ ਜਾਂਦੀ ਹਾਂ। ਮੇਰੀਆਂ ਬਾਹਾਂ ਨੂੰ ਕੜਵੱਲ ਪੈ ਗਏ ਹਨ।

ਮੈਂ ਬਾਹਾਂ ਵਿਚ ਕੜਵੱਲ ਤੇ ਲੱਤਾਂ ਵਿਚ ਕੰਬਣੀ ਲੈ ਕੇ ਰਸੋਈ ਵਿਚ ਆ ਗਈ ਹਾਂ। ਮੈਨੂੰ ਪਤਾ ਹੈ, ਦੋਹਾਂ ਵਿਚੋਂ ਕਿਸੇ ਨੇ ਵੀ ਮੇਰੇ ਡਗਮਗਾਉਂਦੇ ਪੈਰ ਨਹੀਂ ਵੇਖੇ ਹੋਣੇ। ਇਕ ਦੂਜੇ ਵਿਚ ਡੁੱਬੇ ਹੋਣ ਕਰਕੇ ਉਹਨਾਂ ਦੀਆਂ ਅੱਖਾਂ ਮਿਚ ਗਈਆਂ ਹੋਣਗੀਆਂ।

ਜਿਵੇਂ ਕਿਵੇਂ ਮੈਂ ਪਾਣੀ ਦੇ ਦੋ ਗਲਾਸ ਉਹਨਾਂ ਨੂੰ ਦੇ ਕੇ ਆਈ ਹਾਂ।

ਰਸੋਈ ਵਿਚ ਮੈਂ ਕਾਫੀ ਘੋਟ ਰਹੀ ਹਾਂ, ਜਾਂ ਇਉਂ ਕਹਿ ਲਈਏ ਕਿ ਪਿਛਲੇ ਪੱਚੀ ਸਾਲਾਂ ਵਿਚਦੀ ਲੰਘ ਰਹੀ ਹਾਂ। ਪੱਚੀ ਸਾਲਾਂ ਦੀ ਏਨੀ ਲੰਬੀ ਯਾਤਰਾ ਨੂੰ ਅੱਜ ਮੰਜ਼ਲ ਮਿਲੀ ਹੈ। ਇਹ ਅਮੁੱਕ ਯਾਤਰਾ, ਅੱਜ ਉਹਦੀ ਪਹਿਲੀ ਅਗੰਮੀ ਛੋਹ ਨਾਲ ਸਮਾਪਤ ਹੋ ਜਾਂਦੀ ਹੈ। ਤੇ ਇਸ ਛੋਹ ਦੀ ਮਾਦਕਤਾ ਮੇਰੇ ਰੋਮ ਰੋਮ ਵਿਚ ਸਰਚ ਗਈ ਹੈ। ਮੈਂ ਰਸੋਈ ਵਿਚ ਕਾਰੇ ਲੱਗੀ ਹੋਈ ਹਾਂ।

ਨਹੀਂ! ਮੈਂ ਰਸੋਈ ਵਿਚ ਨਹੀਂ ਹਾਂ। ਮੈਂ ਤਾਂ ਗਗਨ ਵਿਚ ਉੱਡ ਰਹੀ ਪਤੰਗ ਹਾਂ ਤੇ ਇਸ ਪਤੰਗ ਦੀ ਡੋਰ ਗੋਪਾਲ ਦੇ ਹੱਥ ਵਿਚ ਹੈ। ਤੇ ਗੋਪਾਲ ਦਾ ਹੱਥ, ਸੁਲੱਖਣਾ ਹੱਥ! ਮੇਰੇ ਮੋਢੇ 'ਤੇ ਹੈ। ਮੈਂ ਆਪਣਾ ਸੱਖਣਾ ਹੱਥ, ਆਪਣੇ ਮੋਢੇ ਦੀ ਉਸ ਥਾਂ ਉੱਤੇ ਪੋਲੇ ਜਿਹੇ ਰੱਖ ਦਿੰਦੀ ਹਾਂ, ਜਿੱਥੇ ਉਹਦਾ ਭਾਗਾਂ ਭਰਿਆ ਹੱਥ ਕੁਝ ਪਲ ਟਿਕਿਆ ਰਿਹਾ ਹੈ। ਮੈਂ ਭੁੱਲੀ! ਹਾਏ ਮੈਂ ਭੁੱਲੀ!! ਉਹ ਤਾਂ ਹੁਣ ਵੀ ਟਿਕਿਆ ਹੋਇਆ ਹੈ। ਤੇ ਤਾ ਉਮਰ ਟਿਕਿਆ ਹੀ ਰਹੇਗਾ।

ਮੈਂ ਮੋਢੇ ਉੱਤੋਂ ਆਪਣਾ ਹੱਥ ਹੌਲੀ ਹੌਲੀ ਚੁੱਕ ਲੈਂਦੀ ਹਾਂ। ਇਸ ਹੱਥ ਨੂੰ ਅੱਖਾਂ ਨਾਲ ਛੁਹਾਉਂਦੀ ਹਾਂ। ਮੱਥੇ ਨਾਲ ਲਾਉਂਦੀ ਹਾਂ। ਤੇ ਚੁੰਮ ਲੈਂਦੀ ਹਾਂ। ਚੁੰਮਣਾਂ ਦੀ ਝੜੀ ਲੱਗ ਜਾਂਦੀ ਹੈ। ਮੈਂ ਬੇਤਹਾਸ਼ਾ ਚੁੰਮਣ ਲੁਟਾ ਰਹੀ ਹਾਂ। ਹਾਏ ਰੱਬਾ ਮੈਨੂੰ ਇਹ ਕੀ ਹੋ ਗਿਆ ਹੈ? ਮੈਂ ਤਾਂ ਝੱਲੀ ਹੋ ਗਈ ਹਾਂ। ਮੈਨੂੰ ਜਿਵੇਂ ਥੋੜ੍ਹੀ ਹੁਣ ਸੁਰਤ ਆ ਗਈ ਹੈ। ਆਪਣੇ ਆਪ ਨੂੰ ਝਿੜਕ ਮਾਰਦੀ ਹਾਂ, "ਜੇ ਝੱਲੀਏ ਤੈਨੂੰ ਇਸ ਹਾਲਤ ਵਿਚ ਕਿਸੇ ਵੇਖ ਲਿਆ! ਮੈਂ ਵੇਖੇ ਜਾਣ ਦੇ ਡਰ ਨਾਲ ਸਹਿਮ ਨਾਲ, ਸ਼ਰਮਿੰਦਗੀ ਨਾਲ, ਪਿੱਛੇ ਮੁੜਕੇ ਵੇਖਦੀ ਹਾਂ। ਰਸੋਈ ਦੇ ਬੂਹੇ ਵਿਚ, ਬਾਰੀ ਵਿਚ ਕੋਈ ਨਹੀਂ ਹੈ। ਸ਼ੁਕਰ ਹੈ, ਇਸ ਵੇਲੇ ਸਾਡੇ ਤਿੰਨਾਂ ਦੇ ਸਿਵਾ ਘਰ ਵਿਚ ਕੋਈ ਹੋਰ ਜੀਅ ਨਹੀਂ ਹੈ। ਤੇ ਉਹ ਦੋਵੇਂ ਗੱਲਾਂ ਵਿਚ ਗ਼ਲਤਾਨ ਹਨ। ਤੇ ਮੇਰੀਆਂ ਯਾਦਾਂ ਦੀ ਪਤੰਗ, ਮੈਨੂੰ ਮੇਰੇ ਪਿੰਡ ਵੱਲ ਲੈ ਉੱਡੀ ਹੈ।

ਮੇਰੇ ਤੇ ਗੋਪਾਲ ਦੇ ਪਿੰਡ ਦਾ ਸੰਨ੍ਹ ਕੇਵਲ ਦੋ ਢਾਈ ਮੀਲ ਦਾ ਹੀ ਹੈ। ਰਜਬਾਹਾ ਦੋਹਾਂ ਪਿੰਡਾਂ ਦੀ ਹੱਦਬੰਦੀ ਕਰਦਾ ਹੈ। ਸੂਏ ਦੇ ਇਧਰ ਮੇਰਾ ਤੇ ਉਧਰ ਗੋਪਾਲ ਦਾ ਪਿੰਡ ਹੈ। ਇਧਰ ਦੀ ਪਟੜੀ ਨਾਲ ਸਾਡੇ ਖੇਤ ਹਨ। ਉਧਰ ਦੀ ਪਟੜੀ ਨਾਲ ਉਹਨਾਂ ਦੇ। ਕਹਿ ਲਵਾਂ ਪੁਲ ਦੇ ਆਰ ਪਾਰ ਸਾਡੇ ਖੇਤ ਹਨ। ਸਾਡੇ ਦੋਹਾਂ ਘਰਾਂ ਦਾ, ਦਾਦਾ ਜੀ ਤੋਂ ਮੇਲ ਮਿਲਾਪ ਚੱਲਿਆ ਆ ਰਿਹਾ ਹੈ। ਖੂਬੀ ਇਹ ਹੈ ਕਿ ਰਜਬਾਹੇ ਨੇ ਸਾਡੀ ਵੱਟ-ਡੌਲ਼ ਸਾਂਝੀ ਨਹੀਂ ਰਹਿਣ ਦਿੱਤੀ। ਜੱਟਾਂ ਦਾ ਲੜਾਈ ਝਗੜਾ ਵੱਟਾਂ-ਡੌਲਾਂ ਜਾਂ ਨਹਿਰੀ ਪਾਣੀ ਪਿੱਛੇ ਹੀ ਹੁੰਦਾ ਹੈ। ਇਸ ਤੋਂ ਦੋਹਾਂ ਘਰਾਂ ਨੂੰ ਸੂਏ ਐ ਬਚਾਅ ਲਿਆ ਹੈ। ਬਸ ਪੀਹੜੀਆਂ ਤੋਂ ਪਿਆਰ ਮੁਹੱਬਤ ਚੱਲਿਆ ਆ ਰਿਹਾ ਹੈ। ਇਸੇ ਕਰਕੇ ਮੈਂ ਤੇ ਗੋਪਾਲ ਇਕ ਦੂਜੇ ਨੂੰ ਚੰਗੂੰ ਜਾਣਦੇ ਸਾਂ। ਪਰ ਕਦੇ ਮਿਲਣ ਦਾ ਅਵਸਰ ਨਹੀ ਸੀ ਬਣਿਆ।

ਮੈਂ ਪਹਿਲੀ ਸ਼੍ਰੇਣੀ ਤੋਂ ਹੀ ਸ਼ਹਿਰ ਮਾਸੀ ਜੀ ਕੋਲ ਚਲੀ ਗਈ ਸਾਂ। ਉੱਥੇ ਹੀ ਦਸਵੀਂ ਪਾਸ ਕੀਤੀ। ਉੱਥੇ ਹੀ ਜੇ.ਬੀ.ਟੀ. ਕੀਤੀ। ਤੇ ਮੇਰੀ ਪਹਿਲੀ ਨਿਯੁਕਤੀ ਮੇਰੇ ਹੀ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਵਜੋਂ ਹੋ ਗਈ। ਪਤਾ ਲੱਗਾ ਕਿ ਇਸੇ ਹੀ ਸਮੇਂ ਗੋਪਾਲ ਨੇ ਬੀ.ਐੱਡ ਕਰ ਲਈ ਹੈ। ਤੇ ਐੱਮ.ਏ. ਵਿਚ ਦਾਖਲਾ ਲੈ ਲਿਆ ਹੈ।

ਮੇਰੀ ਉਹਦੇ ਨਾਲ ਪਹਿਲੀ ਮੁਲਾਕਾਤ ਮੇਰੇ ਸਕੂਲ ਦੇ ਗੇਟ ਵਿਚ ਹੋਈ। ਉਹ ਮੇਰੇ ਹੈੱਡ ਟੀਚਰ ਨਾਲ ਖੜ੍ਹਾ ਗੱਲਾਂ ਕਰ ਰਿਹਾ ਸੀ। ਮੈਂ ਸਕੂਲ ਨੂੰ ਆ ਰਹੀ ਸਾਂ। ਉਹਦੀ ਮੇਰੇ ਵੱਲ ਪਿੱਠ ਸੀ। ਉਹਨਾਂ ਕੋਲ ਆ ਕੇ ਦੋਹਾਂ ਨੂੰ ਵਿਸ਼ ਕੀਤਾ। ਤੇ ਖੜ੍ਹੋ ਗਈ। ਉਹਨੂੰ ਮੇਰੇ ਬਾਰੇ ਪਤਾ ਸੀ ਕਿ ਮੈਂ ਇੱਥੇ ਅਧਿਆਪਕ ਲੱਗੀ ਹੋਈ ਹਾਂ।

"ਮਨਜੀਤ! ਮੈਂ ਗੋਪਾਲ ਹਾਂ। ਮੈਂ ਵੀ ਅਧਿਆਪਕ ਨਿਯੁਕਤ ਹੋ ਗਿਆ ਹਾਂ। ਅੱਜ ਵਾੜੇ ਭਾਈਕੇ, ਹਾਜ਼ਰ ਹੋਣ ਚੱਲਿਆ ਹਾਂ। " ਉਹਨੇ ਅਗਲੇ ਪਿੰਡ ਵੱਲ ਹੱਥ ਕਰਕੇ ਆਖਿਆ ਸੀ। ਮੈਂ ਉਹਨੂੰ ਅੰਗਰੇਜ਼ੀ ਵਿਚ ਮੁਬਾਰਕਬਾਦ ਆਖੀ। ਇਹ ਸ਼ਹਿਰ ਵਿਚ ਪਾਲਣ-ਪੋਸ਼ਣ ਹੋਣ ਕਾਰਨ ਸੀ। ਮੈਂ ਆਪਣੀ ਸ਼ਾਇਦ ਸ਼ਰਮਿੰਦਗੀ ਲਾਹੁਣ ਲਈ ਆਖਿਆ ਸੀ, "ਮੈਂ ਬਹੁਤੀ, ਅੰਗਰੇਜ਼ੀ ਦੀ ਭਗਤ ਭੁਗਤ ਨਹੀਂ ਹਾਂ ਵੀਰ ਜੀ। " ਤੇ ਗੱਲ ਅੱਗੇ ਤੋਰੀ ਸੀ:

"ਬਿਨ ਮੂੰਹ ਮਿੱਠਾ ਕਰਵਾਇਆਂ ਹੀ ਹਾਜ਼ਰ ਹੋ ਜਾਵੋਗੇ?"

"ਜ਼ਾਹਰ ਐ, ਹੋਵੇਗਾ ਤਾਂ ਇਉਂ ਹੀ। ਪਰ ਮੁੜਦਾ ਹੋਇਆ ਘਰ ਆਊਂਗਾ, ਤੇ ਗੁੜ ਦੀ ਰੋੜੀ ਨਾਲ ਮੂੰਹ ਮਿੱਠਾ ਕਰੂੰਗਾ।"

ਘਰ ਵਿਚ ਹੁੰਦੀਆਂ ਗੱਲਾਂ ਤੋਂ ਮੈਂ ਗੋਪਾਲ ਦੇ ਘਰ ਦੇ ਸਾਰੇ ਜੀਆਂ ਨੂੰ ਜਾਣਦੀ ਸਾਂ। ਬਹੁਤਿਆਂ ਨੂੰ ਤਾਂ ਮਿਲਣ ਦੇ ਅਵਸਰ ਮਿਲੇ ਹਨ। ਪਰ ਗੋਪਾਲ ਨੂੰ ਉਸ ਦਿਨ ਪਹਿਲੀ ਵਾਰ ਮਿਲੀ ਸਾਂ।

ਉਹ ਸਕੂਲੋਂ ਮੁੜਦਾ ਘਰ ਆਇਆ ਤੇ ਬਰਫੀ ਦਾ ਡੱਬਾ ਲੈਂਦਾ ਆਇਆ। ਮੈਂ ਲੱਡੂ ਮੰਗਵਾ ਰੱਖੇ ਸਨ। ਅਸੀਂ ਚਾਹ ਪੀਤੀ। ਮੈਂ ਗੁੜ ਦੀਆਂ ਰੋੜੀਆਂ ਵੀ ਰੱਖੀਆਂ; ਬਰਫੀ ਤੇ ਲੱਡੂ ਵੀ। ਸਾਡੀ ਮੁਲਾਕਾਤ ਦਾ ਇਹ ਪਹਿਲਾ ਦਿਨ ਸੀ। ਅਸੀਂ ਅਕਸਰ ਮਿਲਦੇ ਰਹਿੰਦੇ। ਸਕੂਲੋਂ ਮੁੜਦਾ, ਕਦੇ ਕਦੇ ਇਹ ਘਰ ਵੀ ਆ ਜਾਂਦਾ। ਇਹਦੇ ਸਾਈਕਲ ਦੇ ਕੈਰੀਅਰ ਉੱਤੇ ਹਮੇਸ਼ਾ ਕੋਈ ਕਿਤਾਬ ਜਾਂ ਮੈਗਜ਼ੀਨ ਟੰਗਿਆ ਹੁੰਦਾ। ਉਹ ਬੇਝਿਜਕ ਮੈਂ ਲਾਹ ਲੈਂਦੀ। ਫਿਰ ਹੋਇਆ ਇਹ ਕਿ ਮੇਰੇ ਲਈ ਉਚੇਚੇ ਕਿਤਾਬਾਂ ਤੇ ਰਸਾਲੇ ਲਿਆਉਣ ਲੱਗ ਪਿਆ। ਇਹਨੇ ਮੈਨੂੰ ਪੜ੍ਹਨ ਦੀ ਅਜਿਹੀ ਚੇਟਕ ਲਾਈ ਕਿ ਅੱਜ ਮੈਂ ਐੱਮ.ਏ., ਐੱਮ.ਐੱਡ ਹਾਂ। ਸ਼ਹਿਰ ਦੇ ਕੁੜੀਆਂ ਦੇ ਸਕੂਲ ਦੀ ਸੀਨੀਅਰ ਲੈਕਚਰਾਰ ਹਾਂ। ਕੱਲ੍ਹ ਪ੍ਰਿੰਸੀਪਲ ਹੋਵਾਂਗੀ। ਪ੍ਰਮੋਸ਼ਨ ਦੀ ਲਿਸਟ ਸਿੱਖਿਆ ਸਕੱਤਰ ਦੇ ਮੇਜ਼ ਉੱਤੇ ਗਈ ਦੱਸੀ ਜਾਂਦੀ ਹੈ। ਤੇ ਉਸ ਲਿਸਟ ਵਿਚ ਮੇਰਾ ਨਾਂ ਇਕ ਨੰਬਰ ਉੱਤੇ ਹੈ।

ਤੇ ਹਾਂ, ਮੂੰਹ ਮਿੱਠਾ ਕੀਤਿਆਂ ਮਸਾਂ ਮਹੀਨਾ ਲੰਘਿਆ ਹੋਵੇਗਾ ਕਿ ਫਿਰ ਮੂੰਹ ਮਿੱਠਾ ਕਰਨ ਦਾ ਸ਼ੁਭ ਅਵਸਰ ਆ ਗਿਆ। ਗੋਪਾਲ ਦੀ ਭੂਆ ਦੀ ਧੀ ਦੀ ਨਿਯੁਕਤੀ ਸਾਡੇ ਸਕੂਲ ਵਿਚ ਹੋ ਗਈ। ਉਹ ਬੜੀ ਖਿਲੰਦੜੀ, ਚੰਚਲ ਤੇ ਖ਼ੂਬਸੂਰਤ ਕੁੜੀ ਹੈ। ਉਹ ਡੀਲ-ਡੌਲ ਤੋਂ ਜੱਟੀ ਤੇ ਸ਼ਕਲ ਸੂਰਤ ਤੋਂ ਕਿਸੇ ਧਨਾਢ ਸੁਨਿਆਰੇ ਦੀ ਲਾਡਲੀ ਲਗਦੀ ਹੈ। ਅੱਜ ਤਕ ਸਾਡੀ ਬੇਜੋੜ ਦੋਸਤੀ ਚੱਲ ਰਹੀ ਹੈ। ਮਹੀਨੇ ਵਿਚ ਅਸੀਂ ਨਿਰਵਿਘਨ, ਅਵੱਸ਼ ਮਿਲਣਾ ਹੁੰਦਾ ਹੈ; ਉਹਨੇ ਮੇਰੇ ਕੋਲ਼ ਜਾਂ ਮੈਂ ਉਹਦੇ ਕੋਲ਼।

ਗੋਪਾਲ ਦੀ ਪੜ੍ਹਨ ਦੀ ਲਾਈ ਚੇਟਕ ਨੇ, ਸਾਨੂੰ ਦੁਨੀਆਂ ਲਈ ਬਿਗ਼ਾਨੇ ਬਣਾ ਕੇ ਰੱਖ ਦਿੱਤਾ ਸੀ। ਅਸੀਂ ਐੱਮ. ਏ. ਭਾਗ ਪਹਿਲਾ ਦਾ ਇਮਤਿਹਾਨ ਦਿੱਤਾ। ਉਹਨੇ ਪਹਿਲੇ ਦਰਜੇ ਦੇ ਨੰਬਰ ਲਏ ਤੇ ਮੈਂ ਦੂਜੇ ਦੇ। ਦੂਜੇ ਭਾਗ ਲਈ ਉਹਨੇ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਤੇ ਯੂਨੀਵਰਸਿਟੀ ਵਿਚੋਂ ਟਾਪ ਕੀਤਾ। ਰੀਸਰਚ ਸਕਾਲਰ ਬਣੀ ਤੇ ਯੂਨੀਵਰਸਿਟੀ ਦੀ ਹੀ ਹੋ ਕੇ ਰਹਿ ਗਈ। ਅੱਜ ਆਪਣੇ ਵਿਭਾਗ ਦੀ ਮੁਖੀ ਹੈ। ਇਤਿਹਾਸ ਵਿਭਾਗ ਦੇ ਮੁਖੀ ਨਾਲ ਉਹਦੀ ਘਨਿਸ਼ਟਤਾ ਹੈ। ਦੋਵੇਂ ਇਕੱਠੇ ਰਹਿ ਰਹੇ ਹਨ। ਕਈ ਸਾਲ ਬੀਤ ਗਏ ਹਨ। ਉਹਦੇ ਨਾਲ ਵਿਆਹ ਬਾਰੇ ਵਿਚਾਰ-ਵਟਾਂਦਰਾ ਕਰ ਕਰ ਸਭ ਥੱਕ ਗਏ ਸਨ। ਕੋਈ ਵੀ ਇਹ ਵਿਸ਼ਾ ਹੁਣ ਨਹੀਂ ਛੋਂਹਦਾ। ਮੈਂ ਅੱਜ ਵੀ ਛੋਹ ਲੈਂਦੀ ਹਾਂ, ਭਾਵੇਂ ਮਸ਼ਕੂਲੇ ਨਾਲ ਹੀ ਸਹੀ। ਉਹਨੇ ਆਪਣੀ ਪੱਚੀ ਸਾਲ ਪਹਿਲਾਂ ਵਾਲੀ ਚੰਚਲਤਾ ਤੇ ਖ਼ੂਬਸੂਰਤੀ ਸਾਂਭ ਰੱਖੀ ਹੈ। ਮਾਸਾ ਮਾਸ ਦਾ ਨਹੀਂ ਵਧਣ ਦਿੱਤਾ। ਵਾਰੇ ਵਾਰੇ ਜਾਈਏ ਉਹਦੇ ਕਮਾਲ ਦੇ!

ਸੱਜਰੀ ਮਿਲਣੀ 'ਤੇ ਮੈਂ ਉਹਨੂੰ ਆਖਦੀ ਹਾਂ:

"ਕਿਵੇਂ ਐ ਫਿਰ ਡਾਕਟਰ? ਇਕ ਮੁੰਡੇ ਦੀ ਦੱਸ ਪਈ ਐ।"

"ਮੀਤਾਂ! ਤੂੰ ਕਿਸੇ ਬੁੱਢੇ-ਠੇਰੇ, ਦੁਹਾਜੂ, ਐਣਕੂ-ਸ਼ੈਣਕੂ ਦੀ ਗੱਲ ਤੋਰੇਂਗੀ। ਤੇ ਮੈਨੂੰ ਕੋਫਤ ਆਊਗੀ।"

"ਹੋਰ ਹੁਣ ਤੈਨੂੰ ਕੋਈ ਸੋਲ੍ਹਾਂ ਸਾਲਾਂ ਦਾ ਟੱਕਰੂ?"

"ਐਧਰ ਝਾਕ ਮੇਰੀ ਮੀਤਾਂ! ਮੇਰੇ ਨਾਲ ਅੱਖ ਤਾਂ ਮਿਲ਼ਾ!! ਮੈਨੂੰ ਸੋਲ੍ਹਵਾਂ ਸਾਲ ਚੜ੍ਹਿਆ

ਤੈਨੂੰ ਨਹੀਂ ਲਗਦਾ ਤਾਂ ਐਧਰ ਕੰਨ ਕਰ, ਸੁਣ!! ਅਜੇ ਕੱਲ ਦੀ ਹੀ ਗੱਲ ਹੈ। ਮੈਂ ਘੁੱਟ ਕੇ ਆਪਣੀ ਗੁੱਤ ਕੀਤੀ, ਜਿਵੇਂ ਆਪਣੇ ਪਿੰਡ ਦੀਆਂ ਅੱਲ੍ਹੜਾਂ ਕਰਦੀਆਂ ਹੁੰਦੀਆਂ ਹਨ। ਤੇ ਆਪਣੀ ਕਲਾਸ ਲੈਣ ਖਰਾਮਾ ਖਰਾਮਾ ਤੁਰੀ ਜਾ ਰਹੀ ਸਾਂ। ਮੈਂ ਆਪਣੇ ਬਰਾਬਰ ਤੋਂ ਬੋਲ ਸੁਣੇ:

"ਬਿਟੀਆ! ਪਾਰਟ ਫਸਟ ਦੀ ਕਸ਼ਾਏਂ ਨੀਚੇ ਲਗਤੀ ਹੈਂ।"

ਗੱਲ ਝੱਟ ਮੇਰੇ ਪੱਲੇ ਪੈ ਗਈ। ਮੈਂ ਸ਼ਰਮਾਉਣ ਦਾ ਨਾਟਕ ਕੀਤਾ। ਤੇ ਆਪਣੇ ਪੇਂਡੂ ਅੰਦਾਜ਼ ਵਿਚ ਅੱਖਾਂ ਧਰਤੀ 'ਤੇ ਗੱਡਦਿਆਂ ਆਖਿਆ:

"ਅਤੀਅੰਤ ਧੰਨਿਆਵਾਦ ਸਰ।"

"ਕੋਈ ਬਾਤ ਨਹੀਂ ਬਿਟੀਆ! ਨਏ ਆਏ ਬੱਚੋਂ ਕੀ ਅਗਵਾਨੀ ਕਰਨਾ ਹਮਾਰਾ ਕਰਤੱਵਿਆ ਹੈ। ਨਯੇ ਸ਼ਾਤਰ ਭੂਲ-ਭਲੱਈਓਂ ਮੇਂ ਪੜ ਹੀ ਜਾਤੇ ਹੈਂ। ਤੁਮ ਤਾਂ ਅਵੱਸ਼ ਕਿਸੀ ਗਾਂਵ ਸੇ ਆਈ ਹੋ।"

"ਜੀ ਸਰ! ਆਪਨੇ ਠੀਕ ਜਾਨਾ ਹੈ। ਮੇਰਾ ਗਾਉਂ, ਜ਼ਿਲ੍ਹਾ ਭਠਿੰਡਾ ਮੇਂ ਪੜਤਾ ਹੈ, ਸਰ।"

"ਦੇਖਾ! ਮੇਰਾ ਨਰੀਕਸ਼ਨ ਕਭੀ ਗ਼ਲਤ ਹੂਆ ਹੈ!!" ਉਹਨਾਂ ਨੇ ਆਪਣੇ ਆਪ ਨੂੰ ਸ਼ਾਬਾਸ਼ੇ ਦਿੱਤੀ। ਫਿਰ ਘੁੱਟ ਕੇ ਕੀਤੀ ਲੰਮੀ ਗੁੱਤ ਦਾ ਚਮਤਕਾਰ ਨਹੀਂ ਤਾਂ ਹੋਰ ਕੀ ਹੈ? ਮੇਰੀ ਪਿਆਰੀ ਮੀਤਾਂ।"

"ਅੱਗੇ ਸੁਣ! ਉਹਨਾਂ ਦੀ ਆਵਾਜ਼ ਫਿਰ ਮੇਰੇ ਕੰਨੀਂ ਪੈਂਦੀ ਹੈ।"

"ਦੇਖਨਾ ਬੇਟਾ ਆਗੇ ਸੀੜ੍ਹੀਆਂ ਪੜਤੀ ਹੈਂ; ਉਤਰ ਜਾਨਾ।"

"ਮੈਂ ਕਦਮ ਤੇਜ਼ ਕਰਕੇ ਉਹਨਾਂ ਤੋਂ ਅੱਗੇ ਲੰਘੀ ਜਾਂਦੀ ਹਾਂ। ਖੱਬੇ ਪਾਸੇ ਮੇਰੀ ਕਲਾਸ ਦਾ ਬੂਹਾ ਆ ਜਾਂਦਾ ਹੈ। ਮੈਂ ਕਲਾਸ ਅੰਦਰ ਵੜਕੇ, ਬੁੱਢੇ ਪ੍ਰੋਫੈਸਰ ਮਹੋਦਿਆ ਦੀ ਭਾਸ਼ਾ ਵਿਚ ਆਪਣਾ 'ਕਾਰਿਆ' ਸ਼ੁਰੂ ਕਰ ਦਿੰਦੀ ਹਾਂ। ਉਹ ਕਲਾਸ ਦੇ ਬੂਹੇ ਸਾਹਮਣੇ ਆ ਕੇ ਡਰਨੇ ਵਾਂਗ ਖੜ੍ਹੇ ਹੋ ਜਾਂਦੇ ਹਨ। ਉਹਨਾਂ ਦਾ ਮੂੰਹ ਆਲ਼ੇ ਵਾਂਗ ਖੁੱਲ੍ਹਾ ਤੇ ਅੱਖਾਂ ਪਥਰਾਈਆਂ ਜਾਂਦੀਆਂ ਹਨ। ਦੱਸਣ ਵਾਲ਼ੀ ਗੱਲ ਇਹ ਹੈ ਕਿ ਮੈਂ ਕਦੇ ਵੀ, ਇਕ ਨਗੂਣੇ ਪਲ-ਛਿਣ ਲਈ ਵੀ ਆਪਣੀ ਕਲਾਸ ਵਿਚ ਪਛੜਕੇ ਨਹੀਂ ਜਾਂਦੀ। ਕਮਰੇ ਵਿਚ ਮੇਰਾ 'ਕਾਰਿਆ' ਚੱਲ ਰਿਹਾ ਹੋਵੇ, ਕੋਈ ਵਿਦਿਆਰਥੀ ਅੰਦਰ ਆਉਣ ਦੀ ਆਗਿਆ ਨਹੀਂ ਮੰਗਦਾ।"

"ਇਹ ਤਾਂ ਸਾਰੀਆਂ ਗੱਲਾਂ ਤੇਰੀਆਂ ਦਰੁਸਤ ਹਨਗੀਆਂ ਭੈਣੇ! ਵੇਖ ਸਾਡੇ ਬੱਚੇ ਕਦੋਂ ਦੇ ਸੋਲ੍ਹਵਾਂ ਸਾਲ ਲੰਘ ਗਏ ਹਨ। ਹੋਰ ਵਰ੍ਹੇ ਛੇਮਾਹੀਂ ਤਕ ਉਹਨਾਂ ਦੇ ਵਿਆਹਵਾਂ ਬਾਰੇ ਚਿੰਤਾ ਦੀਆਂ ਲਕੀਰਾਂ ਸਾਡੇ ਮੱਥਿਆਂ 'ਤੇ ਪੈਣੀਆਂ ਸ਼ੁਰੂ ਹੋ ਜਾਣਗੀਆਂ। ਤੇ ਤੂੰ ਹੈਂ ਕਿ ਆਪਣੇ ਵਿਆਹ ਦੀ ਮੈਨੂੰ ਗੱਲ ਵੀ ਤੋਰਨ ਨਹੀਂ ਦਿੰਦੀ।"

"ਮੀਤਾਂ ਭੈੜੀਏ! ਇਹੋ ਸਭ ਕੁਝ ਤਾਂ ਮੈਂ ਕਰੀ ਬੈਠੀ ਆਂ। ਅਸੀਂ ਸਾਲਾਂ ਤੋਂ ਇਕੱਠੇ ਰਹਿ ਰਹੇ ਆਂ। ਇਕੋ ਇਕ ਤੂੰ ਹੀ ਰਹਿ ਗਈ ਐਂ ਜਿਹੜੀ ਇਹ ਗੱਲ ਤੋਰ ਲੈਂਦੀ ਐਂ। ਤੈਥੋਂ ਬਿਨਾਂ ਤਾਂ ਹੁਣ ਕੋਈ ਦੱਸ-ਪੁੱਛ ਵੀ ਨਹੀਂ ਕਰਦਾ। ਕੋਈ ਦੱਸ-ਪੁੱਛ ਕਰੇ ਤਾਂ ਇਕ ਅੱਧ ਮਸ਼ਕੂਲਾ ਉਤਪੰਨ ਹੋਵੇ। ਤੇ ਕੁਝ ਦਿਨ ਸੁਆਦ ਮਾਣੀਦੇ ਰਹੀਏ। ਤੇ ਹਾਂ, ਤੂੰ ਮੇਰੇ ਭਰਾ ਗੋਪਾਲ ਨੂੰ ਲੜ ਨਹੀਂ ਫੜਾਇਆ। ਵਿਚਾਰਾ ਮੇਰਾ ਭਰਾ ਗੋਪਾਲ! ਗਊ ਪਾਲ਼ ਹੀ ਰਹਿ ਗਿਆ। ਮੈਨੂੰ ਉਹਦੇ ਉੱਤੇ ਬੜਾ ਹੀ ਤਰਸ ਆਉਂਦੈ। ਹੈ ਨਾ ਉਹ ਤਰਸ ਦਾ ਪਾਤਰ?"

"ਕਿੱਥੇ? ਉਹਦੀ ਗਊ ਤਾਂ ਅੱਜ ਵੀ ਦੋਹਣਾ ਦੁੱਧ ਦਾ ਦਿੰਦੀ ਹੈ। ਉਹਨੇ ਕਦੇ ਖਾਂਗੜ ਨਹੀਂ ਹੋਣੈਂ!! ਜਦੋਂ ਉਹ ਥਾਪੀ ਮਾਰਕੇ ਚੋਣ ਬਹਿੰਦੈ। ਲਿੱਸੋ ਲਿੱਸ ਸਾਹ ਲੈਂਦੀ ਐ। ਹਾਂ, ਜਿੱਥੋਂ ਤਕ

ਮੇਰਾ ਉਹਨੂੰ ਲੜ ਫੜਾਉਣ ਦਾ ਸੰਬੰਧ ਹੈ। ਸਰਾਸਰ ਤੇਰੀ ਗ਼ਲਤ ਹੈ। ਤੂੰ ਹੀ ਕਸੂਰਵਾਰ ਹੈਂ ਤੇਰੀ ਹੀ ਕੁਤਾਹੀ ਹੈ, ਮੇਰੀ ਜਾਨ! ਤੂੰ ਸਾਰੇ ਮਾਜਰੇ ਦਾ ਚਸ਼ਮਦੀਦ ਗਵਾਹ ਸੈਂ। ਤੂੰ ਵਿਚੋਲ ਨਹੀਂ ਬਣੀ। ਨਾ ਹੀ ਉਸ ਡੁੱਬ ਜਾਣੇ ਨੇ ਮੂੰਹ ਖੋਲ੍ਹਕੇ ਕੋਈ ਰਿਸਪਾਂਸ ਦਿੱਤਾ।"

"ਭੈੜੀਏ! ਉਹ ਤੇਰਾ ਰਿਸਪਾਂਸ ਉਡੀਕਦਾ ਹਾਰ-ਹੁੱਟ ਗਿਆ। ਹਰ ਕਿਤਾਬ ਵਿਚ ਤਾਂ ਉ ਆਪਣੇ ਰਾਈਟਿੰਗ ਪੈਡ ਦਾ ਕੋਰਾ ਕਾਗ਼ਜ਼ ਤੈਨੂੰ ਭੇਜਦਾ ਰਿਹਾ ਹੈ। ਤੈਥੋਂ ਹੀ ਚੰਦਰੀਏ, ਉਸ ਕੋ ਕਾਗ਼ਜ਼ ਉੱਤੇ ਅੱਖਰ ਨਹੀਂ ਪਾਇਆ ਗਿਆ। ਓਹੀ ਇਕ ਅੱਖਰ, ਓਹੀ ਇਕ ਸ਼ਬਦ, ਜਿਸ ਲਈ ਤੁਸੀਂ ਦੋਵੇਂ, ਅੱਜ ਤਕ ਸਹਿਕਦੇ ਰਹੇ ਹੋ। ਕਿਉਂ? ਹੈ ਕੋਈ ਝੂਠ, ਇਸ ਹਕਾਇਤ ਵਿਚ!"

ਮੇਰੀਆਂ ਅੱਖਾਂ ਮੇਰਿਆਂ ਆਪਣਿਆਂ ਪੈਰਾਂ ਉੱਤੇ ਡਿੱਗ ਪੈਂਦੀਆਂ ਹਨ। ਮੇਰੀਆਂ ਅੱਖਾਂ ਵਿਚ ਆਈ ਸਿੱਲ੍ਹ ਨੂੰ ਵੇਖ ਕੇ, ਉਹਦੀਆਂ ਅੱਖਾਂ ਵੀ ਭਰ ਆਉਂਦੀਆਂ ਹਨ ਤੇ ਉ ਮੈਨੂੰ ਘੁੱਟ ਲੈਂਦੀ ਹੈ। ਉਹਦੇ ਚੁੰਮਣ ਤੇ ਉਹਦੀ ਗਲ਼ਵੱਕੜੀ ਦਾ ਨਿੱਘ, ਮੇਰੀ ਕਾਇਆ ਦੀ ਕੰਬਣੀ ਵਿਚ ਤਬਦੀਲ ਹੋ ਜਾਂਦਾ ਹੈ। ਤੇ ਮੈਂ ਉਹਦੇ ਕੰਨ ਵਿਚ ਫੁਸਫੁਸਾਉਂਦੀ ਹਾਂ, "ਭੈਣ, ਮੈਨੂੰ ਆਪਣੀ ਹੋਣੀ ਉੱਤੇ ਕੋਈ ਸ਼ਿਕਵਾ ਸ਼ਿਕਾਇਤ ਨਹੀਂ ਹੈ। ਕਿਸੇ ਵੀ ਗੱਲ ਉੱਤੇ ਰੰਚਕ ਭਰ ਵੀ ਅਫਸੋਸ ਨਹੀਂ ਹੈ। ਤੈਨੂੰ ਪਤੈ ਗੋਪਾਲ ਨੇ ਮੇਰੇ ਲਈ ਢਿੱਲੋਂ ਸਾਹਿਬ ਨੂੰ ਚੁਣਿਐ! ਤੇ ਉਹਦੀ ਚੋਣ ਸਾਨੂੰ ਰਾਸ ਆਈ ਹੈ। ਮੈਂ ਆਪਣੀ ਜ਼ਿੰਦਗੀ ਨੂੰ ਉਹਦੇ ਨਾਲ ਇਕ-ਸੁਰ ਕੀਤਾ ਹੋਇਆ ਹੈ। ਕੋਈ ਆਰਥਿਕ ਸਮੱਸਿਆ ਨਹੀਂ। ਕੋਈ ਸਮਾਜਕ ਉਲਝਣ ਨਹੀਂ। ਬਹੁਤ ਹੀ ਸੌਖੀ ਤੇ ਮਾਣ ਸਤਿਕਾਰ ਵਾਲੀ ਮੇਰੀ ਮੁਲਾਜ਼ਮਤ ਹੈ। ਖੁੱਲ੍ਹਾ-ਡੁੱਲ੍ਹਾ ਸ਼ਹਿਰ ਦੇ ਵਧੀਆ ਅਤੇ ਮਹਿੰਗੇ ਇਲਾਕੇ ਵਿਚ ਘਰ ਹੈ। ਖੁੱਲ੍ਹੀ ਜ਼ਮੀਨ ਜਾਇਦਾਦ ਦੇ ਮਾਲਕ ਹਾਂ। ਦੋ ਸੁੰਦਰ, ਸੁਸ਼ੀਲ, ਜ਼ਹੀਨ ਤੇ ਆਗਿਆਕਾਰ ਬੱਚਿਆਂ ਦੇ ਮਾਪੇ ਹਾਂ। ਮੋਕਲੇ ਘੇਰੇ ਵਿਚ ਵਿਚਰ ਰਹੇ ਹਾਂ। ਹਰ ਥਾਂ ਲੋੜੀਂਦਾ ਮਾਣ ਸਤਿਕਾਰ ਮਿਲ ਰਿਹਾ ਹੈ। ਫਿਰ ਵੀ ਇਕ ਖ਼ਲਸ਼ ਹੈ, ਇਕ ਵਿਗੋਚਾ ਹੈ, ਜਿਹੜਾ ਕਦੇ ਕਦੇ ਹਿਲਾ ਕੇ ਰੱਖ ਦਿੰਦਾ ਹੈ। ਸਭ ਅਸਾਸੇ, ਸਭ ਪ੍ਰਾਪਤੀਆਂ ਹੇਚ ਜਾਪਦੀਆਂ ਹਨ। ਸਾਰੀ ਜ਼ਿੰਦਗੀ ਇਕੋ ਤੇ ਕੇਵਲ ਇਕੋ ਉਹਦੀ ਛੋਹ ਲਈ ਤੜਫਦੀ ਤੇ ਤਰਸਦੀ ਰਹੀ ਹਾਂ। ਜਦੋਂ ਯਾਦ ਆਉਂਦੇ ਹਨ, 'ਸ਼ੰਕਰ ਵੀਕਲੀ' ਵਿਚ ਛਪੇ ਚਿਤਰ ਦੀ ਕਟਿੰਗ ਤੇ ਕੁਝ ਕੋਰੇ ਕਾਗ਼ਜ਼, ਸਾਰੇ ਜੀਵਨ ਨੂੰ ਕਾਰਟੂਨ ਬਣਾ ਕੇ ਰੱਖ ਦਿੰਦੇ ਹਨ।"

"ਭੈਣ, ਤੂੰ ਹੀ ਦੱਸ, ਮੇਰੀਆਂ ਤਿਫਲ ਤਸੱਲੀਆਂ, ਮੇਰੇ ਵਿਗੋਚੇ ਉੱਤੇ ਭਾਰੀ ਨਹੀਂ ਹਨ? ਤਿਫਲ ਤਸੱਲੀਆਂ ਦੀ ਸੂਚੀ ਅਜੇ ਬਾਕੀ ਹੈ:"

ਮੇਰੇ ਸਰਦਾਰ ਢਿੱਲੋਂ ਤੇ ਮੇਰੇ ਗੋਪਾਲ ਦੀਆਂ ਧੁਰ ਅੰਦਰਲੀਆਂ ਖ਼ੂਬੀਆਂ ਵਿਚ ਅਜਬ ਤਰ੍ਹਾਂ ਦੀ ਸਮਾਨਤਾ ਹੈ। ਇਹੋ ਜਿਹੀ ਸਮਾਨਤਾ ਸਕਿਆਂ ਭਰਾਵਾਂ ਵਿਚ, ਜੌੜਿਆਂ ਭਰਾਵਾਂ ਵਿਚ ਵੀ ਨਹੀਂ ਹੁੰਦੀ। ਇਹਨਾਂ ਦੋਹਾਂ ਵਿਚ ਹੈ। ਤੇ ਇੰਨ-ਬਿੰਨ ਹੈ। ਇਹਨਾਂ ਦੀ ਬਾਹਰੀ ਦਿੱਖ, ਕੱਦ-ਬੁੱਤ, ਇੱਥੋਂ ਤਕ ਕਿ ਜਿਸ ਨੂੰ ਤੁਸੀਂ ਅੰਗਰੇਜ਼ੀ ਵਾਲੇ ਬਾਡੀ ਲੈਂਗੂਏਜ ਆਖਦੇ ਹੋ, ਉਹ ਵੀ ਇਕੋ ਤਰ੍ਹਾਂ ਦੀ ਹੈ। ਹੋਰ ਤਾਂ ਹੋਰ ਇਹਨਾਂ ਦੇ ਸੁਆਦ ਵੀ ਮਿਲਦੇ ਹਨ। ਅਦਰਕ ਤੇ ਹਰੀ ਮਿਰਚ ਦਾ, ਮਾਹਾਂ ਦੀ ਦਾਲ਼ ਨੂੰ ਲਾਇਆ ਤੜਕਾ ਸੁਣ ਕੇ, ਇਹਨਾਂ ਨੂੰ ਲਾਲੀਆਂ ਚੜ੍ਹ ਜਾਂਦੀਆਂ ਹਨ। ਇਹ ਚਿਕਨ ਨੂੰ ਦਾਲ਼ ਤੋਂ ਕੁਰਬਾਨ ਕਰ ਦਿੰਦੇ ਹਨ। ਵੜੀਆਂ ਦੀ ਦਾਲ਼, ਪਕੌੜਿਆਂ ਦੀ ਦਾਲ਼ ਵੱਲ ਇਹ ਅੱਖ ਪੁੱਟ ਕੇ ਨਹੀਂ ਵੇਖਦੇ।

ਦੋਵੇਂ ਯੂਨੀਵਰਸਿਟੀ ਦੇ ਕਲਰ ਹੋਲਡਰ ਸਪੋਰਟਸ ਮੈਨ ਰਹੇ ਹਨ। ਪਿੰਡ ਦੀਆਂ ਰੌੜਾਂ ਵਿਚ ਖੁੱਦੋ ਖੂੰਡੀ ਖੇਡ ਖੇਡ ਇੰਟਰ ਯੂਨੀਵਰਸਿਟੀ ਜੇਤੂ ਹਾਕੀ ਦੇ ਖਿਡਾਰੀ ਰਹਿ ਚੁੱਕੇ ਹਨ। ਗੋਪਾਲ ਇਕ ਦਿਨ ਢਿੱਲੋਂ ਨੂੰ ਲਤੀਫੇ ਵਰਗਾ ਟੋਟਕਾ ਸੁਣਾ ਰਿਹਾ ਸੀ:

"ਬਾਬੇ ਮੋਹਰ ਸਿੰਘ ਨੇ ਇਕ ਦਿਨ, ਮੈਨੂੰ ਲੰਘਦੇ ਨੂੰ ਬਾਹੋਂ ਫੜ ਕੇ ਖੜ੍ਹਿਆਂ ਕਰ ਲਿਆ ਤੇ ਪੁੱਛਿਆ ਜਾਂ ਕਹੋ ਦੱਸਿਆ, 'ਉਏ ਮੁੰਡਿਆ! ਕਿਤੇ ਲੱਗ ਗਿਐਂ ਕਿ ਅਜੇ ਮਾਸਟਰ ਈ ਐਂ? ਤੇਰੇ ਨਾਲ ਹੀ ਹੁੰਦਾ ਸੀ ਆਪਣੇ ਔਲਖਾਂ ਦਾ ਮੁੰਡਾ। ਕੀ ਨਾਉਂ ਸੀ ਉਹਦਾ? ਚੇਤੇ ਨ੍ਹੀਂ ਆਉਂਦਾ ਯਾਰ! ਚੱਲ! ਨਾਉਂ ਤੋਂ ਕੀ ਲੈਣੇ? ਉਹ ਤਾਂ ਲਫਟੈਂਣ ਭਰਤੀ ਹੋ ਗਿਐ।"

"ਢਿੱਲੋਂ! ਸਾਡੇ ਪਿੰਡ ਦੇ ਆਸੇ ਪਾਸੇ ਦੇ ਚਾਰ ਪਿੰਡਾਂ ਵਿਚੋਂ ਕਿਸੇ ਨੂੰ ਵੀ ਕਮਿਸ਼ਨ ਨਹੀਂ ਸੀ ਮਿਲਿਆ। ਔਲਖਾਂ ਦਾ ਮੁੰਡਾ ਸਿਪਾਹੀ ਭਰਤੀ ਹੋ ਗਿਆ ਹੋਣੈ। ਮੈਨੂੰ ਪਤਾ ਸੀ, ਉਹਨਾਂ ਦਾ ਇਕ ਮੁੰਡਾ ਬੀ.ਏ. ਪਾਸ ਸੀਗਾ। ਉਸ ਸਮੇਂ ਦਸਵੀਂ ਪਾਸ ਮੁੰਡੇ ਸੌਖੇ ਹੀ ਭਰਤੀ ਹੋ ਜਾਇਆ ਕਰਦੇ ਸਨ। ਅੱਜ ਸਿਪਾਹੀ ਭਰਤੀ ਹੋ ਸਕਣਾ ਬੜੀ ਵੱਡੀ ਖੁਦਾਈ ਹੈ।"

"ਹਾਂ, ਗੋਪਾਲ ਯਾਰ! ਅੱਜ ਮੈਂ ਤੈਨੂੰ ਦੱਸ ਹੀ ਦਿੰਦਾ ਹਾਂ। ਕੰਪਲੈਕਸ ਦਾ ਮਾਰਿਆ ਲੁਕੋ ਰੱਖਦਾ ਰਿਹਾ ਹਾਂ। ਮੈਂ ਕਮਿਸ਼ਨ ਵਿਚੋਂ ਦੋ ਵਾਰ ਰਿਜੈਕਟ ਹੋ ਚੁੱਕਿਆਂ ਹਾਂ, ਉਹ ਵੀ ਅੰਤਲੇ ਪੜਾਅ 'ਤੇ ਆ ਕੇ। ਚੁਣਿਆ ਜਾਂਦਾ ਤਾਂ ਮੇਰਾ ਨਾਂ ਵੀ ਸ਼ਹੀਦਾਂ ਦੀ ਸੂਚੀ ਵਿਚ ਦਰਜ ਹੋ ਚੁੱਕਿਆ ਹੁੰਦਾ। ਤੇ ਮਰਨ ਉਪਰੰਤ...।"

ਉਹਤੋਂ ਵਾਕ ਪੂਰਾ ਨਹੀਂ ਸੀ ਹੋ ਸਕਿਆ। ਉਹਦੀ ਵੱਡੀ ਭਾਬੀ ਨੂੰ ਜ਼ਿਲ੍ਹਾ ਸਦਰ ਮੁਕਾਮ 'ਤੇ ਹੋਏ ਇਕ ਸਮਾਰੋਹ ਸਮੇਂ, ਸਿਲਾਈ ਮਸ਼ੀਨ ਦਿੱਤੀ ਗਈ ਸੀ। ਉਹਦੇ ਲਈ ਉਹਦਾ, ਵੱਡਾ ਭਾਈ ਬਾਪ ਸਮਾਨ ਸੀ।

ਗੋਪਾਲ ਨੇ ਚੰਗੀ ਹੀ ਨਹੀਂ ਬਹੁਤ ਹੀ ਚੰਗੀ ਪੋਜ਼ੀਸ਼ਨ ਹਾਸਿਲ ਕਰਕੇ ਪੀ.ਸੀ.ਐੱਸ. ਦਾ ਟੈੱਸਟ ਪਾਸ ਕਰ ਲਿਆ ਸੀ। ਪਰ ਮੁਲਾਕਾਤ ਵਿਚੋਂ ਉਹ ਰਹਿ ਗਿਆ ਸੀ। ਏਜੈਂਟ ਉਹਦੇ ਘਰ ਆਇਆ ਸੀ। ਉਹਨੇ ਅਫਸਰੀ ਨਹੀਂ ਸੀ ਖਰੀਦੀ। ਭਾਵੇਂ ਉਹਦੇ ਕੋਲ ਖਰੀਦ ਸ਼ਕਤੀ ਹੈਗੀ ਸੀ। ਉਹ ਕਹਿੰਦਾ ਸੁਣਿਆ ਗਿਆ ਸੀ, "ਅਸੂਲ ਸਿਧਾਂਤ ਵੀ ਕੋਈ ਸ਼ੈਅ ਹੁੰਦੇ ਹਨ। ਧਨ ਦੌਲਤ ਤੇ ਅਹੁਦੇ ਸਭ ਕੁਝ ਨਹੀਂ ਹੁੰਦੇ।"

ਦੋਹਾਂ ਨੇ ਆਪਣੀਆਂ ਅਸਫਲਤਾਵਾਂ ਨੂੰ, ਆਪਣੀਆਂ ਉਦਾਸੀਆਂ ਤੇ ਨਿਰਾਸਤਾਵਾਂ ਨੂੰ ਹਾਸੇ ਵਿਚ ਤਾੜੀ ਮਾਰ ਕੇ ਉਡਾ ਦਿੱਤਾ ਸੀ।

"ਤੂੰ ਭੈਣੇ ਮੇਰੀਏ ਦੱਸੀਂ ਤਾਂ ਸਹੀ! ਮੈਂ ਆਪਣੀ ਖਲਸ਼ ਨੂੰ, ਆਪਣੇ ਵਿਗੋਚੇ ਨੂੰ, ਤੇ ਐਸ ਦਿਲ ਵਿਚ ਪੈਂਦੀ ਖੋਹ ਨੂੰ ਕਿਹੜੀ ਤਾੜੀ ਮਾਰ ਕੇ ਉਡਾਵਾਂ!!"

ਦਰਅਸਲ ਗੋਪਾਲ ਨੇ ਆਪਣੇ ਹੱਥੀਂ, ਆਪਣੇ ਪੈਰਾ ਉੱਤੇ ਆਪ ਕੁਹਾੜਾ ਮਾਰਿਆ ਸੀ। ਸਾਰੀਆਂ ਸੁਰਤੀਆਂ ਉਹਨੇ, ਵਿੱਦਿਅਕ ਯੋਗਤਾਵਾਂ ਵਧਾਉਣ 'ਤੇ ਲਾ ਦਿੱਤੀਆਂ ਸਨ। ਅਸੀਂ ਵਿਸਾਰ ਬੈਠੀਆਂ ਸਾਂ ਕਿ ਇਮਤਿਹਾਨ ਦੇਣ ਤੇ ਪਾਸ ਕਰਨ ਤੋਂ ਬਿਨਾਂ ਜ਼ਿੰਦਗੀ ਵਿਚ ਹੋਰ ਵੀ ਕੋਈ ਸ਼ੈਅ ਹੁੰਦੀ ਹੈ। ਸਾਨੂੰ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ। ਕੇਵਲ ਤੇ ਕੇਵਲ ਇਮਤਿਹਾਨ ਦਿਸਦੇ ਹਨ।

"ਤੈਂ ਮੀਤਾਂ, ਪ੍ਰਾਪਤ ਕੀਤੇ ਕੁਝ ਕਾਗ਼ਜ਼ਾਂ ਨੂੰ ਜਿੰਦਰਾ ਮਾਰ ਕੇ ਸੰਭਾਲ ਦਿੱਤਾ ਸੀ ਕਿ ਇਮਤਿਹਾਨ ਤੋਂ ਵਿਹਲੀ ਹੋ ਕੇ, ਉਨ੍ਹਾਂ ਦੀ ਇਬਾਰਤ ਇਕ ਮਨ ਇਕ ਚਿੱਤ ਹੋ ਕੇ ਪੜ੍ਹਾਂਗੀ। ਉਹਨਾਂ ਦੀ ਇਬਾਰਤ ਹੀ ਅਜਿਹੀ ਸੀ, ਜਿਹੜੀ ਇਕਾਗਰਤਾ ਨਾਲ ਲਿਵ ਲਾ ਕੇ ਹੀ ਪੜ੍ਹੀ ਜਾਣੀ ਬਣਦੀ ਸੀ ਤੇ ਉਹਨਾਂ ਕੋਰੇ ਕਾਗ਼ਜ਼ਾਂ ਉੱਤੇ ਕੋਈ ਅੱਖਰ ਪਾ ਸਕਣਾ, ਕੋਈ ਸ਼ਬਦ ਲਿਖ ਸਕਣਾ, ਲਿਵ ਲਾਏ ਬਿਨਾਂ ਸੰਭਵ ਹੀ ਨਹੀਂ ਸੀ।"

"ਮੇਰੇ ਕੋਲ ਕਾਗ਼ਜ਼ਾਂ ਦਾ ਭੇਤ ਤੈਂ ਉਸ ਦਿਨ ਖੋਲ੍ਹਿਆ ਸੀ, ਜਿਸ ਦਿਨ ਡਾਕ ਰਾਹੀਂ

ਮੈਨੂੰ 'ਸ਼ੰਕਰ ਵੀਕਲੀ' ਵਿਚੋਂ ਕੱਟਿਆ ਇਕ ਕਾਰਟੂਨ ਮਿਲਿਆ ਸੀ। ਉਸ ਚਿਤਰ ਹੇਠਾਂ ਛਪਿਆ ਸੀ, 'ਤੁਸੀਂ ਬਿਨਾਂ ਸ਼ੱਕ ਸ਼ੁਬਾਹ, ਪਿਆਰ ਕਰਦੇ ਹੋ। ਪਰ ਉਹਦਾ ਤੁਸੀਂ ਨਾਂ ਨਹੀਂ ਦੱਸੋਗੇ। ਅਸੀਂ ਉਸ ਖੁਸ਼ਨਸੀਬ ਨੂੰ ਚੰਗੂੰ ਜਾਣਦੇ ਹਾਂ।' 'ਸ਼ੰਕਰ ਵੀਕਲੀ' ਅੰਗਰੇਜ਼ੀ ਦਾ ਬਹੁਤ ਹੀ ਪੜ੍ਹਿਆ ਜਾਂਦਾ ਹਫਤਾਵਾਰ ਹੁੰਦਾ ਸੀ।

"ਤੂੰ ਕਾਰਟੂਨ ਪ੍ਰਾਪਤ ਕਰਕੇ ਖੁਸ਼ ਸੈਂ ਤੇ ਅੰਤਾਂ ਦੀ ਪ੍ਰੇਸ਼ਾਨ ਵੀ। 'ਜੇ ਡਾਕੀਆ ਸਕੂਲ ਦੀ ਥਾਂ, ਖਤ ਘਰ ਦੇ ਜਾਂਦਾ। ਮੇਰਾ ਭੈਣੇ ਕੀ ਬਣਦਾ!! ਮੈਂ ਡੁੱਬ ਨਾ ਮਰਦੀ!!!' ਤੈਂ ਰੋ ਰੋ ਕੇ ਮੈਨੂੰ ਆਖਿਆ ਸੀ। ਤੇ ਤੇਰੀ ਇਸੇ ਪ੍ਰੇਸ਼ਾਨੀ ਨੇ ਸਾਨੂੰ ਇਕ ਮਿੱਕ ਕਰ ਦਿੱਤਾ ਸੀ। ਇਸੇ ਸਮੇਂ ਹੀ, ਪਹਿਲਾਂ ਤੈਨੂੰ ਪ੍ਰਾਪਤ ਹੋਏ ਕੋਰੇ ਕਾਗ਼ਜ਼ਾਂ ਦਾ ਭੇਤ, ਮੇਰੇ ਨਾਲ ਸਾਂਝਾ ਹੋਇਆ ਸੀ। ਤੇ ਇਹ ਵੀ ਕਿ ਕਾਗ਼ਜ਼ ਪ੍ਰਾਪਤੀ ਸਮੇਂ ਤੇਰੇ ਦਿਲ ਵਿਚ ਕੁਸ਼ ਕੁਸ਼ ਹੋਣ ਲੱਗ ਪੈਂਦਾ ਸੀ। ਗਈ ਰਾਤ ਤਕ ਤੈਨੂੰ ਨੀਂਦ ਨਹੀਂ ਸੀ ਆਉਂਦੀ। ਨੀਂਦ ਆਉਂਦੀ ਤਾਂ ਤੂੰ ਸੁਪਨਿਆਂ ਦੇ ਝੂਲੇ ਵਿਚ ਝੂਲਦੀ ਰਹਿੰਦੀ। ਤੇ ਤੂੰ ਕਿੰਨੇ ਹੀ ਦਿਨ, ਇਸ ਉਡੀਕ ਵਿਚ ਬੇਤਾਬ ਰਹਿੰਦੀ ਸੈਂ ਕਿ ਕਾਗ਼ਜ਼ ਆਵੇ ਤੇ ਇਸ ਵਾਰ ਸ਼ਬਦ ਲੈ ਕੇ ਆਵੇ, ਭਾਵੇਂ ਉਹ ਇਕੋ ਹੀ ਸ਼ਬਦ ਹੋਵੇ। ਉਹ ਇਕੋ ਸ਼ਬਦ ਕਿਹੜਾ ਹੋਵੇ? ਘੰਟਿਆਂ ਦੇ ਘੰਟੇ ਤੂੰ ਇਸ ਖੋਜ-ਭਾਲ਼ ਵਿਚ ਗਲਤਾਨ ਰਹਿੰਦੀ। ਤੂੰ ਆਏ ਕਾਗ਼ਜ਼ ਉੱਤੇ ਅੱਖਰ ਪਾਉਣ ਲਈ, ਸ਼ਬਦ ਚਿਤਰਨ ਲਈ, ਤੜਫਦੀ ਰਹਿੰਦੀ। ਪਰ ਕਦੇ ਅੱਖਰ ਪਾਇਆ ਨਾ ਗਿਆ, ਸ਼ਬਦ ਚਿਤਰਿਆ ਨਾ ਗਿਆ ਤੇ ਫਿਰ ਹੋਇਆ ਇਹ ਕਿ ਕਾਗਜ਼ ਆਉਣੇ ਬੰਦ ਹੋ ਗਏ। ਤੇ ਸਾਡੀਆਂ ਸੂਰਤੀਆਂ ਨੂੰ ਇਮਤਿਹਾਨਾਂ ਨੇ ਮੱਲ ਲਿਆ। ਹੁਣ ਸਾਨੂੰ ਦੁਨੀਆਂ ਜਹਾਨ ਦੀ ਕੀ, ਆਪਣੇ ਆਪ ਦੀ ਵੀ ਕੋਈ ਸੁਰਤ ਸੰਭਾਲ ਨਹੀਂ ਸੀ ਰਹੀ। ਜੇ ਸੁਰਤ ਸੀ ਤਾਂ ਇਮਤਿਹਾਨਾਂ ਦੀ ਤੇ ਇਮਤਿਹਾਨੀ ਕਿਤਾਬਾਂ ਦੀ, ਦਿਲ ਵਿਚ ਪੈਂਦੀ ਖੋਹ ਤੇ ਹੁੰਦਾ ਕੁਸ਼ ਕੁਸ਼, ਕਿਸੇ ਹਨੇਰੇ ਸੁੰਨਸਾਨ ਕੋਠੇ ਵਿਚ ਸਾਹ ਵਿਰੋਲ ਰਿਹਾ ਹੋਵੇਗਾ।

ਝੰਮ ਝੰਮ ਕਰਦੀ ਬੈਠਕ ਵਿਚ ਗੋਪਾਲ ਤੇ ਸਰਦਾਰ ਢਿੱਲੋਂ ਫਿਰ ਇਕ ਵਾਰ ਨਿਰਾਸ਼ਾ ਦੀ ਗ੍ਰਿਫਤ ਵਿਚ ਆ ਗਏ ਸਨ। ਉਦਾਸੀ ਤੇ ਨਿਰਾਸ਼ਾ ਦੀ ਜਕੜ ਵਿਚੋਂ ਨਿਕਲਣ ਲਈ ਢਿੱਲੋਂ ਆਪਣੀ ਮੀਤਾਂ ਨੂੰ ਆਵਾਜ਼ ਦਿੰਦੇ ਹਨ:

"ਸਰਕਾਰ! ਕਿੱਥੇ ਗੁੰਮ-ਗੁਆਚ ਗਏ ਹੋ? ਭੁੱਲ ਗਏ ਹੋ ਕਿ ਗੋਪਾਲ ਵੀਰ ਜੀ ਬੈਠੇ ਹਨ। ਲੋਕੀਂ ਆਏ ਗਏ ਲਈ ਪਾਣੀ ਧਾਣੀ ਪੁੱਛ ਲੈਂਦੇ ਹਨ।"

"ਆਈ ਜੀ! ਬਸ ਪਲ-ਛਿਣ ਸਬਰ ਕਰ ਲਵੋ।"

ਦੋਵੇਂ ਜਣੇ ਆਪਣੇ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਹਨ ਪਰ ਘੋਰ ਨਿਰਾਸ਼ਾ ਦੇ ਆਲਮ ਵਿਚ ਹਨ। ਉਹਨਾਂ ਨੇ ਜ਼ਮਾਨਾ ਵੇਖਿਆ ਹੈ, ਜਦੋਂ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦਾ ਮਾਲਕ ਹੁੰਦਾ ਸੀ। ਅੱਜ ਸਰਕਾਰੀ ਦਖਲ ਥਾਣੇ-ਕਚਹਿਰਹੀ ਤੋਂ ਤੁਰਕੇ ਸਕੂਲਾਂ ਵਿਚ ਦਾਖਲ ਹੋ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫਸਰ ਸੇਵਾਦਾਰ ਦੀ ਬਦਲੀ ਨਹੀਂ ਕਰ ਸਕਦਾ। ਕਿਸੇ ਸੇਵਾਦਾਰ ਦੀ ਹੋਈ ਬਦਲੀ ਰੋਕ ਸਕਣ ਦੇ ਸਮਰੱਥ ਨਹੀਂ ਹੈ। ਨਿਰਾਸਤਾ ਉਹਨਾਂ ਨੂੰ ਮਜਬੂਰ ਕਰ ਰਹੀ ਹੈ ਕਿ ਉਹ ਇਸ ਜੰਜਾਲ ਵਿਚੋਂ ਨਿਕਲ ਕੇ ਕਿਸੇ ਸਕੂਲ ਦੀ ਪ੍ਰਿੰਸੀਪਲੀ ਸੰਭਾਲ ਲੈਣ। ਸੀਨੀਅਰ ਹੋਣਾ ਅੱਜ ਕਿਸੇ ਦੇ ਸਾਹਮਣੇ ਕੋਈ ਕੰਧ ਨਹੀਂ ਹੈ। ਅੱਜ ਮੈਂ ਪ੍ਰਿੰਸੀਪਲ ਪ੍ਰਮੋਟ ਹੁੰਦਾ ਹਾਂ। ਕੱਲ੍ਹ ਜ਼ਿਲ੍ਹਾ ਸਿੱਖਿਆ ਅਫਸਰ ਦੀ ਕੁਰਸੀ 'ਤੇ ਬਿਰਾਜਮਾਨ ਹੋ ਜਾਂਦਾ ਹਾਂ। ਮੈਥੋਂ ਦਸ-ਪੰਦਰਾਂ ਸਾਲ ਸੀਨੀਅਰ ਵਿਅਕਤੀ, ਜ਼ਿਲ੍ਹੇ ਦੇ ਛੋਟੇ ਸਕੂਲ ਵਿਚ ਦਿਨ-ਕਟੀ ਕਰ ਰਿਹਾ ਨਹੀਂ ਦਿਸਦਾ।

ਮੈਂ ਸੁਣ ਰਹੀ ਹਾਂ ਮੇਰਾ ਸਰਦਾਰ ਢਿੱਲੋਂ ਆਖ ਰਿਹਾ ਹੈ: "ਵੀਰ ਜੀ, ਅਜੇ ਕੱਲ੍ਹ ਅੱਪਗ੍ਰੇਡ ਹੋਏ,

ਆਪਣੇ ਪਿੰਡ ਦੇ ਸਕੂਲ ਵਿਚ ਮੈਂ ਦਿਨ ਤੋੜਨ ਦੀ ਸੋਚ ਰਿਹਾ ਹਾਂ। ਇਸ ਸਕੂਲ ਦੇ ਪੰਜ ਹੀ ਕਮਰੇ ਹਨ ਤੇ ਬਾਰਾਂ ਜਮਾਤਾਂ ਹਨ। ਛਾਂਦਾਰ ਕੋਈ ਦਰਖਤ ਨਹੀਂ ਰਹਿ ਗਿਆ। ਪੰਜਾਹ ਸਾਲ ਤੋਂ ਪੁਰਾਣੇ ਸਭ ਦਰਖਤ ਸਰਪੰਚ ਸਾਹਿਬ ਨੇ ਹਜ਼ਮ ਕਰ ਲਏ ਹਨ। ਤੇ ਅੱਜ ਉਹੀ ਸਰਪੰਚ ਹਰਿਆਵਲ ਲਹਿਰ ਦੀ ਅਗਵਾਨੀ ਕਰ ਰਿਹਾ ਹੈ। ਤੁਸੀਂ ਇਹ ਸੁਣ ਕੇ ਹੈਰਾਨ ਨਹੀਂ ਹੋਵੋਗੇ ਕਿ ਮੇਰਾ ਇਹ ਪ੍ਰਾਇਮਰੀ ਸਕੂਲ, ਮੇਰੇ ਵੇਲੇ ਝਿੜੀ ਵਾਲਾ ਸਕੂਲ ਦੇ ਨਾਂ ਤੋਂ ਜਾਣਿਆ ਜਾਂਦਾ ਸੀ। ਗ਼ਦਰੀ ਬਾਬਾ ਜੀ ਸ਼ੇਰ ਸਿੰਘ ਦੀ ਪੰਜ ਛੇ ਘੁਮਾਂ ਜ਼ਮੀਨ, ਜ਼ਬਤ ਹੋਣ ਤੋਂ ਕਿਸੇ ਤਰ੍ਹਾਂ ਬਚ ਗਈ ਸੀ। ਇਹ ਜ਼ਮੀਨ ਬਾਬਾ ਜੀ ਨੇ ਸਕੂਲ ਦੇ ਨਾਂ ਕਰਵਾ ਦਿੱਤੀ ਸੀ। ਝਿੜੀ ਵਿਚ ਬਹੁਤ ਦਰਖਤ, ਸੌ ਸਾਲ ਦੀ ਉਮਰ ਤੋਂ ਵੀ ਵੱਡੇ ਸਨ। ਅੱਜ ਝਿੜੀ ਰੁੰਡ-ਮੁੰਡ ਹੋ ਚੁੱਕੀ ਹੈ। ਹਾਂ, ਪਿਛਲੇ ਤਿੰਨ ਸਾਲਾਂ ਤੋਂ, ਹਰ ਸਾਲ ਹਰਿਆਵਲ ਲਹਿਰ, ਵੱਡਾ ਸਮਾਗਮ ਰਚਾ ਕੇ ਰੁੱਖ ਲਾ ਕੇ ਜਾਂਦੀ ਹੈ। ਅਗਲੇ ਸਾਲ ਫਿਰ ਉਹਨਾਂ ਹੀ ਟੋਇਆਂ ਵਿਚ ਦਰਖਤ ਲਾਏ ਜਾਂਦੇ ਹਨ। ਐਤਕੀਂ ਫਿਰ ਲਹਿਰ ਨੂੰ ਟੋਏ ਪੁੱਟਣ ਦੀ ਖੇਚਲ ਨਹੀਂ ਕਰਨੀ ਪਈ, ਬ੍ਰਿਛ ਲਾਉਣ ਦੀ ਤਿਆਰੀ ਹੈ, ਜਿਵੇਂ ਮੇਰੀ ਉਸ ਸੰਸਥਾ ਦੀ ਪ੍ਰਿੰਸੀਪਲੀ ਸਾਂਭਣ ਦੀ ਤਿਆਰੀ ਹੈ।"

ਮੇਰਾ ਸਰਦਾਰ ਖਸਿਆਨੀ ਹਾਸੀ ਹੱਸਦਾ ਦਿਖਾਈ ਦਿੰਦਾ ਹੈ।

ਹੁਣ ਵਾਰੀ ਗੋਪਾਲ ਜੀ ਦੀ ਆ ਗਈ ਜਾਪਦੀ ਹੈ: "ਝੱਲਿਆ! ਤੇਰਾ ਕੀ ਖਿਆਲ ਹੈ ਕਿ ਸਾਡਾ ਸਰਪੰਚ, ਮੇਰੇ ਬਾਬੇ ਮੋਹਰ ਸਿਉਂ ਦਾ ਪੰਜਵੀਂ ਸ਼੍ਰੇਣੀ ਵਿਚ ਪੜ੍ਹਦਾ, ਸਕੂਲੋਂ ਭੱਜਿਆ ਪੋਤਰਾ, ਸਾਡੇ ਸਕੂਲ ਦੀਆਂ ਟਾਹਲੀਆਂ ਜਾਂ ਕਿੱਕਰਾਂ ਤੇ ਬੋਹੜ-ਪਿੱਪਲ ਹਜ਼ਮ ਨਹੀਂ ਕਰ ਸਕੂਗਾ। ਪਰ ਢਿੱਲੋਂ ਵੀਰਿਆ! ਆਪਾਂ ਨੂੰ ਮੈਦਾਨ ਛੱਡ ਕੇ ਭੱਜਣਾ ਨਹੀਂ ਚਾਹੀਦਾ। ਆਪਣੇ ਕੋਲ ਖੁੱਲ੍ਹਾ ਖੇਤਰ ਹੈ। ਜ਼ਿਲ੍ਹਾ ਕਿਨਾ ਹੀ ਛੋਟਾ ਕਿਉਂ ਨਾ ਹੋਵੇ, ਆਖਰ ਤਾਂ ਜ਼ਿਲ੍ਹਾ ਹੈ। ਜ਼ਿਲ੍ਹੇ ਵਿਚਲੇ ਪਿੰਡਾਂ ਦੀ ਗਿਣਤੀ ਵੱਲ ਧਿਆਨ ਮਾਰ, ਅਧਿਆਪਕਾਂ ਦੀ ਗਿਣਤੀ ਹਜ਼ਾਰਾਂ ਦੇ ਅੰਕੜੇ ਛੋਂਹਦੀ ਹੈ। ਬਹੁਤੇ ਅਧਿਆਪਕ ਕੰਮ ਕਰਨ ਵਾਲੇ, ਹਰ ਤਰ੍ਹਾਂ ਚੇਤੰਨ ਵਿਅਕਤੀ ਹਨ। ਆਪਣਾ ਕੰਮ ਉਹਨਾਂ ਦੇ ਨਾਲ ਖੜ੍ਹਨਾ ਹੈ, ਉਹਨਾਂ ਨੂੰ ਥਾਪੜਾ ਦੇਣਾ ਹੈ। ਜੇ ਉਹ ਦੋ ਜਣੇ ਰਲ਼ ਕੇ, ਇਕ ਹੋਰ ਨੂੰ ਆਪਣੇ ਨਾਲ਼ ਲਾ ਲੈਣ; ਅਸੀਂ ਸਾਰੇ ਨਿਰਾਸਤਾ ਤੇ ਉਦਾਸੀ ਦੇ ਭੰਵਰ ਵਿਚੋਂ ਨਿਕਲ ਜਾਵਾਂਗੇ।"

"ਮੇਰੇ ਪਿੰਡ ਦੀ ਸੁਣ; ਮੇਰੇ ਨਿਜੀ ਫੋਨ 'ਚੋਂ ਸ਼ਬਦ ਦੀ ਸੁਰ ਆਈ, 'ਲੱਖ ਖਸ਼ੀਆ ਪਾਤਸਾਹੀਆ', ਸਕੂਲ ਦੀ ਪ੍ਰਿੰਸੀਪਲ ਸੀ। ਬਾਬੇ ਮੋਹਰ ਸਿੰਘ ਦੇ ਪੋਤਰੇ ਨੇ ਪਿੰਡ ਦੀਆਂ ਗ਼ਲੀਆਂ ਨਾ਼ਲੀਆਂ ਪੱਕੀਆਂ ਕੀਤੀਆਂ। ਛੱਪੜ ਤੋਂ ਸੇਮ ਨਾ਼ਲੇ ਤਕ ਪੱਕਾ ਖਾ਼ਲ ਕੱਢਿਆ। ਸਭ ਕਾਗ਼ਜ਼ਾਂ ਵਿਚ। ਇੱਟਾਂ ਰੋੜੇ ਸੀਮਿੰਟ ਅਜੇ ਹਜ਼ਮ ਨਹੀਂ ਸੀ ਹੋਏ। ਉਹ ਪਿੰਡ ਦੀਆਂ ਸਾਂਝੀਆਂ ਥਾਵਾਂ ਵਿਚਲੇ ਦਰਖਤਾਂ ਨੂੰ ਪੈ ਨਿਕਲਿਆ। ਬਸ ਸਕੂਲ ਵਿਚ ਹੀ ਦਰਖਤ ਰਹਿ ਗਏ ਸਨ। ਉਹਨੇ ਸਕੂਲ ਅੱਪਗ੍ਰੇਡ ਕਰਵਾਇਆ। ਨਵੇਂ ਕਮਰੇ ਉਸਾਰਨੇ ਸਨ। ਉਹਨੇ ਕਹੀਆਂ ਕੁਹਾੜੀਆਂ ਚੁੱਕੀਆਂ। ਸਕੂਲ ਦੇ ਦਰਖਤਾਂ ਉੱਤੇ ਧਾਵਾ ਬੋਲ ਦਿੱਤਾ। ਵੱਡੀ ਟਾਹਲੀ ਨੂੰ ਅਜੇ ਖੱਗਾ ਸ਼ੁਰੂ ਕੀਤਾ ਹੀ ਸੀ ਕਿ ਸਾਰੇ ਅਧਿਆਪਕਾਂ ਨੇ ਟਾਹਲੀ ਦਾ ਮੁੱਢ ਘੇਰ ਲਿਆ। ਵਿਦਿਆਰਥੀ ਦੂਜੇ ਦਰਖਤਾਂ ਉੱਤੇ ਲਮਕਣ ਲੱਗ ਪਏ। ਮੈਂ ਡਿਪਟੀ ਮੁੱਖ ਮੰਤਰੀ ਦੇ ਹੁਕਮ ਅਨੁਸਾਰ ਸੇਵਾਦਾਰ ਸੁੱਖਾ ਸਿੰਘ ਨੂੰ ਰਲੀਵ ਕਰਨਾ ਵਿਚੇ ਛੱਡ ਪਿੰਡ ਨੂੰ ਭੱਜ ਤੁਰਿਆ ਸਾਂ। ਮੈਂ ਪਿੰਡ ਪਹੁੰਚਿਆ ਤਾਂ ਲੋਕਾਂ ਦੇ ਟੋਲਿਆਂ ਦੇ ਟੋਲੇ ਸਕੂਲ ਦੇ ਰਾਹ ਪਏ ਹੋਏ ਸਨ।

ਮੈਨੂੰ ਵੇਖ ਬਾਬੇ ਦਾ ਪੋਤਰਾ ਬੋਲਿਆ, "ਆਵਦੀ ਇਸ ਬਾਂਦਰੀ ਨੂੰ ਸਾਂਭ ਲੈ। ਨਹੀਂ ਤਾਂ ਮੈਂ ਲੱਗਿਆਂ ਇਹਨੂੰ ਗੁੱਤਨੀਉਂ ਫੜ ਕੇ ਘੜੀਸਣ"। 'ਕੱਠ-ਵੱਠ ਨੂੰ ਧਮਕਾਉਣ ਲਈ ਉਹਨੇ ਹਵਾਈ ਫਾਇਰ ਕਰ ਦਿੱਤਾ। ਕੁਝ ਨਿਆਣੇ ਬੇਰਾਂ ਵਾਂਗ ਦਰਖਤਾਂ ਤੋਂ ਡਿੱਗ ਪਏ। ਸਕੂਲ ਵੱਲ ਆਉਂਦੇ ਲੋਕਾਂ ਦੇ ਪੈਰ, ਥਾਏਂ ਧਰਤੀ ਵਿਚ ਗੱਡੇ ਗਏ। ਪੰਜ ਸਿਪਾਹੀ ਤੇ ਥਾਣਾ

ਮੁਖੀ ਏ.ਐੱਸ.ਆਈ. ਭੱਜਕੇ ਆਏ ਤੇ ਲੱਗੇ ਅਧਿਆਪਕਾਂ ਦੀ ਖਿੱਚ-ਧੂ ਕਰਨ। ਕਿਸੇ ਵੀ ਅਧਿਆਪਕ ਤੇ ਪ੍ਰਿੰਸੀਪਲ ਬੀਬੀ ਨੇ ਟਾਹਲੀ ਦਾ ਮੁੱਢ ਨਹੀਂ ਸੀ ਛੱਡਿਆ।

"ਖਬਰਦਾਰ ਜੇ ਕਿਸੇ ਇਹਨਾਂ ਨੂੰ ਹੱਥ ਲਾਇਆ। ਸਾਹਿਬ ਬਹਾਦਰ ਖੁਦ ਆ ਰਹੇ ਹਨ।"

ਮੇਰਾ ਫੋਕਾ ਫਾਇਰ ਚੱਲ ਗਿਆ ਸੀ। ਫੋਰਸ ਥਾਂ ਦੀ ਥਾਂ ਖੜ੍ਹੋ ਗਈ ਸੀ। ਮੈਂ ਸਾਹਿਬ ਨੂੰ ਅਰਜ਼ ਕੀਤੀ। ਉਹਨਾਂ ਨੇ ਮੇਰੀ ਸੁਣ ਲਈ ਸੀ। ਇਸ ਕਰਕੇ ਕਿ ਕਿਸੇ ਵੇਲ਼ੇ ਉਹ ਮੇਰੇ ਚਹੇਤੇ ਵਿਦਿਆਰਥੀ ਰਹਿ ਚੁੱਕੇ ਸਨ। ਪਹਿਲੇ ਇੰਸਪੈਕਟਰ ਥਾਣਾ ਮੁਖੀ ਨੂੰ ਤਬਦੀਲ ਕਰਵਾ ਕੇ ਏ.ਐੱਸ.ਆਈ. ਬਣੇ ਥਾਣਾ ਮੁਖੀ ਨੂੰ ਆਦੇਸ਼ ਹੋਇਆ ਕਿ ਸਾਰੇ ਲਗਾੜਿਆਂ ਨੂੰ ਅੰਦਰ ਕਰਕੇ, ਦਫਤਰ ਹਾਜ਼ਰ ਹੋਵੇ।

ਮੇਰਾ ਢਿੱਲੋਂ ਖੜ੍ਹਾ ਹੋ ਕੇ ਆਖਦਾ ਹੈ," ਮੈਂ ਆਪਣੇ ਪਿੰਡ ਜਾ ਕੇ ਦਿਨ ਕਟੀ ਨਹੀਂ ਕਰ ਕਰਾਂਗਾ ਬਾਈ।"

ਮੇਰੀ ਤਮੰਨਾ ਅਨੁਸਾਰ ਉਹਨਾਂ ਨੇ ਇਕ ਵਾਰ ਫਿਰ ਨਿਰਾਸ਼ਾ ਤੇ ਉਦਾਸੀ ਨੂੰ ਤਾੜੀ ਮਾਰ ਕੇ ਉਡਾ ਦਿੱਤਾ ਹੈ।

ਹੁਣ ਮੇਰੀ ਇਹ ਤਮੰਨਾ ਹੈ ਕਿ ਮੈਂ ਉਹਨਾਂ ਦੇ ਇਸ ਕਰਮ ਵਿਚ ਉਹਨਾਂ ਦੇ ਨਾਲ ਸ਼ਾਮਲ ਹੋਵਾਂ। ਤੇ ਮੇਰੇ ਭੈੜੇ ਦਿਲ ਦੀ ਖੋਹ ਅਤੇ ਖਲਸ਼ ਸਾਡੀ ਤਾੜੀ ਦੇ ਨਾਲ ਉੱਡ-ਪੁੱਡ ਜਾਵੇ। ਤੇ ਮੇਰੀ ਇਹ ਯਾਤਰਾ ਨਿੱਜ ਤੋਂ ਪਰ ਦਾ ਸਫਰ ਬਣ ਜਾਵੇ। ਪਰ ਮੈਂ ਅਜੇ ਵੀ ਆਪਣੇ ਦਿਲ ਤੋਂ ਪ੍ਰੇਸ਼ਾਨ ਹਾਂ। ਇਸ ਨੂੰ ਆਪਣੀ ਮੰਜ਼ਲ ਮਿਲ ਚੁੱਕੀ ਹੈ; ਜਿਸ ਛੋਹ ਲਈ ਇਹ ਕੰਬਖਤ ਮੁੱਦਤ ਤੋਂ ਤੜਫਦਾ ਰਿਹਾ ਹੈ, ਤਰਸਦਾ ਰਿਹਾ ਹੈ, ਉਹ ਛੋਹ ਇਹਨੂੰ ਪ੍ਰਾਪਤ ਹੋ ਚੁੱਕੀ ਹੈ। ਫਿਰ ਵੀ ਮੈਨੂੰ ਇਸ ਉੱਤੇ ਇਤਬਾਰ ਨਹੀਂ ਹੈ, ਪਤਾ ਨਹੀਂ ਕਦੋਂ ਤੇ ਕਿੱਥੇ ਇਹ ਥਿੜਕ ਜਾਵੇ।

ਬੈਠਕ ਵਿਚੋਂ ਫਿਰ ਮੈਨੂੰ ਆਵਾਜ਼ ਪੈਂਦੀ ਹੈ।

ਹੁਣ ਤਕ ਮੈਂ ਮੁਕੰਮਲ ਸਹਿਜ ਹੋ ਚੁੱਕੀ ਹਾਂ। ਕੰਬਣੀ ਦਾ ਨਾਂ ਨਿਸ਼ਾਨ ਨਹੀਂ ਹੈ। ਮੇਰੀ ਕਾਇਆ ਮੈਨੂੰ ਹਰ ਤਰ੍ਹਾਂ ਸਥਿਰ ਜਾਪਦੀ ਹੈ। ਪੈਰਾਂ ਵਿਚ ਉੱਕਾ ਹੀ ਡਗਮਗਾਹਟ ਨਹੀਂ ਰਹੀ।

ਰਸੋਈ ਵਿਚੋਂ ਮੈਂ ਦ੍ਰਿੜਤਾ ਨਾਲ ਨਿਕਲਦੀ ਹਾਂ। ਬੈਠਕ ਵਿਚ ਆ ਕੇ ਦੋਹਾਂ ਅੱਗੇ ਕਾਫੀ ਦੇ ਪਿਆਲੇ ਰੱਖ ਦਿੰਦੀ ਹਾਂ। ਆਪਣਾ ਪਿਆਲਾ ਤਸ਼ਤਰੀ ਵਿਚ ਹੀ ਪਿਆ ਰਹਿਣ ਦਿੰਦੀ ਹਾਂ। ਟ੍ਰੇਅ ਵਿਚ ਹੋਰ ਬਹੁਤ, ਮਿੱਠਾ-ਸਲੂਣ ਰੱਖ ਲਿਆਈ ਹਾਂ। ਉਸ ਵਿਚੋਂ ਲੱਡੂਆਂ ਦੀ ਪਲੇਟ ਚੁੱਕਦੀ ਹਾਂ ਤੇ ਗੋਪਾਲ ਦੇ ਸਾਹਮਣੇ ਕਰਦੀ ਹਾਂ। ਪਤਾ ਨਹੀਂ ਮੇਰਾ ਖਾਲੀ ਹੱਥ ਕਦੋਂ ਉਹਦੇ ਮੋਢੇ ਉੱਤੇ ਧਰਿਆ ਜਾਂਦਾ ਹੈ। ਮੇਰੇ ਉਸ ਹੱਥ ਵਿਚ ਦੀ, ਮੇਰੇ ਲੂੰ ਲੂੰ ਵਿਚ ਕੰਬਣੀ ਛਿੜ ਪੈਂਦੀ ਹੈ। ਤੇ ਮੇਰੀ ਕਾਇਆ ਵਿਚ ਅਨੂਠੀ ਮਾਦਕਤਾ ਭਰ ਜਾਂਦੀ ਹੈ। ਮੈਨੂੰ ਨਹੀਂ ਹੋਸ਼ ਕਿ ਕਦੋਂ ਮੇਰੇ ਮੂੰਹੋਂ ਅਲਾਪ ਦੀ ਸੁਰ ਨਿਕਲਦੀ ਹੈ: "ਗੋਪਾਲ ਜੀ! ਮੂੰਹ ਮਿੱਠਾ ਕਰੋ।"

ਉਹਦੇ ਕੰਨਾਂ ਵਿਚ ਮਾਦਕਤਾ ਭਰੀ ਸੁਰ ਪੈਂਦੀ ਹੈ ਤਾਂ ਉਹਦੀਆਂ ਅੱਖਾਂ, ਮੇਰੀਆਂ ਅੱਖਾਂ ਵਿਚ ਡੁੱਬ ਜਾਂਦੀਆਂ ਹਨ। ਪਹਿਲੀ ਵਾਰ, ਹਾਂ ਅੱਜ ਪਹਿਲੀ ਵਾਰ ਉਹਦੀਆਂ ਅੱਖਾਂ ਵਿਚ ਮੈਂ ਇਕ ਅਲੋਕਾਰ ਮੰਜ਼ਰ ਵੇਖਦੀ ਹਾਂ ਕਿ ਮੈਥੋਂ ਉਹਨਾਂ ਨਜ਼ਰਾਂ ਦੀ ਝਾਲ ਨਹੀਂ ਝੱਲ ਹੁੰਦੀ। ਘਬਰਾ ਕੇ ਝੱਟ ਮੇਰੀਆਂ ਨਿਗਾਹਾਂ, ਵਾਸ਼ਬੇਸਨ ਦੇ ਸ਼ੀਸ਼ੇ ਦੀ ਪਨਾਹ ਲੈ ਲੈਂਦੀਆਂ ਹਨ।

ਤੇ ਸ਼ੀਸ਼ੇ ਵਿਚ ਦੋ ਮਾਸੂਮ ਚਿਹਰੇ, ਲਾਲ ਰੱਤੇ ਹੋ ਕੇ, ਅਹਿੱਲ ਹੋ ਜਾਂਦੇ ਹਨ।□□

[59-ਹੀਰਾ ਸਿੰਘ ਨਗਰ, ਕੋਟਕਪੂਰਾ, ਮੋਬਾਇਲ : 98554 81856]

ਖਾਲਸ

ਅਵਤਾਰ ਸਿੰਘ ਓਠੀ

ਇਸ ਵਰ੍ਹੇ ਪੋਹ ਦੇ ਮਹੀਨੇ ਮਗਰਲੇ ਦਿਨਾਂ ਵਿਚ ਪਏ ਕੋਹਰੇ ਨਾਲ ਫ਼ਸਲਾਂ ਅਤੇ ਰੁੱਖਾਂ ਦਾ ਬਹੁਤ ਮਾੜਾ ਹਾਲ ਹੋਇਆ। ਕੋਹਰੇ ਨਾਲ ਰੁੱਖਾਂ ਦੇ ਸਭ ਪੱਤੇ ਸੜ ਗਏ। ਸਾਰੀ ਕੁਦਰਤ ਨੰਗੀ ਹੋ ਗਈ ਲੱਗਦੀ ਸੀ। ਕਿਨੂੰਆਂ ਅਤੇ ਸਫ਼ੈਦੇ ਦੇ ਰੁੱਖਾਂ ਤੋਂ ਬਿਨਾਂ ਕਿਸੇ ਰੁੱਖ ਉੱਤੇ ਪੱਤਾ ਨਜ਼ਰ ਨਹੀਂ ਆਉਂਦਾ ਸੀ।

ਫੱਗਣ ਮਹੀਨੇ ਦੇ ਪਹਿਲੇ ਦਿਨਾਂ ਵਿਚ ਬਸੰਤ ਨੇ ਮਹਿਕਣਾ ਸ਼ੁਰੂ ਕਰ ਦਿੱਤਾ। ਟਾਹਲੀਆਂ, ਕਿੱਕਰਾਂ, ਤੂਤਾਂ, ਪਿੱਪਲਾਂ ਦੇ ਰੁੱਖਾਂ ਨੂੰ ਨਵੀਆਂ ਕੰਰੂਬਲਾਂ ਫੁੱਟਣੀਆਂ ਸ਼ੁਰੂ ਹੋ ਗਈਆਂ ਸਨ। ਕਚਨਾਰ ਦੇ ਰੁੱਖਾਂ ਨੂੰ ਲੱਗੀਆਂ ਡੋਡੀਆਂ ਦੇ ਫੁੱਲ ਬਣਨੇ ਸ਼ੁਰੂ ਹੋ ਗਏ। ਕੋਹਰੇ ਤੋਂ ਬਚੇ ਅੰਬ ਦੇ ਰੁੱਖਾਂ ਨੂੰ ਵਿਚ ਵਿਚ ਬੂਰ ਪੈਣਾ ਸ਼ੁਰੂ ਹੋ ਗਿਆ ਸੀ। ਲੋਕਾਂ ਨੂੰ ਹੁਣ ਪੋਹ ਦੀ ਠੰਡ ਭੁੱਲ ਰਹੀ ਸੀ ਤੇ ਆਉਣ ਵਾਲੀ ਗਰਮੀ ਦੀ ਤਪਸ਼ ਤੋਂ ਡਰ ਰਹੇ ਸਨ।

"ਸਭ ਉਸ ਦੀ ਮਾਇਆ। ਉਹਨੂੰ ਕੌਣ ਕਹੇ, ਸਾਹਿਬਾ ਤੂੰ ਇੰਝ ਨਹੀਂ ਇੰਝ ਕਰ।" ਠੇਕੇਦਾਰ ਪ੍ਰੀਤਮ ਦਾਸ ਜਿਸਨੂੰ ਸਾਰੇ ਪ੍ਰੀਤੂ ਕਹਿੰਦੇ ਨੇ, ਮੰਜੀ 'ਤੇ ਪਿਆ ਬੁਖ਼ਾਰ ਨਾਲ ਹੂੰਗ ਰਿਹਾ ਸੀ। ਉਹ ਪੋਹ ਮਹੀਨੇ ਵਿਚ ਪਏ ਕੋਹਰੇ ਨਾਲ ਹੋਏ ਨੁਕਸਾਨ ਤੋਂ ਵੀ ਕਾਫੀ ਦੁਖੀ ਸੀ ।

ਪ੍ਰੀਤੂ ਨੇ ਬੱਸੀ ਵਾਲੇ ਸਰਦਾਰਾ ਦਾ ਅਮਰੂਦਾਂ ਦਾ ਬਾਗ ਠੇਕੇ 'ਤੇ ਲਿਆ ਹੋਇਆ ਸੀ। ਕੋਹਰੇ ਤੋਂ ਬਚੇ ਅਮਰੂਦਾਂ ਦੇ ਫ਼ਲ ਨੂੰ ਚਮਗਿੱਦੜਾਂ ਤੋਂ ਬਚਾਉਣ ਲਈ ਸਾਰੀ-ਸਾਰੀ ਰਾਤ ਜਾਗਦਾ ਰਹਿੰਦਾ ਅਤੇ ਠਹਿਰ-ਠਹਿਰ ਕੇ ਰਹਿਕਲਾ ਚਲਾਉਂਦਾ ਰਹਿੰਦਾ । ਵਿਚ-ਵਿਚ ਉੱਚੀ ਉੱਚੀ ਹਾਕਰ ਵੀ ਲਾਉਂਦਾ। ਕਦੀਂ-ਕਦੀਂ ਉਹ ਅਮਰੂਦਾਂ ਦੇ ਬੂਟਿਆਂ ਉਪਰ ਜਾਲ਼ ਬੰਨ੍ਹ ਦੇਂਦਾ ਜਿਸ ਵਿਚ ਕੋਈ ਨਾ ਕੋਈ ਚਮਗਿੱਦੜ ਫ਼ਸ ਜਾਂਦਾ। ਪ੍ਰੀਤੂ ਉਸ ਦਾ ਮੀਟ ਬਣਾ ਕੇ ਬੜੇ ਸ਼ੌਕ ਨਾਲ ਖਾਂਦਾ। ਜਿਸ ਦਿਨ ਉਸਨੇ ਚਮਗਿੱਦੜ ਦਾ ਮੀਟ ਬਣਾਇਆ ਹੁੰਦਾ ਉਸ ਦਿਨ ਉਹ ਬਾਗ ਵਿਚ ਪੈਲਾਂ ਪਾਉਂਦਾ ਫਿਰਦਾ।

ਗਰਮੀ ਵਧਣ ਕਰਕੇ ਮੱਛਰ ਮੱਖੀਆਂ ਵੀ ਵਧਣੇ ਸ਼ੁਰੂ ਹੋ ਗਏ। ਬਾਗ ਵਿਚ ਸਾਰੀ ਰਾਤ ਚਮਗਿੱਦੜਾਂ ਨੂੰ ਉਡਾਉਂਦੇ ਰਹਿਣ ਕਰਕੇ ਮੱਛਰਾਂ ਦੇ ਕੱਟਣ ਨਾਲ ਉਸਨੂੰ ਤਾਪ ਚੜ੍ਹਿਆ ਸੀ। ਜਿਸ ਕਰਕੇ ਉਹ ਆਪਣੀ ਕੁੱਲੀ ਦੇ ਬਾਹਰ ਮੰਜੀ 'ਤੇ ਪਿਆ ਹੂੰਗ ਰਿਹਾ ਸੀ।

ਬਾਗ ਵਿਚ ਬਾਲਣ ਇਕੱਠਾ ਕਰਦੀ ਜੀਤੋ ਝੀਰੀ ਨੇ ਜਦੋਂ ਪ੍ਰੀਤੂ ਦੇ ਹੂੰਗਣ ਦੀ ਆਵਾਜ ਸੁਣੀ ਤਾਂ ਉਹ ਉਸ ਦੀ ਕੁੱਲੀ ਵੱਲ ਆ ਗਈ।

" ਭਾਈਆ ਕਿਉਂ ਹੂੰਗ ਰਿਹਾ ਏਂ, ਕੀ ਗੱਲ ਹੋ ਗਈ ਆ?" ਜੀਤੋ ਨੇ ਹਮਦਰਦੀ ਪ੍ਰਗਟ ਕਰਦਿਆਂ ਪ੍ਰੀਤੂ ਨੂੰ ਪੁੱਛਿਆ।

"ਕੀ ਦੱਸਾਂ ਜੀਤੋ, ਸਾਰੀ ਰਾਤ ਚਮਗਿੱਦੜਾਂ ਨੂੰ ਉਡਾਉਂਦਾ ਰਿਹਾ ਹਾਂ? ਮੈਂ ਸੋਚਿਆ ਆਹ ਜਿਹੜੇ ਥੋੜ੍ਹੇ ਬਹੁਤ ਅਮਰੂਦਾਂ ਦੇ ਦਾਣੇ ਕੋਰੇ ਤੋਂ ਬਚੇ ਨੇ, ਹੁਣ ਇਹ ਹੀ ਬਚੇ ਰਹਿਣ। ਰਾਤੀਂ ਮੱਛਰਾਂ ਨੇ ਜਿਹੜਾ ਮੈਨੂੰ ਵੱਢ ਵੱਢ ਖਾਧਾ, ਤੌਬਾ ਰੱਬ ਦੀ। ਮੈਨੂੰ ਕੀ ਪਤਾ ਸੀ ਕਿ ਇਹ ਸਵੇਰੇ ਮੈਨੂੰ ਮੰਜੀ 'ਤੇ ਪਾ ਦੇਵੇਗਾ?" ਪ੍ਰੀਤੂ ਨੇ ਲੰਮਾ ਸਾਰਾ ਹੂੰਗਾ ਮਾਰਦੇ ਹੋਏ ਕਿਹਾ।

"ਦੁਪਹਿਰ ਸਿਰ ਤੇ ਆ ਗਈ ਆ। ਲੱਗਦਾ ਭਾਈਆ ਤੂੰ ਕੁਝ ਖਾਧਾ ਪੀਤਾ ਵੀ ਨਹੀਂ।" ਜੀਤੋ ਨੇ ਪਰਾਤ ਵਿਚ ਪਏ ਅਣਗੁੱਧੇ ਆਟੇ ਵੱਲ ਵੇਖ ਕੇ ਕਿਹਾ ਸੀ ।

"ਹਾਂ ਜੀਤੋ ਮੇਰੇ ਵਿਚ ਤਾਂ ਕੁੜੀ ਜਾ... ਇੰਨੀ ਹਿੰਮਤ ਹੀ ਨਹੀਂ ਬਚੀ ਸੀ ਕਿ ਮੈਂ ਆਟਾ ਗੁੰਨ੍ਹ ਸਕਦਾ। ਆਹ ਵੇਖ ਆਟਾ ਪਰਾਤ ਵਿਚ ਭਿੱਜਾ ਪਿਆ ਹੀ ਰਹਿ ਗਿਆ।" ਪ੍ਰੀਤੂ ਜੀਤੋ ਤੋਂ ਆਪਣੇ ਵਾਸਤੇ ਹਮਦਰਦੀ ਚਾਹੁੰਦਾ ਸੀ।

"ਭਾਈਆ ਲਿਆ ਮੈਂ ਤੇਰੇ ਲਈ ਆਟਾ ਗੁੰਨ੍ਹ ਕੇ ਹੌਲੇ-ਹੌਲੇ ਦੋ ਫੁੱਲਕੇ ਲਾਹ ਦਿਆਂ।" ਜੀਤੋ ਨੇ ਪਰਾਤ ਵਿਚ ਪਿਆ ਆਟਾ ਗੁੰਨ੍ਹਣਾ ਸ਼ੁਰੂ ਕਰ ਦਿੱਤਾ ।

ਪ੍ਰੀਤੂ ਮੰਜੀ ਤੋਂ ਪੈਰ ਹੇਠਾਂ ਵੱਲ ਲਮਕਾ ਕੇ ਮੰਜੀ ਦੀ ਹੀਅ 'ਤੇ ਸਿੱਧਾ ਹੋ ਕੇ ਬੈਠ ਗਿਆ। ਜਦੋਂ ਉਸਦੀ ਨਿਗ੍ਹਾ ਆਟਾ ਗੁੰਨਦੀ ਜੀਤੋ ਦੇ ਖੁੱਲ੍ਹੇ ਗਲਮੇ ਦੀ ਕਮੀਜ਼ ਵਿਚੋਂ ਦੀ ਝਾਕ ਰਹੀਆਂ ਜੀਤੋ ਦੀਆਂ ਛਾਤੀਆਂ 'ਤੇ ਪਈ ਤਾਂ ਉਹ ਖਚਰੀਆਂ ਅੱਖਾਂ ਨਾਲ ਵੇਖਣ ਤੋਂ ਰਹਿ ਨਾ ਸਕਿਆ।

ਜੀਤੋ ਦੀਆਂ ਭਾਰੀਆਂ ਛਾਤੀਆਂ ਦੇ ਇਸ ਨਜ਼ਾਰੇ ਨੇ ਉਸਨੂੰ ਉਸਦੀ ਆਪਣੀ ਘਰਵਾਲੀ ਬੰਤੀ ਦੀ ਯਾਦ ਦੁਆ ਦਿੱਤੀ ਜਿਹਨੂੰ ਉਹ ਪੰਝੀ ਵਰ੍ਹੇ ਪਹਿਲਾਂ ਛੱਡ ਆਇਆ ਸੀ। ਉਹ ਬੀਤੇ ਵਿਚ ਗੁਆਚ ਗਿਆ।

ਕਿਸ ਤਰ੍ਹਾਂ ਰੁਲਦੂ ਘੁਮਿਆਰ ਦੇ ਰੇੜ੍ਹੇ 'ਤੇ ਉਹ ਬੰਤੀ ਨੂੰ ਵਿਆਹੁਣ ਲਈ ਪੰਡੋਰੀ ਖੋਜਿਆਂ ਗਿਆ ਸੀ। ਉਹਨੂੰ ਇਹ ਅਜੇ ਕੱਲ੍ਹ ਦੀ ਗੱਲ ਲੱਗ ਰਹੀ ਸੀ। ਬੰਤੀ ਨੂੰ ਜਦੋਂ ਡੋਲੀ ਵਿਚੋਂ ਬਾਹਰ ਕੱਢਿਆ ਤਾਂ ਉਸਦਾ ਸਰੂ ਵਰਗਾ ਕੱਦ ਵੇਖ ਕੇ ਸਾਰਿਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ ਸਨ। ਪ੍ਰੀਤੂ ਤੋਂ ਪੂਰੇ ਪੰਜ ਰੁਪਈਏ ਲਏ ਸੀ ਨੈਣ ਨੇ, ਬੰਤੀ ਦੀ ਘੁੰਢ ਚੁਕਾਈ ਦੇ। ਪ੍ਰੀਤੂ ਸ਼ੁਦਾਈ ਹੋਣ 'ਤੇ ਆ ਗਿਆ ਸੀ ਬੰਤੀ ਦਾ ਰੂਪ ਵੇਖ ਕੇ। ਮਿਰਗਾਂ ਵਰਗੀਆਂ ਅੱਖਾਂ, ਉਚੀ ਲੰਬੀ, ਗੋਰਾ ਚਿੱਟਾ ਰੰਗ, ਭਾਰੀਆਂ ਛਾਤੀਆਂ ਵੇਖਿਆਂ ਭੁੱਖ ਲਹਿੰਦੀ ਸੀ ਬੰਤੀ ਨੂੰ। ਸਾਰੇ ਵਿਹੜੇ ਵਿਚ ਦਲੀਪੇ ਦੀ ਨੂੰਹ ਦੀਆਂ ਗੱਲਾਂ ਹੋ ਰਹੀਆਂ ਸਨ।

ਵਿਆਹ ਤੋਂ ਸਾਲ ਬਾਅਦ ਮੁੰਡਾ ਜੰਮਿਆ ਬੰਤੀ ਨੂੰ। ਮੁੰਡੇ ਦੀਆਂ ਪ੍ਰੀਤੂ ਵਾਂਗ ਬਿੱਲੀਆਂ ਅੱਖਾਂ, ਗੋਰਾ ਚਿੱਟਾ ਰੰਗ ਬੰਤੀ ਵਾਂਗ। ਸਾਰੇ ਘਰ ਵਿਚ ਇੰਨੀ ਖੁਸ਼ੀ ਕਿ ਸਾਂਭੀ ਨਹੀਂ ਜਾ ਰਹੀ ਸੀ।

ਪ੍ਰੀਤੂ ਨੇ ਮੁੰਡੇ ਦਾ ਧਮਾਨ ਬੜੇ ਚਾਅ ਨਾਲ ਕੀਤਾ। ਤਿੰਨ ਦਿਨ ਤੱਵਿਆਂ ਵਾਲਾ ਵਾਜਾ ਲਾ ਰੱਖਿਆ ਕੋਠੇ 'ਤੇ। ਇਕ ਵਾਰੀ ਤੇ ਧੰਨ ਧੰਨ ਕਰਵਾ ਦਿੱਤੀ ਵਿਹੜੇ ਵਿਚ।ਹਰ ਕੋਈ ਵਿਹੜੇ ਵਾਲਾ ਪ੍ਰੀਤੂ ਦੇ ਮੁੰਡੇ ਦੇ ਧਮਾਨ ਦੀਆਂ ਗੱਲਾਂ ਕਰ ਰਿਹਾ ਸੀ।

"ਲਓ ਜੀ, ਪ੍ਰੀਤੂ ਨੇ ਤਾਂ ਆਪਣੇ ਪਿਉ ਦਲੀਪੇ ਦੇ ਪਿਛਲੇ ਸਾਰੇ ਧੋਣੇ ਧੋ ਦਿੱਤੇ ਨੇ। ਇਕ ਵਾਰੀ ਤੇ ਵਿਹੜੇ ਵਾਲੇ ਉਸਨੇ ਆਪਣੀ ਲੱਤ ਹੇਠਾਂ ਦੀ ਕੱਢ ਦਿੱਤੇ ਨੇ। ਕੋਈ ਬੋਲਣ ਜੋਗਾ ਨਹੀਂ ਛੱਡਿਆ। ਉਸਨੇ ਸਭ ਦੀਆਂ ਨਾਸਾਂ ਬੰਦ ਕਰ ਦਿੱਤੀਆਂ ਇਕ ਵਾਰੀ, ਜਲੇਬ ਖਵਾ-ਖਵਾ ਕੇ।" ਕੰਤੇ ਝੀਰ ਨੇ ਆਪਣੀ ਆਦਤ ਮੁਤਾਬਿਕ ਵੇਹੜੇ ਵਿਚ ਪਿੱਪਲ ਹੇਠਾਂ ਥੜ੍ਹੇ 'ਤੇ ਤਾਸ਼ ਖੇਡ ਰਹੀ ਚੌਕੜੀ ਵਿਚ ਕਿਹਾ।

ਪ੍ਰੀਤੂ ਬੰਤੀ ਦਾ ਉਸ ਤਰ੍ਹਾਂ ਬਹੁਤ ਧਿਆਨ ਰੱਖਦਾ ਪਰ ਆਪਣੇ ਕੰਮ ਵਿਚ ਰੁੱਝਾ ਸਭ ਕੁੱਝ ਭੁੱਲ ਜਾਂਦਾ। ਉਸਨੂੰ ਵਪਾਰ ਕਰਨ ਦੀ ਬੜੀ ਲਤ ਸੀ। ਜੇ ਕਿੱਤੇ ਲੱਕੜ ਮਿਲੀ ਤਾਂ ਲੱਕੜ ਖਰੀਦ ਲੈਂਦਾ, ਜੇ ਕਿੱਤੇ ਬਾਗ ਮਿਲਿਆ ਤਾਂ ਬਾਗ ਖ਼ਰੀਦ ਲੈਂਦਾ, ਜੇ ਕਿੱਤੇ ਖਰਬੂਜ਼ਿਆਂ ਦਾ ਵਾੜਾ ਭਾਅ ਸਿਰ ਮਿਲ ਗਿਆ ਤਾਂ ਉਹ ਖ਼ਰੀਦ ਲੈਂਦਾ। ਪ੍ਰੀਤੂ ਚੈਨ ਨਾਲ ਘਰ ਨਹੀਂ ਬੈਠ ਸਕਦਾ ਸੀ। ਉਸਨੂੰ ਆਪਣਾ ਆਪ ਬਿਮਾਰ ਲੱਗਣ ਲੱਗ ਪੈਂਦਾ ਜੇ ਕਦੀਂ ਉਹ ਇਕ ਦਿਨ ਤੋਂ ਵੱਧ ਘਰ ਟਿਕ ਜਾਂਦਾ। ਜਦੋਂ ਕਦੀਂ ਉਸਨੇ ਬਾਗ ਜਾਂ ਖਰਬੂਜ਼ੇ ਖ਼ਰੀਦੇ ਹੁੰਦੇ ਤਾਂ ਉਹ ਜ਼ਿਆਦਾ ਤਰ ਘਰੋਂ ਬਾਹਰ ਹੀ ਰਹਿੰਦਾ। ਬੰਤੀ ਨੂੰ ਪ੍ਰੀਤੂ ਦਾ ਘਰੋਂ ਇੰਨਾ

ਬਾਹਰ ਰਹਿਣਾ ਚੰਗਾ ਨਹੀਂ ਲੱਗਦਾ ਸੀ।

"ਕਦੀਂ ਘਰ ਦੀ ਪੱਕੀ ਫ਼ਸਲ ਵੱਲ ਵੀ ਵੇਖ ਲਿਆ ਕਰ। ਕਿੱਤੇ ਪੱਕੀ ਵੇਖ ਕੇ ਹੋਰ ਕੋਈ ਨਾ ਚੋਰੀ ਚੁੱਕ ਕੇ ਲੈ ਜਾਵੇ।" ਜਦੋਂ ਕਦੀਂ ਪ੍ਰੀਤੂ ਕਈ ਦਿਨਾਂ ਬਾਅਦ ਘਰ ਆਉਂਦਾ ਤਾਂ ਬੰਤੀ ਗਿਲ੍ਹਾ ਜਿਹਾ ਕਰਦੀ।

ਪ੍ਰੀਤੂ ਅੱਗੋਂ ਹੱਸ ਕੇ ਕਹਿ ਛੱਡਦਾ, "ਇਥੇ ਬਾਪੂ ਬੇਬੇ ਜੂ ਨੇ ਫ਼ਸਲ ਸਾਂਭਣ ਲਈ, ਇਸ ਲਈ ਮੈਨੂੰ ਕੋਈ ਡਰ ਨਹੀਂ ਚੋਰੀ ਹੋਣ ਦਾ। ਵੇਖ ਬੰਤੀਏ ਇਹ ਡਾਂਗ, ਇਸਨੂੰ ਮੈਂ ਹਮੇਸ਼ਾ ਹੀ ਤੇਲ ਲਾ ਕੇ ਰੱਖਦਾ ਹਾਂ। ਕੀ ਮਜਾਲ ਆ ਕਿਸੇ ਦੀ, ਮੇਰੇ ਘਰ ਵੱਲ ਝਾਕ ਵੀ ਜਾਵੇ।"

ਪ੍ਰੀਤੂ ਨੂੰ ਬੰਤੀ ਦੀਆਂ ਬਹੁਤੀਆਂ ਗੱਲਾਂ ਦੀ ਸਮਝ ਨਹੀਂ ਪੈਂਦੀ ਸੀ। ਉਹ ਜੱਟਾਂ ਪਾਸੋਂ ਰਹਿਣ ਲਈ ਨਿਆਈਂ ਵਾਲੀ ਪੈਲੀ ਵਿਚ ਬੀਜੀ ਫ਼ਸਲ ਬਾਬਤ ਸਮਝਿਆ ਸੀ।

ਬੰਤੀ 'ਤੇ ਜਵਾਨੀ ਦਾ ਹੜ੍ਹ ਆ ਰਿਹਾ ਸੀ। ਉਸਨੂੰ ਪ੍ਰੀਤੂ ਦੇ ਸਾਥ ਦੀ ਬਹੁਤ ਲੋੜ ਸੀ। ਬੰਤੀ ਦੇ ਇਹ ਦਿਨ ਸਨ ਜਦੋਂ ਉਹ ਪ੍ਰੀਤੂ ਦੀਆਂ ਬਾਹਾਂ ਵਿਚ ਸਿਮਟਣਾ ਚਾਹੁੰਦੀ ਸੀ। ਪ੍ਰੀਤੂ ਨੂੰ ਵਪਾਰ ਤੋਂ ਬਿਨਾਂ ਸੁੱਝਦਾ ਕੁੱਝ ਨਹੀਂ ਸੀ। ਜਦੋਂ ਵੀ ਉਹ ਘਰ ਆਉਂਦਾ ਉਹ ਵਪਾਰ ਦੇ ਸੌਦਿਆਂ ਦੀਆਂ ਗੱਲਾਂ ਹੀ ਕਰਦਾ। ਇਸ ਵਿਚੋਂ ਇੰਨਾ ਬਚਿਆ, ਇਹਦੇ ਚੋਂ ਏਨਾਂ ਘਾਟਾ ਪੈ ਗਿਆ। ਬੰਤੀ ਨਾਲ ਹੋਰ ਕੋਈ ਸੁੱਖ ਦੁੱਖ ਦੀ ਗੱਲ ਨਾ ਕਰਦਾ।

ਬੰਤੀ ਨੂੰ ਪ੍ਰੀਤੂ ਦਾ ਇਹ ਵਤੀਰਾ ਬਹੁਤ ਮਾੜਾ ਲੱਗਦਾ ਪਰ ਉਹ ਉਸਨੂੰ ਕਹਿ ਕੁੱਝ ਨਾ ਸਕਦੀ। ਜਦ ਵੀ ਪ੍ਰੀਤੂ ਘਰ ਠਹਿਰਦਾ, ਸਾਰੀ-ਸਾਰੀ ਰਾਤ ਬੰਤੀ ਨੂੰ ਕੋਂਹਦਾ ਰਹਿੰਦਾ। ਅਗਲੀ ਸਵੇਰ ਫਿਰ ਉਹ ਆਪਣੇ ਵਪਾਰ ਦੇ ਕੰਮ ਨਿਕਲ ਜਾਂਦਾ।

ਇਸ ਤਰ੍ਹਾਂ ਬੰਤੀ ਦੀਆਂ ਰਾਤਾਂ ਕੁਝ ਕੋਹ ਕੇ ਕੁਝ ਜਾਗ ਕੇ ਕੱਟ ਹੋ ਰਹੀਆਂ ਸਨ। ਪ੍ਰੀਤੂ ਦਾ ਘਰ ਵਿਚ ਚੱਕਰ ਹਫਤੇ ਵਿਚ ਇਕ ਦੋ ਵਾਰੀ ਹੀ ਹੁੰਦਾ।

ਘਰ ਵਿਚ ਪ੍ਰੀਤੂ ਦੀ ਮਾਂ ਧਰਮੀ ਨੇ ਬੰਤੀ ਦਾ ਜੀਣਾ ਹਰਾਮ ਕਰ ਰੱਖਿਆ ਸੀ। ਧਰਮੀ ਨੇ ਤਾਂ ਆਪਣੀ ਜੁਬਾਨ ਉਪਰ ਹਰ ਵੇਲੇ ਅੱਗ ਦੇ ਅੰਗਿਆਰ ਰੱਖੇ ਹੁੰਦੇ ਸਨ। ਜਦੋਂ ਕਦੀਂ ਬੰਤੀ ਘਰੋਂ ਪੈਰ ਬਾਹਰ ਰੱਖਦੀ ਤਾਂ ਧਰਮੀ ਦੀਆਂ ਗਾਲ੍ਹਾਂ ਅੱਗੇ ਕੋਈ ਪੇਸ਼ ਨਾ ਜਾਂਦੀ।

"ਕੀ ਕਰਨਾ ਸ਼ਕਲ ਨੂੰ ਜੇ ਅਕਲ ਦਾ ਖਾਨਾ ਹੀ ਖਾਲੀ ਹੋਵੇ ਤਾਂ। ਰੱਬ ਨੇ ਲੱਗਦਾ ਸਾਰਾ ਟੈਮ ਇਸਨੂੰ ਘੜਣ ਲਈ ਲਾ ਦਿੱਤਾ, ਅਕਲ ਦਾ ਖਾਨਾ ਵਿਚ ਰੱਖਣਾ ਹੀ ਭੁੱਲ ਗਿਆ। ਘੁੰਢ ਕੱਢ ਲਿਆ ਕਰ ਆਪਣੇ ਵੱਡੇ ਖਸਮਾਂ ਤੋਂ। ਹਰ ਕੋਈ ਤੇਰੀ ਬੂਥੀ ਵੱਲ ਵੇਂਹਦਾ ਆ।"

ਬੰਤੀ ਬੜਾ ਦੁੱਖੀ ਹੁੰਦੀ ਉਸ ਦੀਆਂ ਇਹ ਘੁੱਣਤਾ ਸੁਣ-ਸੁਣ ਕੇ।

ਬੰਤੀ ਆਪਣੇ ਆਪ ਨੂੰ ਆਪਣੀ ਸੱਸ ਧਰਮੀ ਤੋਂ ਬੜਾ ਬਚਾ ਬਚਾ ਕੇ ਰੱਖਦੀ ਪਰ ਧਰਮੀ ਕਿਸੇ ਨਾ ਕਿਸੇ ਗੱਲੋਂ ਚੁਆਤੀ ਲਾਉਂਦੀ ਰਹਿੰਦੀ।

"ਕੁਝ ਸ਼ਰਮ ਕਰਿਆ ਕਰ। ਐਵੇਂ ਨਾ ਸਾਰੀ ਦਿਹਾੜੀ ਆਪਣੀ ਜੁਬਾਨ 'ਤੇ ਕੋਲੇ ਰੱਖੀ ਫਿਰਿਆ ਕਰ। ਕਿੰਨੀ ਚੰਗੀ ਮਿਲੀ ਆ ਤੈਨੂੰ ਨੂੰਹ ਤੇਰੀ। ਕਿਵੇਂ ਸਾਰੀ ਦਿਹਾੜੀ ਜਾਨ ਮਾਰਦੀ ਰਹਿੰਦੀ ਏ ਵਿਚਾਰੀ।" ਧਰਮੀ ਦੀਆਂ ਬੰਤੀ ਨੂੰ ਦਿੱਤੀਆਂ ਘਤੂਸਾਂ ਤੋਂ ਦੁੱਖੀ ਹੋਇਆ ਦਲੀਪਾ ਧਰਮੀ ਨੂੰ ਝਿੜਕਦਾ।

ਬੰਤੀ ਆਪਣੇ ਸੁਹਰੇ ਦਲੀਪੇ ਨਾਲ ਖੇਸਾਂ ਦਾ ਤਾਣਾ ਉਣਦੀ ਸੰਵਾਰਦੀ ਕਦੀ ਕਦੀ ਪੇਟੇ ਵੀ ਪਾਉਂਦੀ। ਬੰਤੀ ਦਾ ਹੱਥ ਬੜਾ ਸਾਫ ਸੀ। ਦਲੀਪਾ ਕਈ ਵਾਰੀ ਜਦੋਂ ਕਦੀਂ ਥੱਕ ਜਾਂਦਾ ਤਾਂ ਬੰਤੀ ਨੂੰ ਆਪਣੀ ਖੱਡੀ 'ਤੇ ਬਿੱਠਾ ਦਿੰਦਾ, ਉਹ ਉਸ ਨਾਲੋਂ ਵੱਧ ਪੇਟਾ ਪਾ ਦਿੰਦੀ। ਦਲੀਪਾ ਉਨਾਂ ਚਿਰ

ਆਪਣੇ ਪੋਤੇ ਨੂੰ ਖਿਡਾਉਂਦਾ ਰਹਿੰਦਾ ਬੰਤੀ ਜਿੰਨਾ ਚਿਰ ਖੇਸ ਉਣਦੀ ਰਹਿੰਦੀ ।

ਬੰਤੀ ਹੱਥਾਂ ਦੀ ਬੜੀ ਛੋਹਲੀ ਸੀ, ਉਹ ਦਿਨਾਂ ਦੇ ਕੰਮ ਘੰਟਿਆਂ ਵਿਚ ਕਰ ਲੈਂਦੀ। ਵਿਹੜੇ ਵਿਚ ਸਾਰੇ ਉਸ ਦੇ ਹੱਥਾਂ ਦੀ ਬੜੀ ਤਰੀਫ਼ ਕਰਦੇ। ਉਹ ਦਰੀਆਂ ਗਲੀਚੇ ਬੜੇ ਕਮਾਲ ਦੇ ਉਣਦੀ ਸੀ।

ਦਲੀਪੇ ਨੇ ਆਪਣੇ ਘਰ ਖੇਸਾਂ ਦੀ ਖੱਡੀ ਦੇ ਨਾਲ ਦਰੀਆਂ ਗਲੀਚੇ ਉਣਨ ਦੀ ਖੱਡੀ ਵੀ ਲਾਈ ਹੋਈ ਸੀ। ਦਲੀਪੇ ਨੇ ਇਸ ਖੱਡੀ 'ਤੇ ਵਿਹੜੇ ਵਿਚੋਂ ਲੱਛੂ ਆਦਿ-ਧਰਮੀ ਦਾ ਮੁੰਡਾ ਕਰਮਾਂ ਰੱਖਿਆਂ ਹੋਇਆ ਸੀ। ਕਰਮੇ ਦਾ ਹੱਥ ਵੀ ਕਾਫੀ ਸਾਫ ਸੀ । ਉਹ ਸਾਰੀ ਦਿਹਾੜੀ ਦਲੀਪੇ ਦੇ ਨਾਲ ਦੀ ਖੱਡੀ 'ਤੇ ਦਰੀਆਂ-ਗਲੀਚੇ ਉਣਦਾ ਰਹਿੰਦਾ। ਜੇ ਕਿਤੇ ਕੋਈ ਤੰਦ ਸਮਝ ਨਾ ਆਉਂਦਾ ਤਾਂ ਦਲੀਪੇ ਤੋਂ ਸਮਝ ਲੈਂਦਾ।

ਬੰਤੀ ਦਾ ਜੁਆਕ ਵੱਡਾ ਹੋਣ ਲੱਗਾ ਉਸ ਨੂੰ ਕੁੰਤੀ ਸਾਂਭ ਲੈਂਦੀ। ਬੰਤੀ ਦਲੀਪੇ ਨਾਲ ਪੂਰੇ ਬੰਦੇ ਜਿੰਨਾ ਕੰਮ ਕਰਦੀ। ਕਦੀਂ ਖੇਸ ਕਦੀਂ ਦਰੀਆਂ ਗਲੀਚੇ ਉਣਦੀ।

ਇਕ ਦਿਨ ਦਲੀਪੇ ਨੂੰ ਆਪਣੇ ਕਿਸੇ ਰਿਸ਼ਤੇਦਾਰ ਦੀ ਮੌਤ ਹੋ ਜਾਣ ਕਰਕੇ ਸੋਗ ਕਰਨ ਲਈ ਲਾਗਦੇ ਪਿੰਡ ਜਾਣਾ ਪਿਆ। ਕਰਮੇ ਤੋਂ ਦਰੀ ਦੇ ਪੇਟੇ ਵਿਚ ਫੁੱਲ ਨਹੀਂ ਸੀ ਬਣ ਰਹੇ। ਕੰਮ ਅੱਗੇ ਨਹੀਂ ਸੀ ਤੁਰ ਰਿਹਾ। ਉਸਨੂੰ ਬੈਠਾ ਵੇਖ ਕੇ ਬੰਤੀ ਨੇ ਉਸਨੂੰ ਤੰਦ ਸਿੱਧੇ ਕਰਕੇ ਫੁੱਲ ਪਾਉਣੇ ਦੱਸ ਦਿੱਤੇ। ਕਰਮਾਂ ਕਦੀ ਬੰਤੀ ਦੇ ਹੱਥਾਂ ਵੱਲ ਵੇਖੇ ਕਦੀਂ ਬੰਤੀ ਦੇ ਮੂੰਹ ਵੱਲ।

" ਵੇ ਮਰ ਜਾਣਿਆ, ਕੀ ਤੂੰ ਅੱਖਾਂ ਪਾੜ ਪਾੜ ਕੇ ਵੇਖ ਰਿਹਾ ਏਂ? ਜੇ ਕਿਤੇ ਬੀਬੀ ਨੇ ਵੇਖ ਲਿਆ ਤਾਂ ਤੇਰੀਆਂ ਅੱਖਾਂ ਕੱਢ ਲਵੇਗੀ ਤੇ ਮੇਰੀ ਗੁੱਤ ਮੁੰਨ ਦੇਵੇਗੀ ਉਹ।" ਬੰਤੀ ਨੇ ਹੱਥੀ ਪੰਜਾ ਕਰਮੇਂ ਦੇ ਹੱਥ ਫੜਾਉਦੇ ਹੋਏ ਕਿਹਾ।

"ਭਾ......ਬੀ ਤੂੰ ਤੇ ਕ...ਮਾ...ਲ ਕ...ਰ...ਤੀ ਮੈਂ ਤਾਂ ਬੁੱਧੂ ਹੀ ਰਿਹਾ ਹੁਣ ਤਕ...।" ਕਰਮਾਂ ਮਸੀਂ ਹੀ ਬੰਤੀ ਦੀ ਤਰੀਫ ਕਰ ਸਕਿਆ।

ਹੱਥੀ ਪੰਜਾ ਫੜਾਉਂਦੇ ਬੰਤੀ ਦੇ ਹੱਥ ਦੀਆਂ ਉਂਗਲਾਂ ਕਰਮੇ ਦੇ ਹੱਥ ਨੂੰ ਖਹੀਆਂ ਤਾਂ ਕਰਮੇ ਦੇ ਅੰਦਰ ਇਕ ਅਜੀਬ ਜਹੀ ਝੁਣਝਣਾਹਟ ਪੈਦਾ ਹੋਈ। ਉਸਨੇ ਅੱਖਾਂ ਮੀਟ ਲਈਆਂ।

ਕਰਮਾਂ ਆਪਣਾ ਕੰਮ ਹਰ ਰੋਜ਼ ਕਰਦਾ। ਜਦੋਂ ਕਦੀਂ ਦਲੀਪਾ ਆਪਣੀ ਖੱਡੀ 'ਤੇ ਨਾ ਹੁੰਦਾ ਤਾਂ ਕਰਮਾਂ ਆਪਣਾ ਤੰਦ ਜਾਣ ਕੇ ਖੁੰਝਾ ਲੈਂਦਾ। "ਭਾਬੀ ਆਈਂ ਇਹ ਤੰਦ ਨਹੀਂ ਚੱਲਦਾ।"

ਬੰਤੀ ਕਰਮੇ ਦਾ ਹੱਥ ਫੜ ਕੇ ਉਸ ਨੂੰ ਤੰਦ ਪਾਉਣਾ ਸਿਖਾਉਂਦੀ। ਬੰਤੀ ਦਾ ਇਸ ਤਰ੍ਹਾਂ ਕਰਨਾ ਕਰਮੇ ਨੂੰ ਬੜਾ ਚੰਗਾ ਲੱਗਦਾ। ਕਰਮੇ ਨੂੰ ਹੁਣ ਬੰਤੀ ਤੋਂ ਕੋਈ ਸੰਗ ਨਾ ਲੱਗਦੀ। ਉਹ ਉਸ ਨਾਲ ਨਿੱਕੀਆ ਨਿਕੀਆਂ ਮਸ਼ਕਰੀਆਂ ਵੀ ਕਰ ਲੈਂਦਾ।

"ਤੂੰ ਵੀ ਆਪਣੇ ਭਰਾ ਵਾਂਗੂੰ ਕੰਮ ਵਿਚ ਖੁਭਿਆ ਰਹਿੰਦਾ, ਰੋਵੇਗੀ ਕਰਮਾਂ ਨੂੰ ਜਿਹੜੀ ਤੇਰੇ ਲੜ ਲੱਗੂਗੀ।" ਬੰਤੀ ਆਪਣੇ ਮਨ ਦੀ ਭੜਾਸ ਕੱਢਦੀ ਕਰਮੇ ਨੂੰ ਨਹੋਰਾ ਜਿਹਾ ਦਿੰਦੀ।

"ਭਾਬੀ ਤੂੰ ਕੋਈ ਲਿਆ ਕੇ ਤਾਂ ਦੇ। ਜੇ ਕਿੱਤੇ ਤੈਨੂੰ ਕੋਈ ਲਾਂਭਾ ਮਿਲੂਗਾ, ਤਾਂ ਗੱਲ ਕਰੀਂ।" ਕਰਮਾਂ ਬੰਤੀ ਨੂੰ ਚਿੜਾਉਂਦਾ।

ਪਤਾ ਹੀ ਨਹੀਂ ਲੱਗਾ ਦੋਵੇ ਕਦੋਂ ਇਕ ਦੂਜੇ ਦੇ ਲਾਗੇ ਹੋ ਗਏ। ਦੋਵਾਂ ਨੇ ਚੋਰੀ ਦਾ ਗੁੜ ਖਾਣਾ ਸ਼ੁਰੂ ਕਰ ਦਿੱਤਾ। ਜਦ ਕਦੀ ਧਰਮੀ ਤੇ ਦਲੀਪਾ ਕਿਸੇ ਕੰਮ ਲਈ ਘਰੋਂ ਬਾਹਰ ਜਾਂਦੇ ਤਾਂ ਬੰਤੀ ਤੇ ਕਰਮਾਂ ਆਪਣੀ ਖੇਡ ਵਿਚ ਲੱਗ ਜਾਂਦੇ।

ਦਲੀਪੇ ਨੂੰ ਥੋੜ੍ਹਾ ਥੋੜ੍ਹਾ ਸ਼ੱਕ ਤਾਂ ਪਹਿਲਾਂ ਵੀ ਸੀ। ਸ਼ੱਕ ਯਕੀਨ ਵਿਚ ਉਸ ਵੇਲੇ ਬਦਲ ਗਿਆ ਜਦੋਂ ਬੰਤੀ ਨੂੰ ਕਰਮਾਂ ਬਾਹੋਂ ਫੜ ਕੇ ਉਠਾਲ ਰਿਹਾ ਸੀ। ਦਲੀਪੇ ਦੇ ਅਚਾਣਕ

ਆਉਣ ਕਰਕੇ ਉਹ ਘਬਰਾ ਗਿਆ।

"ਭਾਬੀ ਦੀਆਂ ਲੱਤਾਂ ਸੌਂ ਗਈਆਂ ਸਨ, ਇਸ ਲਈ ਭਾਬੀ ਨੂੰ ਬਾਹੋਂ ਫੜ ਕੇ ਉਠਾ ਰਿਹਾ ਸੀ।" ਕਰਮਾਂ ਦਲੀਪੇ ਨੂੰ ਆਪਣੀ ਸਫਾਈ ਦੇ ਰਿਹਾ ਸੀ।

ਦਲੀਪੇ ਨੇ ਉਸ ਵੇਲੇ ਕਰਮੇਂ ਨੂੰ ਕੁਝ ਨਹੀਂ ਕਿਹਾ।

"ਕਰਮਿਆ ਤੂੰ ਹੁਣ ਅੱਗੇ ਤੂੰ ਕੰਮ ਤੇ ਨਾ ਆਈਂ, ਬੰਤੀ ਕਰਿਆ ਕਰੂਗੀ ਮੇਰੇ ਨਾਲ ਦਰੀਆਂ ਦੀ ਖੱਡੀ 'ਤੇ ਕੰਮ।" ਦਲੀਪੇ ਨੇ ਤਰਕਾਲਾਂ ਨੂੰ ਕਰਮੇ ਨੂੰ ਕੰਮ ਤੇ ਨਾ ਆਉਣ ਲਈ ਹੁਕਮ ਕਰ ਦਿੱਤਾ।

ਕਰਮਾਂ ਤੇ ਪਹਿਲਾਂ ਹੀ ਸਵੇਰ ਦਾ ਬਹੁਤ ਡਰਿਆ ਸੀ, ਅੱਗੋਂ ਕੁਝ ਨਹੀਂ ਬੋਲਿਆ। ਡਰੀ ਤੇ ਬੰਤੀ ਵੀ ਬਹੁਤ ਸੀ। ਉਸਨੇ ਆਪਣੇ ਘੁੰਡ ਨੂੰ ਹੋਰ ਲੰਬਾ ਕਰ ਲਿਆ ਸੀ।

ਦਲੀਪੇ ਨੇ ਗੱਲਾਂ ਬਾਤਾਂ ਵਿਚ ਬਥੇਰਾ ਸਮਝਾਇਆ ਪ੍ਰੀਤੂ ਨੂੰ ਕਿ ਉਹ ਆਪਣੇ ਘਰ ਦਾ ਖਿਆਲ ਰੱਖੇ। ਪਰ ਪ੍ਰੀਤੂ ਨੂੰ ਆਪਣੇ ਵਪਾਰ ਤੋਂ ਵਿਹਲ ਹੀ ਕਿੱਥੇ ਸੀ।

ਪ੍ਰੀਤੂ ਕਿਸੇ ਵੀ ਹਾਲਤ ਵਿਚ ਆਪਣੇ ਬਾਪ ਦਲੀਪੇ ਵਾਂਗ ਜੁਲਾਹਿਆਂ ਵਾਲਾ ਕੰਮ ਨਹੀਂ ਕਰਨਾ ਚਾਹੁੰਦਾ ਸੀ। ਉਹੁਨੇ ਆਪਣੇ ਬਾਪ ਨੂੰ ਜਣੇ ਖਣੇ ਤੋਂ ਜ਼ਲੀਲ ਹੁੰਦੇ ਵੇਖਿਆ ਸੀ। ਜੇ ਕਿਤੇ ਇਕ ਦਿਨ ਵੀ ਦਿੱਤੀ ਤਰੀਕ ਤੋਂ ਖੇਸ-ਦਰੀਆਂ ਦੇਣੇ ਲੇਟ ਹੋ ਜਾਂਦੇ ਤਾਂ ਪਤਾ ਨਹੀਂ ਕੀ ਗੱਲਾਂ ਸੁਣਨੀਆਂ ਪੈਂਦੀਆਂ ਸਨ। ਬਣਵਾਈ ਹਾੜੀ ਸਾਉਣੀ ਮਿਲਦੀ ਸੀ।

ਬੰਤੀ ਨੇ ਚੋਰੀ ਛਿਪੇ ਕਰਮੇ ਨੂੰ ਮਿਲਣਾ ਸ਼ੁਰੂ ਕਰ ਦਿੱਤਾ। ਧਰਮੀ ਬਥੇਰਾ ਕਲੇਸ਼ ਕਰਦੀ ਪਰ ਉਸ 'ਤੇ ਕੋਈ ਅਸਰ ਨਾ ਹੁੰਦਾ। ਦਲੀਪਾ ਵਿਚਾਰਾ ਤਾਂ ਸਭ ਕੁਝ ਵੇਖ ਕੇ ਅੰਦਰ ਹੀ ਅੰਦਰ ਪੀ ਰਿਹਾ ਸੀ।

"ਵੇ ਪ੍ਰੀਤਿਆ, ਜਾਂ ਤਾਂ ਇਹਨੂੰ ਕੰਜਰੀ ਨੂੰ ਆਪਣੇ ਨਾਲ ਲੈ ਜਾ, ਨਹੀਂ ਫਿਰ ਆਪ ਘਰ ਬਹਿ ਜਾ। ਕਿਸੇ ਦਿਨ ਇਹ ਕੋਈ ਚੰਨ ਚੜ੍ਹਾਵੇਗੀ, ਇਸ ਦਾ ਪਤਾ ਨਹੀਂ ਕਦੋਂ ਕਿਸੇ ਯਾ...ਰ ਨਾਲ ਭੱਜ ਜਾਵੇ। ਤੇਰੇ ਤੇ ਢੂ...ਏ ਵਿਚ ਤੇ ਠੇਕੇਦਾਰੀ ਵੜੀ ਫਿਰਦੀ ਆ। ਪਹਿਲਾਂ ਆਪਣਾ ਘਰ ਸਾਂਭ।"

ਧਰਮੀ ਦੀ ਗੱਲ ਸੁਣ ਕੇ ਪ੍ਰੀਤੂ ਨੇ ਕੁਝ ਪੁੱਛਿਆ ਡਿੱਠਾ ਨਹੀਂ । ਬੰਤੀ ਦੇ ਮੌਰਾਂ ਵਿਚ ਦੋਹੱਥੜਾਂ ਜੜ ਦਿੱਤੀਆਂ। ਘਰ ਵਿਚ ਹਾਲ ਪਾਹਿਰਆ ਹੋ ਗਈ।

"ਐਵੇਂ ਹੱਥ ਨਾ ਚੁੱਕ ਮੇਰੇ 'ਤੇ। ਆਪ ਤੇ ਤੂੰ ਘਰ ਨਹੀਂ ਵੜਦਾ। ਮੈਂ ਕਿਵੇਂ ਰਾਤਾਂ ਲੰਘਾਉਂਦੀ ਆਂ ਮੈਨੂੰ ਪਤਾ। ਜਿਸ ਦਿਨ ਮੈਨੂੰ ਕਿਸੇ ਨਾਲ ਫੜ ਲਵੇਂਗਾ ਤਾਂ ਗੱਲ ਕਰੀਂ। ਮੈਂ ਆਪਣਾ ਕਮਾ ਕੇ ਖਾਂਦੀ ਆਂ। ਹੁਣ ਮੇਰੇ ਤੇ ਹੋਰ ਹੱਥ ਨਾ ਚੁੱਕੀਂ, ਮੈਂ ਵੀ ਹੱਥ ਚੁੱਕਣਾ ਜਾਣਦੀ ਹਾਂ।"

ਬੰਤੀ ਦੀਆਂ ਖਰੀਆਂ ਖਰੀਆਂ ਨੇ ਪ੍ਰੀਤੂ ਦੀ ਹੋਸ਼ ਟਿਕਾਣੇ ਕਰ ਦਿੱਤੀ। ਪ੍ਰੀਤੂ ਨੂੰ ਬੰਤੀ ਤੋਂ ਇਸ ਤਰ੍ਹਾਂ ਬੋਲਣ ਦੀ ਆਸ ਨਹੀਂ ਸੀ।

ਪ੍ਰੀਤੂ ਬਿਨਾਂ ਕੁਝ ਹੋਰ ਬੋਲੇ ਵਾਪਸ ਮੁੜ ਗਿਆ। ਪ੍ਰੀਤੂ ਦਾ ਘਰ ਆਉਣਾ ਹੁਣ ਹੋਰ ਹਨੇਰੇ ਸਵੇਰੇ ਹੋ ਗਿਆ। ਉਹ ਬੰਤੀ ਨੂੰ ਬਿਨਾਂ ਬੁਲਾਏ ਮੁੜ ਜਾਂਦਾ। ਕਰਮੇ ਪ੍ਰਤੀ ਉਸਦਾ ਗੁੱਸਾ ਵਧਦਾ ਜਾ ਰਿਹਾ ਸੀ।

ਪ੍ਰੀਤੂ ਦੇ ਮਨ ਵਿਚ ਬੰਤੀ ਦੀ ਗੱਲ ਘਰ ਕਰ ਗਈ। ਉਹ ਬੰਤੀ 'ਤੇ ਅੱਖ ਰੱਖਣ ਲੱਗ ਪਿਆ। ਉਹ ਹੁਣ ਵੇਲੇ ਕੁਵੇਲੇ ਹੀ ਘਰ ਆਉਂਦਾ। ਇਕ ਦਿਨ ਪ੍ਰੀਤੂ ਪਹਿਰ ਰਾਤ ਗਈ ਘਰ ਨੂੰ

ਆ ਰਿਹਾ ਸੀ। ਜਦੋਂ ਉਹ ਆਪਣੇ ਘਰ ਦੇ ਲਾਗੇ ਪੁੱਜਾ ਤਾਂ ਜੁਲਾਹਿਆਂ ਦੇ ਮੋੜ 'ਤੇ ਉਸਨੂੰ ਕਰਮਾਂ ਮਿਲ ਗਿਆ। ਕਰਮੇ ਨੂੰ ਵੇਖਦੇ ਹੀ ਪ੍ਰੀਤੂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਘਰ ਵੜਦੇ ਉਸਨੇ ਬੰਤੀ ਨੂੰ ਜਾ ਗੁੱਤੋਂ ਫ਼ੜਿਆ। ਬਿਨਾਂ ਕੁਝ ਪੁੱਛੇ ਦੱਸੇ ਉਸਨੇ ਬੰਤੀ ਦੀਆਂ ਮੌਰਾਂ ਵਿਚ ਦੋ ਤਿੰਨ ਜੜ ਦਿੱਤੀਆਂ। ਬੰਤੀ ਨੂੰ ਕੋਈ ਸਫ਼ਾਈ ਦੇਣ ਦਾ ਮੌਕਾ ਹੀ ਨਹੀਂ ਦਿੱਤਾ।

"ਕੁੱਤੀਏ ਤੇਰਾ ਯਾਰ ਤੇਰੇ ਕੋਲੋਂ ਹੀ ਗਿਆ। ਮੈਨੂੰ ਹੁਣੇ ਮੋੜ 'ਤੇ ਮਿਲਿਆ ਆ।"

"ਤੇਰੇ ਤੋਂ ਡੱਕ ਹੁੰਦਾ ਤਾਂ ਡੱਕ ਲੈ ਉਸਨੂੰ ਗਲੀ ਵਿਚੋਂ ਆਉਣ ਤੋਂ। ਬਿਗਾਨੇ ਪੁੱਤ ਨੂੰ ਹੱਥ ਤੇ ਲਾ ਕੇ ਵੇਖ। ਤੈਨੂੰ ਵੇਖ ਲੈਣਗੇ ਵੱਡੇ ਸਾਨ੍ਹ ਨੂੰ।"

ਪ੍ਰੀਤੂ ਨੂੰ ਬੰਤੀ ਤੋਂ ਇਸ ਤਰ੍ਹਾਂ ਦੇ ਜੁਆਬ ਦੀ ਆਸ ਨਹੀਂ ਸੀ।

ਪ੍ਰੀਤੂ ਬਿਨਾਂ ਕੁਝ ਖਾਧੇ ਪੀਤੇ ਵਾਪਸ ਮੁੜ ਗਿਆ। ਉਸ ਨੂੰ ਮਰਨ ਲਈ ਧਰਤੀ ਵਿਹਲ ਨਹੀਂ ਦੇ ਰਹੀ ਸੀ। ਪ੍ਰੀਤੂ ਨੂੰ ਹੁਣ ਕਰਮਾਂ ਵਿਹੁ ਵਿਖਾਈ ਦੇ ਰਿਹਾ ਸੀ। ਉਸਨੇ ਬੰਤੀ ਨੂੰ ਬੁਲਾਉਣਾ ਛੱਡ ਦਿੱਤਾ। ਉਹ ਪਹਿਲਾਂ ਦੀ ਤਰ੍ਹਾਂ ਰਾਤ ਬਰਾਤੇ ਘਰ ਆਉਂਦਾ। ਸਵੇਰੇ ਲੋਅ ਲੱਗਣ ਤੋਂ ਪਹਿਲਾਂ ਘਰੋਂ ਨਿਕਲ ਜਾਂਦਾ।

ਇਕ ਰਾਤ ਕਰਮਾਂ ਉਸਨੂੰ ਗਲੀ ਵਿਚ ਟੱਕਰ ਗਿਆ। ਪ੍ਰੀਤੂ ਨੇ ਕੁਝ ਵੇਖਿਆ ਡਿੱਠਾ ਨਹੀਂ, ਫ੍ਹੜ ਕਰਦੀ ਕੁਹਾੜੀ ਕਰਮੇ ਦੇ ਕੱਢ ਮਾਰੀ। ਸਿਆਲ ਦੇ ਦਿਨ ਹੋਣ ਕਰਕੇ ਕਰਮੇ ਨੇ ਮੋਟੇ ਖੇਸ ਦੀ ਬੁੱਕਲ ਮਾਰੀ ਹੋਈ ਸੀ। ਉਹ ਟੱਕ ਲੱਗਣੋਂ ਬੱਚ ਗਿਆ। ਕਰਮਾਂ ਵਾਹੋ ਦਾਹੀ ਆਪਣੇ ਘਰ ਨੂੰ ਭੱਜਾ, ਪ੍ਰੀਤੂ ਵੀ ਉਸਦੇ ਪਿੱਛੇ ਭੱਜਦਾ ਹੋਇਆ ਸਿੱਧਾ ਉਸਦੇ ਘਰ ਜਾ ਵੜਿਆ। ਕਰਮੇ ਦੇ ਪਿਉ ਲੱਛੂ ਨੇ ਅੱਗੇ ਹੋ ਕੇ ਪ੍ਰੀਤੂ ਨੂੰ ਡੱਕਣ ਦੀ ਕੋਸ਼ਿਸ ਕੀਤੀ ਤਾਂ ਪ੍ਰੀਤੂ ਨੇ ਸਿੱਧੀ ਕੁਹਾੜੀ ਉਸਦੇ ਵੀ ਮਾਰ ਕੱਢੀ। ਲੱਛੂ ਦੇ ਸਿਰ ਦਾ ਘੱਗਰ ਲੱਥ ਗਿਆ। ਲਹੂ ਪਰਲ ਪਰਲ ਵਗ ਤੁਰਿਆ। ਬਾਕੀ ਵਿਹੜੇ ਵਾਲਿਆਂ ਨੇ ਪ੍ਰੀਤੂ ਤੋਂ ਕੁਹਾੜੀ ਖੋਹ ਕੇ ਉਸਦੀ ਖੂਬ ਸੇਵਾ ਕੀਤੀ।

ਲੱਛੂ ਨੂੰ ਹਸਪਤਾਲ ਦਾਖਲ ਕਰਵਾਇਆ ਵਿਹੜੇ ਵਾਲਿਆਂ ਨੇ। ਲੱਛੂ ਦੀ ਛੱਬੀ ਬਣ ਗਈ। ਪ੍ਰੀਤੂ ਵੀ ਆਪਣੀ ਲੱਤ 'ਤੇ ਟੱਕ ਲਾ ਕੇ ਹਸਪਤਾਲ ਜਾ ਦਾਖਲ ਹੋਇਆ। ਉਸਨੇ ਵੀ ਛੱਬੀ ਬਣਾ ਲਈ ਡਾਕਟਰ ਨੂੰ ਪੈਸੇ ਦੇ ਕੇ। ਵਿਹੜੇ ਵਿਚ ਆਦਿ-ਧਰਮੀਆਂ ਅਤੇ ਜੁਲਾਹਿਆਂ ਦੀ ਲੀਕ ਵੱਜ ਗਈ। ਪੁਲਸ ਨੇ ਦੋਹਾਂ ਧਿਰਾਂ ਤੋਂ ਕਾਫ਼ੀ ਖਾਧਾ। ਦੋਹਾਂ ਧਿਰਾਂ ਦੀਆਂ ਛੱਬੀਆਂ ਹੋਣ ਕਰਕੇ ਆਖਰ ਰਾਜ਼ੀਨਾਵਾਂ ਹੋ ਗਿਆ।

"ਜਿੱਥੇ ਤੇਰਾ ਦਿਲ ਕਰਦਾ ਰਹਿ, ਇਸ ਘਰ ਵਿਚ ਤੇਰੀ ਕੋਈ ਥਾਂ ਨਹੀਂ।" ਪ੍ਰੀਤੂ ਨੇ ਬੰਤੀ ਨੂੰ ਦੋ ਹਰਫ਼ੀ ਗੱਲ ਕਹਿ ਦਿੱਤੀ।

"ਮੈਂ ਤੇਰੇ ਨਾਲ ਫੇਰੇ ਲੈ ਕੇ ਇਸ ਘਰ ਵਿਚ ਆਈ ਸੀ। ਹੁਣ ਤਾਂ ਮੇਰੀ ਅਰਥੀ ਇਸ ਘਰ ਵਿਚੋਂ ਜਾਵੇਗੀ। ਇਹ ਘਰ ਹੁਣ ਤੇਰਾ ਇਕੱਲੇ ਦਾ ਨਹੀਂ, ਮੇਰਾ ਤੇ ਮੇਰੇ ਢਿੱਡੋਂ ਜਾਏ ਸੇਮੇ ਦਾ ਵੀ ਓਨਾ ਹੀ ਹੈ।" ਬੰਤੀ ਨੇ ਆਪਣੀ ਗੱਲ ਕਹਿ ਦਿੱਤੀ।

"ਕੰਜਰੀਏ ਮੈਨੂੰ ਪਤਾ ਤੈਨੂੰ ਕਾਹਦੀ ਭੁੱਖ ਆ। ਤੈਨੂੰ ਸਾ...ਨ੍ਹ... ਚਾਹੀਦਾ ਆ, ਵੇਖ ਮੈਂ ਡਾਂਗ ਨਵੀਂ ਤੇਰੇ ਲਈ ਖਰੀਦੀ ਆ। ਕੁੱਤੀ ਕਿਸੇ ਥਾਂ ਦੀ ਨਾ ਹੋਵੇ ਤੇ।"

ਪ੍ਰੀਤੂ ਗੰਦ ਬਕਦਾ ਹੋਇਆ ਬਾਹਰ ਵੱਲ ਨੂੰ ਨਿਕਲ ਗਿਆ।

ਅਗਲੇ ਦਿਨ ਬੰਤੀ ਆਪਣੇ ਪੇਕੇ ਜਾ ਕੇ ਪੰਚਾਇਤ ਲੈ ਆਈ।

ਪੰਚਾਇਤ ਨੇ ਪ੍ਰੀਤੂ ਅਤੇ ਦਲੀਪੇ ਦੀ ਖੂਬ ਖੁੰਬ ਠੱਪੀ। ਬੰਤੀ ਨੂੰ ਇਕ ਕੋਠਾ ਤੇ ਇਕ ਖੱਡੀ ਦੇ ਕੇ ਪ੍ਰੀਤੂ ਅਤੇ ਦਲੀਪੇ ਨਾਲੋਂ ਵੱਖ ਕਰ ਗਏ।

ਪ੍ਰੀਤੂ ਉਸ ਦਿਨ ਤੋਂ ਘਰੇ ਨਹੀਂ ਵੜਿਆ। ਉਸਨੇ ਬਾਗਾਂ ਨੂੰ ਆਪਣਾ ਘਰ ਬਣਾ ਲਿਆ ਸੀ। ਕਦੀਂ ਇਸ ਬਾਗ ਵਿਚ ਅਤੇ ਕਦੀਂ ਉਸ ਬਾਗ ਵਿਚ। ਕਿਨੂੰਆਂ ਦਾ ਬਾਗ ਖਤਮ ਹੁੰਦਾ ਤਾਂ ਅਮਰੂਦਾਂ ਦੇ ਬਾਗ ਵਿਚ। ਉਹ ਮੁਕਦੇ ਤਾਂ ਅੰਬਾਂ ਦਾ ਬਾਗ ਖਰੀਦ ਲੈਂਦਾ। ਹੁਣ ਪ੍ਰੀਤੂ ਜੁਲਾਹੇ ਤੋਂ ਉਹ ਠੇਕੇਦਾਰ ਪ੍ਰੀਤਮ ਦਾਸ ਬਣ ਗਿਆ ਸੀ।

"ਭਾਈਆ ਉਠ ਕੇ ਖਾਅ ਲੈ, ਮੈਂ ਚਾਹ ਬਣਾਤੀ ਆ, ਤੇ ਦੋ ਫੁਲਕੇ ਲਾਹ ਕੇ ਪੋਣੇ ਵਿਚ ਵਲ੍ਹੇਟ ਕੇ ਰੱਖ ਦਿੱਤੇ ਨੇ।"

ਜੀਤੋ ਦੀ ਅਵਾਜ਼ ਨੇ ਪ੍ਰੀਤੂ ਦੀ ਸੁਰਤ ਤੋੜ ਦਿੱਤੀ।

"ਜੀਤੋ ਮੈਂ ਤੇਰਾ ਦੇਣ ਕਿਸ ਤਰ੍ਹਾਂ ਦੇਵਾਂਗਾ। ਕੋਈ ਨਹੀਂ ਪੁਛਦਾ ਹੁਣ।"

ਇੰਝ ਲੱਗ ਰਿਹਾ ਸੀ ਜਿਵੇਂ ਉਸਨੂੰ ਬੰਤੀ ਦਾ ਵਿਛੋੜਾ ਸਤਾ ਰਿਹਾ ਹੋਵੇ। ਪਰ ਉਹ ਹੁਣ ਤਾਂ ਬਹੁਤ ਅੱਗੇ ਲੰਘ ਆਇਆ ਸੀ।

ਜੀਤੋ ਨੂੰ ਪ੍ਰੀਤੂ ਦੀਆਂ ਰੋਟੀਆਂ ਪਕਾਉਂਦੀ ਦੇਖ ਕੇ ਬੱਸੀ ਵਾਲੇ ਸਰਦਾਰਾਂ ਦੇ ਨੌਕਰ ਅਰਜੂ ਨੂੰ ਅੱਗ ਲੱਗ ਗਈ। ਪਰ ਜੀਤੋ ਤੋਂ ਡਰਦਾ ਮਾਰਾ ਅੱਗੇ ਨਾ ਵਧਿਆ। ਓਥੇ ਖਲੋ ਕੇ ਵੇਖਣ ਲੱਗਾ । ਜਦੋਂ ਜੀਤੋ ਓਥੋਂ ਚਲੀ ਗਈ ਤਾਂ ਝੱਟ ਆ ਟਪਕਿਆ।

"ਧੌਲਾ ਝਾਟਾ ਆਟਾ ਖ਼ਰਾਬ। ਸ਼ਰਮ ਲਾਹ ਰੱਖੀ ਆ ਕੰਜਰ ਨੇ ਬੁੱਢੇ ਵਾਰੇ।"

ਅਰਜੂ ਨੂੰ ਜੀਤੋ ਆਪਣੇ ਹੱਥਾਂ 'ਚੋਂ ਜਾਂਦੀ ਦਿਸੀ। ਜੀਤੋ ਕਦੀਂ ਕਦੀਂ ਉਸ ਨਾਲ ਹੱਸਕੇ ਬੋਲ ਪੈਂਦੀ ਸੀ, ਜਦੋਂ ਕਦੀਂ ਉਸਨੇ ਬਾਗ ਵਿਚੋਂ ਘਾਹ ਦੀ ਪੰਡ ਵੱਢਣੀ ਹੁੰਦੀ। ਦੂਜਾ ਪ੍ਰੀਤੂ ਤੋਂ ਅਮਰੂਦਾਂ ਦੇ ਚੋਰੀ ਫਲ ਤੋੜਦੇ ਸਮੇਂ ਆਪਣੀ ਹੋਈ ਬੇਇਜ਼ਤੀ ਦਾ ਬਦਲਾ ਲੈਣਾ ਚਾਹੁੰਦਾ ਸੀ, ਜਦੋਂ ਉਸਨੂੰ ਪ੍ਰੀਤੂ ਨੇ ਫੜ ਕੇ ਠਾਣੇ ਛਿੱਤਰ ਪੁਆਏ ਸੀ।

"ਭਾਅ ਅਰਜਨ ਸਿੰਹਾਂ ਕੀ ਗੱਲ ਹੋ ਗਈ, ਕਿਉਂ ਗਰਮ ਹੋਇਆ ਫਿਰਦਾ ਏਂ।" ਪ੍ਰੀਤੂ ਨੇ ਅਰਜੂ ਨੂੰ ਮੰਜੀ 'ਤੇ ਬੈਠਣ ਦਾ ਇਸ਼ਾਰਾ ਕਰਦੇ ਹੋਏ ਕਿਹਾ।

"ਮੈਂ ਨਹੀਂ ਬੈਠਦਾ ਤੇਰੇ ਵਰਗੀ ਜੂਠ ਕੋਲ। ਕੁੜੀ ਜ੍ਹਾ...ਉਸ ਤਰ੍ਹਾਂ ਵੱਡਾ ਫਕੀਰ ਬਣਿਆ ਫਿਰਦਾ"।ਅਰਜੂ ਕਾਲੇ ਨਾਗ ਵਾਂਗੂ ਡੁੰਕਾਰੇ ਮਾਰ ਰਿਹਾ ਸੀ।

"ਧੀ ਦਿਆ ਯਾ...ਰਾ ਕੀ ਭੌਂਕੀ ਜਾਨਾਂ। ਮੈਂ ਤੈਨੂੰ ਅਰਜਨ ਸਿਹੁੰ ਕਹਿ ਕੇ ਬੁਲਾਉਣ ਡਿਹਾਂ, ਤੂੰ ਸਿਰ 'ਤੇ ਚੜ੍ਹੀ ਜਾਨਾਂ।" ਪ੍ਰੀਤੂ ਨੇ ਅੱਗੋਂ ਗੁੱਸੇ ਵਿਚ ਆ ਕੇ ਅਰਜੂ ਦੀ ਚੰਗੀ ਕਰ ਦਿੱਤੀ।

"ਤੂੰ ਜੀਤੋ ਆਪਣੀ ਕੁੱਲੀ ਵਿਚ ਵਾੜੀ ਸੀ। ਇਹ ਇੱਜਤਦਾਰਾਂ ਦਾ ਬਾਗ ਹੈ, ਕੋਈ ਕੰਜਰੀ ਘਰ ਨਹੀਂ।"

"ਕੁਝ ਸ਼ਰਮ ਕਰ, ਜੇ ਜੁਬਾਨ ਨਹੀਂ ਚੰਗੀ ਤਾਂ ਗੱਲ ਹੀ ਚੰਗੀ ਕਰ ਲਿਆ ਕਰ। ਮੈਂ ਸਵੇਰ ਦਾ ਬੁਖ਼ਾਰ ਨਾਲ ਮਰਨੇ ਪਿਆਂ, ਆਹ ਇਹ ਪਤਾ ਨਹੀਂ ਕੀ ਸੋਚੀ ਜਾ ਰਿਹਾ।"

"ਸਰਦਾਰ ਨੂੰ ਆ ਲੈਣ ਦੇ, ਬੁਖਾਰ ਤੇ ਤੇਰਾ ਲੁਹਾ ਦਿਆਂਗਾ।" ਅਰਜੂ ਨੇ ਆਪਣੇ ਮਨ ਦੀ ਗੱਲ ਕਹੀ।

"ਸਰਦਾਰ ਤੇਰੇ ਇਕੱਲੇ ਦਾ ਤੇ ਨਹੀਂ ਮੈਨੂੰ ਵੀ ਜਾਣਦਾ ਹੈ।" ਪ੍ਰੀਤੂ ਨੇ ਅੱਗੋਂ ਵਾਰਾ ਸੱਟਾ ਲਿਆ।

"ਵੱਡਾ ਲੱਛਮਣ ਬਣਿਆ ਫਿਰਦਾ, ਅਖੇ ਮੈਂ ਬੜਾ ਜਤੀ ਸਤੀ ਆਂ, ਸੂਰ ਵਾਂਗੂ ਮੂੰਹ ਹਰ ਥਾਂ ਮਾਰੀ ਜਾਂਦਾ।" ਅਰਜੂ ਮੂੰਹ ਵਿਚ ਬੁੜ ਬੁੜ ਕਰੀ ਜਾ ਰਿਹਾ ਸੀ।

"ਇਹਨੇ ਟਿੱਡੀ ਮੁੱਛੇ ਨੇ ਤੇ ਬਾਗ ਨੂੰ ਕੰਜਰ ਖਾਨਾ ਬਣਾ ਰੱਖਿਆ। ਮੈਂ ਤੇ ਤੁਹਾਨੂੰ ਓਦੋਂ ਵੀ ਕਿਹਾ ਸੀ ਇਹ ਬੰਦਾ ਮੈਨੂੰ ਠੀਕ ਨਹੀਂ ਲੱਗਦਾ। ਜਿਹੜਾ ਬੁੱਢੇ ਵਾਰੇ ਮੁੱਛਾਂ ਰੰਗੀ

ਫਿਰਦਾ, ਇਹ ਕੋਈ ਨਾ ਕੋਈ ਚੰਦ ਚਾੜ੍ਹੂਗਾ ਕਿਸੇ ਦਿਨ। ਹੋਈ ਨਾ ਅੱਜ ਓਹੋ ਗੱਲ। ਜੀਤੋ ਝੀਰੀ ਨੂੰ ਕੁੱਲੀ ਵਾੜਿਆ ਸੀ ਅੱਜ ਦਿਨ ਦਿਹਾੜੇ ਉਸਨੇ।" ਸ਼ਾਮ ਪਈ ਸਰਦਾਰ ਸ਼ਹਿਰੋਂ ਵਾਪਸ ਆਇਆ ਤਾਂ ਅਰਜੂ ਨੇ ਰਟੀ ਰਟਾਈ ਸਵੇਰ ਵਾਲੀ ਗੱਲ ਸਰਦਾਰ ਨੂੰ ਦੱਸੀ।

"ਲਿਆ ਸੱਦਕੇ ਕੇ ਇਸ ਚੌਰੇ ਨੂੰ, ਕਰਾਂ ਮੈਂ ਉਸਦੀ ਹਜਾਮਤ।" ਸਰਦਾਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਸਰਦਾਰ ਜੀਤੋ ਝੀਰੀ 'ਤੇ ਆਪਣਾ ਹੱਕ ਸਮਝਦਾ ਸੀ। ਜੀਤੋ ਕਦੀ ਕਦੀ ਸਰਦਾਰ ਦੀਆਂ ਲੱਤਾਂ ਘੁੱਟਣ ਆ ਜਾਂਦੀ ਸੀ ਜਦੋਂ ਕਦੀ ਸਰਦਾਰਨੀ ਘਰ ਨਾ ਹੁੰਦੀ।

ਅਰਜੂ ਪ੍ਰੀਤੂ ਨੂੰ ਸੱਦ ਲਿਆਇਆ।

"ਠੇਕੇਦਾਰਾ ਤੂੰ ਬਾਜ ਨਹੀਂ ਆਇਆ ਨਾ। ਕਰ ਦਿੱਤੀ ਨਾ ਓਹੋ ਹੀ ਜਿਸਦਾ ਮੈਨੂੰ ਡਰ ਸੀ।" ਸਰਦਾਰ ਨੇ ਆਪਣੀ ਸਰਦਾਰੀ ਦਾ ਰੋਹਬ ਝਾੜਦੇ ਹੋਏ ਪ੍ਰੀਤੂ ਨੂੰ ਕਿਹਾ।

"ਸਰਦਾਰ ਜੀ ਤੁਸੀਂ ਵੀ ਇਸ ਵੱਢੀ ਟੁੱਕੀ ਜਾਤ ਦੇ ਪਿੱਛੇ ਲੱਗ ਗਏ ਜੇ। ਪਹਿਲਾਂ ਗੱਲ ਤੇ ਪੁੱਛੋ ਹੋਇਆ ਕੀ ਆ।" ਅਰਜੂ ਵੱਲ ਹੱਥ ਕਰਕੇ ਪ੍ਰੀਤੂ ਨੇ ਆਪਣੀ ਸਫਾਈ ਦੇਣੀ ਚਾਹੀ।

"ਚੁੱਪ ਕਰ ਮੈਨੂੰ ਦੱਸ ਦਿੱਤਾ ਅਰਜੂ ਨੇ ਸਭ ਕੁਝ, ਤੂੰ ਜੋ ਕਾਰਾ ਕੀਤਾ ਏ।" ਸਰਦਾਰ ਨੇ ਆਪਣੇ ਤੇਵਰ ਹੋਰ ਤਿੱਖੇ ਕਰ ਲਏ ਸੀ।

"ਬਹੁੜੀ ਰੱਬਾ ਮੇਰਿਆ, ਇੱਥੇ ਕੋਈ ਨਹੀਂ ਸੁਣਦਾ ਮਾੜੇ ਬੰਦੇ ਦੀ। ਇਹਨਾਂ ਧੀ ਦੇ ਯਾ...ਰਾਂ ਨੇ ਮੇਰਾ ਪਿੱਛਾ ਪਤਾ ਨਹੀਂ ਕਦੋਂ ਛੱਡਣਾ। ਮੇਰਾ ਘਰ ਉਜਾੜ ਕੇ ਵੀ ਇਹਨਾਂ ਦੇ ਕਾਲਜੇ ਠੰਡ ਨਹੀਂ। ਵੇਖੋ ਹਨੇਰ ਰੱਬ ਦਾ। ਮੈਂ ਤਾਪ ਨਾਲ ਮਰ ਰਿਹਾ ਸੀ। ਕਿਸੇ ਨੇ ਹਮਦਰਦੀ ਤੇ ਮੇਰੇ ਨਾਲ ਕੀ ਕਰਨੀ ਉਲਟਾ ਊਜਾਂ ਲਾ ਰਹੇ ਨੇ ਮੇਰੇ 'ਤੇ।" ਏਨਾ ਕਹਿ ਕੇ ਪ੍ਰੀਤੂ ਧਾਹਾਂ ਮਾਰ ਕੇ ਰੋ ਪਿਆ।

"ਕੁੜੀ...ਚੋ.. ਤੁਸੀਂ ਕਿਉਂ ਮੇਰੇ ਪਿੱਛੇ ਹੱਥ ਧੋ ਕੇ ਪਏ ਜੇ। ਮੈਨੂੰ ਜਿਉਂ ਲੈਣ ਦਿਉ ਚਾਰ ਦਿਨ ਜਿਹੜੇ ਮੇਰੇ ਬਚੇ ਨੇ।" ਅਰਜੂ ਵੱਲ ਹੱਥ ਕਰਕੇ ਪ੍ਰੀਤੂ ਉੱਚੀ ਉੱਚੀ ਬੋਲ ਕੇ ਰੋਈ ਜਾ ਰਿਹਾ ਸੀ। ਚੁੱਪ ਕਰਨ ਦਾ ਨਾਂ ਹੀ ਨਹੀ ਸੀ ਲੈ ਰਿਹਾ।

ਸਰਦਾਰ ਤੇ ਅਰਜੂ ਨੂੰ ਲੱਗਿਆ ਪ੍ਰੀਤੂ ਐਵੇਂ ਖੇਖਣ ਕਰ ਰਿਹਾ ਏ।

ਪ੍ਰੀਤੂ ਜ਼ਾਰੋ-ਜ਼ਾਰ ਹਉਕੇ ਲੈ ਰੋਈ ਜਾ ਰਿਹਾ ਸੀ।

ਸਰਦਾਰ ਨੇ ਬੁਰੇ ਹਾਲੀਂ ਪ੍ਰੀਤੂ ਨੂੰ ਚੁੱਪ ਕਰਵਾਇਆ।

"ਸਰਦਾਰ ਜੀ ਤੀਹ ਸਾਲ ਪਹਿਲਾਂ ਮੈਂ ਆਪਣੀ ਬਾਹਮਣੀਆਂ ਤੋਂ ਸੋਹਣੀ ਸਰੂ ਦੇ ਕੱਦ ਵਰਗੀ ਉਚੀ ਲੰਮੀ ਤੀਵੀਂ ਏਨਾਂ ਧੀ ਦੇ ਯਾ...ਰਾਂ ਦੀ ਵਜ੍ਹਾ ਕਰਕੇ ਛੱਡ ਦਿੱਤੀ ਸੀ। ਮੈਂ ਇਹਨਾਂ ਦਾ ਡੰਗਿਆ ਫਕੀਰੀ ਕਰਦਾ ਫਿਰਦਾਂ ਘਰੋ ਬੇਘਰ ਬਾਗਾਂ ਵਿਚ ਰਹਿ ਕੇ।"

ਪ੍ਰੀਤੂ ਦੇ ਤਾਂ ਜਿਸ ਤਰ੍ਹਾਂ ਦੁਖਦੀ ਰੱਗ 'ਤੇ ਹੱਥ ਰੱਖਿਆ ਗਿਆ ਹੋਵੇ।

"ਮੈਂ ਪਹਿਲਾਂ ਵੀ ਵੱਢੇ ਸੀ ਇਹ, ਛੱਬੀਆਂ ਬਣੀਆਂ ਸਨ, ਵੱਢ ਮੇਰੇ ਕੋਲੋਂ ਅਰਜੂ ਨੇ ਵੀ ਹੋਣਾ ਆ। ਤੁਹਾਨੂੰ ਅੱਜ ਦੱਸ ਦਿੱਤਾ ਸਰਦਾਰ ਧੀ ਦੇ ਯਾ...ਰ।"

"ਭੌਂਕਣਾ ਬੰਦ ਕਰ, ਮੈਂ ਜਾਣਦਾਂ ਤੈਨੂੰ ਵੱਡੇ ਪਾਂਡੋ ਦੀ 'ਲਾਦ ਨੂੰ।" ਅਰਜੂ ਨੂੰ ਉਸ ਦੀਆਂ ਗੱਲਾਂ ਸੁਣਕੇ ਗੁੱਸਾ ਚੜ੍ਹੀ ਜਾ ਰਿਹਾ ਸੀ।

"ਓਏ ਮੈਂ ਤੇਰੇ ਵਰਗੀ ਵੱਢੀ ਟੁੱਕੀ ਜਾਤ ਨਹੀਂ, ਖਾਲਸ ਕੋਰੋਟਾਣੀਆਂ ਜੁਲਾਹਾ ਆਂ।"

ਪ੍ਰੀਤੂ ਬੜੇ ਮਾਣ ਨਾਲ ਹਿੱਕ ਕੱਢ ਕੇ ਅਰਜੂ ਨੂੰ ਵੰਗਾਰ ਰਿਹਾ ਸੀ।□□

[410/4, ਪ੍ਰਗਤੀ ਐਨਕਲੇਵ, ਪਿੱਛੇ ਡੀ.ਏ.ਵੀ. ਕਾਲਿਜ, ਸਿਲਕ ਲੇਨ, ਹੁਸ਼ਿਆਰਪੁਰ]

ਉਡਾਣ

ਦੀਪ ਜਗਦੀਪ ਸਿੰਘ

[ਕਿੱਤੇ ਵਜੋਂ ਪੱਤਰਕਾਰੀ ਨਾਲ ਜੁੜੇ ਦੀਪ ਜਗਦੀਪ ਸਿੰਘ ਦੀ ਪਲੇਠੀ ਕਹਾਣੀ ਨਾਲ ਕਹਾਣੀਕਾਰ ਵਜੋਂ ਉਸਦਾ ਪਰਿਚਯ ਕਰਾਉਂਦਿਆਂ ਸਾਨੂੰ ਖੁਸ਼ੀ ਹੋ ਰਹੀ ਹੈ। -ਸੰਪਾਦਕ]

ਅੱਜ ਸਵੇਰੇ ਅੱਖ ਖੁੱਲ੍ਹੀ ਤਾਂ ਮੈਂ ਆਸਮਾਨ ਵਿਚ ਪੁੱਠਾ ਲਟਕਿਆ ਹੋਇਆ ਸਾਂ। ਹੇਠਾਂ ਦੂਰ-ਦੂਰ ਤਕ ਸਮੁੰਦਰ, ਕਿਤੇ ਵੀ ਸੁੱਕੀ ਧਰਤੀ ਨਜ਼ਰ ਨਹੀਂ ਸੀ ਆ ਰਹੀ। ਆਪਣੇ ਸਿਰ ਦੇ ਹੇਠਾਂ ਨਜ਼ਰ ਮਾਰੀ ਤਾਂ ਦੋ ਟਾਪੂ ਦਿਸੇ, ਜਿਨ੍ਹਾਂ ਦੇ ਵਿਚਕਾਰ ਮੈਂ ਲਟਕਿਆਂ ਹੋਇਆ ਸਾਂ। ਮੇਰੇ ਪੈਰਾਂ ਨੂੰ ਜਿਸ ਵੀ ਚੀਜ਼ ਨੇ ਜਕੜਿਆ ਹੋਇਆ ਸੀ, ਉਹ ਮੈਨੂੰ ਹੌਲ਼ੀ-ਹੌਲ਼ੀ ਖਿਸਕਦੀ ਮਹਿਸੂਸ ਹੋ ਰਹੀ ਸੀ। ਇੰਝ ਲੱਗ ਰਿਹਾ ਸੀ ਕਿ ਮੈਂ ਕਿਸੇ ਵੀ ਪਲ ਹੇਠਾਂ ਡੂੰਘੇ ਸਮੁੰਦਰ ਵਿਚ ਡੁੱਬ ਮਰਨਾ ਹੈ। ਸਮਝ ਨਹੀਂ ਸੀ ਆ ਰਹੀ ਕਿ ਇਹ ਮੇਰੇ ਨਾਲ ਹੋ ਕੀ ਰਿਹਾ ਹੈ। ਉਦੋਂ ਹੀ ਇਕ ਆਕਾਸ਼ਵਾਣੀ ਹੋਈ।

"ਧਰਤੀ ਖ਼ਤਮ ਹੋ ਚੁੱਕੀ ਹੈ। ਸਿਰਫ ਇਹ ਦੋ ਟਾਪੂ ਬਚੇ ਨੇ। ਦੁਨੀਆਂ ਦੇ ਬਚੇ ਹੋਏ ਲੋਕਾਂ ਨੂੰ ਇਨ੍ਹਾਂ ਵਿਚ ਵੰਡ ਕੇ ਵਸਾ ਦਿੱਤਾ ਗਿਆ ਹੈ। ਸੱਜੇ ਪਾਸੇ ਵਾਲੇ ਟਾਪੂ ਵਿਚ ਉਨ੍ਹਾਂ ਲੋਕਾਂ ਨੂੰ ਰੱਖਿਆ ਗਿਆ ਹੈ, ਦੂਜਿਆਂ ਬਾਰੇ ਫੈਸਲੇ ਸੁਣਾਉਣਾ ਹੀ ਜਿਨ੍ਹਾਂ ਦਾ ਸੁਭਾਅ ਹੈ। ਸਦੀਆਂ ਤੋਂ ਇਹੀ ਉਨ੍ਹਾਂ ਦੀ ਪਰੰਪਰਾ ਹੈ। ਇੱਥੇ ਉਹੀ ਫੈਸਲਾ ਕਰਨਗੇ ਕਿ ਤੁਸੀਂ ਕੌਣ ਹੋ? ਕੀ ਹੋ? ਕਿਉਂ ਹੋ? ਕੀ ਸੋਚ ਸਕਦੇ ਹੋ? ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ? ਤੁਹਾਨੂੰ ਕਿਵੇਂ ਅਤੇ ਕਿੱਥੇ ਰੱਖਿਆ ਜਾਣਾ ਹੈ? ਤੁਸੀਂ ਕਿਵੇਂ ਵਿਚਰਨਾ ਹੈ? ਹਰ ਇਕ ਚੀਜ਼ ਦਾ ਫੈਸਲਾ ਉਹੀ ਲੋਕ ਕਰਨਗੇ। ਤੁਸੀਂ ਕੁਝ ਨਹੀਂ ਕਹਿ ਸਕਦੇ। ਕੁਝ ਨਹੀਂ ਕਰ ਸਕਦੇ। ਜੋ ਉਨ੍ਹਾਂ ਦਾ ਫੈਸਲਾ ਹੋਵੇਗਾ, ਉਹੀ ਪਰਮ ਸੱਤ ਹੋਵੇਗਾ। ਜੋ ਉਨ੍ਹਾਂ ਦੀ ਹਰ ਗੱਲ 'ਤੇ ਫੁੱਲ ਚੜ੍ਹਾਉਂਦਾ ਰਹੇ, ਉਨ੍ਹਾਂ ਦੀ ਪਰੰਪਰਾ ਅਨੁਸਾਰ ਚੱਲਦਾ ਰਹੇ ਤਾਂ ਉਹ ਤੁਹਾਨੂੰ ਸਤਿਕਾਰ ਵੀ ਦੇਣਗੇ ਅਤੇ ਪਿਆਰ ਵੀ ਕਰਨਗੇ। ਜੇ ਕਦੇ ਕਿਸੇ ਨੇ ਉਨ੍ਹਾਂ 'ਤੇ ਕੋਈ ਸਵਾਲ ਚੁੱਕਿਆ, ਟੋਕਿਆ ਜਾਂ ਉਨ੍ਹਾਂ ਦਾ ਹੁਕਮ ਮੰਨਣ ਤੋਂ ਇਨਕਾਰ ਕੀਤਾ ਤਾਂ ਉਹ ਚੁੱਕ ਕੇ ਸਮੁੰਦਰ ਵਿਚ ਸੁੱਟ ਦੇਣਗੇ। ਇਹ ਸਭ ਕੁਝ ਉਨ੍ਹਾਂ ਦੇ ਨਿਯਮਾਂ ਦੀ ਇਕ ਕਿਤਾਬ ਵਿਚ ਦਰਜ ਹੈ, ਜਿਸ ਨੂੰ ਕੋਈ ਨਹੀਂ ਬਦਲ ਸਕਦਾ। ਉਹ ਆਪ ਵੀ ਨਹੀਂ। ਨਾ ਹੀ ਉਹ ਉਨ੍ਹਾਂ ਨਿਯਮਾਂ ਤੋਂ ਇੱਧਰ-ਉੱਧਰ ਉੱਨੀ-ਇੱਕੀ ਹੁੰਦੇ ਨੇ।"

ਮੈਂ ਬੁਰੀ ਤਰ੍ਹਾਂ ਡਰ ਗਿਆ। ਮੇਰਾ ਗਲ਼ਾ ਸੁੱਕ ਰਿਹਾ ਸੀ। ਪੈਰਾਂ ਵਿਚ ਦਰਦ ਹੋ ਰਿਹਾ ਸੀ। ਪੈਰਾਂ ਨੂੰ ਫੜਨ ਵਾਲੀ ਜਕੜ ਢਿੱਲੀ ਹੋ ਕੇ ਖਿਸਕ ਰਹੀ ਸੀ। ਪੂਰੇ ਸ਼ਰੀਰ ਦਾ ਖ਼ੂਨ ਸਿਰ ਵਿਚ ਇਕੱਠਾ ਹੋ ਰਿਹਾ ਸੀ। ਇੰਝ ਲੱਗ ਰਿਹਾ ਸੀ ਕਿ ਦਿਮਾਗ਼ ਦੀਆਂ ਨਾੜਾਂ ਹੁਣੇ ਫਟ ਜਾਣਗੀਆਂ। ਆਕਾਸ਼ਵਾਣੀ ਜਾਰੀ ਸੀ।

"ਜਿਹੜਾ ਟਾਪੂ ਤੇਰੇ ਖੱਬੇ ਪਾਸੇ ਹੈ, ਉੱਥੇ ਉਨ੍ਹਾਂ ਲੋਕਾਂ ਨੂੰ ਰੱਖਿਆ ਗਿਆ ਹੈ, ਜੋ ਅੰਦਰੋਂ ਅੰਦਰੀਂ ਸਭ ਨੂੰ ਨਫ਼ਰਤ ਕਰਦੇ ਨੇ, ਪਰ ਉਹ ਕਦੇ ਕਿਸੇ ਨੂੰ ਕੁਝ ਨਹੀਂ ਕਹਿੰਦੇ। ਹਮੇਸ਼ਾ ਮੁਸਕਰਾਉਂਦੇ ਰਹਿੰਦੇ ਨੇ। ਤੁਸੀਂ ਜੋ ਮਰਜ਼ੀ ਕਰੋ, ਮਸਤ ਰਹੋ। ਤੁਹਾਨੂੰ ਕੋਈ ਰੋਕਦਾ, ਟੋਕਦਾ ਨਹੀਂ। ਤੁਹਾਡੇ ਮੂੰਹ 'ਤੇ ਤੁਹਾਡੀ ਕੋਈ ਬੁਰਾਈ ਨਹੀਂ ਕਰਦਾ। ਤੁਸੀਂ ਇੱਥੇ ਮੌਜ ਨਾਲ ਰਹੋ, ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ ਕਿ ਤੁਸੀਂ ਕਿੱਥੇ ਹੋ, ਕੀ ਕਰ ਰਹੇ ਹੋ। ਤੁਸੀਂ

ਉਨ੍ਹਾਂ ਦੀ ਭੀੜ ਵਿਚ ਰਹਿ ਕੇ ਵੀ ਇਕੱਲੇ ਰਹੋਗੇ। ਸਤਿਕਾਰ ਜਾਂ ਪਿਆਰ ਤਾਂ ਦੂਰ ਦੀ ਗੱਲ, ਉਹ ਤੁਹਾਡੇ ਨਾਲ ਗੱਲ ਵੀ ਨਹੀਂ ਕਰਨਗੇ।"

ਮੇਰੇ ਚਿੱਤ ਨੂੰ ਥੋੜ੍ਹਾ ਜਿਹਾ ਟਿਕਾਅ ਆਇਆ। ਮੈਂ ਸੋਚਿਆ ਕਠਪੁਤਲੀ ਬਣ ਕੇ ਜਿਉਣ ਨਾਲੋਂ ਤਾਂ ਇਕਲਾਪੇ ਦੀ ਜ਼ਿੰਦਗੀ ਜਿਉਂਣਾ ਜ਼ਿਆਦਾ ਠੀਕ ਹੈ। ਮੈਂ ਹਾਲੇ ਸੋਚ ਹੀ ਰਿਹਾ ਸਾਂ ਕਿ ਮੈਨੂੰ ਜਕੜਣ ਵਾਲੀ ਚੀਜ਼ ਨੇ ਜ਼ੋਰਦਾਰ ਝਟਕਾ ਖਾਧਾ ਅਤੇ ਮੈਨੂੰ ਮੇਰੇ ਮਨ ਚਿਤਵੇ ਟਾਪੂ ਵੱਲ ਲੈ ਗਈ। ਪਤਾ ਨਹੀਂ ਉਸ ਨੂੰ ਮੇਰੇ ਜ਼ਿਹਨ ਵਿਚ ਚੱਲ ਰਹੇ ਵਿਚਾਰਾਂ ਦਾ ਪਤਾ ਕਿਵੇਂ ਲੱਗ ਗਿਆ। ਹਾਲੇ ਮੈਂ ਸੋਚ ਹੀ ਰਿਹਾ ਸੀ ਕਿ ਜਕੜ ਨੇ ਮੈਨੂੰ ਆਜ਼ਾਦ ਕਰ ਦਿੱਤਾ। ਮੈਂ ਤੇਜ਼ੀ ਨਾਲ ਆਸਮਾਨ ਤੋਂ ਉਸ ਇਕਲਾਪੇ ਵਾਲੇ ਟਾਪੂ ਵੱਲ ਡਿੱਗ ਰਿਹਾ ਸਾਂ। ਆਕਾਸ਼ਵਾਣੀ ਫਿਰ ਹੋਈ।

"ਤੂੰ ਆਪਣਾ ਫੈਸਲਾ ਕਰ ਲਿਆ। ਇਕ ਗੱਲ ਚੇਤੇ ਰੱਖੀਂ, ਇਹ ਫੈਸਲਾ ਕਦੇ ਬਦਲਿਆ ਨਹੀਂ ਜਾ ਸਕਦਾ। ਜਿਉਂ ਹੀ ਤੇਰੇ ਪੈਰ ਇਸ ਟਾਪੂ ਨੂੰ ਛੋਹਣਗੇ, ਦੂਜਾ ਟਾਪੂ ਆਪਣੇ ਆਪ ਸਮੁੰਦਰ ਵਿਚ ਅਲੋਪ ਹੋ ਜਾਵੇਗਾ। ਬਾਕੀ ਦੀ ਸਾਰੀ ਜ਼ਿੰਦਗੀ ਇਸੇ ਟਾਪੂ 'ਤੇ ਕੱਟਣੀ ਹੋਵੇਗੀ।"

ਆਕਾਸ਼ਵਾਣੀ ਮੁਕਦਿਆਂ ਹੀ ਮੈਂ ਧੜਾਮ ਕਰਕੇ ਇਕਲਾਪੇ ਦੇ ਟਾਪੂ 'ਤੇ ਡਿੱਗ ਪਿਆ। ਜਿਉਂ ਹੀ ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ, ਮੇਰੇ ਦੇਖਦਿਆਂ ਹੀ ਦੇਖਦਿਆਂ ਸਾਹਮਣੇ ਵਾਲਾ ਟਾਪੂ ਪਾਣੀ ਵਿਚ ਖ਼ੁਰ ਗਿਆ। ਉੱਥੇ ਰਹਿੰਦੇ ਲੋਕਾਂ ਦਾ ਕੀ ਬਣਿਆ ਮੈਨੂੰ ਪਤਾ ਨਹੀਂ ਲੱਗਿਆ। ਮੈਂ ਚਾਰੇ ਪਾਸੇ ਨਜ਼ਰ ਘੁਮਾਈ, ਦੂਰ-ਦੂਰ ਤਕ ਮੈਨੂੰ ਕੋਈ ਨਜ਼ਰ ਨਾ ਆਇਆ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਹੁਣ ਮੈਂ ਕੀ ਕਰਾਂ। ਮੈਂ ਟਾਪੂ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਚੱਕਰ ਲਾ ਕੇ ਸਭ ਕੁਝ ਦੇਖਣ ਦਾ ਫੈਸਲਾ ਕੀਤਾ।

ਦਿਨ ਚੜ੍ਹ ਆਇਆ। ਸੂਰਜ ਸਿਰ 'ਤੇ ਆ ਗਿਆ। ਦੋਹੀਂ ਪਾਸੀਂ ਖੜ੍ਹੇ ਛਾਂ-ਦਾਰ ਰੁੱਖਾਂ 'ਚੋਂ ਲੰਘਦੀ ਹਵਾ ਪਿੰਡੇ ਨੂੰ ਠਾਰ ਕੇ ਅਗਾਂਹ ਲੰਘ ਜਾਂਦੀ। ਇਹ ਹਵਾ ਜਦੋਂ ਨੱਕ ਵਿਚ ਦਾਖਲ ਹੋਈ ਤਾਂ ਸੈਂਕੜੇ ਫੁੱਲਾਂ ਦੀ ਸੁਗੰਧੀ ਸਾਹਾਂ ਵਿਚ ਘੁਲ਼ ਗਈ। ਰੁੱਖਾਂ ਦੀਆਂ ਟਾਹਣੀਆਂ ਉੱਪਰ ਨੂੰ ਜਾ ਕੇ ਆਪਸ ਵਿਚ ਇੰਝ ਮਿਲ ਰਹੀਆਂ ਸਨ, ਜਿਵੇਂ ਚਿਰਾਂ ਤੋਂ ਵਿੱਛੜੇ ਪ੍ਰੇਮੀ ਇਕ ਦੂਜੇ ਨੂੰ ਧਾਹ ਕੇ ਮਿਲੇ ਹੋਣ। ਇਕ ਦੂਜੇ ਨਾਲ ਲਿਪਟ ਗਏ ਹੋਣ। ਆਹਮੋ-ਸਾਹਮਣੇ ਦੇ ਰੁੱਖਾਂ ਦੀਆਂ ਲਿਪਟੀਆਂ ਹੋਈਆਂ ਟਹਿਣੀਆਂ ਦੀਆਂ ਛਤਰੀਆਂ ਬਣ ਗਈਆਂ ਸਨ। ਹਾਲੇ ਪਿੰਡਾ ਠੰਢੀ ਛਾਂ ਅਤੇ ਸਾਹ ਫੁੱਲਾਂ ਦੀ ਖ਼ੁਸ਼ਬੂ ਵਿਚ ਨਹਾ ਹੀ ਰਹੇ ਸਨ ਕਿ ਮੈਨੂੰ ਆਪਣੇ ਪੈਰ ਭਾਰੇ-ਭਾਰੇ ਜਾਪਣ ਲੱਗੇ। ਸ਼ਰੀਰ ਨਿਢਾਲ਼ ਜਿਹਾ ਮਹਿਸੂਸ ਹੋਣ ਲੱਗਾ। ਰਮਣੀਕ ਮਾਹੌਲ ਦਾ ਆਨੰਦ ਮਾਣਦਿਆਂ ਕੁਝ ਪਲਾਂ ਲਈ ਭੁੱਖ ਵਿੱਸਰ ਹੀ ਗਈ ਸੀ, ਪਰ ਹੁਣ ਉਸ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਛਾਂਦਾਰ ਰੁੱਖਾਂ ਦੇ ਪਰਲੇ ਪਾਸੇ ਫਲ਼ਾਂ ਦੇ ਬਾਗ਼ ਨਜ਼ਰ ਆਏ। ਦੂਰੋਂ ਹੀ ਫਲ਼ਾਂ ਦੇ ਲਾਲ, ਹਰੇ, ਪੀਲੇ ਅਤੇ ਸੰਤਰੀ ਰੰਗ ਦੇਖ ਕੇ ਭੁੱਖ ਹੋਰ ਵੀ ਚਮਕ ਗਈ। ਪੱਥਰਾਂ ਵਰਗੇ ਭਾਰੇ ਹੋ ਗਏ ਪੈਰਾਂ ਵਿਚ ਵੀ ਜਿਵੇਂ ਕਰੰਟ ਦੌੜ ਗਿਆ। ਇਕ ਪਲ ਬਾਅਦ ਹੀ ਮੈਂ ਉਸ ਬਾਗ਼ ਦੇ ਵਿਚਕਾਰ ਪਹੁੰਚ ਗਿਆ। ਹਰ ਫਲ਼ ਆਪਣੇ ਵੱਲ ਖਿੱਚ ਰਿਹਾ ਸੀ। ਉਸ ਨੂੰ ਚੱਖ ਲੈਣ ਦਾ ਸੱਦਾ ਦੇ ਰਿਹਾ ਸੀ। ਮੇਰੇ ਹੱਥ ਬੇਮੁਹਾਰੇ ਹੋ ਕੇ ਅੱਡ-ਅੱਡ ਰੁੱਖਾਂ ਤੋਂ ਰੰਗ-ਬਿਰੰਗੇ ਫਲ਼ ਤੋੜਨ ਲੱਗੇ। ਫਟਾਫਟ ਇਕ ਛੋਟੀ ਜਿਹੀ ਢੇਰੀ ਲੱਗ ਗਈ। ਢੇਰੀ ਦੇ ਸਾਹਮਣੇ ਬਹਿ ਕੇ ਮੈਂ ਫਲ਼ਾਂ ਨੂੰ ਇਕ ਡੂੰਘੀ ਨਜ਼ਰ ਨਾਲ ਤੱਕਿਆ। ਪਹਿਲਾਂ ਕਦੇ ਦੇਖੇ ਨਹੀਂ ਸਨ ਅਜਿਹੇ ਫਲ਼, ਅਜੀਬ ਜਿਹੇ ਆਕਾਰ ਦੇ ਫਲ਼। ਚੌਰਸ, ਤਿਕੋਣੇ, ਅੱਠਕੋਣੇ ਅਤੇ ਰੰਗ ਇੰਨੇ ਗੂੜ੍ਹੇ ਕਿ ਜਿਵੇਂ ਕੁਦਰਤ ਨੇ ਸਾਰੇ ਰੰਗ ਨਿਚੋੜ ਕੇ ਇਨ੍ਹਾਂ ਵਿਚ ਭਰ ਦਿੱਤੇ ਹੋਣ। ਮਨ ਵਿਚੋਂ ਆਵਾਜ਼ ਆਈ, ਅੰਦਰੋਂ ਵੀ ਇੰਨੇ ਹੀ ਰਸੀਲੇ

ਹੋਣਗੇ ਇਹ, ਖਾ ਲੈ। ਮੈਂ ਇਕ ਚੌਰਸ ਫਲ਼ ਚੁੱਕਿਆ ਅਤੇ ਉਸ ਵਿਚ ਦੰਦ ਖੋਭ ਦਿੱਤੇ। ਬਹੁਤ ਹੀ ਨਰਮ ਅਤੇ ਗੁੱਦੇਦਾਰ ਫਲ਼ ਸੀ। ਪਰ ਇਹ ਕੀ? ਨਾ ਕੋਈ ਸਵਾਦ, ਨਾ ਕੋਈ ਰਸ। ਅੱਧ-ਖਾਧੇ ਫਲ਼ ਨੂੰ ਪਰਾਂਹ ਰੱਖਿਆ ਅਤੇ ਤਿਕੋਣਾ ਫਲ਼ ਚੁੱਕਿਆ, ਬਹੁਤ ਹੀ ਕੂਲ਼ਾ। ਜਿਉਂ ਹੀ ਇਸ ਵਿਚ ਦੰਦ ਖੁੱਭਿਆ ਇਹ ਮੂੰਹ ਵਿਚ ਘੁਲ਼ ਗਿਆ, ਪਰ ਫਿਰ ਉਹੀ ਗੱਲ ਕੋਈ ਸਵਾਦ ਨਹੀਂ, ਕੋਈ ਰਸ ਨਹੀਂ। ਇਕ-ਇਕ ਕਰ ਕੇ ਮੈਂ ਦਰਜਨਾਂ ਫਲ਼ ਖਾ ਲਏ, ਸਾਰਿਆਂ ਦੇ ਸੋਹਣੇ ਰੰਗਾਂ ਅਤੇ ਆਕਾਰਾਂ ਦੇ ਬਾਵਜੂਦ ਸਭ ਅੰਦਰੋਂ ਸਵਾਦਹੀਣ, ਰਸਹੀਣ। ਇੰਨਾ ਹੀ ਨਹੀਂ ਦਰਜਨ ਫਲ਼ ਖਾਣ ਤੋਂ ਬਾਅਦ ਵੀ ਭੁੱਖ ਓਵੇਂ ਦੀ ਓਵੇਂ, ਕੋਈ ਤ੍ਰਿਪਤੀ ਨਹੀਂ। ਬਲਕਿ ਇੰਝ ਲੱਗ ਰਿਹਾ ਸੀ ਜਿਵੇਂ ਭੁੱਖ ਹੋਰ ਵਧ ਗਈ ਹੋਵੇ।

ਹਾਲੇ ਮੈਂ ਇਨ੍ਹਾਂ ਫਲ਼ਾਂ ਦੇ ਰਹੱਸ ਨੂੰ ਸਮਝ ਨਹੀਂ ਸੀ ਸਕਿਆ ਕਿ ਮੇਰੇ ਕੰਨਾਂ ਵਿਚ ਕਲ-ਕਲ ਵਗਦੇ ਪਾਣੀ ਦੀ ਆਵਾਜ਼ ਪਈ। ਇਹ ਆਵਾਜ਼ ਬਹੁਤ ਨੇੜਿਉਂ ਆਉਂਦੀ ਲੱਗ ਰਹੀ ਸੀ। ਮੇਰੇ ਕਦਮ ਆਪਣੇ ਆਪ ਆਵਾਜ਼ ਦੀ ਦਿਸ਼ਾ ਵੱਲ ਤੁਰ ਪਏ। ਸੰਘਣੇ ਰੁੱਖਾਂ ਵਿਚੋਂ ਤੇਜ਼ੀ ਨਾਲ ਤੁਰਦਿਆਂ ਮੇਰੇ ਕਦਮ ਮੈਨੂੰ ਉਸ ਥਾਂ ਲੈ ਆਏ ਜਿੱਥੇ ਪੱਥਰਾਂ ਦੀ ਇਕ ਘਾਟੀ ਸੀ। ਘਾਟੀ ਕਾਹਦੀ, ਇੰਝ ਲੱਗਦਾ ਸੀ ਜਿਵੇਂ ਕਿਸੇ ਜ਼ਹੀਨ ਕਲਾਕਾਰ ਨੇ ਸਹੀ ਆਕਾਰ ਦੇ ਪੱਥਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਬੜੀ ਖ਼ੂਬਸੂਰਤੀ ਨਾਲ ਇਕ ਕਤਾਰ ਵਿਚ ਅਤੇ ਫਿਰ ਇਕ ਦੂਜੇ ਦੇ ਉੱਤੇ ਚਿਣ ਦਿੱਤਾ ਹੋਵੇ। ਘਾਟੀ ਦੇ ਇਕ ਪਾਸੇ ਪੱਥਰਾਂ ਨੂੰ ਚੀਰ ਕੇ ਪਾਣੀ ਦੀ ਮੋਟੀ ਧਾਰ ਹੇਠਾਂ ਡਿੱਗ ਰਹੀ ਸੀ। ਇਕ ਦਮ ਪਾਣੀ ਨੂੰ ਵਹਿੰਦੇ ਦੇਖ ਕੇ ਕਿਸੇ ਖੂੰਜੇ ਵਿਚ ਸੁੱਤੀ ਪਈ ਪਿਆਸ ਜਾਗ ਪਈ। ਜ਼ਿਹਨ ਨਾਲੋਂ ਪਹਿਲਾਂ ਮੇਰੇ ਪੈਰਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ। ਪਤਾ ਵੀ ਨਾ ਲੱਗਿਆ ਕਦੋਂ ਮੇਰਾ ਪਿੰਡਾ ਝਰਨੇ ਦੀ ਧਾਰ ਦੇ ਹੇਠਾਂ ਪਹੁੰਚ ਗਿਆ। ਬੁੱਕ ਬਣੇ ਹੱਥ ਆਪ ਮੁਹਾਰੇ ਬੁੱਲ੍ਹਾਂ ਨਾਲ ਲੱਗ ਗਏ ਅਤੇ ਪਾਣੀ ਉਸ ਬੁੱਕ ਵਿਚ ਭਰ-ਭਰ ਕੇ ਮੇਰੇ ਅੰਦਰ ਜਾਣ ਲੱਗਾ। ਪਰ ਇਹ ਕੀ? ਇਹ ਕਿਸ ਤਰ੍ਹਾਂ ਦਾ ਪਾਣੀ ਹੈ, ਕੋਈ ਸਵਾਦ ਹੀ ਨਹੀਂ। ਜਿੰਨਾ ਮਰਜ਼ੀ ਪੀਵੀਂ ਜਾਵਾਂ ਪਿਆਸ ਬੁੱਝਦੀ ਹੀ ਨਹੀਂ। ਸੋਚਦਾ-ਸੋਚਦਾ ਝਰਨੇ ਦੀ ਧਾਰ ਹੇਠੋਂ ਨਿਕਲ ਕੇ ਇਕ ਪਾਸੇ ਬਹਿ ਗਿਆ। ਹੈਰਾਨੀ ਦੀ ਕੋਈ ਹੱਦ ਨਾ ਰਹੀ। ਐਨੀ ਦੇਰ ਝਰਨੇ ਦੀ ਧਾਰ ਦੇ ਹੇਠਾਂ ਖੜ੍ਹੇ ਰਹਿਣ ਤੋਂ ਬਾਅਦ ਵੀ ਬਿਲਕੁਲ ਅਭਿੱਜ, ਨਾ ਕਪੜੇ ਗਿੱਲੇ ਹੋਏ ਅਤੇ ਨਾ ਹੀ ਪਿੰਡਾ। ਕਿਹੋ ਜਿਹਾ ਟਾਪੂ ਹੈ ਇਹ ਜਿੱਥੇ ਚੀਜ਼ਾਂ ਤਾਂ ਹਨ, ਪਰ ਉਨ੍ਹਾਂ ਵਿਚ ਸਤ ਹੀ ਨਹੀਂ, ਤ੍ਰਿਪਤੀ ਹੀ ਨਹੀਂ।

ਸੋਚਦਿਆਂ-ਸੋਚਦਿਆਂ ਹਨੇਰਾ ਹੋ ਗਿਆ। ਮੈਂ ਬਹੁਤ ਥੱਕ ਗਿਆ। ਕੁਝ ਦੇਰ ਦਮ ਲੈਣ ਲਈ ਇਕ ਚੱਟਾਨ ਨਾਲ ਟੇਕ ਲਾ ਲਈ। ਬੱਦਲ ਐਨੇ ਨੀਵੇਂ ਲਹਿ ਆਏ ਸਨ ਕਿ ਮੈਂ ਉਨ੍ਹਾਂ ਵਿਚ ਆਪਣੇ ਆਪ ਨੂੰ ਘਿਰਿਆ ਮਹਿਸੂਸ ਕਰ ਰਿਹਾ ਸਾਂ।

ਅਚਾਨਕ ਪਤਾ ਨਹੀਂ ਕੀ ਹੋਇਆ ਕਿ ਮੈਂ ਉੱਠ ਕੇ ਦੌੜ ਪਿਆ। ਮੈਨੂੰ ਅਹਿਸਾਸ ਹੋਇਆ ਕਿ ਮੈਂ ਪਾਣੀ ਅੰਦਰ ਚਲੇ ਗਏ ਉਸ ਟਾਪੂ ਉੱਤੇ ਆ ਗਿਆ ਹਾਂ, ਜਿਸ ਨੂੰ ਮੈਂ ਨਕਾਰ ਦਿੱਤਾ ਸੀ। ਇੱਥੇ ਰੁੱਖ ਤਾਂ ਖੜ੍ਹੇ ਸਨ, ਪਰ ਧੂੰਆਂਖੇ ਹੋਏ, ਕੋਈ ਪੱਤਾ ਨਹੀਂ, ਕੋਈ ਫਲ਼-ਫੁੱਲ ਨਹੀਂ। ਇੰਝ ਲੱਗ ਰਿਹਾ ਸੀ ਜਿਵੇਂ ਜੰਗਲ ਦੀ ਭਿਆਨਕ ਅੱਗ ਨੇ ਇਨ੍ਹਾਂ ਨੂੰ ਸਾੜ ਦਿੱਤਾ ਹੋਵੇ। ਆਲੇ-ਦੁਆਲੇ ਲੋਕ 'ਕੱਲੇ-'ਕੱਲੇ ਬੈਠੇ ਪਿੱਟ-ਸਿਆਪਾ ਜਿਹਾ ਕਰੀ ਜਾਣ। ਸਾਰੇ ਭਰੇ-ਪੀਤੇ ਜਿਹੇ ਜਾਪਦੇ ਸਨ। ਹਰ ਕੋਈ ਆਪਣੇ-ਆਪ ਨਾਲ ਹੀ ਖਿੱਝਿਆ-ਖਿੱਝਿਆ ਲੱਗਾ। ਹਰ ਕੋਈ ਇਕੱਲਾ ਹੀ ਪਤਾ ਨਹੀਂ ਕੀ-ਕੀ ਬੋਲੀ ਜਾ ਰਿਹੈ, ਕਲਪੀ ਜਾ ਰਿਹੈ। ਆਪਣੇ-ਆਪ 'ਤੇ ਹੀ ਗੁੱਸਾ ਕੱਢੀ ਜਾ ਰਹੇ ਨੇ। ਇਕ ਸਿਰੇ ਤੋਂ ਦੂਜੇ ਸਿਰੇ ਤਕ ਦੇਖਦਿਆਂ ਮੇਰੀ ਨਜ਼ਰ ਪਰਲੇ ਪਾਸੇ ਬਣੀ ਇਕ ਸੰਗਮਰਮਰ

ਦੀ ਮੂਰਤ 'ਤੇ ਪਈ। ਮੈਂ ਸੋਚਿਆ ਇੰਨੇ ਕੁਰਖਤ ਮਾਹੌਲ ਵਿਚ ਇੰਨੀ ਸੋਹਣੀ ਕਲਾ ਦਾ ਮੁਜੱਸਮਾ ਕਿਸ ਨੇ ਸਿਰਜਿਆ ਹੋਵੇਗਾ। ਉਹ ਮੂਰਤ ਮੈਨੂੰ ਆਪਣੇ ਵੱਲ ਖਿੱਚ ਰਹੀ ਸੀ। ਮੇਰੇ ਕਦਮ ਆਪਣੇ ਆਪ ਉਸ ਵੱਲ ਤੁਰ ਪਏ।

ਕੁਝ ਕਦਮ ਅੱਗੇ ਵਧਿਆ ਤਾਂ ਦੇਖਿਆ ਉਹ ਕੋਈ ਮੂਰਤ ਨਹੀਂ ਬਲਕਿ ਇਕ ਜਿਊਂਦੀ ਜਾਗਦੀ ਪਰੀ ਸੀ। ਉਸ ਦੇ ਅੰਗ ਨਿੱਖਰੀ ਹੋਈ ਰੂੰ ਦੇ, ਹੋਠਾਂ ਉੱਤੇ ਕੁਦਰਤੀ ਸੁਰਖ਼ ਲਾਲੀ, ਵਾਲ਼ ਘਟਾਵਾਂ ਤੋਂ ਵੀ ਕਾਲੇ ਅਤੇ ਉਨ੍ਹਾਂ ਚੋਂ ਨਿਕਲ ਰਹੀ ਰੇਸ਼ਮ ਦੇ ਧਾਗਿਆਂ ਜਿਹੀ ਸੁਨਹਿਰੀ ਚਮਕ। ਨੀਲੀਆਂ ਅੱਖਾਂ ਨੀਲੇ ਸਮੁੰਦਰ ਤੋਂ ਵੀ ਡੂੰਘੀਆਂ। ਉਸ ਦਾ ਸਫ਼ੈਦ ਮਖ਼ਮਲੀ ਲਿਬਾਸ ਉਸ ਦੇ ਸੰਗਮਰਮਰ ਦੀ ਮੂਰਤ ਹੋਣ ਦਾ ਭੁਲੇਖਾ ਪਾ ਰਿਹਾ ਸੀ। ਪਿੱਠ ਉੱਤੇ ਲਿਬਾਸ ਵਿਚੋਂ ਨਿਕਲੇ ਕੋਮਲ ਪਰ ਸਮੇਟ ਕੇ ਉਸ ਨੇ ਆਪਣੇ ਪਿੰਡੇ ਨਾਲ ਲਾਏ ਹੋਏ ਸਨ। ਮਨ ਵਿਚ ਸਵਾਲ ਉੱਠਿਆ, ਜ਼ਾਲਮ ਇਨਸਾਨਾਂ ਦੇ ਇਸ ਟਾਪੂ ਉੱਤੇ ਇਹ ਨਾਜ਼ੁਕ ਪਰੀ? ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਆਲੇ-ਦੁਆਲੇ ਖਿੱਝਦੇ, ਕਲਪਦੇ ਲੋਕਾਂ ਦੇ ਵਿਚਕਾਰ ਉਹ ਇਕ ਦਮ ਸ਼ਾਂਤ ਚਿੱਤ ਅਤੇ ਅਡੋਲ ਬੈਠੀ। ਬਿਲਕੁਲ ਨਿਰਲੇਪ। ਮੇਰੇ ਕਦਮ ਬੇਰੋਕ ਉਸ ਵੱਲ ਜਾ ਰਹੇ ਸਨ। ਅਜਨਬੀ ਨੂੰ ਆਪਣੇ ਵੱਲ ਆਉਂਦਿਆਂ ਦੇਖ ਉਹ ਭੋਰਾ ਨਾ ਘਬਰਾਈ, ਬਲਕਿ ਆਤਮ-ਵਿਸ਼ਵਾਸ ਭਰੀਆਂ ਨਜ਼ਰਾਂ ਨਾਲ ਉਸ ਨੇ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਟੋਹਿਆ। ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਮੈਂ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗਾ ਤਾਂ ਉਸ ਦੇ ਸੁਰਖ਼ ਹੋਠਾਂ 'ਤੇ ਹਲਕੀ ਜਿਹੀ ਮੁਸਕਾਨ ਆ ਗਈ, ਜਿਵੇਂ ਮੇਰਾ ਸੁਆਗਤ ਕਰ ਰਹੀ ਹੋਵੇ। ਉਸ ਦੇ ਚਿਹਰੇ ਦੇ ਜਲੌਅ ਨੂੰ ਦੇਖ ਕੇ ਅੰਦਰੋਂ ਮੈਂ ਘਬਰਾ ਰਿਹਾ ਸਾਂ। ਜਦੋਂ ਮੈਂ ਉਸ ਦੇ ਕੋਲ ਪਹੁੰਚਿਆ ਤਾਂ ਉਸ ਨੇ ਆਪਣੇ ਸਾਹਮਣੇ ਬੈਠਣ ਦਾ ਇਸ਼ਾਰਾ ਕੀਤਾ। ਉਸ ਦੀਆਂ ਨੀਲੀਆਂ ਅੱਖਾਂ ਦੇ ਜਾਦੂ ਵਿਚ ਬੱਝਿਆ ਮੈਂ ਇਸ਼ਾਰੇ ਵਾਲੀ ਥਾਂ ਉੱਤੇ ਬੈਠ ਗਿਆ। ਉਸ ਨੇ ਇੱਥੇ ਆਉਣ ਬਾਰੇ ਪੁੱਛਿਆ ਤਾਂ ਮੈਂ ਪੂਰੀ ਵਿਥਿਆ ਸੁਣਾ ਦਿੱਤੀ। ਮੈਂ ਉਸ ਨੂੰ ਦੱਸਿਆ ਕਿ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਇਸ ਸਭ ਕੁਝ ਮੇਰੇ ਨਾਲ ਕੀ ਹੋ ਰਿਹਾ ਹੈ। ਮੇਰੇ ਮੱਥੇ ਉੱਤੇ ਉਭਰ ਆਈਆਂ ਲਕੀਰਾਂ ਜਿਵੇਂ ਉਸ ਤੋਂ ਇਸ ਸਵਾਲ ਦਾ ਜਵਾਬ ਮੰਗ ਰਹੀਆਂ ਹੋਣ। ਪਰ ਉਹ ਕੁਝ ਨਾ ਬੋਲੀ, ਬੱਸ ਮੁਸਕਰਾ ਪਈ। ਉਸ ਦੀ ਰਹੱਸਮਈ ਮੁਸਕਾਨ ਮੇਰੇ ਤੋਂ ਮੇਰੀ ਜ਼ਿੰਦਗੀ ਦੇ ਸਫ਼ਰ ਬਾਰੇ ਪੁੱਛਦੀ ਰਹੀ। ਅੱਧੀ ਰਾਤ ਤਕ ਮੈਂ ਬੋਲਦਾ ਰਿਹਾ, ਉਹ ਟਿਕਟਿਕੀ ਲਾ ਕੇ ਮੇਰੀਆਂ ਗੱਲਾਂ ਸੁਣਦੀ ਰਹੀ। ਜਿਉਂ-ਜਿਉਂ ਮੈਂ ਆਪਣੇ ਜ਼ਿੰਦਗੀ ਦੇ ਸੰਘਰਸ਼ਾਂ ਦੀ ਦਾਸਤਾਨ ਉਸ ਨੂੰ ਸੁਣਾ ਰਿਹਾ ਸਾਂ, ਤਿਉਂ-ਤਿਉਂ ਉਸ ਦੀਆਂ ਅੱਖਾਂ ਵਿਚ ਚਮਕ ਵਧਦੀ ਜਾ ਰਹੀ ਸੀ। ਲਗਾਤਾਰ ਬੋਲਦਿਆਂ ਮੇਰਾ ਗ਼ਲਾ ਸੁੱਕ ਗਿਆ ਸੀ। ਮੈਨੂੰ ਪਿਆਸ ਲੱਗ ਰਹੀ ਸੀ। ਮੈਨੂੰ ਇਸ ਗੱਲ ਦੀ ਵੀ ਚਿੰਤਾ ਸਤਾ ਰਹੀ ਸੀ ਕਿ ਪਤਾ ਨਹੀਂ ਕਿਵੇਂ ਗ਼ਲਤੀ ਨਾਲ ਮੈਂ ਇਸ ਟਾਪੂ 'ਤੇ ਆ ਗਿਆ ਹਾਂ, ਮੈਨੂੰ ਛੇਤੀ ਹੀ ਆਪਣੇ ਟਾਪੂ 'ਤੇ ਮੁੜ ਜਾਣਾ ਚਾਹੀਦਾ ਹੈ, ਵਰਨਾ ਪਤਾ ਨਹੀਂ ਕੀ ਭਾਣਾ ਵਾਪਰ ਜਾਵੇ। ਜਿਉਂ ਹੀ ਮੈਂ ਉੱਠਣ ਲੱਗਿਆ ਉਸ ਨੇ ਆਪਣੇ ਮਖ਼ਮਲੀ ਹੱਥ ਨਾਲ ਮੇਰਾ ਹੱਥ ਫੜ ਕੇ ਮੈਨੂੰ ਫਿਰ ਬਿਠਾ ਲਿਆ। ਪਾਣੀ ਦਾ ਇਕ ਗੜਵੀ ਵਰਗਾ ਪਾਤਰ ਮੇਰੇ ਮੂਹਰੇ ਲਿਆ ਧਰਿਆ। ਇਕ ਫਲਾਂ ਦੀ ਟੋਕਰੀ ਸਾਹਮਣੇ ਰੱਖ ਦਿੱਤੀ। ਇਹ ਕੀ? ਇਹ ਤਾਂ ਉਹੀ ਫ਼ਲ ਨੇ, ਤਿਕੋਣੇ, ਚੌਰਸ, ਅੱਠਕੋਣੇ। ਉਸ ਨੇ ਮੇਰੀਆਂ ਅੱਖਾਂ ਵਿਚ ਉਤਰ ਆਈ ਹੈਰਾਨੀ ਪੜ੍ਹ ਲਈ। ਉਸ ਦੇ ਦੋਵੇਂ ਜੁੜੇ ਹੋਏ ਸੁਰਖ ਬੁੱਲ੍ਹ ਬੜੀ ਸਹਿਜਤਾ ਨਾਲ ਖੁੱਲ੍ਹੇ ਅਤੇ ਬੋਲੀ-

"ਘਬਰਾਉ ਨਾ। ਇਹ ਇੱਥੋਂ ਦੇ ਫ਼ਲ ਨੇ ਬਹੁਤ ਸੁਆਦੀ ਅਤੇ ਰਸੀਲੇ। ਮੈਨੂੰ ਪਤਾ ਹੈ

ਤੁਹਾਨੂੰ ਯਕੀਨ ਨਹੀਂ ਹੋ ਰਿਹਾ। ਮੈਂ ਦਿਖਾਉਂਦੀ ਹਾਂ ਤੁਹਾਨੂੰ, ਆਹ ਦੇਖੋ!" ਕਹਿ ਕਿ ਉਸ ਨੇ ਇਕ ਚੌਰਸ ਫ਼ਲ ਚੁੱਕਿਆ ਅਤੇ ਆਪਣੇ ਹੋਠਾਂ ਤਕ ਲੈ ਗਈ। ਉਸ ਨੇ ਆਪਣੇ ਮੋਤੀਆਂ ਵਰਗੇ ਚਿੱਟੇ ਦੰਦ ਇਸ ਤਰ੍ਹਾਂ ਹੌਲੀ-ਹੌਲੀ ਫਲ ਵਿਚ ਖੋਭੇ, ਜਿਵੇਂ ਫ਼ਲ ਨੂੰ ਦਰਦ ਹੋਣ ਤੋਂ ਡਰ ਰਹੀ ਹੋਵੇ। ਇਕ ਵੱਡਾ ਚੱਕ ਮਾਰ ਕੇ ਖਾਣ ਤੋਂ ਬਾਅਦ ਉਸ ਨੇ ਖਾਧਾ ਹੋਇਆ ਫ਼ਲ ਮੇਰੇ ਵੱਲ ਵਧਾ ਦਿੱਤਾ ਅਤੇ ਖਿੜਖਿੜਾ ਕੇ ਹੱਸਦਿਆਂ ਬੋਲੀ- "ਦੇਖ ਲਉ ਮੈਂ ਤੁਹਾਡੇ ਸਾਹਮਣੇ ਖਾਧਾ ਏ। ਬੜਾ ਰਸੀਲਾ, ਮਿੱਠਾ ਅਤੇ ਸਵਾਦੀ। ਲਉ ਤੁਸੀਂ ਖਾ ਕੇ ਦੇਖੋ।" ਕਹਿ ਕੇ ਉਹ ਫਿਰ ਜ਼ੋਰ ਦੀ ਹੱਸ ਪਈ। ਮੇਰੇ ਵੱਲ ਵਧੇ ਹੋਏ ਉਸ ਦੇ ਹੱਥ ਵਿਚੋਂ ਮੈਂ ਫ਼ਲ ਫੜ ਲਿਆ। ਖਾਧੇ ਹੋਏ ਹਿੱਸੇ 'ਤੇ ਉਸ ਦੇ ਦੰਦਾਂ ਦੇ ਨਿਸ਼ਾਨਾਂ ਦੇ ਦੁਆਲੇ ਉਸ ਦੇ ਹੋਠਾਂ ਦੀ ਲਾਲੀ ਨੇ ਫਲ ਉੱਤੇ ਉਸ ਦੇ ਹੋਠਾਂ ਦੀ ਤਸਵੀਰ ਬਣਾ ਦਿੱਤੀ ਸੀ। ਝਿਜਕਦਿਆਂ ਮੈਂ ਫ਼ਲ ਖਾਧਾ ਤਾਂ ਸੱਚਮੁਚ ਇਹ ਰਸੀਲਾ, ਮਿੱਠਾ ਅਤੇ ਸਵਾਦ ਸੀ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਸ਼ਾਇਦ ਅਲੌਕਿਕ ਪਰੀ ਦੇ ਹੋਠਾਂ ਨੇ ਇਸ ਵਿਚ ਰਸ, ਸਵਾਦ ਅਤੇ ਮਿਠਾਸ ਭਰ ਦਿੱਤੀ ਸੀ। ਅੱਧਾ ਫਲ ਖਾ ਕੇ ਹੀ ਅਸੀਮ ਤ੍ਰਿਪਤੀ ਮਹਿਸੂਸ ਹੋ ਰਹੀ ਰਹੀ ਸੀ। ਬਾਕੀ ਦਾ ਬਚਿਆ ਹੋਇਆ ਅੱਧਾ ਟੁਕੜਾ ਉਸ ਨੇ ਮੇਰੇ ਹੱਥੋਂ ਲਿਆ ਅਤੇ ਆਪਣੇ ਮੂੰਹ ਵਿਚ ਪਾ ਲਿਆ। ਉਸ ਦੇ ਚਿਹਰੇ 'ਤੇ ਇਕ ਤ੍ਰਿਪਤੀ ਭਰੀ ਮੁਸਕਾਨ ਫੈਲ ਗਈ। ਫਿਰ ਉਸ ਨੇ ਆਪਣੇ ਹੱਥ ਦੀ ਬੁੱਕ ਬਣਾ ਕੇ ਮੇਰੇ ਹੋਠਾਂ ਨਾਲ ਲਾ ਦਿੱਤੀ। ਦੂਸਰੇ ਹੱਥ ਨਾਲ ਉਸ ਨੇ ਪਾਣੀ ਵਾਲਾ ਪਾਤਰ ਚੁੱਕਿਆ ਅਤੇ ਹੌਲੀ-ਹੌਲੀ ਉਸ ਵਿਚ ਪਾਣੀ ਪਾਉਣ ਲੱਗੀ। ਜਿਉਂ ਹੀ ਪਾਣੀ ਦੀਆਂ ਕੁਝ ਬੂੰਦਾਂ ਮੇਰੀ ਜੀਭ ਨੂੰ ਛੋਹ ਕੇ ਮੇਰੇ ਪੇਟ ਵਿਚ ਪਹੁੰਚੀਆਂ ਤਾਂ ਆਤਮਾ ਤ੍ਰਿਪਤ ਹੁੰਦੀ ਮਹਿਸੂਸ ਹੋਈ।

ਮੇਰੀ ਭੁੱਖ ਅਤੇ ਪਿਆਸ ਤ੍ਰਿਪਤ ਕਰਨ ਤੋਂ ਬਾਅਦ ਉਹ ਉੱਠ ਖੜ੍ਹੀ ਹੋਈ। ਆਪਣੇ ਸੱਜੇ ਹੱਥ ਨਾਲ ਮੇਰਾ ਸੱਜਾ ਹੱਥ ਫੜ ਕੇ ਉਸ ਨੇ ਮੈਨੂੰ ਉਠਾ ਲਿਆ। ਮੈਂ ਉੱਠਿਆ ਤਾਂ ਹੱਥ ਫੜ ਕੇ ਉਹ ਅੱਗੇ ਤੁਰ ਪਈ। ਉਸ ਦੀ ਛੋਹ ਦੇ ਅਹਿਸਾਸ ਵਿਚ ਬੱਝਾ ਮੈਂ ਉਸ ਦੇ ਪਿੱਛੇ-ਪਿੱਛੇ ਤੁਰਦਾ ਗਿਆ। ਆਪਣੇ ਕਦਮਾਂ ਨੂੰ ਰੋਕਣ ਦਾ ਖ਼ਿਆਲ ਵੀ ਨਾ ਆਇਆ। ਉਜਾੜ ਬੀਆਬਾਨ ਜੰਗਲ ਵਿਚੋਂ ਲੰਘਦੇ ਹੋਏ ਅਸੀਂ ਇਕ ਪਹਾੜ ਦੇ ਪੈਰਾਂ ਕੋਲ ਆ ਗਏ। ਉਹ ਮੇਰਾ ਹੱਥ ਫੜੀ ਹਾਲੇ ਵੀ ਤੁਰੀ ਜਾ ਰਹੀ ਸੀ। ਇਕ ਥਾਂ 'ਤੇ ਜਾ ਕੇ ਉਹ ਰੁਕੀ, ਜਿੱਥੇ ਪਹਾੜ ਤੋਂ ਪਾਣੀ ਦਾ ਝਰਨਾ ਹੇਠਾਂ ਵੱਲ ਵਹਿ ਰਿਹਾ ਸੀ। ਹੱਥ ਫੜ ਕੇ ਉਹ ਮੈਨੂੰ ਪਾਣੀ ਦੀ ਧਾਰ ਹੇਠਾਂ ਲੈ ਗਈ। ਪਾਣੀ ਦੀ ਧਾਰ ਬਹੁਤ ਤਿੱਖੀ ਅਤੇ ਤੇਜ਼ ਸੀ। ਉਸ ਦੇ ਵੇਗ ਅੱਗੇ ਜ਼ਿਆਦਾ ਦੇਰ ਖੜ੍ਹਾ ਹੋਣਾ ਔਖਾ ਸੀ। ਮੈਂ ਇਕ ਦਮ ਪਹਾੜ 'ਚੋਂ ਉਭਰੇ ਇਕ ਪੱਥਰ ਨੂੰ ਦੋਹਾਂ ਹੱਥਾਂ ਨਾਲ ਫੜ ਲਿਆ। ਉਸ ਦਾ ਹੱਥ ਛੁੱਟ ਗਿਆ। ਉਹ ਦੋ ਤਿੰਨ ਚੱਟਾਨਾ 'ਤੇ ਪੈਰ ਧਰ ਕੇ ਉੱਪਰ ਚੜ੍ਹ ਗਈ। ਉੱਪਰ ਇਕ ਪਾਸੇ ਨਜ਼ਰ ਆ ਰਹੀ ਇਕ ਚੱਟਾਨ 'ਤੇ ਉਹ ਬੈਠ ਗਈ। ਪਹਾੜੀ ਝਰਨੇ ਦੀ ਚੌੜੀ ਅਤੇ ਤਿੱਖੀ ਧਾਰ ਉਸ ਨੂੰ ਭਿਉਂ ਕੇ ਹੇਠਾਂ ਸਿੱਧੀ ਮੇਰੇ ਉੱਤੇ ਡਿੱਗ ਰਹੀ ਸੀ। ਇਸ ਝਰਨੇ ਦਾ ਪਾਣੀ ਸਾਨੂੰ ਭਿਉਂ ਵੀ ਰਿਹਾ ਸੀ ਅਤੇ ਸਕੂਨ ਵੀ ਦੇ ਰਿਹਾ ਸੀ। ਮੈਂ ਕੱਪੜਿਆਂ ਸਮੇਤ ਧੁਰ ਅੰਦਰ ਤਕ ਤਰ-ਬ-ਤਰ ਹੋ ਗਿਆ ਸਾਂ। ਕੀ ਉਸ ਦੀ ਛੋਹ ਨੇ ਪਾਣੀ ਵਿਚ ਵੀ ਜਾਨ ਪਾ ਦਿੱਤੀ ਸੀ? ਮੈਂ ਸੋਚਾਂ ਵਿਚ ਘਿਰਿਆਂ ਹੋਇਆਂ ਸਾਂ ਅਤੇ ਉਸ ਦੀਆਂ ਸੁਪਨੀਲੀਆਂ ਨੀਲੀਆਂ ਅੱਖਾਂ ਲਗਾਤਾਰ ਮੇਰੀਆਂ ਨਜ਼ਰਾਂ ਉੱਤੇ ਟਿਕੀਆਂ ਹੋਈਆਂ ਸਨ। ਇਸੇ ਤਰ੍ਹਾਂ ਦੇਖਦਿਆਂ ਉਸ ਨੇ ਉੱਪਰੋਂ ਹੀ ਪੁੱਛਿਆ, "ਤੁਸੀਂ ਕਦੇ ਮੁਹੱਬਤ ਕੀਤੀ ਏ।"

"ਕੋਸ਼ਿਸ਼ ਤਾਂ ਬਹੁਤ ਕੀਤੀ ਏ, ਪਰ ਕਰ ਨਹੀਂ ਸਕਿਆ", ਮੈਂ ਕੰਬਦੇ ਬੁੱਲ੍ਹਾਂ ਨਾਲ ਜਵਾਬ ਦਿੱਤਾ।

ਉਸ ਨੇ ਬਿਨਾਂ ਨਜ਼ਰਾਂ ਹਟਾਉਂਦਿਆਂ ਪੁੱਛਿਆ, "ਮੈਨੂੰ ਮੁਹੱਬਤ ਕਰੋਂਗੇ?"

ਮੈਨੂੰ ਸਮਝ ਨਹੀਂ ਸੀ ਆ ਰਹੀ ਕੀ ਕਰਾਂ। ਇਕਲਾਪੇ, ਨਫ਼ਰਤ ਅਤੇ ਬੰਦਸ਼ਾਂ ਵਾਲੇ ਦੋ ਟਾਪੂਆਂ ਵਿਚ ਘਿਰਿਆ ਮੈਂ ਸੁੰਨ ਜਿਹਾ ਹੋਇਆ ਪਿਆ ਸਾਂ। ਕੁਝ ਦੇਰ ਪਹਿਲਾਂ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਆਖ਼ਰੀ ਸਾਹ ਲੈ ਰਿਹਾ ਹਾਂ। ਹੁਣ ਉਸ ਦੀਆਂ ਆਸ ਭਰੀਆਂ ਅੱਖਾਂ ਵਿਚੋਂ ਮੈਨੂੰ ਇਕ ਨਵੀਂ ਜ਼ਿੰਦਗੀ ਨਜ਼ਰ ਆ ਰਹੀ ਸੀ। ਉਸ ਦੀ ਛੋਹ ਨਾਲ ਫਲ਼ਾਂ, ਪਾਣੀ ਅਤੇ ਝਰਨੇ ਨੇ ਮੈਨੂੰ ਨਵੀਂ ਜ਼ਿੰਦਗੀ ਦਾ ਅਹਿਸਾਸ ਕਰਵਾਇਆ ਸੀ। ਮੈਂ ਝਿਜਕਦਿਆਂ ਜਵਾਬ ਦਿੱਤਾ, "ਕੋਸ਼ਿਸ਼ ਕਰਾਂਗਾ।"

ਉਸ ਨੇ ਦ੍ਰਿੜ ਇਰਾਦੇ ਨਾਲ ਪੁੱਛਿਆ, "ਕੋਸ਼ਿਸ਼ ਜਾਂ ਮੁਹੱਬਤ?"

ਉਸ ਦੇ ਆਤਮ-ਵਿਸ਼ਵਾਸ ਨੇ ਮੇਰੇ ਅੰਦਰ ਜਿਉਣ ਦੀ ਇਕ ਨਵੀਂ ਤਰੰਗ ਭਰ ਦਿੱਤੀ। ਪੂਰੀ ਦ੍ਰਿੜਤਾ ਨਾਲ ਮੈਂ ਜਵਾਬ ਦਿੱਤਾ, "ਮੁਹੱਬਤ ਕਰਾਂਗਾ।"

ਉਸ ਦੇ ਚਿਹਰੇ 'ਤੇ ਇਕ ਦੈਵੀ ਖੁਸ਼ੀ ਫੈਲ ਗਈ। ਉਹ ਤੇਜ਼ੀ ਨਾਲ ਚੱਟਾਨ ਤੋਂ ਹੇਠਾਂ ਉੱਤਰੀ ਅਤੇ ਮੇਰੇ ਕੋਲ਼ ਆਈ, ਮੇਰਾ ਹੱਥ ਆਪਣੇ ਹੱਥ ਵਿਚ ਘੁੱਟਿਆ ਅਤੇ ਮੇਰੀਆਂ ਅੱਖਾਂ ਵਿਚੋਂ ਕੁਝ ਲੱਭਣ ਲੱਗੀ। ਅਚਾਨਕ ਪਤਾ ਨਹੀਂ ਕੀ ਹੋਇਆ ਸ਼ਰਮਾ ਕੇ ਪਰਾਂਹ ਚਲੀ ਗਈ। ਇਕ ਪਲ਼ ਮੈਨੂੰ ਲੱਗਿਆ ਕਿ ਉਹ ਖੁਸ਼ੀ ਨਾਲ ਆਪਣੇ ਖੰਭ ਫੈਲਾਏਗੀ ਅਤੇ ਮੇਰਾ ਹੱਥ ਫੜ ਕੇ ਮੈਨੂੰ ਉਡਾ ਕੇ ਅੰਬਰਾਂ 'ਚ ਲੈ ਜਾਵੇਗੀ। ਉਸ ਦੀ ਖੁਸ਼ੀ ਦੇਖ ਕੇ ਮੈਨੂੰ ਵੀ ਇੰਝ ਲੱਗ ਰਿਹਾ ਸੀ ਜਿਵੇਂ ਮੇਰੇ ਵੀ ਪਰ ਨਿਕਲ ਆਏ ਹੋਣ ਅਤੇ ਅਸੀਂ ਦੋਵੇਂ ਇਕ ਦੂਜੇ ਦਾ ਹੱਥ ਫੜੀ ਉਡਦੇ ਹੋਏ ਆਕਾਸ਼ ਵਿਚ ਤਾਰੀਆਂ ਲਾ ਰਹੀਏ ਹੋਈਏ। ਇਨ੍ਹਾਂ ਖ਼ਿਆਲਾਂ ਵਿਚ ਤੈਰਦਾ ਮੈਂ ਉਸ ਕੋਲ਼ ਗਿਆ। ਉਸ ਨੇ ਨਜ਼ਰਾਂ ਭਰ ਕੇ ਮੇਰੇ ਵੱਲ ਦੇਖਿਆ ਅਤੇ ਉਸ ਦਿਸ਼ਾ ਵੱਲ ਭੱਜ ਗਈ, ਜਿੱਧਰੋਂ ਅਸੀਂ ਆਏ ਸਾਂ। ਮੈਂ ਵੀ ਉਸ ਦੇ ਪਿੱਛੇ ਭੱਜ ਪਿਆ। ਅਸੀਂ ਉਸੇ ਜਗ੍ਹਾ 'ਤੇ ਪੁੱਜ ਗਏ, ਜਿੱਥੋਂ ਅਸੀਂ ਉੱਠ ਕੇ ਗਏ ਸਾਂ। ਸਾਨੂੰ ਦੋਹਾਂ ਨੂੰ ਸਾਹ ਚੜ੍ਹ ਗਿਆ ਸੀ। ਦੋਵਾਂ ਦੇ ਦਿਲ ਦੀ ਧੜਕਣ ਸੁਣਾਈ ਦੇ ਰਹੀ ਸੀ। ਸ਼ਾਇਦ ਉਸ ਨੇ ਮੇਰੇ ਚਿਹਰੇ ਤੋਂ ਮੇਰੇ ਮਨ ਦੀ ਉਡਣ ਵਾਲੀ ਗੱਲ ਬੁੱਝ ਲਈ। ਪਹਿਲਾਂ ਤਾਂ ਉਸ ਦੇ ਚਿਹਰੇ 'ਤੇ ਇਕ ਮੁਸਕਾਨ ਖਿੜੀ, ਚਾਣਚੱਕ ਉਸ ਦਾ ਹੱਸਦਾ ਖਿੜਖਿੜਾਉਂਦਾ ਚਿਹਰਾ ਉਦਾਸ ਹੋ ਗਿਆ। ਉਸ ਨੇ ਗੱਲ ਤੋਰੀ, "ਮੈਂ ਇਸ ਟਾਪੂ 'ਤੇ ਇਕਲੌਤੀ ਪਰੀ ਹਾਂ। ਪਰੀ ਲੋਕ ਵਿਚ ਮੈਂ ਵੀ ਤੇਰੇ ਵਾਂਗ ਬਾਗ਼ੀ ਸਾਂ। ਬੇਮਤਲਬ ਦੇ ਥੋਪੇ ਹੋਏ ਨਿਯਮਾਂ ਤੋਂ ਬਾਗ਼ੀ। ਮੈਂ ਖੁੱਲ੍ਹੇ ਆਸਮਾਨ ਵਿਚ ਉਡਣਾ ਲੋਚਦੀ ਸਾਂ। ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਣ ਦੇ ਸੁਪਨੇ ਦੇਖਦੀ ਸਾਂ। ਇਹ ਸਭ ਪਰੀ ਲੋਕ ਦੇ ਪੈਰੋਕਾਰਾਂ ਨੂੰ ਮਨਜ਼ੂਰ ਨਹੀਂ ਸੀ। ਮੈਂ ਉਨ੍ਹਾਂ ਦੀ ਗੱਲ ਸੁਣਦੀ ਹੀ ਨਹੀਂ ਸਾਂ। ਗੁੱਸੇ ਹੋ ਕੇ ਉਨ੍ਹਾਂ ਮੈਨੂੰ ਪਰੀ ਲੋਕ ਵਿਚੋਂ ਕੱਢ ਕੇ ਇੱਥੇ ਸੁੱਟ ਦਿੱਤਾ। ਇੱਥੇ ਮੈਂ ਪਰੀ ਤਾਂ ਹਾਂ, ਪਰ ਬੱਸ ਨਾਮ ਦੀ ਪਰੀ ਕਿਉਂਕਿ ਇਸ ਟਾਪੂ ਦੇ ਨਿਯਮਾਂ ਵਿਚ ਕਿਸੇ ਨੂੰ ਆਪਣੀ ਮਰਜ਼ੀ ਕਰਨ ਦੀ ਮਨਾਹੀ ਹੈ। ਸਾਲਾਂ ਤੋਂ ਮੈਂ ਕਦੇ ਆਪਣੇ ਖੰਭ ਖੋਲ੍ਹੇ ਵੀ ਨਹੀਂ। ਇੰਝ ਲੱਗਦਾ ਹੈ ਕਿ ਇਹ ਖੰਭ ਮੇਰੇ ਪਿੰਡੇ ਨਾਲ ਜੁੜੇ ਤਾਂ ਹੋਏ ਹਨ, ਪਰ ਇਨ੍ਹਾਂ ਵਿਚ ਜਾਨ ਹੈ ਹੀ ਨਹੀਂ। ਇਸ ਲਈ ਉਡਣਾ ਤਾਂ ਦੂਰ, ਇਸ ਟਾਪੂ ਵਿਚ ਆਪਣੀ ਮਰਜ਼ੀ ਨਾਲ ਇਕ ਕਦਮ ਤੁਰਨਾ ਵੀ ਮੁਸ਼ਕਲ ਹੈ। ਜੇ ਤੂੰ ਮੈਨੂੰ ਇਸ ਕਰਕੇ ਮੁਹੱਬਤ ਕਰਨ ਦੀ ਸੋਚ ਰਿਹਾ ਹੈਂ ਕਿ ਮੈਂ ਇਕ ਪਰੀ ਹਾਂ ਤਾਂ ਤੂੰ ਬੇਸ਼ਕ ਆਪਣਾ ਫੈਸਲਾ ਬਦਲ ਲੈ। ਮੈਂ ਉਹ ਪੰਛੀ ਹਾਂ ਜਿਸ ਦੇ ਪਰ ਕੁਤਰ ਦਿੱਤੇ ਗਏ ਹਨ।"

ਮੈਨੂੰ ਲੱਗਿਆ ਜਿਵੇਂ ਉਹ ਮੈਨੂੰ ਇਕ ਹੱਥ ਨਾਲ ਇਕ ਨਵੀਂ ਜ਼ਿੰਦਗੀ ਦੇ ਕੇ ਦੂਸਰੇ ਹੱਥ ਨਾਲ ਖੋਹ ਕੇ ਲੈ ਜਾ ਰਹੀ ਹੈ। ਮੇਰਾ ਦਿਲ ਜਾਣਦੈ ਮੈਂ ਉਸ ਦੇ ਮਨ ਦੇ ਸੁੱਚੇ ਅਹਿਸਾਸ ਨੂੰ

ਪਿਆਰ ਕੀਤਾ ਸੀ, ਉਸ ਦੀ ਆਤਮਾ ਨੂੰ ਮੁਹੱਬਤ ਕੀਤੀ ਸੀ, ਉਸ ਦੀਆਂ ਅੱਖਾਂ ਵਿਚ ਤੈਰਦੇ ਸੁਪਨਿਆਂ ਦੀ ਉਡਾਣ ਨੂੰ ਸੱਚ ਕਰਨਾ ਹੀ ਮੇਰੀ ਤਮੰਨਾ ਸੀ, ਇਹੀ ਮੇਰਾ ਇਸ਼ਕ ਸੀ। ਮੇਰਾ ਗੱਚ ਭਰ ਆਇਆ। ਭਰੇ ਹੋਏ ਮਨ ਨਾਲ ਮੈਂ ਜਵਾਬ ਦਿੱਤਾ, "ਮੁਹੱਬਤ ਰੰਗ-ਰੂਪ, ਜ਼ਾਤ-ਮਜ਼ਹਬ, ਵਰਗ-ਆਕਾਰ ਦੇਖ ਕੇ ਨਹੀਂ ਕੀਤੀ ਜਾਂਦੀ। ਇਹ ਹੋ ਜਾਵੇ ਤਾਂ ਬੱਸ ਹੋ ਜਾਂਦੀ ਹੈ। ਮੈਨੂੰ ਵੀ ਇੰਝ ਹੀ ਤੇਰੇ ਨਾਲ ਹੋ ਗਈ ਏ। ਹੁਣ ਤੂੰ ਹੀ ਦੱਸ ਮੈਂ ਕੀ ਕਰਾਂ?"

ਉਸ ਨੇ ਘੁੱਟ ਕੇ ਮੈਨੂੰ ਕਲਾਵੇ ਵਿਚ ਲੈ ਲਿਆ। ਉਸ ਦੀ ਬੁੱਕਲ਼ ਦੇ ਨਿੱਘ ਵਿਚ ਮੈਂ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਤ੍ਰਿਪਤ ਇਨਸਾਨ ਮਹਿਸੂਸ ਕਰ ਰਿਹਾ ਸਾਂ। ਮੈਂ ਉਸ ਨੂੰ ਭਰੋਸਾ ਦਿੱਤਾ, "ਤੂੰ ਫ਼ਿਕਰ ਨਾ ਕਰ। ਤੂੰ ਪਰੀ ਹੈਂ। ਕੁਦਰਤ ਨੇ ਤੈਨੂੰ ਪਰ ਦਿੱਤੇ ਨੇ। ਉਡਾਣ ਬਖ਼ਸ਼ੀ ਹੈ। ਮੈਂ ਤੇਰਾ ਹੌਸਲਾ ਬਣਾਂਗਾ। ਤੂੰ ਕੋਸ਼ਿਸ਼ ਕਰੇਂਗੀ ਤਾਂ ਇਕ ਦਿਨ ਤੂੰ ਜ਼ਰੂਰ ਉਡ ਸਕੇਂਗੀ। ਆਪਣਾ ਹਰ ਸੁਪਨਾ ਸੱਚ ਕਰ ਸਕੇਂਗੀ।"

ਇਕ ਦੂਜੇ ਦੇ ਕਲਾਵੇ ਵਿਚ ਬੈਠੇ ਅਸੀਂ ਆਲੇ-ਦੁਆਲ਼ੇ ਦੀ ਦੁਨੀਆਂ ਨੂੰ ਬਿਲਕੁਲ ਭੁੱਲ ਹੀ ਗਏ ਸਾਂ। ਅਚਾਨਕ ਸਾਨੂੰ ਇਕ ਸ਼ੋਰ ਦੂਰੋਂ ਸਾਡੇ ਵੱਲ ਨੂੰ ਆਉਂਦਾ ਮਹਿਸੂਸ ਹੋਇਆ। ਉਹ ਘਬਰਾ ਗਈ। ਉਸ ਨੇ ਹੋਰ ਜ਼ਿਆਦਾ ਘੁੱਟ ਕੇ ਮੈਨੂੰ ਆਪਣੇ ਨਾਲ ਲਾ ਲਿਆ। ਹੌਲ਼ੀ-ਹੌਲ਼ੀ ਰੌਲਾ ਸਾਡੇ ਨੇੜੇ ਆਉਂਦਾ ਗਿਆ। ਟਾਪੂ ਦੇ ਵਾਸੀਆਂ ਨੇ ਸਾਨੂੰ ਚਾਰੇ ਪਾਸਿਉਂ ਘੇਰ ਲਿਆ। ਉਨ੍ਹਾਂ ਦੇ ਹੱਥਾਂ ਵਿਚ ਤੇਜ਼ ਹਥਿਆਰ ਤਲਵਾਰਾਂ, ਬਰਛੇ ਅਤੇ ਗੰਡਾਸੇ ਲਿਸ਼ਕ ਰਹੇ ਸਨ। ਅਸੀਂ ਇਸ ਤਰ੍ਹਾਂ ਮੁਹੱਬਤ ਕਰਕੇ ਉਨ੍ਹਾਂ ਦੇ ਟਾਪੂ ਦਾ ਨਿਯਮ ਤੋੜ ਦਿੱਤਾ ਸੀ। ਜਿਸ ਦੇ ਲਈ ਉਹ ਸਾਡਾ ਲਹੂ ਸਮੁੰਦਰ ਵਿਚ ਵਗਾਉਣ ਲਈ ਤਿਆਰ ਸਨ। ਮੈਂ ਅੰਦਰ ਤਕ ਕੰਬ ਗਿਆ। ਮੈਨੂੰ ਮੌਤ ਆਪਣੇ ਸਾਹਮਣੇ ਖੜ੍ਹੀ ਜਾਪੀ। ਪਰ ਇਸ ਤੋਂ ਪਹਿਲਾਂ ਕਿ ਉਹ ਭੀੜ ਕੁਝ ਕਰਦੀ, ਪਰੀ ਉਨ੍ਹਾਂ ਦੇ ਸਾਹਮਣੇ ਹਿੱਕ ਤਾਣ ਕੇ ਖਲੋ ਗਈ।

"ਇਸ ਨੂੰ ਮੈਂ ਸੱਦਿਆ ਹੈ। ਮੈਂ ਚੁਣਿਆ ਹੈ ਆਪਣੀ ਜ਼ਿੰਦਗੀ ਦਾ ਹਮਰਾਜ਼, ਆਪਣਾ ਹਮਸਫ਼ਰ। ਇਸ ਵਿਚ ਇਸ ਦਾ ਕੋਈ ਕਸੂਰ ਨਹੀਂ, ਜੋ ਵੀ ਸਜ਼ਾ ਦੇਣੀ ਹੈ ਮੈਨੂੰ ਦਿਉ। ਪਰ ਜੀਵਾਂਗੀ ਤਾਂ ਇਸ ਨਾਲ, ਮਰਾਂਗੀ ਤਾਂ ਇਸ ਦੇ ਲਈ।"

ਉਸ ਦਾ ਹੌਸਲਾ ਦੇਖ ਕੇ ਪਤਾ ਨਹੀਂ ਕਿੱਥੋਂ ਮੇਰੇ ਅੰਦਰ ਜਿਵੇਂ ਬਿਜਲੀ ਦੌੜ ਗਈ। ਮੈਂ ਚੀਕਿਆ, "ਨਹੀਂ, ਨਹੀਂ ਸਜ਼ਾ ਦਾ ਹੱਕਦਾਰ ਮੈਂ ਹਾਂ। ਤੁਹਾਡੇ ਟਾਪੂ 'ਤੇ ਆ ਕੇ ਤੁਹਾਡੇ ਮਾਹੌਲ ਵਿਚ ਖ਼ਲਲ ਮੈਂ ਪਾਇਆ ਹੈ। ਇਸ ਨਾਜ਼ੁਕ ਪਰੀ ਦਾ ਕੋਈ ਕਸੂਰ ਨਹੀਂ। ਇਸ ਨੂੰ ਕੁਝ ਨਾ ਕਹਿਣਾ, ਇਸ ਦੇ ਬਿਨਾਂ ਮੈਂ ਵੀ ਜੀਵਤ ਨਹੀਂ ਰਹਾਂਗਾ।"

ਉਸ ਭੀੜ ਵਿਚ ਖ਼ੁਸਰ-ਫੁਸਰ ਹੋਈ। ਇੰਝ ਲੱਗ ਰਿਹਾ ਸੀ ਕਿ ਉਹ ਸਾਡੇ ਨਾਲ ਕੀਤੇ ਜਾਣ ਵਾਲੇ ਸਲੂਕ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਹੋਣ। ਫਿਰ ਅਚਾਨਕ ਇਕ ਦਮ ਸ਼ਾਂਤੀ ਪਸਰ ਗਈ। ਸ਼ਾਇਦ ਕੋਈ ਫੈਸਲਾ ਹੋ ਗਿਆ ਸੀ। ਦੋ ਜੱਲਾਦਾਂ ਵਰਗੇ ਬੰਦੇ ਸਾਡੇ ਕੋਲ਼ ਆਏ। ਉਨ੍ਹਾਂ ਨੇ ਇਕ ਲੋਹੇ ਦੀ ਬੇੜੀ ਸਾਡੇ ਦੋਹਾਂ ਦੇ ਪੈਰਾਂ ਵਿਚ ਇਸ ਤਰ੍ਹਾਂ ਪਾ ਦਿੱਤੀ ਕਿ ਅਸੀਂ ਆਰਾਮ ਨਾਲ ਤੁਰ ਫਿਰ ਤਾਂ ਸਕਦੇ ਸਾਂ, ਪਰ ਨਾ ਦੌੜ ਸਕਦੇ ਸਾਂ ਅਤੇ ਨਾ ਹੀ ਇਕ ਦੂਜੇ ਤੋਂ ਅਲੱਗ ਹੋ ਸਕਦੇ ਸਾਂ। ਫਿਰ ਉਨ੍ਹਾਂ ਨੇ ਸਾਨੂੰ ਦੋਹਾਂ ਨੂੰ ਲਿਜਾ ਕੇ ਟਾਪੂ ਦੇ ਸਭ ਤੋਂ ਸੁੰਨਸਾਨ ਖੂੰਜੇ ਵਿਚ ਛੱਡ ਦਿੱਤਾ ਅਤੇ ਇਕ ਦਾਇਰਾ ਮਿੱਥ ਦਿੱਤਾ ਜਿਸ ਵਿਚੋਂ ਅਸੀਂ ਬਾਹਰ ਨਹੀਂ ਸਾਂ ਜਾ ਸਕਦੇ।

ਇਨ੍ਹਾਂ ਨਵੇਂ ਹਾਲਾਤ ਵਿਚ ਮੈਂ ਹਾਲੇ ਆਪਣੇ-ਆਪ ਨੂੰ ਸੰਭਾਲ ਵੀ ਨਹੀਂ ਸਾਂ ਸਕਿਆ। ਪਰ ਪਰੀ ਦੇ ਚਿਹਰੇ 'ਤੇ ਜਿੱਤ ਦੀ ਚਮਕ ਲਿਸ਼ਕ ਰਹੀ ਸੀ। ਉਸ ਨੇ ਮੈਨੂੰ ਗਲ਼ਵੱਕੜੀ

ਪਾਉਂਦਿਆ ਕਿਹਾ, "ਪਿਆਰੇ ਪ੍ਰੀਤਮ। ਸ਼ੁਕਰ ਹੈ ਉਨ੍ਹਾਂ ਸਾਡੀ ਜਾਨ ਬਖ਼ਸ਼ ਦਿੱਤੀ। ਕੀ ਹੋਇਆ ਜੇ ਸਾਡੇ ਪੈਰਾਂ ਵਿਚ ਬੇੜੀ ਪਾ ਦਿੱਤੀ। ਕੀ ਐਨਾ ਕਾਫ਼ੀ ਨਹੀਂ ਕਿ ਮੈਂ ਉਮਰ ਭਰ ਤੁਹਾਡੇ ਨਾਲ ਗੁਜ਼ਾਰ ਸਕਦੀ ਹਾਂ। ਇਹ ਬੇੜੀ ਸਾਡੀ ਸਜ਼ਾ ਨਹੀਂ, ਬਲਕਿ ਨਿਯਾਮਤ ਹੈ। ਇਹ ਹਮੇਸ਼ਾ ਸਾਨੂੰ ਇਕ ਦੂਜੇ ਨਾਲ ਜੋੜੀ ਰੱਖੇਗੀ।"

ਮੈਂ ਮਹਿਸੂਸ ਕੀਤਾ ਕਿ ਉਸ ਦੇ ਅੰਦਰ ਮੇਰੇ ਲਈ ਮੁਹੱਬਤ ਦੀ ਸ਼ਿੱਦਤ ਹੋਰ ਵੀ ਵਧ ਗਈ ਹੈ। ਇਸ ਲਈ ਉਸ ਨੇ ਇਸ ਬੰਧਨ ਨੂੰ ਵੀ ਸਵੀਕਾਰ ਕਰ ਲਿਆ ਹੈ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਜਿਸ ਨੂੰ ਮੈਂ ਉਡਣ ਦਾ ਹੌਸਲਾ ਦੇ ਰਿਹਾ ਸਾਂ, ਹੁਣ ਮੈਂ ਆਪ ਉਸ ਦੇ ਨਾਲ ਇਕ ਬੇੜੀ ਵਿਚ ਜਕੜਿਆ ਗਿਆ ਹਾਂ। ਕੀ ਹੁਣ ਮੈਂ ਉਸ ਨੂੰ ਕਦੇ ਉਡਣ ਲਈ ਕਹਿ ਸਕਾਂਗਾਂ?

ਕਈ ਦਿਨ ਇਸ ਤਰ੍ਹਾਂ ਹੀ ਬੀਤ ਗਏ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਉਡਣ ਦੇ ਸੁਪਨੇ ਦੇਖਣ ਵਾਲੀ ਪਰੀ ਨੇ ਇਸ ਨਵੇਂ ਮਾਹੌਲ ਨੂੰ ਇੰਨੀ ਚੰਗੀ ਤਰ੍ਹਾਂ ਅਪਣਾ ਲਿਆ ਜਿਵੇਂ ਸਦੀਆਂ ਤੋਂ ਇਸੇ ਤਰ੍ਹਾਂ ਹੀ ਰਹਿ ਰਹੀਏ ਹੋਈਏ। ਇਸ ਤੋਂ ਵੀ ਜ਼ਿਆਦਾ ਹੈਰਾਨੀ ਦੀ ਗੱਲ ਕਿ ਉਹ ਹਰ ਰੋਜ਼ ਸੁਪਨਿਆਂ ਦੀ, ਖੰਭਾਂ ਦੀ ਅਤੇ ਉਡਾਣ ਦੀ ਗੱਲ ਕਰਦੀ, ਪਰ ਜਦੋਂ ਅਸਲ ਵਿਚ ਉਡਣ ਦੀ ਗੱਲ ਆਉਂਦੀ ਤਾਂ ਉਹ ਨਾਰਾਜ਼ ਹੋ ਜਾਂਦੀ। ਸਾਰਾ ਦੋਸ਼ ਕਦੇ ਹਾਲਾਤ ਕਦੇ ਕਿਸਮਤ ਅਤੇ ਕਦੇ-ਕਦੇ ਤਾਂ ਆਪਣੀ ਮੁਹੱਬਤ 'ਤੇ ਪਾ ਦਿੰਦੀ। ਜਦ ਮੈਂ ਉਸ ਨੂੰ ਹਾਲਾਤ ਬਦਲਣ ਵਾਸਤੇ ਹਿੰਮਤ ਕਰਨ ਲਈ ਕਹਿੰਦਾ ਤਾਂ ਬੇਚੈਨ ਜਿਹੀ ਹੋ ਜਾਂਦੀ। ਬਹੁਤ ਕੋਸ਼ਿਸ਼ ਦੇ ਬਾਵਜੂਦ ਨਾ ਉਹ ਕੋਈ ਹੀਆ ਕਰਨ ਲਈ ਤਿਆਰ ਸੀ ਅਤੇ ਨਾ ਮੈਂ ਆਪਣੇ ਆਪ ਨੂੰ ਇਸ ਮਾਹੌਲ ਅਨੁਸਾਰ ਢਾਲਣ ਵਿਚ ਕਾਮਯਾਬ ਹੋ ਰਿਹਾ ਸਾਂ। ਇਹ ਗੱਲ ਉਸ ਨੂੰ ਹੋਰ ਵੀ ਜ਼ਿਆਦਾ ਖਿਝਾ ਦਿੰਦੀ। ਹੌਲ਼ੀ-ਹੌਲ਼ੀ ਉਸ ਨੇ ਮੈਨੂੰ ਇਸ ਮਾਹੌਲ ਨੂੰ ਅਪਣਾਉਣ ਲਈ ਸਮਝਾਉਣਾ ਸ਼ੁਰੂ ਕਰ ਦਿੱਤਾ। ਆਪਣੇ ਅੰਦਰ ਸਾਲਾਂ ਤੋਂ ਰਚੇ ਹੋਏ ਬੰਦਸ਼ਾਂ ਭਰੇ ਨਿਯਮ ਉਸ ਨੂੰ ਠੀਕ ਜਾਪਣ ਲੱਗੇ। ਉਹ ਮੈਨੂੰ ਸਮਝਾਉਂਦੀ ਕਿ ਮੈਨੂੰ ਵੀ ਬਦਲ ਜਾਣਾ ਚਾਹੀਦਾ ਹੈ। ਮੈਂ ਉਸ ਨੂੰ ਰੋਜ਼ ਸਮਝਾਉਂਦਾ ਕਿ ਮੈਂ ਉਸ ਨੂੰ ਆਪਣੀ ਜਾਨ ਤੋਂ ਵੀ ਜ਼ਿਆਦਾ ਮੁਹੱਬਤ ਕਰਦਾ ਹਾਂ ਅਤੇ ਆਪਣੀ ਜ਼ਿੰਦਗੀ ਉਸ ਦੇ ਨਾਮ ਕਰ ਚੁੱਕਾ ਹਾਂ। ਪਰ ਇਸ ਤਰ੍ਹਾਂ ਜ਼ਿੰਦਗੀ ਜਿਉਣਾ ਮੈਨੂੰ ਹਰਗਿਜ਼ ਗਵਾਰਾ ਨਹੀਂ। ਮੈਂ ਚਾਹੁੰਦਾ ਹਾਂ ਕਿ ਅਸੀਂ ਇੱਕਠੇ ਜ਼ਿੰਦਗੀ ਜੀਵੀਏ, ਪਰ ਆਪਣੀ ਮਰਜ਼ੀ ਨਾਲ, ਆਪਣੇ ਹਿਸਾਬ ਨਾਲ, ਆਪਣੇ ਸੁਪਨਿਆਂ ਵਾਲੀ ਜ਼ਿੰਦਗੀ ਨਾ ਕਿ ਇਨ੍ਹਾਂ ਦੇ ਹੁਕਮ-ਚਲਾਊ ਨਿਜ਼ਾਮ ਅਨੁਸਾਰ।

ਉਹ ਮੇਰੀਆਂ ਇਨ੍ਹਾਂ ਗੱਲਾਂ ਨੂੰ ਬੇਵਕੂਫੀ ਕਹਿਣ ਲੱਗ ਪਈ। ਇੱਥੋਂ ਤਕ ਕਿ ਮੇਰੇ ਰਹਿਣ-ਸਹਿਣ, ਬੋਲਣ, ਚੱਲਣ ਅਤੇ ਸੋਚਣ ਤਕ ਦੇ ਢੰਗ ਨੂੰ ਨਕਾਰਣ ਲੱਗ ਪਈ। ਉਹ ਮੈਨੂੰ ਸਭ ਕੁਝ ਉਸ ਟਾਪੂ ਦੇ ਨਿਯਮਾਂ ਅਨੁਸਾਰ ਬਦਲਣ ਦੀ ਜ਼ਿੱਦ ਕਰਨ ਲੱਗੀ। ਮੈਂ ਸਮਝ ਗਿਆ ਸਾਂ ਕਿ ਇਸ ਟਾਪੂ ਦੇ ਜਿਸ ਮਾਹੌਲ ਵਿਚ ਉਸ ਨੇ ਆਪਣੀ ਜ਼ਿੰਦਗੀ ਬਿਤਾਈ ਹੈ, ਉਸ ਟਾਪੂ ਦਾ ਸੁਭਾਅ ਉਸ ਦੇ ਸੁਭਾਅ ਵਿਚ ਰਚ ਗਿਆ ਹੈ। ਉਹ ਨਵੀਂ ਉਡਾਣ ਭਰਨ ਦੇ ਸੁਪਨੇ ਤਾਂ ਦੇਖਦੀ ਹੈ, ਪਰ ਆਪਣੇ ਬੰਧਨਾਂ ਤੋਂ ਆਪ ਮੁਕਤ ਹੋਣ ਬਾਰੇ ਸੋਚ ਵੀ ਨਹੀਂ ਸਕਦੀ ਅਤੇ ਇਨ੍ਹਾਂ ਬੰਧਨਾਂ ਨੂੰ ਤੋੜੇ ਬਿਨਾਂ ਉਹ ਉਡਾਣ ਨਹੀਂ ਭਰ ਸਕਦੀ।

ਇਨ੍ਹਾਂ ਗੱਲਾਂ ਕਰਕੇ ਆਪਸ ਵਿਚ ਤਕਰਾਰ ਹੋਣ ਲੱਗੀ, ਤਲਖ਼ੀ ਵਧਦੀ ਗਈ। ਉਹ ਪਰੀ ਮੇਰੇ ਦਿਲ ਦੀ ਰਾਣੀ ਸੀ। ਮੈਂ ਉਸ ਦੇ ਸੁਪਨਿਆਂ ਦਾ ਰਾਜਕੁਮਾਰ ਸਾਂ। ਪਰ ਮੈਂ ਉਸ ਟਾਪੂ ਵਿਚ ਰਹਿ ਰਿਹਾਂ ਸਾਂ, ਜਿਸ ਨੂੰ ਮੈਂ ਮੌਤ ਦੇ ਸਿਰੇ 'ਤੇ ਲਟਕਦਿਆਂ ਵੀ ਖਾਰਜ ਕਰਕੇ ਇਕਲਾਪੇ ਦਾ ਟਾਪੂ ਚੁਣਿਆ ਸੀ। ਸ਼ਾਇਦ ਉੱਥੇ ਇਕਲਾਪੇ ਵਿਚ ਮਰ ਖਪ ਜਾਂਦਾ, ਕੋਈ

ਗਿਲਾ ਵੀ ਨਾ ਹੁੰਦਾ। ਪਰ ਹੁਣ ਨਾ ਤਾਂ ਉਸ ਦੇ ਬਿਨਾਂ ਜੀਣਾ ਮੇਰੇ ਲਈ ਸੰਭਵ ਸੀ ਅਤੇ ਨਾ ਹੀ ਉਸ ਦੇ ਨਾਲ ਜਿਉਂਦਿਆਂ ਉਸ ਨੂੰ ਖੁਸ਼ੀਆਂ ਦੀ ਉਡਾਣ ਦੇਣਾ ਮੇਰੇ ਵੱਸ ਵਿਚ ਸੀ। ਇਹ ਗੱਲ ਮੇਰੇ ਦਿਲ 'ਤੇ ਭਾਰ ਬਣੀ ਹੋਈ ਸੀ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਆਖ਼ਰ ਮੈਂ ਕਰਾਂ ਤਾਂ ਕੀ ਕਰਾਂ। ਸੋਚਦਿਆਂ-ਸੋਚਦਿਆਂ ਮੈਨੂੰ ਉਹ ਵੇਲ਼ਾ ਚੇਤੇ ਆਇਆ, ਜਦੋਂ ਮੇਰੀ ਪਰੀ ਨੇ ਆਪਣੇ ਸਮਾਜ ਨੂੰ ਵੰਗਾਰਿਆ ਸੀ। ਉਸ ਦੀ ਵੰਗਾਰ ਨਾਲ ਸਾਡੇ ਖ਼ੂਨ ਦੇ ਪਿਆਸੇ ਨਿਜ਼ਾਮ ਨੇ, ਨਾ ਸਿਰਫ਼ ਸਾਡੀ ਜਾਨ ਬਖ਼ਸ਼ ਦਿੱਤੀ ਸੀ, ਬਲਕਿ ਸਾਨੂੰ ਇਕ ਬੇੜੀ ਵਿਚ ਬੰਨ੍ਹ ਕੇ ਇੱਕਠੇ ਜ਼ਿੰਦਗੀ ਜਿਊਣ ਲਈ ਇਕ ਪਾਸੇ ਵੀ ਕਰ ਦਿੱਤਾ ਸੀ। ਮੇਰੇ ਦਿਲ ਨੇ ਮੈਨੂੰ ਕਿਹਾ ਕਿ ਜੇ ਇਕ ਵੰਗਾਰ ਸਦੀਆਂ ਦੇ ਨਿਜ਼ਾਮ ਨੂੰ ਹਿਲਾ ਸਕਦੀ ਹੈ ਤਾਂ ਕੀ ਇਹ ਵੰਗਾਰ ਇਕ ਇਨਸਾਨ ਦੇ ਦਿਲ ਨੂੰ ਪਿਘਲ਼ਾ ਨਹੀਂ ਸਕੇਗੀ? ਬੱਸ ਮੈਂ ਫੈਸਲਾ ਕਰ ਲਿਆ ਕਿ ਪਰੀ ਦੀਆਂ ਗੱਲਾਂ ਦਾ ਬੁਰਾ ਨਹੀਂ ਮਨਾਉਣਾ, ਨਾ ਉਸ ਨੂੰ ਬੰਧਨ ਖੋਲ੍ਹ ਕੇ ਉਡਾਣ ਭਰਨ ਲਈ ਮਨਾਉਣਾ ਹੈ। ਹਰ ਪਲ ਉਸ ਨੂੰ ਖੁਸ਼ ਰੱਖਣਾ ਹੈ ਅਤੇ ਸਹੀ ਸਮੇਂ 'ਤੇ ਉਸ ਨੂੰ ਵੰਗਾਰਨਾ ਹੈ। ਮੇਰੇ ਬਦਲੇ ਹੋਏ ਅੰਦਾਜ਼ ਨੂੰ ਦੇਖ ਕੇ ਉਸ ਨੂੰ ਲੱਗਿਆ ਕਿ ਸਭ ਕੁਝ ਠੀਕ-ਠਾਕ ਹੋ ਗਿਆ ਹੈ। ਮੈਂ ਵੀ ਉਸ ਦੀ ਹਰ ਖੁਸ਼ੀ ਅਤੇ ਜ਼ਰੂਰਤ ਦਾ ਖ਼ਿਆਲ ਰੱਖਦਾ। ਫਿਰ ਉਹ ਜਦ ਵੀ ਸੁਪਨਿਆਂ ਦੀ ਗੱਲ ਕਰਦੀ ਤਾਂ ਮੈਂ ਹੱਸਦਿਆਂ ਆਖਦਾ, "ਕਿੰਨੇ ਪਿਆਰੇ ਸੁਪਨੇ ਨੇ। ਪਰ ਛੱਡ ਪਰਾਂਹ ਇਨ੍ਹਾਂ ਸੁਪਨਿਆਂ ਦੀ ਗੱਲ ਕਰਨ ਦਾ ਕੋਈ ਫਾਇਦਾ ਨਹੀਂ, ਜਿਸ ਦਿਨ ਸੱਚਮੁੱਚ ਉਡ ਕੇ ਦਿਖਾਏਂਗੀ ਉਦੋਂ ਗੱਲ ਕਰਾਂਗੇ।" ਉਹ ਮੇਰੀ ਗੱਲ ਸੁਣ ਕੇ ਗੁੱਸੇ ਹੋ ਜਾਂਦੀ। ਸੋਚਦੀ ਕਿ ਮੈਂ ਉਸ ਦਾ ਮਜ਼ਾਕ ਉਡਾ ਰਿਹਾ ਹਾਂ। ਇਸ ਗੱਲ 'ਤੇ ਕਿੰਨਾ ਚਿਰ ਲੜਦੀ। ਮੈਂ ਉਸ ਨੂੰ ਮਨਾ ਲੈਂਦਾ। ਪਰ ਜਦੋਂ ਵੀ ਉਹ ਸੁਪਨਿਆਂ ਅਤੇ ਉਡਾਣ ਦੀ ਗੱਲ ਕਰਦੀ ਮੈਂ ਹੱਸ ਛੱਡਦਾ। ਹਾਸੇ-ਹਾਸੇ ਵਿਚ ਉਸ ਨੂੰ ਵੰਗਾਰ ਦਿੰਦਾ। ਹੌਲ਼ੀ-ਹੌਲ਼ੀ ਉਹ ਇਸ ਗੱਲ ਦਾ ਗੁੱਸਾ ਆਪਣੇ ਮਨ ਅੰਦਰ ਭਰਨ ਲੱਗ ਪਈ। ਉਸ ਨੂੰ ਇੰਝ ਜਾਪਣ ਲੱਗ ਪਿਆ ਕਿ ਜਿਵੇਂ ਮੈਂ ਉਸ ਨੂੰ ਪਿਆਰ ਕਰਦਾ ਹੀ ਨਹੀਂ, ਬੱਸ ਉਸ ਨੂੰ ਮਜ਼ਾਕ ਬਣਾ ਕੇ ਰੱਖਿਆ ਹੋਇਆ ਹੈ। ਹਰ ਪਲ ਉਸ ਨੂੰ ਨੀਵਾਂ ਦਿਖਾਉਂਦਾ ਹਾਂ। ਉਸ ਦੀ ਖਿੱਲੀ ਉਡਾਉਂਦਾ ਹਾਂ। ਇਹ ਗੱਲਾਂ ਸੋਚਦੀ ਉਹ ਹਰ ਪਲ ਦੁਖੀ ਰਹਿੰਦੀ। ਉਸ ਨੂੰ ਦੁੱਖੀ ਦੇਖ ਕੇ ਮੇਰਾ ਮਨ ਵੀ ਬਹੁਤ ਦੁੱਖਦਾ। ਪਰ ਮੈਨੂੰ ਇਹ ਵੀ ਪਤਾ ਸੀ ਕਿ ਮੈਂ ਜੋ ਕਰ ਰਿਹਾ ਹਾਂ ਉਸ ਦਾ ਨਤੀਜਾ ਇਕ ਦਿਨ ਜ਼ਰੂਰ ਉਸ ਦੇ ਹੱਕ ਵਿਚ ਨਿਕਲੇਗਾ। ਹੋ ਸਕਦਾ ਹੈ, ਉਹ ਇਸ ਗੱਲ ਲਈ ਮੈਨੂੰ ਕਦੇ ਮਾਫ਼ ਨਾ ਕਰੇ, ਪਰ ਜੇ ਉਹ ਇਸ ਕੋਸ਼ਿਸ਼ ਨਾਲ ਆਪਣੀ ਉਡਾਣ ਹਾਸਲ ਕਰ ਲਵੇ ਤਾਂ ਮੇਰੇ ਲਈ ਇਸ ਤੋਂ ਵੱਡੀ ਖੁਸ਼ੀ ਦੀ ਕੋਈ ਗੱਲ ਨਹੀਂ। ਇਸ ਗੱਲ ਦਾ ਅਸਰ ਹੋ ਵੀ ਰਿਹਾ ਸੀ। ਇਸ ਦੇ ਨਿਸ਼ਾਨ ਦਿਸਣ ਲੱਗ ਪਏ ਸਨ। ਉਹ ਪਹਿਲਾਂ ਨਾਲੋਂ ਜ਼ਿਆਦਾ ਆਪਣੀ ਜ਼ਿੰਦਗੀ ਵੱਲ ਧਿਆਨ ਦੇਣ ਲੱਗ ਪਈ ਸੀ। ਸੱਜਣ-ਸੰਵਰਨ ਲੱਗ ਪਈ ਸੀ। ਕਈ ਚੀਜ਼ਾਂ ਜੋ ਉਹ ਪਹਿਲਾਂ ਸੋਚਣ ਤੋਂ ਵੀ ਡਰਦੀ ਸੀ ਆਪਣੀ ਜ਼ਿੰਦਗੀ ਵਿਚ ਅਪਣਾਉਣ ਲੱਗ ਪਈ ਸੀ। ਜਿਹੜੀਆਂ ਚੀਜ਼ਾਂ ਕਰਦਿਆਂ ਉਸ ਨੂੰ ਨਿਯਮਾਂ ਦੇ ਟੁੱਟ ਜਾਣ ਦਾ ਡਰ ਰਹਿੰਦਾ ਸੀ, ਬੜੀ ਬੇਬਾਕੀ ਨਾਲ ਉਹ ਉਹ ਚੀਜ਼ਾਂ ਕਰਨ ਲੱਗ ਪਈ ਸੀ। ਫਿਰ ਵੀ ਉਹ ਆਪਣੀ ਪੁਰਾਣੀ ਮਾਨਸਿਕਤਾ ਤਿਆਗ ਕੇ ਨਵੀਂ ਉਡਾਣ ਭਰਨ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਪਰ ਸੁਪਨਿਆਂ ਬਾਰੇ, ਉਡਾਣ ਬਾਰੇ, ਨਵੀਂ ਜ਼ਿੰਦਗੀ ਬਾਰੇ ਗੱਲਾਂ ਕਰਨਾ ਉਹ ਕਦੇ ਨਹੀਂ ਸੀ ਭੁੱਲਦੀ। ਹੁਣ ਵੱਡਾ ਜੋਖਮ ਲੈਣ ਦਾ ਵਕਤ ਆ ਗਿਆ ਲੱਗਦਾ ਸੀ। ਮੈਨੂੰ ਡਰ ਸੀ ਕਿ ਮੇਰਾ ਅਗਲਾ ਕਦਮ ਉਸ ਨੂੰ ਬੁਰੀ ਤਰ੍ਹਾਂ ਝੰਜੋੜ ਦੇਵੇਗਾ। ਉਸ ਦੇ

ਮਨ ਵਿਚ ਮੇਰੇ ਲਈ ਨਫ਼ਰਤ ਭਰ ਦੇਵੇਗਾ, ਪਰ ਮੈਨੂੰ ਹੋਰ ਕੋਈ ਹੱਲ ਨਜ਼ਰ ਨਹੀਂ ਸੀ ਆ ਰਿਹਾ। ਮੈਂ ਜੋਖ਼ਮ ਲੈਣ ਦਾ ਫੈਸਲਾ ਕਰ ਲਿਆ। ਇਕ ਦਿਨ ਉਹ ਹੱਸ-ਹੱਸ ਕੇ ਆਪਣੇ ਸੁਪਨਿਆਂ ਦੀਆਂ ਗੱਲਾਂ ਕਰ ਰਹੀ ਸੀ। ਉਹ ਦੱਸ ਰਹੀ ਸੀ ਕਿ ਜਦੋਂ ਇਹ ਸੁਪਨੇ ਸੱਚ ਹੋਣਗੇ ਤਾਂ ਕਿਸ ਤਰ੍ਹਾਂ ਉਹ ਅੰਬਰਾਂ ਵਿਚ ਉਡਦੀ ਫਿਰੇਗੀ। ਮੈਂ ਹੱਸਦਿਆਂ ਕਿਹਾ, "ਇਹ ਸੁਪਨੇ ਵੀ ਫਜ਼ੂਲ ਨੇ ਅਤੇ ਇਹ ਗੱਲਾਂ ਵੀ, ਹੁਣ ਤੈਨੂੰ ਇਨ੍ਹਾਂ ਗੱਲਾਂ ਦਾ ਖਹਿੜਾ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਜੇ ਤੂੰ ਪਰੀ ਹੁੰਦੀ ਤਾਂ ਆਪ ਅੰਬਰਾਂ ਵਿਚ ਉਡਦੀ ਫਿਰਦੀ। ਧਰਤੀ 'ਤੇ ਬੈਠੀ ਬੇੜੀਆਂ ਵਿਚ ਜਕੜੀ ਹੋਈ, ਉੱਡਣ ਦੀਆਂ ਗੱਲਾਂ ਨਾ ਕਰਦੀ ਰਹਿੰਦੀ। ਮੈਨੂੰ ਹੁਣ ਸਮਝ ਆ ਗਈ ਹੈ ਕਿ ਤੂੰ ਪਰੀ ਹੈ ਈ ਨਹੀਂ। ਤੇਰੇ ਖੰਭ ਸਿਰਫ਼ ਦਿਖਾਵੇ ਦੇ ਹਨ। ਤੇਰੀਆਂ ਗੱਲਾਂ ਸਿਰਫ਼ ਗੱਲਾਂ, ਕੋਈ ਅਰਥ ਨਹੀਂ ਇਹਨਾਂ ਸੁਪਨੀਲੀਆਂ ਗੱਲਾਂ ਦਾ।"

ਇੰਨੀ ਗੱਲ ਸੁਣਦਿਆਂ ਹੀ ਉਹ ਗੁੱਸੇ ਨਾਲ ਭਰ ਗਈ। ਪਹਿਲਾਂ ਉਸ ਨੇ ਆਪਣੇ ਖੰਭ ਨੋਚ ਸੁੱਟਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਕਰਦਿਆਂ ਉਹ ਨਫ਼ਰਤ ਨਾਲ ਨੱਕੋ-ਨੱਕ ਭਰ ਗਈ। ਗੁੱਸੇ ਵਿਚ ਚੀਕਣ ਲੱਗੀ, "ਹਾਂ! ਹਾਂ ਮੈਂ ਪਰੀ ਨਹੀਂ। ਮੇਰੇ ਖੰਭ ਵੀ ਨਕਲੀ ਨੇ, ਮੈਂ ਵੀ ਨਕਲੀ ਅਤੇ ਮੇਰਾ ਪਿਆਰ ਵੀ ਨਕਲੀ। ਨੋਚ ਸੁੱਟ ਇਨ੍ਹਾਂ ਨੂੰ ਅਤੇ ਮੈਨੂੰ ਵੀ ਮਿਟਾ ਦੇ।"

ਮੈਂ ਉਸ ਦੀ ਹਾਲਤ ਸਮਝ ਸਕਦਾ ਸਾਂ। ਮੈਨੂੰ ਪਤਾ ਸੀ ਕਿ ਉਹ ਇਹ ਸਭ ਕੁਝ ਗੁੱਸੇ ਵਿਚ ਬੋਲ ਰਹੀ ਹੈ। ਮੈਂ ਜਾਣਦਾ ਹਾਂ, ਸੱਚਮੁੱਚ ਉਹ ਪਰੀ ਹੈ, ਪਰ ਅੰਦਰ ਬੈਠਾ ਪਤਾ ਨਹੀਂ ਕਿਹੜਾ ਡਰ ਉਸ ਨੂੰ ਉਡਣ ਨਹੀਂ ਦੇ ਰਿਹਾ। ਸ਼ਾਇਦ ਇਹ ਉਸ ਦੇ ਅੰਦਰ ਰਚੀਆਂ ਹੋਈਆਂ ਉਸ ਟਾਪੂ ਦੀਆਂ ਪਰੰਪਰਾਵਾਂ ਹਨ। ਉਹ ਸਲੀਕਾ ਹੈ, ਜਿਸ ਨੇ ਉਸ ਨੂੰ ਇਸ ਮਾਹੌਲ ਵਿਚ ਵੀ ਜੀਣ ਦੀ ਆਦਤ ਪਾ ਦਿੱਤੀ ਹੈ।

ਕਾਫੀ ਦੇਰ ਇਨ੍ਹਾਂ ਖ਼ਿਆਲਾਂ ਵਿਚ ਡੁੱਬਿਆ ਰਿਹਾ। ਕੁਝ ਪਲਾਂ ਬਾਅਦ ਮੈਂ ਦੇਖ ਰਿਹਾ ਸਾਂ ਕਿ ਹੁਣ ਉਹ ਪਹਿਲਾਂ ਨਾਲੋਂ ਕੁਝ ਸ਼ਾਂਤ ਲੱਗ ਰਹੀ ਹੈ। ਉਸ ਨੇ ਚੀਕਣਾ ਬੰਦ ਕਰ ਦਿੱਤਾ, ਪਰ ਅੰਦਰ ਉਹ ਬਲ਼ ਰਹੀ ਸੀ। ਆਪਣੇ ਖੰਭਾਂ ਨੂੰ ਪੂਰੀ ਤਾਕਤ ਨਾਲ ਤਰੰਗਾਂ ਭੇਜ ਰਹੀ ਸੀ। ਅੱਜ ਉਹ ਕੁਝ ਵੀ ਕਰਨ ਲਈ ਉਤਾਰੂ ਸੀ। ਉਸ ਦੀਆਂ ਅੱਖਾਂ ਦਗ਼ ਰਹੀਆਂ ਸਨ। ਉਸ ਦੀਆਂ ਮੁੱਠੀਆਂ ਜ਼ੋਰ ਨਾਲ ਘੁੱਟੀਆਂ ਗਈਆਂ। ਪੈਰ ਕਿਸੇ ਦੌੜਾਕ ਵਾਂਗ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਵਾਲੀ ਪੁਜ਼ੀਸ਼ਨ 'ਤੇ ਆ ਗਏ। ਦੰਦ ਕਰੀਚੇ ਗਏ ਅਤੇ ਵਾਲ਼ ਖੁੱਲ੍ਹ ਕੇ ਹਵਾ ਨਾਲ ਲਹਿਰਾਉਣ ਲੱਗ ਪਏ। ਪੂਰਾ ਜ਼ੋਰ ਲਾ ਕੇ ਉਸ ਨੇ ਆਪਣੇ ਗੋਡੇ ਥੋੜ੍ਹੇ ਜਿਹੇ ਮੋੜ ਲਏ। ਇਕ ਜ਼ੋਰਦਾਰ ਹਨੇਰੀ ਝੁੱਲੀ। ਉਸ ਦੇ ਖੰਭ ਪੂਰੀ ਤਰ੍ਹਾਂ ਫੈਲ ਗਏ। ਮੇਰੀਆਂ ਨਜ਼ਰਾਂ ਦੇ ਸਾਹਮਣੇ ਵਾਲਾ ਆਕਾਸ਼ ਉਸ ਦੇ ਖੰਭਾਂ ਨੇ ਢਕ ਲਿਆ। ਫਿਰ ਉਹ ਇਕ ਦਮ ਛਾਲ਼ ਮਾਰ ਕੇ ਹਵਾ ਵਿਚ ਉੱਡ ਗਈ।

ਮੈਨੂੰ ਇਕ ਜ਼ੋਰਦਾਰ ਝਟਕਾ ਲੱਗਿਆ। ਮੈਂ ਇਕ ਦਮ ਪੁੱਠਾ ਲਟਕ ਗਿਆ। ਧਰਤੀ ਮੇਰੇ ਸਿਰ ਪਰਨੇ ਸੀ ਤੇ ਪੈਰਾਂ ਵੱਲ ਆਸਮਾਨ। ਉੱਪਰ ਦੇਖਿਆ ਤਾਂ ਪਰੀ ਉਡੀ ਜਾ ਰਹੀ ਸੀ। ਇਕ ਬੇੜੀ ਨਾਲ ਦੋਹਾਂ ਦੇ ਪੈਰ ਬੱਝੇ ਹੋਣ ਕਰਕੇ ਮੈਂ ਉਸ ਦੇ ਹੇਠਾਂ ਲਟਕ ਰਿਹਾ ਸਾਂ। ਉਹ ਉਡਦੀ ਹੋਈ, ਉੱਚੀ ਹੋਰ ਉੱਚੀ ਹੁੰਦੀ ਜਾ ਰਹੀ ਸੀ। ਉੱਚੀ-ਉੱਚੀ ਹੱਸ ਰਹੀ ਸੀ। ਬੋਲ ਰਹੀ ਸੀ।

"ਕਿਉਂ ਬੱਚੂ ਮੈਂ ਪਰੀ ਨਹੀਂ? ਮੈਂ ਸਿਰਫ਼ ਉਡਣ ਦੀਆਂ ਗੱਲਾਂ ਕਰਦੀ ਆਂ। ਉਡ ਨਹੀਂ ਸਕਦੀ। ਉਡਣਾ ਈ ਨੀ ਮੈਂ ਕਦੀ? ਰੋਜ਼ ਤਾਅਨੇ ਮਾਰ-ਮਾਰ ਕੇ ਮੇਰਾ ਜੀਣਾ ਹਰਾਮ ਕਰ ਦਿੱਤਾ ਤੂੰ। ਤੇਰੇ ਪਿਆਰ ਵਿਚ ਅੰਨ੍ਹੀ ਹੋਈ ਸਭ ਕੁਝ ਸੁਣਦੀ ਰਹੀ ਮੈਂ। ਹੁਣ ਦੱਸ ਬ੍ਰਹਿਮੰਡ ਵਿਚ ਕਿੱਥੇ ਪਟਕਾ ਕੇ ਮਾਰਾਂ ਤੈਨੂੰ?"

ਇਕ ਵਾਰ ਫਿਰ ਉਹ ਕੂਕਾਂ ਮਾਰ ਕੇ ਹੱਸਣ ਲੱਗ ਪਈ। ਤੇਜ਼ੀ ਨਾਲ ਬੱਦਲ਼ਾਂ ਨੂੰ ਚੀਰਦੀ ਹੋਈ ਉੱਪਰ ਹੋਰ ਉੱਪਰ ਉਡਦੀ ਜਾ ਰਹੀ ਸੀ। ਧੁੰਦ, ਧੂੰਏ ਅਤੇ ਬੱਦਲ਼ਾਂ ਦੇ ਗ਼ੁਬਾਰ ਵਿਚ ਮੈਨੂੰ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਪੁੱਠੇ ਲਟਕਦਿਆਂ ਖ਼ੂਨ ਦਾ ਦੌਰਾ ਮੇਰੇ ਦਿਮਾਗ਼ ਦੀਆਂ ਨਾੜਾਂ ਪਾੜ ਕੇ ਬਾਹਰ ਆਉਣ ਨੂੰ ਕਾਹਲ਼ਾ ਸੀ। ਹੌਲ਼ੀ-ਹੌਲ਼ੀ ਮੇਰੇ 'ਤੇ ਬੇਹੋਸ਼ੀ ਛਾਅ ਗਈ। ਅੱਖਾਂ ਮੀਚੀਆਂ ਗਈਆਂ। ਇਕ ਧੜਾਮ ਦੀ ਆਵਾਜ਼ ਆਈ ਅਤੇ ਮੇਰੀ ਪਿੱਠ ਮੈਨੂੰ ਸਖ਼ਤ ਸਤਹ 'ਤੇ ਵੱਜੀ ਮਹਿਸੂਸ ਹੋਈ।

ਅਚਾਨਕ ਮੇਰੀ ਅੱਖ ਖੁੱਲ੍ਹੀ। ਮੈਂ ਉੱਥੇ ਹੀ ਪੱਥਰ ਨਾਲ ਟੇਕ ਲਾਈ ਸੌਂ ਰਿਹਾ ਸਾਂ, ਜਿੱਥੇ ਟਾਪੂ ਦਾ ਚੱਕਰ ਲਾਉਂਦਿਆਂ ਥੱਕ ਕੇ ਆਰਾਮ ਕਰਨ ਲਈ ਬੈਠ ਗਿਆ ਸਾਂ। ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਭਿਆਨਕ ਸੁਪਨੇ ਵਿਚੋਂ ਅੱਭੜਵਾਹੇ ਉੱਠਿਆ ਹਾਂ। ਮੇਰਾ ਅੰਗ-ਅੰਗ ਹਾਲੇ ਦੁੱਖ ਰਿਹਾ ਸੀ। ਮੈਂ ਉੱਠ ਕੇ ਇੱਧਰ-ਉੱਧਰ ਦੇਖਣ ਲੱਗਾ। ਦੋ ਕਦਮ ਤੁਰਿਆ ਤਾਂ ਮੈਨੂੰ ਆਪਣੇ ਪੈਰਾਂ ਨਾਲ ਠੰਢੇ ਲੋਹੇ ਦੀ ਛੋਹ ਦਾ ਅਹਿਸਾਸ ਹੋਇਆ। ਮੈਂ ਇਕ ਦਮ ਆਪਣੇ ਪੈਰਾਂ ਵੱਲ ਦੇਖਿਆ। ਇਹ ਕੀ? ਇਹ ਤਾਂ ਉਹੀ ਬੇੜੀ ਐ, ਜਿਹੜੀ ਮੇਰੇ ਅਤੇ ਪਰੀ ਦੇ ਪੈਰਾਂ ਵਿਚ ਪਾਈ ਹੋਈ ਸੀ। ਪਹਿਲਾਂ ਨਾਲੋਂ ਅੱਧੀ, ਇੰਝ ਲੱਗ ਰਿਹਾ ਸੀ ਜਿਵੇਂ ਉਸ ਦਾ ਅੱਧਾ ਹਿੱਸਾ ਮੇਰੇ ਪੈਰਾਂ ਵਿਚ ਜਕੜਿਆ ਰਹਿ ਗਿਆ ਹੋਵੇ। ਮੈਂ ਅਸਮਾਨ ਵੱਲ ਤੱਕਿਆ। ਉਹ ਪਰੀ ਮੁਸਕਰਾਉਂਦੀ ਹੋਈ ਐਨ ਮੇਰੇ ਸਿਰ ਦੇ ਕੋਲੋਂ ਦੀ ਉਡਦੀ ਹੋਈ ਲੰਘੀ ਅਤੇ ਫੇਰ ਆਸਮਾਨ ਵੱਲ ਦੂਰ ਜਾਂਦੀ ਹੋਈ ਨਜ਼ਰ ਆ ਰਹੀ ਸੀ। ਉਸ ਦੇ ਪੈਰਾਂ ਵਿਚ ਵੀ ਉਸੇ ਬੇੜੀ ਦਾ ਬਾਕੀ ਅੱਧਾ ਹਿੱਸਾ ਲਟਕਦਾ ਹੋਇਆ ਨਜ਼ਰ ਆਇਆ। ਦੇਖਦਿਆਂ ਹੀ ਦੇਖਦਿਆਂ ਉਹ ਬੱਦਲ਼ਾਂ ਵਿਚ ਅਲੋਪ ਹੋ ਗਈ। ਮੈਂ ਫੇਰ ਧਰਤੀ 'ਤੇ ਬੈਠ ਗਿਆ ਅਤੇ ਆਪਣੀ ਪੈਰਾਂ ਦੀ ਬੇੜੀ ਨੂੰ ਗੌਰ ਨਾਲ ਵੇਖਣ ਲੱਗਾ। ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਬੇੜੀ ਨੂੰ ਬੜੇ ਸਲੀਕੇ ਨਾਲ ਦੋ ਹਿੱਸਿਆਂ ਵਿਚ ਇਸ ਤਰ੍ਹਾਂ ਵੰਡਿਆਂ ਹੋਵੇ, ਜਿਸ ਨਾਲ ਬਿਨਾਂ ਖੁੱਲ੍ਹੇ ਇਸ ਦਾ ਇਕ ਹਿੱਸਾ ਮੇਰੇ ਪੈਰਾਂ ਵਿਚ ਪਿਆ ਰਹਿ ਗਿਆ ਅਤੇ ਦੂਸਰਾ ਹਿੱਸਾ ਉਸ ਪਰੀ ਦੇ ਪੈਰਾਂ ਵਿਚ। ਮੈਂ ਹਾਲੇ ਸ਼ਸ਼ੋਪੰਜ ਵਿਚ ਡੁੱਬਿਆ ਹੋਇਆਂ ਸਾਂ ਕਿ ਆਕਾਸ਼ਵਾਣੀ ਹੋਈ।

"ਇਹ ਬੇੜੀ ਨਾ ਤੂੰ ਇਕੱਲਾ ਖੋਲ੍ਹ ਸਕੇਂਗਾ ਅਤੇ ਨਾ ਉਹ ਪਰੀ। ਇਸ ਨੂੰ ਖੋਲ੍ਹਣ ਲਈ ਤੁਹਾਨੂੰ ਇਕੱਠੇ ਹੋਣਾ ਈ ਪਵੇਗਾ। ਤੁਹਾਡੇ ਦੋਵਾਂ ਦੀ ਸਹਿਮਤੀ ਤੋਂ ਬਿਨਾਂ ਇਹ ਬੇੜੀ ਕਦੇ ਨਹੀਂ ਖੁੱਲ੍ਹ ਸਕਦੀ।"

ਮੇਰੇ ਦਿਲ ਨੂੰ ਇਕ ਧਰਵਾਸ ਮਿਲਿਆ। ਪਰੀ ਉਡਣ ਲੱਗ ਪਈ ਸੀ। ਭਾਵੇਂ ਮੇਰੇ ਨਾਲ ਗੁੱਸੇ ਸੀ, ਸ਼ਾਇਦ ਨਫ਼ਰਤ ਦੀ ਹੱਦ ਤਕ ਗੁੱਸੇ। ਮੈਨੂੰ ਇਕਲਾਪੇ ਦੇ ਟਾਪੂ 'ਤੇ ਸੁੱਟ ਕੇ ਆਪ ਅੰਬਰ ਵਿਚ ਉਡਾਰੀਆਂ ਲਾ ਰਹੀ ਸੀ। ਮੈਨੂੰ ਪੂਰੀ ਆਸ ਐ ਕਿ ਇਕ ਦਿਨ ਉਹ ਆਵੇਗੀ ਜ਼ਰੂਰ, ਚਾਹੇ ਆਪਣੀ ਬੇੜੀ ਖੋਲ੍ਹਣ ਲਈ ਹੀ ਆਵੇ। ਸ਼ਾਇਦ ਕਦੇ ਉਸ ਨੂੰ ਸਮਝ ਆ ਜਾਵੇ ਕਿ ਮੈਂ ਇਹ ਸਭ ਕੁਝ ਕਿਉਂ ਕੀਤਾ ਤੇ ਗਿਲੇ-ਸ਼ਿਕਵੇ ਭੁਲਾ ਕੇ ਮੈਨੂੰ ਗਲ਼ ਨਾ ਲਾ ਲਵੇ।

ਅੱਜ-ਕੱਲ੍ਹ ਮੈਂ ਰੋਜ਼ ਉਸ ਨੂੰ ਆਸਮਾਨ ਵਿਚ ਉਡਦੇ ਦੇਖਦਾਂ। ਕਈ ਵਾਰ ਉਹ ਮੇਰੇ ਬਹੁਤ ਨੇੜਿਉਂ ਲੰਘਦੀ ਐ। ਮੈਂ ਗੱਲ ਕਰਨ ਦੀ ਕੋਸ਼ਿਸ਼ ਕਰਦਾਂ, ਪਰ ਉਹ ਜਵਾਬ ਨਹੀਂ ਦਿੰਦੀ। ਇਕਲਾਪੇ ਦੇ ਇਸ ਟਾਪੂ 'ਤੇ ਉਸ ਦੀ ਉਡੀਕ ਦਾ ਬਹਾਨਾ ਮੇਰੇ ਜਿਉਣ ਲਈ ਕਾਫ਼ੀ ਐ। ਉਡੀਕ ਉਸ ਦਿਨ ਦੀ ਜਿਸ ਦਿਨ ਮੈਂ ਵੀ ਉਸ ਨਾਲ ਇਕ ਨਵੀਂ ਉਡਾਣ ਭਰਾਂਗਾ।□□

[ਨਵੀਂ ਦਿੱਲੀ, ਮੋਬਾਈਲ 09818003625, Email deepjagdeepsingh@gmail.com]

ਪੰਜਾਬੀ ਦਾ ਵਿਕਾਸ

ਸੁਰਜੀਤ ਹਾਂਸ

ਮੇਰੀ ਸਨਿਮਰ ਗੁਸਤਾਖੀ ਹੈ ਕਿ ਸਾਨੂੰ ਪੰਜਾਬੀ ਦਾ ਵਿਕਾਸ ਕਰਨਾ ਨਹੀਂ ਆਉਂਦਾ। ਲੇਖ ਦੇ ਅੰਤ ਵਿਚ ਮੈਂ ਕਹੂੰਗਾ ਕਿ ਪੰਜਾਬੀਆਂ ਨੂੰ ਆਪਣਾ ਵਿਕਾਸ ਕਰਨਾ ਨਹੀਂ ਆਉਂਦਾ। ਲੇਖ ਦੇ ਅੰਤ ਵਿਚ ਮੈਂ ਕਹੂੰਗਾ ਕਿ ਪੰਜਾਬੀਆਂ ਨੂੰ ਆਪਣਾ ਵਿਕਾਸ ਕਰਨਾ ਨਹੀਂ ਆਉਂਦਾ। ਮੈਂ ਇਹਦੀ ਸੰਸਥਾਈ ਮਿਸਾਲ ਦਿੰਦਾ ਹਾਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਕਟ ਵਿਚ ਕੇਵਲ ਦੋ ਵਿਭਾਗਾਂ ਦਾ ਜ਼ਿਕਰ ਹੈ। 'ਪੰਜਾਬੀ ਭਾਸ਼ਾ ਸਾਹਿਤ ਅਤੇ ਕਲਚਰ' ਦਾ, ਅਤੇ 'ਗੁਰੂ ਨਾਨਕ ਅਧਿਐਨ' ਅਤੇ ਉਹਨਾਂ ਦਾ ਅੰਤਰਰਾਸ਼ਟਰੀ ਸੰਦਰਭ ਦਾ। ਯੂਨੀਵਰਸਿਟੀ ਦਾ ਹੋਰ ਕੋਈ ਵਿਭਾਗ ਹੋਵੇ ਨਾ ਹੋਵੇ ਪਰ ਇਹ ਵਿਭਾਗ ਖਤਮ ਨਹੀਂ ਹੋ ਸਕਦੇ। ਪੰਜਾਬੀ ਭਾਸ਼ਾ ਵਿਭਾਗ ਦੀ ਕਾਰਗੁਜ਼ਾਰੀ 'ਚ ਜਾਣ ਦੀ ਲੋੜ ਨਹੀਂ। ਇਹਨੂੰ 'ਪੰਜਾਬੀ ਅਧਿਐਨ ਸਕੂਲ' ਦੇ ਨਾਉਂ ਥੱਲੇ ਪੰਜਾਬੀ ਵਿਭਾਗ ਨਾਲ ਰਲ਼ਾ ਦਿੱਤਾ। ਸਕੂਲ ਦਾ ਨਾਉਂ ਤਾਂ ਇਹਦੀ 'ਬੱਲੋ' ਪਈ 'ਤੇ ਪਰਦਾ ਪਾਉਣਾ ਸੀ। ਉਪ ਕੁਲਪਤੀ ਨੂੰ ਤਾਂ ਰਹਿਣ ਦਿਉ, ਵਿਦਿਆ ਸਕੱਤਰ, ਡੀ.ਪੀ.ਆਈ. ਅਤੇ ਹੋਰ ਵਿਭਾਗਾਂ ਤੇ ਕਾਲਿਜਾਂ ਦੇ ਵਿਦਵਾਨਾਂ, ਕਲਾ ਦੇ ਪਬਲਿਕ ਵਿਅਕਤੀਆਂ 'ਚੋਂ ਕਿਸੇ ਨੇ ਉਜ਼ਰ ਨਹੀਂ ਕੀਤਾ ਬਈ ਇਹ ਕੰਮ ਤੁਸੀਂ ਤਾਂ ਕੀ ਸਰਕਾਰ ਵੀ ਨਹੀਂ ਕਰ ਸਕਦੀ। ਕੇਵਲ ਵਿਧਾਨ ਸਭਾ ਕਰ ਸਕਦੀ ਹੈ, ਜਿਸਨੇ ਇਹਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਇਆ ਸੀ। ਏਸ ਵਿਭਾਗ ਨੂੰ ਪੰਜਾਬੀ ਵਿਭਾਗ ਨਾਲ ਰਲਾਉਣ ਦਾ ਮਤਲਬ ਸੀ ਜੋ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਪੰਜਾਬੀ ਦਾ ਵਿਕਾਸ ਕਿਵੇਂ ਕਰਨਾ ਹੈ।

000

ਪੰਜਾਬੀ ਆਲੋਚਨਾ ਨੇ ਬੇਸ਼ੱਕ ਪ੍ਰਗਤੀ ਕੀਤੀ ਹੈ ਜੋ ਸੁਤੰਤਰ ਚਿੰਤਨ ਨੂੰ ਭਲੀ ਭਾਂਤ ਆਪਣਾ ਮਾਧਯਮ ਬਣਾ ਸਕਦੀ ਹੈ। ਇਹ ਬੁਨਿਆਦੀ ਸ਼ਬਦਾਵਲੀ ਵੱਲ ਧਿਆਨ ਦੇਣ ਦੀ ਲੋੜ ਹੈ। ਉੱਦਾਤ ਨੂੰ sublime ਲਈ ਵਰਤਿਆ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ 'ਉੱਦਾਤ ਉੱਚੀ ਸੁਰ ਲਈ ਵਰਤਿਆ ਜਾਂਦਾ ਅੱਖਰ' ਹੈ। ਕਟਾਖ 'ਅੱਖ ਦੇ ਕੋਏ ਨਾਲ ਵੇਖਣਾ, ਟੇਢੀ ਨਜ਼ਰ, ਬਾਂਕੀ ਚਿਤਵਨ' ਹੈ। ਇਹ ਪੂਰਵ ਅੰਗਰੇਜ਼ ਸਮੇਂ ਤਾਂ ਕਿਰਪਾ ਕਟਾਖ ਹੁੰਦੀ ਸੀ। ਆਜ਼ਾਦੀ ਮਗਰੋਂ ਭਾਸ਼ਾਈ ਵਿਕਾਸ ਨਾਲ ਤਨਜ਼ satire ਬਣ ਗਈ। ਵਿਡੰਬਨਾ ਕਦੇ 'ਵਿਡੰਬਣ, ਵਿਡਾਣ, ਆਡੰਬਰ' ਹੁੰਦੀ ਸੀ ਜੋ irony ਬਣ ਗਈ, 'ਆਉਰੇ ਕੀ ਆਉਰੇ ਭਈ ਵੇਖੋ ਇਹ ਵਿਡਾਣ'। ਪੰਜਾਬੀ ਆਲੋਚਨਾ ਨੇ ਜੋ ਅਰਥ-ਵ੍ਰਿਧੀ ਕੀਤੀ ਹੈ, ਉਹਦੇ 'ਤੇ ਉਜ਼ਰ ਕਰਨ ਦੀ ਲੋੜ ਨਹੀਂ ਪਰ ਸੁਘੜ ਵਿਦਿਆਰਥੀਆਂ ਨੂੰ ਮੌਲਿਕ ਅਰਥਾਂ ਦਾ ਪਤਾ ਹੋਣਾ ਚਾਹੀਦਾ ਹੈ। ਸੰਸਕ੍ਰਿਤ ਵਿਚ ਕਿਸੇ ਸ਼ਬਦ ਦੇ ਦੋ ਵਿਰੋਧੀ ਅਰਥ ਹੋ ਸਕਦੇ ਹਨ। 'ਸੰਹਾਰ' ਦੇ ਮਹਿਨੇ ਵਿਨਾਸ ਅਤੇ ਇਕੱਠਾ ਕਰਨਾ ਵੀ ਹੈ ਜਿਸ ਕਰਕੇ ਵਾਲ਼ਾਂ ਦਾ ਸਟਾਈਲ 'ਕੇਸ਼-ਸੰਹਾਰ' ਹੋ ਜਾਂਦਾ ਹੈ।

ਵਿਕਾਸ ਦੀ ਦੌੜ ਵਿਚ ਠੇਡਾ ਖਾ ਕੇ ਡਿੱਗਣ ਦੇ ਮੌਕੇ ਵੀ ਆਏ ਹਨ। Poetics ਨੂੰ ਕਾਵਿ ਸ਼ਾਸਤਰ ਬਣਾ ਦਿੱਤਾ ਜੋ ਕਈਆਂ ਨੇ ਨਾਮੀ ਕਹਾਣੀਕਾਰਾਂ ਦੇ ਕਹਾਣੀ-ਦੇ-ਕਾਵਿਸ਼ਾਸਤਰ ਵੀ ਲਿਖੇ ਹਨ। ਯੂਨਾਨੀ ਵਿਚ 'ਪੋਈਕ' ਬਣਾਉਣਾ ਹੈ। ਅਰਸਤੂ ਨੇ ਆਪਣੀ ਕਿਤਾਬ ਵਿਚ ਡਰਾਮਾ ਬਣਾਉਣ ਬਾਰੇ ਲਿਖਿਆ ਹੈ। ਦਿਵੰਗਤ 'ਸੁਰਗ ਨੂੰ

ਗਿਆ', ਹਿਮਗਤ 'ਬਰਫ ਬਣ ਗਿਆ/ਹੋ ਗਿਆ', ਜੋ 'ਵਿਅਕਤੀਗਤ ਫੈਸਲਾ' ਨਾ ਆਪ ਵਿਅਕਤੀ ਹੋ ਸਕਦਾ ਹੈ, ਨਾ ਇਹ ਵਿਅਕਤੀ ਦਾ ਹੋ ਸਕਦਾ ਹੈ। -ਕਰਨ ਪਿਛੇਤਰ ਦੇ ਬਹੁਤੇ ਅਨੁਵਾਦ ਅੰਗਰੇਜ਼ੀ ਦੀ ਪੈਰ ਪੈਰ 'ਤੇ ਨਕਲ ਹੈ। Globalization ਗਲੋਬੀਕਰਨ ਤੋਂ ਵਧ ਕੇ ਗਲੋਬਲੀਕਰਨ ਹੋ ਗਿਆ। ਮੇਰੀ ਸੰਸਕ੍ਰਿਤ ਨਾਲ ਇਹਦੇ ਕੋਸ਼ ਤੋਂ ਵਧੇਰੇ ਜਾਣਕਾਰੀ ਨਹੀਂ। ਪਰ ਸੰਸਕ੍ਰਿਤ ਵਿਚ ਹੀ ਅਮੂਰਤ ਨਾਉਂ abstract noun ਦੇ ਯ ਜਾਂ ਯਾ ਪਛੇਤਰਾਂ ਵਾਲੇ ਕਰਨ ਪਿਛੇਤਰ ਤੋਂ ਕਿਤੇ ਵੱਧ ਗਿਣਤੀ 'ਚ ਹਨ। 'ਅਪਸਰਸ਼' ਅਪਸਰਾ ਹੈ ਜਿਸ ਤੋਂ ਕਿਰਿਆ (verb) 'ਅਪਸਰਾਯ' ਅਪਸਰਾ ਵਾਲਾ ਕਾਰ ਵਿਹਾਰ ਕਰਨਾ; 'ਅਪਸਰਾਯਤ' ਅਪਸਰਾ ਬਣਾ ਦਿੱਤੀ ਜਾਂ ਅਪਸਰਾ ਹੋ ਗਈ ਹੈ। ਇੰਝ 'ਬਧਿਰਾ' ਤੋਂ 'ਬਧਿਰਯ' ਕਿਰਿਆ ਹੈ। ਪੰਜਾਬੀ ਦੇ ਵਿਕਾਸ ਨੂੰ 'ਸਪਸ਼ਟੀਕਰਨ' 'ਸਾਧਾਰਨੀਕਰਨ' ਦੇ ਮਾਹਿਰਾਂ ਦਾ ਰੋਗ ਲੱਗਿਆ ਹੋਇਆ। ਇਹਨਾਂ ਦੀ ਕੂਕਰ ਸੰਸਕ੍ਰਿਤ ਜਿਵੇਂ doghation ਨਵੇਂ ਪਾਠਕਾਂ ਨੂੰ ਡਰਾਈ ਜਾਂਦੀ ਹੈ। ਇਹੀ ਪੰਜਾਬੀ ਨੂੰ ਸੰਸਕ੍ਰਿਤਾਉਣ ਦੇ ਖਿਲਾਫ ਝੰਡਾ ਚੁੱਕੀ ਫਿਰਦੇ ਹਨ। ਸੰਸਕ੍ਰਿਤ ਅੰਗ 'ਤੇ ਸਹੀ ਰਾਹ ਪਾਈ ਪੰਜਾਬੀ ਸੋਘੀ ਸੁਖਾਲ਼ੀ ਹੁੰਦੀ ਹੈ। ਸਵਾਦ(ਸਵਾਦੁ) ਤੋਂ 'ਸਵਾਦੁ-ਕਰੀ' ਮਿੱਠਾ ਕਰਨਾ ਹੈ ਜੋ ਨਾਲ ਹੀ 'ਸਵਾਦ-ਯ' ਸਵਾਦ ਵੇਖਣਾ ਹੈ।

ਖਲੀਫਾ ਹਾਰੂੰ ਰਸ਼ੀਦ (786-809) ਨੇ ਅਰਬੀ ਜ਼ੁਬਾਨ ਦੀ ਤਰੱਕੀ ਲਈ ਬਗ਼ਦਾਦ ਵਿਚ ਦਾਰ-ਉਲ-ਹਿਕਮ (ਸਿਆਣਪ ਦਾ ਘਰ) ਵਿਚ 68 ਯਵਨ ਲਿਖਾਰੀਆਂ ਦੇ ਅਨੁਵਾਦ ਕਰਵਾਏ। ਨਾਲ ਕਿਸੇ ਲਿਖਾਰੀ ਦੀਆਂ, ਜਿਵੇਂ ਹਕੀਮ ਅਰਸਤੂ, ਅਫਲਾਤੂਨ ਦੀਆਂ ਇਕ ਤੋਂ ਵੱਧ ਰਚਨਾਵਾਂ ਹੋ ਸਕਦੀਆਂ ਹਨ। ਇਸ ਕਰ ਕੇ ਅਰਬੀ-ਉਰਦੂ-ਫਾਰਸੀ ਦੇ ਕਈ ਲਫਜ਼ ਯੂਨਾਨੀ ਹੁੰਦੇ ਹਨ ਜਿਵੇਂ 'ਕਲੀਮਾ' ਤੋਂ ਅਕਲੀਮ, 'ਜੀਨੱਸ' ਤੋਂ ਜਿਨਸ, 'ਜਿਉਗਰਾਫੀਆ' ਤੋਂ ਜੁਗਰਾਫੀਆ। ਮੈਨੂੰ ਅਫਸੋਸ ਹੈ ਕਿ ਮੈਂ ਕਿਸੇ ਅੱਜੋਕੇ ਲੇਖ ਵਿਚ ਜੁਗਰਾਫੀਆ ਦੀ 'ਆ' ਨੂੰ ਉਰਦੂ ਦਾ ਵਾਧਾ ਕਿਹਾ। ਹਾਰੂੰ ਰਸ਼ੀਦ ਦੀ ਸਿਆਣਪ ਇਸਲਾਮੀ ਫਲਸਫੇ ਅਤੇ ਅਰਬੀ ਵਿਗਿਆਨ ਦੀ ਬੁਨਿਆਦ ਸਿੱਧ ਹੋਈ। ਅਸੀਂ, ਆਸ ਹੈ ਕਿ ਭਾਸ਼ਾ ਵਿਭਾਗ (ਪੰਜਾਬ ਸਰਕਾਰ) ਅਤੇ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਸਦਕੇ ਕਿਸੇ ਦਿਨ ਹਾਰੂੰ ਰਸ਼ੀਦ ਦੀ ਘਾਲਣਾ ਜੋਗੇ ਹੋ ਜਾਣਾ ਹੈ। ਜੋ ਅਸੀਂ ਕਿੰਨਾ ਕੁ ਉਹਦੇ ਬਰਾਬਰ ਦੇ ਹੋਏ ਹਾਂ, ਮੈਨੂੰ ਪਤਾ ਨਹੀਂ।

ਆਲੋਚਨਾ ਬੰਦਿਆਂ ਦੀ ਹੋ ਸਕਦੀ ਹੈ, ਸੰਸਥਾਵਾਂ ਦੀ ਨਹੀਂ। ਸੰਸਥਾਵਾਂ ਲਈ ਤਾਂ ਨੇਕ ਖਿਆਲ ਹੀ ਸੋਂਹਦੇ ਹਨ॥

ਅਨੁਵਾਦ ਲਈ ਡਿਕਸ਼ਨਰੀਆਂ ਸਹਾਈ ਤਾਂ ਹੁੰਦੀਆਂ ਪਰ ਕੱਲਮ ਕੱਲਾ ਸਾਰਦੀਆਂ ਨਹੀਂ ਜਿਵੇਂ ਅਤਰ ਸਿੰਘ-ਬਲਬੀਰ ਸਿੰਘ ਸੰਧੂ English-Panjabi Dictionary ਵਿਚ ਆਪ ਕਹਿੰਦੇ ਹਨ in some cases, new words have wither been borrowed or coined.

ਬੁੱਧਾਂ ਦੀ ਸੰਸਕ੍ਰਿਤ ਦਾ ਭਾਸ਼ਾ ਵਿਗਿਆਨ 19ਵੀਂ ਸਦੀ ਤਕ ਸਾਰੀ ਦੁਨੀਆਂ ਤੋਂ ਚੜ੍ਹਵਾਂ ਸੀ। ਸੰਸਕ੍ਰਿਤ ਦੀ ਸੰਧੀ ਜਨਤਕ ਉਚਾਰਣ ਦਾ ਨਿਰੀਖਣ ਸੀ। ਅੱਜ ਦੇ ਸ਼ਡੂਲਡ ਕਾਸਟ scheduled caste ਸ ਨੂੰ ਵੰ ਬੋਲਦੇ ਹਨ ਜੋ ਸ ਸ ਦੀ ਸੰਧੀ ਵਿਚ ਛ ਹੋ ਜਾਂਦਾ ਹੈ। ਘੋਖਣਾ ਅਸਲ 'ਚ ਘੋਸ਼ਣਾ ਹੈ। ਜੇ ਕਿਸੇ ਸ਼ਬਦ ਨੂੰ ਧਿਆਨ ਨਾਲ ਬੋਲਿਆ, ਘੋਸ਼ ਲੀਤਾ ਜਾਵੇ, ਤਾਂ ਉਹਦੇ ਅੰਸ਼ ਆਪੇ ਹੀ ਗ੍ਰਹਿਣ ਹੁੰਦੇ ਇਹਦਾ ਅਰਥ ਸਮਝਾ ਦਿੰਦੇ ਹਨ। ਘੋਖਣਾ ਦਾ ਦੂਤੀਆ

ਅਰਥ ਪੜਚੋਲ ਹੈ, ਪ੍ਰਾਥਮਿਕ ਨਹੀਂ। 'ਅਭਿਦਾ' ਸ਼ਬਦ ਦੇ ਵਾਚਯ ਅਰਥ ਨੂੰ ਸਪਸ਼ਟ ਕਰਨ ਵਾਲੋਂ ਸ਼ਕਤੀ... ਸ਼ਬਦ ਦੇ ਅਭਿਪ੍ਰਾਯ (ਮਕਸਦ) ਨੂੰ ਸਪਸ਼ਟ ਕਟਨ ਵਾਲੀ ਸ਼ਕਤੀ। ਸੋ ਮੰਤਵ-ਸ਼ਬਦ-ਅਰਥ ਪ੍ਰਕਿਰਿਆ ਹੈ। ਜਦੋਂ ਅਸੀਂ ਭਾਸ਼ਾ ਦੇ ਵਿਕਾਸ ਲਈ ਕਿਸੇ ਅਰਥ ਦਾ ਅਜਿਹਾ ਸ਼ਬਦ-ਨਿਰੂਪਣ ਕਰਨਾ, ਜਿਸਦੇ ਮੰਤਵ ਨੂੰ ਚਿੰਤਨ ਦੇ ਘੇਰੇ ਵਿਚ ਲਿਆਉਣਾ ਹੈ, ਤਾਂ ਸਾਨੂੰ ਅਨੁਵਾਦ ਦੀ ਸਮੱਸਿਆ ਸਮਝ ਆ ਜਾਂਦੀ ਹੈ- ਤੁਸੀਂ ਕੀ ਕਹਿਣਾ ਹੈ, ਇਹਨੂੰ ਕਿਹੜਾ ਸ਼ਬਦ ਕਹੇਗਾ, ਸਰੋਤੇ/ਪਾਠਕ ਦੇ ਕੀ ਪੱਲੇ ਪਏਗਾ। ਇਸੇ ਕਰਕੇ 'ਜੁਗਰਾਫੀਆ' ਉਧਾਰਾ ਲਿਆ ਗਿਆ ਹੈ, ਫੇਰ ਜਾਂ ਤਾਂ ਉੱਦਾਤ ਵਾਂਗੂੰ ਅਰਥ ਦੀ ਕਾਢ ਕੱਢੀ ਗਈ ਹੈ ਜਾਂ ਫਿਰ ਅਗੇਤਰ ਪਿਛੇਤਰ ਸਹਿਤ ਸ਼ਬਦ ਦੀ ਕਾਢ ਬਣ ਜਾਂਦੀ ਹੈ, ਜਿਵੇਂ 'ਦੂਰਦਰਸ਼ਨ'। ਸਾਡੇ ਚਿੰਤਨ ਵਿਚ ਪਹਿਲਾਂ sublime ਨਹੀਂ ਸੀ (ਡਰਾਵਣਾ ਅਤੇ ਸੁਹਣਾ) ਜਿਸ ਕਰਕੇ ਉੱਦਾਤ ਨੂੰ ਵ੍ਰਿਧ ਕੀਤਾ ਗਿਆ। ਸਾਡੇ ਵਿਹਾਰ ਵਿਚ ਸੁਪਨੇ ਤੋਂ ਛੁੱਟ ਦੂਰੋਂ ਦਰਸ਼ਨ ਨਹੀਂ ਹੁੰਦਾ ਸੀ- ਸੁਪਨਿਆ ਤੂੰ ਸੁਲਤਾਨ ਹੈਂ ਉੱਤਮ ਤੇਰੀ ਜਾਤ, ਜੋ ਵਰ੍ਹਿਆਂ ਦੇ ਵਿਛੜੇ ਆਣ ਮਿਲਾਵੇਂ ਰਾਤ। ਜਦੋਂ ਦੂਰੋਂ ਦਰਸ਼ਨ ਪਦਾਰਥਕ ਹੋ ਗਿਆ ਤਾਂ ਇਹਨੂੰ ਅਸੀਂ ਦੂਰਦਰਸਨ ਕਹਿਣ ਲੱਗੇ। ਸੋ ਮੰਤਵ ਅਤੇ ਅਰਥ ਵਿਚਕਾਰ ਸ਼ਬਦ ਦੀ ਲੋੜ ਹੈ ਜੋ ਭਾਸ਼ਾਈ ਮਜਬੂਰੀ ਹੈ। ਵਿਕਾਸ ਲਈ ਨਵਾਂ ਸ਼ਬਦ ਐਵੇਂ-ਕੈਵੇਂ ਨਹੀਂ ਹੋ ਸਕਦਾ। ਇਹਦਾ ਆਪਣੀ ਭਾਸ਼ਾ ਨਾਲ ਸੰਬੰਧ ਹੋਣਾ ਚਾਹੀਦਾ ਹੈ। ਜੇ ਸਾਡੇ ਸਮਾਜ ਵਿਚ 'ਨਾਨ' ਨਹੀਂ ਸੀ ਤਾਂ ਸ਼ਬਦ ਉਧਾਰਾ ਲਿਆ ਗਿਆ। ਫੇਰ bread ਲਈ ਡਬਲ ਰੋਟੀ ਤੋਂ ਇਹਦੀ ਵਰਤੋਂ ਅਤੇ ਆਕਾਰ ਦਾ ਅਨੁਮਾਨ ਲੱਗ ਜਾਂਦਾ ਹੈ। ਇਸੇ ਕਰਕੇ marginal ਨੂੰ 'ਹਾਸ਼ੀਏ 'ਤੇ' ਅਤੇ proletariat ਨੂੰ 'ਸਰਵ-ਹਾਰਾ'(ਸਭ ਕੁਝ ਖਾਣ ਵਾਲਾ) ਕਹਿਣਾ ਠੀਕ ਨਹੀਂ। ਯੂਨਾਨੀ ਵਿਚਾਰਾਂ ਨੂੰ ਅਰਬੀ ਸਰੀਰ ਦੇਣੇ ਸੌਖਾ ਕੰਮ ਨਹੀਂ ਸੀ ਅਤੇ ਸਿਆਣਪ ਦੀ ਲੋੜ ਸੀ ਜੋ ਭਵਿੱਖ ਵਿਚ ਸਿਆਣਪ ਦਾ ਕਾਰੋਬਾਰ ਚਲਦਾ ਰਹੇ। ਤਾਂ ਹੀ ਦਾਰ-ਉਲ ਹਿਕਮ ਦੀ ਸਥਾਪਨਾ ਦੀ ਲੋੜ ਪਈ ਸੀ।

ਭਾਸ਼ਾ ਦੇ ਵਿਕਾਸ ਦਾ ਕੰਮ ਮਤਿਆਂ, ਕਾਨਫਰੰਸਾਂ, ਸਿਆਸੀ ਐਲਾਨਾਂ ਰਾਹੀਂ ਨਹੀਂ ਹੋ ਸਕਦਾ; ਇਹ ਦਾਰ-ਉਲ ਹਿਕਮ ਦਾ ਕਾਰਜ ਹੈ। ਜੇ ਪਬਲਿਕ ਵਿਚ ਸਿਹਤ ਸਵਸਥ ਬਾਰੇ ਨਿਮਨਤਮ ਜਾਣਕਾਰੀ ਵੀ ਨਹੀਂ ਤਾਂ ਨੀਮ-ਹਕੀਮਾਂ quacks ਨੂੰ ਮੌਕਾ ਮਿਲ ਜਾਂਦਾ ਹੈ। ਇੰਝੇ ਰੋਗ ਦੀ ਲਾ-ਇਲਮੀ ਕਾਰਨ ਪੰਜਾਬੀ ਦੇ ਵਿਕਾਸ ਦੇ ਵੀ ਕਵੈਕ ਪੈਦਾ ਹੋਏ ਹਨ। ਕਿਸੇ ਨੇ ਪੰਜਾਬੀ ਜ਼ੁਬਾਨ ਨੂੰ ਸਰਕਾਰੀ ਭਾਸ਼ਾ ਬਣਾਉਣ ਬਾਰੇ ਲੇਖ ਲਿਖਿਆ ਸੀ ਜੋ ਲੈਕਚਰਾਂ, ਸਾਲ-ਗਰ੍ਹਾਵਾਂ (ਵਰ੍ਹੇਗੰਢਾਂ) ਅਖਬਾਰਾਂ ਵਿਚ ਪ੍ਰਕਾਸ਼ਤ ਹੁੰਦਾ ਰਿਹਾ, ਨਾਲੇ ਸ਼ੁਧ ਪਾਠ ਸਹਿਤ। ਓਧਰੋਂ ਸਰੋਤਿਆਂ ਨੂੰ ਵੀ ਸਵਾਦ ਆਉਂਦਾ ਰਿਹਾ, ਉਜ਼ਰ ਤਾਂ ਕਿਸੇ ਨੇ ਕੀ ਕਰਨਾ ਸੀ। ਇਹ ਤਾਂ ਰੋਗ ਦੀ ਲਾ-ਇਲਮੀ ਸੀ, ਕਿਸੇ ਦੀ ਕੀ ਕਮੀ ਹੋਣੀ ਸੀ।

ਪ੍ਰਕਾਸ਼ਕ ਅੰਗ 'ਤੇ ਪੰਜਾਬੀ ਦੇ ਵਿਕਾਸਕ ਹਨ, ਜਿਵੇਂ ਉਪਰ ਜ਼ਿਕਰ ਹੋਇਆ ਹੈ। ਇਕ ਵਿਕਾਸਕ ਹੈ ਜੇ ਉਹਦੀ ਦੂਏ ਤੀਏ ਦਿਨ ਖਬਰ ਅਤੇ ਹਫਤੇ ਵਿਚ ਤਸਵੀਰ ਛਪਦੀ ਰਹੇ ਤਾਂ ਪੰਜਾਬੀ ਦਾ ਵਿਕਾਸ ਹੋ ਜਾਂਦਾ ਹੈ।

ਪੰਜਾਬੀ ਦਾ ਵਿਕਾਸ ਸਮੁੱਚੇ ਵਿਦਿਆ ਪ੍ਰਬੰਧ ਦੀ ਜ਼ਿੰਮੇਵਾਰੀ ਹੈ। ਪੰਜਾਬ ਭਾਸ਼ਾ ਵਿਭਾਗ ਵਾਲੇ ਠੀਕ ਕਹਿੰਦੇ ਹਨ ਕਿ ਅਸੀਂ ਕਿਤਾਬਾਂ ਛਾਪਦੇ ਜ਼ਰੂਰ ਹਾਂ ਪਰ ਕਿਸੇ ਨੂੰ ਇਹਨਾਂ ਨੂੰ ਪੜ੍ਹਨ ਨਹੀਂ ਲਾ ਸਕਦੇ। ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਕੰਮ ਸਕੂਲਾਂ, ਕਾਲਿਜਾਂ, ਵਿਸ਼ਵ ਵਿਦਿਆਲਿਆਂ ਦਾ ਹੈ। ਬਹੁਤ ਵਾਰ ਸੁਣਿਆ ਜਾਂਦਾ ਹੈ ਕਿ ਪ੍ਰਾਇਮਰੀ ਸਕੂਲ ਤਾਂ ਬੱਸ ਬੰਦ ਹੀ

ਸਮਝੋ। ਕਾਲਿਜ ਦੀ ਵਿਦਿਆ ਨੂੰ ਨਕਲ ਨੇ ਖੋਰਾ ਲਾਇਆ ਹੈ ਜੋ ਮੈਂ ਆਪਣੇ ਤਜਰਬੇ ਤੋਂ ਕਹਿੰਦਾ ਹਾਂ। ਮੇਰੇ ਨਾਵਲ 'ਇਮਤਿਹਾਨ' 'ਤੇ ਵਿਦਿਆਰਥੀ, ਅਧਿਆਪਕ, ਪ੍ਰਬੰਧਕ ਸਾਰੇ ਨਾ-ਖੁਸ਼ ਸਨ। ਯੂਨੀਵਰਸਿਟੀਆਂ ਨੂੰ ਮਾੜਾ ਮੋਟਾ ਸਾਹ ਆਉਂਦਾ ਹੈ, ਅੱਗੇ ਦੇਖੋ।

ਮੇਰੇ ਵੇਲੇ ਚੌਥੀ ਜਮਾਤ ਦਾ ਇਮਤਿਹਾਨ ਅਸਿਸਟੈਂਟ ਡਿਸਟ੍ਰਿਕਟ ਇੰਸਪੈਕਟਰ ਆਫ ਸਕੂਲਜ਼ (ADI) ਲੈਣ ਆਉਂਦਾ ਸੀ। ਮਿਡਲ ਸਕੂਲ ਤਕ ਦੋ ਸਾਲੇ ਹੋਣ ਦੀ ਪ੍ਰਥਾ ਖਤਮ ਹੋ ਗਈ। ਪ੍ਰਾਈਵੇਟ ਸਕੂਲਾਂ 'ਚ ਸੁਣਿਆ ਪੜ੍ਹਾਈ ਹੁੰਦੀ ਹੈ ਜਿੱਥੇ ਬਹੁਤਾ ਜ਼ੋਰ ਲੜਕੇ ਲੜਕੀਆਂ ਨੂੰ ਚੁਸਤ (smart) ਬਣਾਉਣ ਦਾ ਹੁੰਦਾ ਹੈ ਕਿਉਂਕਿ ਜੀਵਨ ਦੇ ਹਰ ਮੋੜ 'ਤੇ ਚੁਸਤੀ ਨੇ ਕੰਮ ਆਉਣਾ ਹੈ। ਕਾਨਵੈਂਟ ਸਕੂਲਾਂ 'ਚ ਪੰਜਾਬੀ un-smart ਵਿਸ਼ਾ ਹੈ। ਯੂਨੀਵਰਸਿਟੀਆਂ ਅਕੈਡਮਿਕ ਕੌਂਸਲਾਂ Academic Councils ਨੇ ਸ਼ਾਇਦ ਹੀ ਕਦੇ ਪੰਜਾਬੀ ਦੀ ਗੱਲ ਕੀਤੀ ਹੋਵੇ। ਹੋਰਨ ਨਾ ਸਹੀ ਬਾਕੀ ਵਿਗਿਆਨਾਂ ਦੇ ਵਿਸ਼ੇਸ਼ੱਗਾਂ ਨੂੰ ਪੰਜਾਬੀ ਦੇ ਵਿਕਾਸ ਦੀ ਖੁਸਰ ਮੁਸਰ ਤਾਂ ਸੁਣ ਜਾਂਦੀ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸਮਾਜ ਵਿਆਪੀ ਕੰਮ ਹੇਠਾਂ ਤੋਂ ਸ਼ੁਰੂ ਕਰਨੇ ਚਾਹੀਦੇ ਹਨ। ਪੰਜਾਬੀ ਦਾ ਵਿਕਾਸ ਉਪਰੋਂ ਹੇਠਾਂ ਨੂੰ ਹੋਣਾ ਹੈ। ਅਗਲੇ ਸਾਲਾਂ ਤੋਂ ਪੰਜਾਬੀ ਐੱਮ.ਏ.ਵਿਚ ਉਹਨਾਂ ਨੂੰ ਹੀ ਦਾਖਲ ਕੀਤਾ ਜਾਵੇ ਜੋ ਦੇਵਨਾਗਰੀ ਸ਼ਾਹਮੁਖੀ ਲਿੱਪੀ ਨੂੰ ਲਿਖਣ ਪੜ੍ਹਨ ਯੋਗ ਹੋਣ। ਹਰ ਨਾ ਸਹੀ ਅਜਿਹੇ ਵਿਦਿਆਰਥੀ 'ਮਹਾਨ ਕੋਸ਼' ਨੂੰ ਫੋਲਣ ਜੋਗੇ ਤਾਂ ਹੋ ਜਾਣਗੇ।

ਕਈ ਵਾ ਸਾਧਾਰਨ ਪੰਜਾਬੀ ਗਿਲਾ ਕਰਦੇ ਹਨ ਜੋ ਉਹਨਾਂ ਨੂੰ ਪੰਜਾਬੀ ਕਿਤਾਬਾਂ ਦੀ ਸਮਝ ਨਹੀਂ ਆਉਂਦੀ। ਬੜੀ ਨਿਮਰਤਾ ਨਾਲ ਗੁਸਤਾਖੀ ਕਰਨੀ ਪੈਂਦੀ ਹੈ ਕਿ ਤੁਸੀਂ ਪੰਜਾਬੀ ਅਖਬਾਰ ਵੀ ਸ਼ਾਇਦ ਪੜ੍ਹ ਨਹੀਂ ਸਕਦੇ, ਜਿਹੜੀ ਗੱਲ ਠੀਕ ਨਿਕਲਦੀ ਹੈ। ਕਹਿਣ ਦੀ 'ਮਾਂ ਬੋਲੀ' ਨਿਤਾਪ੍ਰਤੀ ਗੁਜ਼ਾਰੇ ਦੀ ਹੈ ਜਿਸ ਵਿਚ ਸਾਧਾਰਨ ਬੰਦੇ ਲਈ ਵਿਕਸਤ ਭਾਸ਼ਾ ਸ਼ਾਮਲ ਨਹੀਂ। ਨਾ ਹੀ ਵਿਕਸਤ ਭਾਸ਼ਾ ਦੇ ਉਦੇਸ਼ ਨੂੰ ਥੱਲੇ ਨੂੰ ਦੱਬ ਕੇ 'ਮਾਂ ਬੋਲੀ' ਦੇ ਸ-ਤਰ 'ਤੇ ਲਿਆਉਣਾ ਚਾਹੀਦਾ ਹੈ।

ਪੰਜਾਬੀ ਲਿਖਾਰੀਆਂ ਨੂੰ ਵੀ ਪੰਜਾਬੀ ਦੇ ਵਿਕਾਸ 'ਚ ਦਿਲਚਸਪੀ ਰੱਖਣ ਦਾ ਕੋਈ ਹਰਜ ਨਹੀਂ। ਕਹਾਣੀ, ਭਾਵਕ ਕਵਿਤਾ, ਗ਼ਜ਼ਲ 'ਚ ਸੀਮਤ ਸੂਝ ਨਾਲ ਅਕਾਂਖਾ ਦਾ ਪੱਧਰ ਨੀਵਾਂ ਹੋ ਜਾਂਦਾ ਹੈ, ਜਿਸ ਲਈ ਹੋਰ ਵਿਗਿਆਨਾਂ ਵਿਦਿਆਵਾਂ ਨਾਲ 'ਸਹਿਬ ਸਲਾਮ' ਰੱਖਣੀ ਜ਼ਰੂਰੀ ਹੈ।

ਕੀ ਫਾਇਦਾ? ਦਾ ਸਵਾਲ ਹਰ ਉੱਦਮ ਦੇ ਪੇਸ਼ ਪੈਂਦਾ ਹੈ। ਪੰਜਾਬੀ ਸਿੱਖਣ, ਇਹਦੇ 'ਚ ਚਾਬਕ ਦਸਤ expert ਹੋਣ ਦਾ ਕੀ ਫਾਇਦਾ? ਪੰਜਾਹ ਕੁ ਸਾਲ ਹੋਏ ਆਇਰਲੈਂਡ ਨੇ ਆਪਣੀ ਰਾਜਧਾਨੀ ਡਬਲਿਨ ਵਿਚ ਆਇਰਸ਼ ਭਾਸ਼ਾ ਲਾਜ਼ਮੀ ਕਰਨ ਦੀ ਸੋਚੀ ਤਾਂ ਹੜਤਾਲ ਹੋ ਗਈ। ਬਹਤਿਆਂ ਨੂੰ ਆਇਰਸ਼ ਤੋਂ ਜ਼ਿਆਦਾ ਅੰਗਰੇਜ਼ੀ ਪਿਆਰੀ ਸੀ ਜੋ ਇੰਗਲੈਂਡ 'ਚ ਦਿਹਾੜੀਆਂ ਕਰਨੀਆਂ, ਕੰਮ ਲੱਭਣੇ ਸੌਖੇ ਹੋਣ।

ਕੁਝ ਕੁ ਸਾਲਾਂ ਦੀ ਗੱਲ ਹੈ ਜੋ ਫਰਾਂਸ ਦੇ ਕਈ ਸਾਇੰਸਦਾਨ ਆਪਣੇ ਖੋਜ ਪੱਤਰ ਅੰਗਰੇਜ਼ੀ ਵਿਚ ਲਿਖਣ ਲੱਗ ਪਏ ਤਾਂ ਜੁ ਅੰਤਰਰਾਸ਼ਟਰੀ ਪ੍ਰਸਿੱਧੀ ਨੂੰ ਦੇਰ ਨਾ ਲੱਗੇ। ਮੇਰੀ ਇਤਲਾਹ ਦੇ ਦਿਨਾਂ ਵਿਚ ਵੀਹ ਫੀਸਦੀ ਪਰਚੇ ਅੰਗਰੇਜ਼ੀ ਵਿਚ ਲਿਖ ਹੁੰਦੇ ਸੀ, ਅੱਸੀ ਫਰਾਂਸੀਸੀ 'ਚ।

ਸੋ ਪੰਜਾਬੀ ਦੇ ਵਿਕਾਸ ਦਾ ਕੀ ਫਾਇਦਾ" ਏਸ ਸਵਾਲ ਦਾ ਜਵਾਬ ਦੇਣ ਤੋਂ ਬਿਨਾਂ ਇਹਦੇ ਵਿਕਾਸ ਲਈ ਹਿਮਾਲੀਆ ਪਹਾੜ ਜਿੱਡੀ ਰੁਕਾਵਟ ਦੂਰ ਨਹੀਂ ਹੋਣੀ।□□

[144, ਸੈਕਟਰ 65, ਫੇਜ਼ 11, ਐੱਸ.ਏ.ਐੱਸ. ਨਗਰ-ਮੁਹਾਲੀ-160 062]

ਪਰਵਾਸੀ ਪੰਜਾਬੀ ਨਾਰੀ ਅਤੇ ਨਾਰੀਵਾਦੀ ਪਰਿਪੇਖ

ਗੁਰਪ੍ਰੀਤ ਕੌਰ

ਨਾਰੀਵਾਦ ਲਿੰਗ-ਭੇਦ, ਵਿਤਕਰਿਆਂ ਅਤੇ ਔਰਤ ਦੀ ਹਸਤੀ ਨਾਲ ਜੁੜੇ ਮੂਲ ਸੰਦਰਭਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਨਸਲ, ਸ਼ਕਤੀ ਤੇ ਪ੍ਰਭੂਸੱਤਾ ਦੇ ਚਰਿੱਤਰ ਬਾਰੇ ਬਹੁਪੱਖੀ ਵਿਆਖਿਆ ਪ੍ਰਸਤੂਤ ਕਰਨ ਵਾਲੀ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਦਾ ਮੂਲ ਉਦੇਸ਼ ਸਮਾਜ ਦੇ ਮੂਲ ਭੂਤ ਢਾਂਚੇ ਵਿਚ ਤਬਦੀਲੀ ਲਿਆਉਣਾ ਹੈ ਕਿਉਂਕਿ ਸਮਾਜ-ਸਭਿਆਚਾਰ ਦੀ ਹਰੇਕ ਗਤੀਵਿਧੀ (ਨਿਯਮ, ਮਾਨਤਾ, ਪਰੰਪਰਾ, ਕਾਨੂੰਨ ਆਦਿ) ਨਾਰੀ ਜੀਵਨ ਨੂੰ ਪ੍ਰਭਾਵਤ ਕਰਦੀ ਹੈ। ਨਾਰੀਵਾਦ ਔਰਤ ਦੀ ਸਮਾਜਕ ਪਛਾਣ ਲਿੰਗਕ-ਸਮਾਨਤਾ ਦੇ ਆਧਾਰ ਉੱਤੇ ਮਾਨਵੀ ਸੰਬੰਧਾਂ ਦੇ ਰੂਪ ਵਿਚ ਕਰਨੀ ਚਾਹੁੰਦਾ ਹੈ। ਇਸ ਕਰਕੇ ਨਾਰੀ ਨੂੰ ਦੂਜੈਲੀ, ਗੌਣ, ਨਿਗੁਣੀ, ਘਟੀਆ ਮੰਨਣ ਨੂੰ ਨਾਰੀਵਾਦੀ ਚਿੰਤਕ ਉੱਕਾ ਹੀ ਰੱਦ ਕਰਦੇ ਹਨ।

ਨਾਰੀਵਾਦੀ ਚਿੰਤਨ ਦੀਆਂ ਧਾਰਨਾਵਾਂ ਅਤੇ ਸਥਾਪਨਾਵਾਂ ਦਾ ਸਾਹਿਤ, ਕਲਾ ਤੇ ਦਰਸ਼ਨ ਨਾਲ ਗਹਿਰਾ ਸੰਬੰਧ ਹੈ। ਅੱਜ ਤਕ ਸਾਹਿਤ-ਵਿਸ਼ਲੇਸ਼ਣ ਲਈ ਜਿੰਨੀਆਂ ਵੀ ਅਧਿਐਨ ਵਿਧੀਆਂ ਹੋਂਦ ਵਿਚ ਆਈਆਂ, ਉਹ ਸਭ ਕੁਝ ਨੂੰ ਮਰਦਾਂ ਦੇ ਹਿਤਾ ਦੇ ਅਨੁਕੂਲ ਪੇਸ਼ ਕਰਦੀਆਂ ਹਨ। ਪੱਛਮ ਵਿਚਲੀ ਨਾਰੀਵਾਦੀ ਲਹਿਰ ਦੀਆਂ ਸਮੁੱਚੀਆਂ ਸਰਗਰਮੀਆਂ ਇਸਦੀ ਵਿਰੋਧਤਾ ਵਿਚ ਨਿਤਰਦੀਆਂ ਹੋਈਆਂ ਇਹ ਸਥਾਪਤ ਕਰਨ ਦਾ ਯਤਨ ਕਰਦੀਆਂ ਹਨ ਕਿ ਕੋਈ ਮਰਦ ਕਿਸੇ ਖਾਸ ਹਾਲਤ ਵਿਚ ਪੈਦਾ ਹੋਏ ਨਾਰੀ ਦੇ ਅੰਤਰਮਨ ਦੇ ਵੇਰਵਿਆਂ ਨੂੰ ਸਮਝ ਨਹੀਂ ਸਕਦਾ। ਇਸ ਪ੍ਰਸੰਗ ਵਿਚ ਪਰਵਾਸੀ ਪੰਜਾਬੀ ਗਲਪ ਸਾਹਿਤ ਨੇ ਪਰਵਾਸ, ਨਾਰੀਵਾਦ ਅਤੇ ਪੰਜਾਬੀ ਔਰਤ-ਮਨ ਦੀ ਪੇਸ਼ਕਾਰੀ ਵਿਚ ਬੜਾ ਮੁੱਲਵਾਨ ਯੋਗਦਾਨ ਪਾਇਆ ਹੈ। ਪਰਵਾਸੀ ਗਲਪਕਾਰਾਂ ਦੀ ਰਚਨਾ ਵਿਚ ਪੂਰਬੀ ਮਾਨਸਿਕਤਾ ਦੇ ਨਾਲ-ਨਾਲ ਪੱਛਮੀ ਸਭਿਆਚਾਰਕ, ਸਮਾਜਕ, ਆਰਥਿਕ ਅਤੇ ਰਾਜਨੀਤਕ ਅਨੁਭਵ ਵੀ ਪੇਸ਼ ਹੁੰਦਾ ਵੇਖਿਆ ਜਾ ਸਕਦਾ ਹੈ। ਇਸੇ ਅਨੁਭਵ ਵਿਚੋਂ ਉਪਜੀਆਂ ਪਰਵਾਸੀ ਨਾਰੀ ਲੇਖਕਾਵਾਂ ਦੀਆਂ ਨਾਰੀ ਕੇਂਦਰਤ ਗਲਪ ਰਚਨਾਵਾਂ ਵਿਸ਼ੇਸ਼ ਧਿਆਨ ਆਕਰਸ਼ਤ ਕਰਦੀਆਂ ਹਨ, ਜੋ ਸਿਰਫ਼ ਨਾਰੀਆਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਹੀ ਨਹੀਂ ਕਰਦੀਆਂ ਸਗੋਂ ਉਹਨਾਂ ਦੀਆਂ ਜੈਵਿਕ ਅਤੇ ਸੁਹਜਾਤਮਕ ਸਮਰੱਥਾਵਾਂ ਤੇ ਸੰਭਾਵਨਾਵਾਂ ਨੂੰ ਵੀ ਉਭਾਰਦੀਆਂ ਹਨ। ਇਸੇ ਕਰਕੇ ਇਸ ਵਿਚੋਂ ਅੱਜੋਕੀ ਪਰਵਾਸੀ ਨਾਰੀ ਦੀ ਸਥਿਤੀ, ਉਸਦੀ ਮਾਨਸਿਕ ਬਣਤਰ ਅਤੇ ਉਸਦੀਆਂ ਭਵਿੱਖਾਰਥੀ ਪਰਿਕਲਪਨਾਵਾਂ ਦੇ ਨੈਣ ਨਕਸ਼ ਪਛਾਣੇ ਜਾ ਸਕਦੇ ਹਨ। ਇਸ ਨਿਬੰਧ ਵਿਚ ਕਨੇਡਾ ਵਿਚ ਵਸਦੀਆਂ ਇਸਤਰੀ ਗਲਪਕਾਰਾਂ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਪੰਜਾਬੀ ਔਰਤ ਦੇ ਪਰਵਾਸ ਰਾਹੀਂ ਉਸਦੀ ਮਾਨਸਿਕਤਾ ਵਿਚ ਆਈਆਂ ਤਬਦੀਲੀਆਂ ਨੂੰ ਪੂਰਬੀ ਤੇ ਪੱਛਮੀ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਰਵਾਇਤੀ ਰੂਪ ਵਿਚ ਰਚੀਆਂ ਗਈਆਂ ਪਰਵਾਸੀ ਪੰਜਾਬੀ ਗਲਪ ਨਾਲ ਸੰਬੰਧਿਤ ਰਚਨਾਵਾਂ ਵਿਚ ਪਰਵਾਸੀ ਚੇਤਨਾ, ਭੂ-ਹੇਰਵਾ, ਨਾਰੀ-ਮਰਦ ਸੰਬੰਧ, ਅੰਤਰ-ਸਭਿਆਚਾਰਕ ਸੰਕਟ, ਨਸਲੀ ਤੇ ਭਾਸ਼ਾਈ ਵਿਤਕਰੇ ਆਦਿ ਵਿਸ਼ਿਆ ਦੀ ਪੇਸ਼ਕਾਰੀ

ਕੀਤੀ ਜਾਂਦੀ ਰਹੀ ਹੈ। ਕਨੇਡਾ ਵਿਚ ਰਚੇ ਗਏ ਗਲਪ ਵਿਚ ਪਰਵਾਸੀਆਂ ਦੁਆਰਾ ਉੱਥੋਂ ਦੇ ਬਹੁ-ਸਭਿਆਚਾਰਕ ਮਾਹੌਲ ਅਨੁਸਾਰ ਆਪਣੇ ਆਪ ਨੂੰ ਢਾਲਣ ਦਾ ਪ੍ਰਗਟਾਵਾ ਵਧੇਰੇ ਹੋਇਆ ਹੈ। ਇਹ ਤਾਂ ਸਪਸ਼ਟ ਹੈ ਕਿ ਨਵੇਂ ਸਭਿਆਚਾਰਕ ਮਾਹੌਲ ਅਨੁਸਾਰ ਢਾਲਣ ਦੀ ਇਸ ਪ੍ਰਕਿਰਿਆ ਵਿਚੋਂ ਨਿੱਜੀ, ਪਰਿਵਾਰਕ ਅਤੇ ਭਾਈਚਾਰਕ ਪੱਧਰ ਉੱਤੇ ਤਨਾਉ ਉਭਰਦਾ ਹੈ। ਪੰਜਾਬੀ ਪਰਵਾਸੀ ਔਰਤ ਦੇ ਜੀਵਨ ਵਿਚ ਆਉਣ ਵਾਲਾ ਰਿਸ਼ਤਿਆਂ ਦਾ ਤਨਾਉ ਵੀ ਇਸੇ ਜਗੀਰਦਾਰੀ ਸੋਚ ਤੇ ਪੂੰਜੀਵਾਦੀ ਸਭਿਆਚਾਰ ਦੇ ਅਣਜੋੜ ਵਿਚੋਂ ਉਪਜਦਾ ਦੇਖਿਆ ਜਾ ਸਕਦਾ ਹੈ। ਇਸ ਤਨਾਉ ਦੀ ਪੇਸ਼ਕਾਰੀ ਨਾਰੀ ਸਾਹਿਤਕਾਰਾਂ ਦੀਆਂ ਕਿਰਤਾਂ ਵਿਚ ਵਧੇਰੇ ਸ਼ਿੱਦਤ ਨਾਲ ਪ੍ਰਵਾਨ ਚੜ੍ਹੀ ਹੈ।

ਇਸ ਕਥਨ ਦੀ ਸਭ ਤੋਂ ਵਧੀਆ ਉਦਾਹਰਨ ਕਨੇਡਾ ਵਿਚ ਵਸ ਰਹੀਆਂ ਪੰਜਾਬੀ ਔਰਤ ਗਲਪਕਾਰਾਂ ਦੀ ਬਿਰਤਾਂਤਕ ਸੰਵੇਦਨਾ ਦੀ ਪੇਸ਼ਕਾਰੀ ਬਣਦੀ ਹੈ। ਕਨੇਡਾ ਦੀ ਸਭ ਤੋਂ ਮਸ਼ਹੂਰ ਗਲਪਕਾਰਾ ਬਲਬੀਰ ਕੌਰ ਸੰਘੇੜਾ ਨੇ ਆਪਣੀਆਂ ਰਚਨਾਵਾਂ ਵਿਚ ਉੱਥੋਂ ਦੇ ਸਮਾਜ-ਸਭਿਆਚਾਰ ਵਿਚ ਔਰਤ ਦੀ ਮੌਜੂਦਾ ਸਥਿਤੀ ਦੇ ਵਿਰੋਧ ਅਤੇ ਨਾਰੀ ਹੱਕ ਦੇ ਸਮਰਥਨ ਵਿਚ ਅਵਾਜ਼ ਉਠਾਈ ਹੈ। ਉਹ ਆਪਣੇ ਨਾਵਲ 'ਹੱਕ ਦੀ ਮੰਗ' ਵਿਚਲੀ ਕੇਂਦਰੀ ਪਾਤਰ, ਪਿੰਡ ਦੀ ਪੜ੍ਹੀ ਲਿਖੀ ਸੁੰਦਰ ਮੁਟਿਆਰ ਰਾਜ, ਰਾਹੀਂ ਔਰਤ ਨੂੰ ਸੁਚੇਤ ਪੱਧਰ 'ਤੇ ਆਪਣੇ ਹੱਕ-ਪ੍ਰਾਪਤੀ ਲਈ ਯਤਨਸ਼ੀਲ ਹੋਣ ਦੀ ਪ੍ਰੇਰਨਾ ਦਿੰਦੀ ਹੈ।

ਇਸ ਨਾਵਲ ਵਿਚ ਰਾਜ ਵਰਗੀ ਸੁੰਦਰ ਪਤਨੀ ਹੋਣ ਦੇ ਬਾਵਜੂਦ ਉਸਦੇ ਪਤੀ ਵਿੱਕੀ ਵੱਲੋਂ ਹੁਸਨ ਖਰੀਦਣ ਦੀ ਗੱਲ ਸਮਾਜ ਵਿਚ ਪ੍ਰਚਲਤ ਦੋਹਰੇ ਨੈਤਿਕ ਮਾਪਦੰਡਾਂ ਵੱਲ ਸੰਕੇਤ ਕਰਦੀ ਹੈ। ਇਹ ਨਾਵਲ ਅਜਿਹੇ ਸਮਾਜ ਦੀ ਪੇਸ਼ਕਾਰੀ ਕਰਦਾ ਹੈ ਜਿੱਥੇ ਮਰਦ ਨੂੰ ਆਰਥਿਕਤਾ ਅਤੇ ਨਾਰੀ ਨੂੰ ਸੁੰਦਰਤਾ ਦੀ ਕਸਵੱਟੀ 'ਤੇ ਤੋਲਿਆ ਜਾਣ ਦੇ ਨਾਲ-ਨਾਲ ਮਰਦ ਦੇ ਹੋਰ ਔਰਤਾਂ ਨਾਲ ਸੰਬੰਧਾਂ ਨੂੰ ਉਸਦੀ ਪ੍ਰਾਪਤੀ ਵਜੋਂ ਵੇਖਿਆ ਜਾਂਦਾ ਹੈ।

ਕੀ ਤੂੰ ਚਾਹੁੰਦੀ ਏਂ ਕਿ ਤੇਰਾ ਹੱਕ ਤੈਨੂੰ ਮਿਲੇ?

ਰਾਜ ਮੇਰਾ ਵਿਚਾਰ ਏ ਤੈਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਚਾਹੀਦੈ

ਨਾਵਲ ਵਿਚਲੇ ਇਸ ਵਾਰਤਾਲਾਪ ਰਾਹੀਂ ਲੇਖਕਾ ਨੇ ਔਰਤ ਨੂੰ ਆਰਥਿਕ ਪੱਖੋਂ ਅਜ਼ਾਦ ਹੋ ਕੇ ਇਹਨਾਂ ਪਰੰਪਰਾਵਾਂ ਨਾਲ ਟੱਕਰ ਲੈਣ ਦੀ ਪ੍ਰੇਰਨਾ ਦਿੱਤੀ ਹੈ।

ਆਪਣੇ ਦੂਜੇ ਨਾਵਲ 'ਇਕ ਖੱਤ ਨਾਂ ਸੱਜਣਾ ਦੇ' ਵਿਚ ਬਲਬੀਰ ਕੌਰ ਸੰਘੇੜਾ ਨੇ ਪਰਵਾਸੀ ਔਰਤ ਦੀ ਜੀਵਨ- ਸ਼ੈਲੀ ਦੀ ਬਾਤ ਪਾਈ ਹੈ। ਵਿਦੇਸ਼ ਰਹਿੰਦੀ ਇੱਕਲੀ ਲੜਕੀ ਇਕਲਾਪੇ ਹੇਠ ਸ਼ਾਦੀਸ਼ੁਦਾ ਮਰਦ ਦੇ ਨਾਲ ਨਾਜਾਇਜ਼ ਸੰਬੰਧ ਕਾਇਮ ਕਰ ਲੈਂਦੀ ਹੈ। ਉਹ ਮਰਦ ਨੂੰ ਬੇਈਮਾਨ, ਬੇਵਫਾ ਤੇ ਮੌਕਾਪ੍ਰਸਤ ਮੰਨਦੀ ਹੋਈ ਵੀ ਉਸ ਨਾਲ ਸੰਬੰਧ ਬਣਾਈ ਰੱਖਣ ਦੀ ਲੋਚਾ ਰੱਖਦੀ ਹੈ। ਇਸ ਤਰ੍ਹਾਂ ਇਹ ਨਾਵਲ ਮਰਦ ਦੀ ਬੇਵਫ਼ਾਈ ਨੂੰ ਉਜਾਗਰ ਕਰਨ ਦੀ ਥਾਂ ਮਰਦ ਦੇ ਸਾਥ ਦੀ ਲਾਲਸਾ ਨੂੰ ਪੇਸ਼ ਕਰਦਾ ਪਿਤਰ-ਸੱਤਾ ਦਾ ਮਦਦਗਾਰ ਹੋ ਨਿਬੜਦਾ ਹੈ। ਡਾ ਹਰਚੰਦ ਸਿੰਘ ਬੇਦੀ ਅਨੁਸਾਰ, "ਬਲਬੀਰ ਕੌਰ ਸੰਘੇੜਾ ਵੀ ਸਿੱਧੀ ਨਾਰੀਵਾਦੀ ਚਿੰਤਨ ਨਾਲ ਨਹੀਂ ਜੁੜਦੀ। ਉਹ ਵੀ ਮਰਦ ਕੋਲੋਂ ਹੀ

ਆਜਜ਼ੀ ਨਾਲ ਸਪੇਸ ਮੰਗਦੀ ਹੈ"।

ਨਾਵਲਾਂ ਤੋਂ ਇਲਾਵਾ ਬਲਬੀਰ ਕੌਰ ਸੰਘੇੜਾ ਨੇ ਕਹਾਣੀਆਂ ਵਿਚ ਵੀ ਅਜਿਹੀਆਂ ਨਾਇਕਾਵਾਂ ਦੇ ਜੀਵਨ ਸੰਦਰਭਾਂ ਨੂੰ ਚਿਤਰਿਆ ਹੈ ਜੋ ਵਿਆਹ ਉਪਰੰਤ ਪਰਵਾਸੀ ਧਰਤੀ 'ਤੇ ਪਹੁੰਚੀਆਂ ਕਿਸੇ ਨਾ ਕਿਸੇ ਕਾਰਨ ਵਿਵਹਾਰਕ ਪੱਧਰ ਉੱਤੇ ਭਿੰਨ ਭਿੰਨ ਤਰ੍ਹਾਂ ਦਾ ਤਨਾਉ ਭੋਗ ਰਹੀਆਂ ਹਨ। 'ਕੈਂਸਰ ਦੇ ਫੁੱਲ' ਕਹਾਣੀ ਵਿਚਲੀ ਨਾਇਕਾ ਪਰਦੇਸ ਵਿਚ ਬਿਮਾਰ ਪਤੀ ਦੀ ਮੌਤ ਤੋਂ ਬਾਅਦ ਸਹੁਰੇ ਪਰਿਵਾਰ ਵੱਲੋਂ ਕਿਸੇ ਹੋਰ ਰਿਸ਼ਤੇਦਾਰ ਨੂੰ ਪੱਕੇ ਤੌਰ 'ਤੇ ਮੰਗਵਾਉਣ ਲਈ ਮਜ਼ਬੂਰ ਕੀਤੇ ਜਾਣ ਦਾ ਸੰਤਾਪ ਭੋਗਦੀ ਹੈ। ਚੇਤੰਨ ਨਾਰੀ ਵਜੋਂ ਉਹ ਆਪਣੇ ਆਪ ਨੂੰ ਵਸਤ ਵਜੋਂ ਵਰਤੇ ਜਾਣ ਤੋਂ ਇਨਕਾਰੀ ਹੋ ਕੇ ਸੰਦੇਸ਼ ਦਿੰਦੀ ਜਾਪਦੀ ਹੈ ਕਿ ਨਾਰੀ ਜਾਇਦਾਦ ਨਹੀਂ ਹੈ। 'ਪਰਛਾਵੇਂ ਢਲਣ ਪਿੱਛੋ' ਕਹਾਣੀ ਵਿਚ ਲੇਖਕਾ ਨੇ ਅਜਿਹੀ ਨਾਰੀ ਦੀ ਤਸਵੀਰ ਪੇਸ਼ ਕੀਤੀ ਹੈ, ਜੋ ਹੋ ਰਹੀ ਬੇਇਨਸਾਫੀ ਬਾਰੇ ਚੇਤੰਨ ਹੋਣ ਦੇ ਬਾਵਜੂਦ ਸਮਾਜ-ਸਭਿਆਚਾਰਕ ਮੁੱਲਾਂ ਨੂੰ ਪਛਾੜ ਕੇ ਨਵਾਂ ਰਸਤਾ ਅਪਨਾਉਣ ਵਿਚ ਅਸਮਰੱਥ ਹੈ। ਸੰਘੇੜਾ ਨੇ ਆਪਣੀਆਂ ਕਹਾਣੀਆਂ ਵਿਚ ਜਿਹੜੇ ਹੋਰ ਵਿਸ਼ੇ ਛੋਹੇ ਹਨ, ਉਹ ਹਨ: ਮਾਪਿਆਂ ਵੱਲੋਂ ਪਰਵਾਸ ਕਰਨ ਦੇ ਲਾਲਚ ਹੇਠ ਧੀਆਂ ਦੇ ਸੌਦੇ ਕਰਨਾ, ਮਰਦ ਵੱਲੋਂ ਨਾਰੀ ਦੀ ਸਰੀਰਕ ਨਿਰਬਲਤਾ ਦੀਆਂ ਸੀਮਾਵਾਂ ਨੂੰ ਆਪਣੀ ਜਿੱਤ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼, ਭਾਸ਼ਾ ਤੇ ਸਭਿਆਚਾਰ ਦੀ ਵੱਖਰਤਾ ਕਾਰਨ ਪਤੀ ਤੇ ਬੱਚਿਆਂ ਵੱਲੋਂ ਤਿਆਗੇ ਜਾਣ ਤੋਂ ਪੈਦਾ ਹੋਈ ਉਪਰਾਮਤਾ ਆਦਿ। ਸੰਘੇੜਾ ਦੀਆਂ ਰਚਨਾਵਾਂ ਵਿਚਲੀਆਂ ਨਾਰੀ ਨਾਇਕਾਵਾਂ ਸੰਘੇੜਾ ਦੀ ਇਸ ਸੋਚ ਨੂੰ ਪੇਸ਼ ਕਰਦੀਆਂ ਹਨ ਕਿ ਨਾਰੀ ਆਪਣੇ ਹੱਕਾਂ ਪ੍ਰਤੀ ਸੁਚੇਤ ਹੈ। ਉਹ ਮਰਦ ਪ੍ਰਧਾਨ ਸਮਾਜ ਵਿਚਲੀਆਂ ਰੂੜ੍ਹੀਵਾਦੀ ਤੇ ਪਿਛਾਂਹ-ਖਿੱਚੂ ਰਵਾਇਤਾਂ ਨੂੰ ਮੰਨਣ ਤੋਂ ਇਨਕਾਰੀ ਹੈ। ਹਰ ਕਿਸਮ ਦੇ ਅਨਿਆਂ ਤੇ ਵਧੀਕੀਆਂ ਵਿਰੁੱਧ ਡਟ ਕੇ ਖਲ੍ਹੋਂਦੀ ਆਪਣੇ ਭਵਿੱਖ ਪ੍ਰਤੀ ਆਸਵੰਦ ਹੈ।

ਸੁਰਜੀਤ ਕਲਸੀ ਨੇ ਆਪਣੀਆਂ ਗਲਪ ਰਚਨਾਵਾਂ ਵਿਚ ਇਸੇ ਸੰਦਰਭ ਨੂੰ ਹੋਰ ਵਿਸਤਾਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕਾ ਨੇ 'ਸੱਤ ਪਰਾਈਆਂ' ਤੇ 'ਕਥਾ ਤੇਰੀ ਮੇਰੀ' ਕਹਾਣੀ ਸੰਗ੍ਰਿਹਾਂ ਰਾਹੀਂ ਨਸਲੀ ਵਿਤਕਰਾ, ਉਦਰੇਵਾਂ, ਮਨੁੱਖੀ ਹੋਂਦ ਦਾ ਪ੍ਰਸ਼ਨ, ਪੀੜ੍ਹੀ-ਪਾੜਾ, ਆਰਥਿਕ ਮੁਸ਼ਕਲਾਂ ਤੇ ਸਭਿਆਚਾਰਕ ਤਨਾਉ ਆਦਿ ਵਿਸ਼ਿਆਂ ਦੇ ਨਾਲ-ਨਾਲ ਔਰਤ ਦੀ ਹੋਂਦ ਦੇ ਬੁਨਿਆਦੀ ਪ੍ਰਸ਼ਨ ਉਪਰ ਵੀ ਧਿਆਨ ਕੇਂਦਰਤ ਕੀਤਾ ਹੈ। ਇਨ੍ਹਾਂ ਵਿਸ਼ਿਆਂ ਦੇ ਨਿਭਾਉ ਸਮੇਂ ਨਾਰੀ ਸੋਚ, ਦੁੱਖ, ਤਕਲੀਫ਼ ਦੇ ਨਾਲ-ਨਾਲ ਉਸਦੇ ਅਸਤਿਤਵ ਦੇ ਮੂਲ ਸੰਦਰਭ ਨੂੰ ਵੀ ਅਗਰਭੂਮੀ ਵਿਚ ਰੱਖਿਆ ਹੈ। ਡਾ ਗੁਰਮੇਲ ਸਿੰਘ ਦੇ ਸ਼ਬਦਾਂ ਵਿਚ, "ਭਾਰਤੀ ਸਭਿਆਚਾਰ ਵਿਚ ਔਰਤ, ਪਰੰਪਰਾਗਤ ਤੌਰ ਤੇ, ਗੌਣ ਕਿਸਮ ਦੀ ਜਿਣਸ ਸਮਝੀ ਜਾਂਦੀ ਰਹੀ ਹੈ ਪਰ ਅੱਜ ਦੀ ਭਾਰਤੀ ਨਾਰੀ ਵੀ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਰਹੀ ਹੈ। ਆਧੁਨਿਕ ਅਤੇ ਉੱਤਰ-ਆਧੁਨਿਕ ਕਦਰਾਂ-ਕੀਮਤਾ ਨੇ ਮੱਧ ਸ੍ਰੇਣੀ ਦੀਆਂ ਔਰਤਾਂ ਨੂੰ ਨਾਰੀਵਾਦ ਪ੍ਰਤੀ ਚੇਤੰਨ ਕੀਤਾ ਹੈ। ਇਹ ਰੁਝਾਨ, ਪੱਛਮੀ ਸਭਿਆਚਾਰ ਵਿਚ ਆ ਵਸੀਆਂ ਭਾਰਤੀ ਔਰਤਾਂ ਵਿਚ ਵਧੇਰੇ ਪ੍ਰਬਲ ਦਿਖਾਈ ਦਿੰਦਾ

ਹੈ। ਸੁਰਜੀਤ ਕਲਸੀ ਇਹਨਾਂ ਵਿਚੋਂ ਇਕ ਅਜਿਹੀ ਸੰਵੇਦਨਸ਼ੀਲ ਲੇਖਕਾ ਹੈ ਜਿਸ ਨੇ ਨਾਰੀਵਾਦ ਦਾ ਪ੍ਰਭਾਵ ਵੀ ਕਬੂਲਿਆ ਹੈ ਅਤੇ ਆਪਣੀਆਂ ਰਚਨਾਵਾਂ ਰਾਹੀਂ ਪ੍ਰਸਾਰ ਦਾ ਪਾਤਰ ਵੀ ਬਣਾਇਆ ਹ"।

'ਦਹਿਲੀਜ ਦੇ ਅੰਦਰ' ਤੇ 'ਦਹਿਲੀਜ਼ ਤੋਂ ਪਾਰ' ਦੋ ਕਹਾਣੀਆਂ ਦੇ ਹਵਾਲੇ ਨਾਲ ਉਸਨੇ ਔਰਤ ਦੀ ਹਸਤੀ ਦੇ ਮੂਲ ਸੰਦਰਭਾਂ ਅਤੇ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਹਨਾਂ ਕਹਾਣੀਆਂ ਰਾਹੀਂ ਸੁਰਜੀਤ ਕਲਸੀ ਨੇ ਪ੍ਰਤੀਕਾਤਮਕ ਰੂਪ ਵਿਚ ਨਾਰੀ ਜੀਵਨ ਦੇ ਦੁਖਾਂਤਕ ਪਹਿਲੂ ਨੂੰ ਪ੍ਰਸਤੁਤ ਕੀਤਾ ਹੈ। 'ਦਹਿਲੀਜ਼ ਦੇ ਅੰਦਰ' ਕਹਾਣੀ ਦੀ ਨਾਇਕਾ ਪਤੀ ਦੀ ਸੰਕੀਰਨ ਸੋਚ ਕਾਰਨ ਘਰ ਅੰਦਰ ਹੀ ਮਾਨਸਿਕ ਤਨਾਉ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹੈ। ਪਰੰਪਰਾਗਤ ਸੋਚ ਦੀ ਧਾਰਨੀ ਇਹ ਨਾਇਕਾ ਦਹਿਲੀਜ਼ ਰੂਪੀ ਲੱਛਮਣ ਰੇਖਾ ਨੂੰ ਪਾਰ ਕਰਨ ਦੀ ਹਿੰਮਤ ਨਾ ਕਰਦੀ ਹੋਈ ਆਤਮ ਹੱਤਿਆ ਦਾ ਰਾਹ ਅਖ਼ਤਿਆਰ ਕਰਦੀ ਹੈ। ਇਸੇ ਵਿਸ਼ੇ ਦਾ ਦੂਜਾ ਪਹਿਲੂ 'ਦਹਿਲੀਜ਼ ਤੋ ਪਾਰ' ਕਹਾਣੀ ਵਿਚ ਨਿਹਿਤ ਹੈ। ਇਸ ਦੀ ਨਾਇਕਾ ਪਤੀ ਦੇ ਤਸ਼ੱਦਦ ਨੂੰ ਨਕਾਰਦੀ ਹੋਈ ਇਕ ਦਿਨ ਦਹਿਲੀਜ਼ ਪਾਰ ਕਰ ਜਾਂਦੀ ਹੈ। ਇਨ੍ਹਾਂ ਕਹਾਣੀਆਂ ਵਿਚ ਸੁਰਜੀਤ ਕਲਸੀ, ਆਪਣੇ ਘੜੇ ਹੋਏ ਸੂਤਰ ਕਿ 'ਔਰਤ ਦੀ ਹੋਂਦ ਨਾ ਦਹਿਲੀਜ਼ ਦੇ ਅੰਦਰ ਹੈ ਨਾ ਦਹਿਲੀਜ ਦੇ ਬਾਹਰ' ਦੀ ਪ੍ਰੋੜਤਾ ਕਰਦੀ ਜਾਪਦੀ ਹੈ।

ਪਰਵਾਸੀ ਨਾਰੀ ਦੇ ਜੀਵਨ ਨਾਲ ਸੰਬੰਧਤ ਦੁੱਖ ਤਕਲੀਫਾਂ ਹੀ ਸੁਰਜੀਤ ਕਲਸੀ ਦੀਆਂ ਕਹਾਣੀਆਂ ਦਾ ਕੇਂਦਰੀ ਧੁਰਾ ਰਹੀਆਂ ਹਨ। 'ਦੁੱਖ-ਸੁੱਖ' ਤੇ 'ਦਿਲ ਦੇ ਹਾਦਸੇ' ਕਹਾਣੀਆ ਇਸ ਦੀ ਮਿਸਾਲ ਹਨ। ਇਹ ਕਹਾਣੀਆਂ ਪਰਵਾਸੀ ਨਾਰੀਆਂ ਦੀਆਂ ਤਕਲੀਫਾਂ ਦੇ ਉਸ ਪਸਾਰ ਨੂੰ ਖੋਲ੍ਹਦੀਆਂ ਹਨ ਜਿੱਥੇ ਉਹ ਪਤੀਆਂ ਦੇ ਹਿੰਸਾਤਮਕ ਤੇ ਆਕ੍ਰਮਣਕਾਰੀ ਵਤੀਰੇ ਤੋਂ ਨਾ ਕੇਵਲ ਸਰੀਰਕ ਰੂਪ ਵਿਚ ਹੀ ਤਸੀਹੇ ਝੱਲਦੀਆਂ ਦੁਖੀ ਹੁੰਦੀਆਂ ਹਨ ਸਗੋਂ ਮਾਨਸਿਕ ਤੌਰ 'ਤੇ ਉਦਰੇਵੇਂ ਅਤੇ ਇਕੱਲਤਾ ਦਾ ਸ਼ਿਕਾਰ ਵੀ ਹੁੰਦੀਆਂ ਹਨ। ਬਾਹਰੀ ਤੌਰ 'ਤੇ ਕਲਸੀ ਦੀਆਂ ਕਹਾਣੀਆਂ ਵਿਚਲੀਆਂ ਨਾਇਕਾਵਾਂ ਦੇ ਦੁੱਖ ਭਾਵੇਂ ਵੱਖ-ਵੱਖ ਪ੍ਰਤੀਤ ਹੁੰਦੇ ਹਨ ਪਰੰਤੂ ਇਨ੍ਹਾਂ ਦੇ ਦੁੱਖਾਂ ਦੀ ਪਿੱਠ-ਭੂਮੀ ਵਿਚਲਾ ਸਾਂਝਾ ਸੂਤਰ ਪਿੱਤਰ-ਸੱਤਾ ਹੀ ਹੈ। ਦੇਸ ਅਤੇ ਪਰਦੇਸ ਦੋਹਾਂ ਧਰਾਤਲਾਂ 'ਤੇ ਵਿਚਰਦੀ ਨਾਰੀ ਪਿੱਤਰ-ਸੱਤਾ ਦੇ ਸੋਸ਼ਣ ਦਾ ਸ਼ਿਕਾਰ ਹੈ, ਕਿਉਂਕਿ ਮਰਦ ਪ੍ਰਧਾਨ ਮਾਨਸਿਕਤਾ ਇਹ ਸਵੀਕਾਰ ਹੀ ਨਹੀਂ ਕਰਦੀ ਕਿ ਨਾਰੀ ਆਪਣੀ ਹੋਂਦ, ਖੁਸ਼ੀ ਜਾਂ ਆਜ਼ਾਦੀ ਲਈ ਮਨ ਮਰਜ਼ੀ ਦਾ ਫੈਸਲਾ ਲੈ ਸਕਣ ਦੇ ਯੋਗ ਹੋ ਗਈ ਹੈ।

ਅਜਿਹੀ ਹੀ ਨਾਰੀ ਦੁੱਖਾਂ ਦੀ ਬਾਤ ਪਾਉਣ ਵਾਲੀ ਇਕ ਹੋਰ ਮਹੱਤਵਪੂਰਨ ਇਸਤਰੀ ਗਲਪਕਾਰਾ ਸੁਸ਼ੀਲ ਕੌਰ ਹੈ ਜਿਸਨੇ ਇਕ ਕਹਾਣੀ ਸੰਗ੍ਰਿਹ 'ਕੁਝ ਦੇਖੀਆਂ ਕੁਝ ਬੀਤੀਆਂ' ਅਤੇ ਇਕ ਨਾਵਲ 'ਧਰਤ ਪਰਾਈ ਆਪਣੇ ਲੋਕ' ਸਾਹਿਤ-ਜਗਤ ਨੂੰ ਦਿੱਤੇ ਹਨ। ਇਸਦੀਆ ਵਧੇਰੇ ਕਹਾਣੀਆਂ ਪਰੰਪਰਕ ਮੁਹਾਵਰੇ ਵਿਚ ਲਿਖੀਆਂ ਹੋਈਆਂ ਹਨ। ਡਾ ਅਮਰਜੀਤ ਸਿੰਘ ਕਾਂਗ ਅਨੁਸਾਰ, "ਪੁਸਤਕ ਦੀਆਂ ਵਿਭਿੰਨ ਕਹਾਣੀਆਂ ਵਿੱਚ ਕਿਰਤ ਦੀ ਸਮੱਰਥਾ, ਸ਼ਰਾਬ ਦੇ ਔਗੁਣ, ਅਨਪੜ੍ਹਤਾ, ਗਰੀਬੀ, ਭਾਈਚਾਰੇ ਅਤੇ ਦਿਲਾਂ ਦੀ ਵੰਡ, ਕਰਜ਼ੇ ਦਾ ਬੋਝ, ਰੱਬ ਦੇ ਰੰਗ ਆਦਿ

ਵਿਸ਼ਿਆ ਦੀਆਂ ਕਹਾਣੀਆਂ ਵਿਚ ਪਰਵਾਸ ਹੋਣੀ ਦਾ ਵੇਰਵਾ ਨਾ ਹੋਣਾ ਪ੍ਰਸ਼ਨ ਚਿੰਨ੍ਹ ਪੈਦਾ ਕਰਦਾ ਹੈ"।

ਸੁਸ਼ੀਲ ਕੌਰ ਦੀ ਇਕ ਕਹਾਣੀ 'ਸਰਧਾਂਜਲੀ' ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇਹ ਕਹਾਣੀ ਇਕ ਧੀ ਵੱਲੋਂ ਆਪਣੀ ਮਾਂ ਦੀ ਮੌਤ ਪਿੱਛੋਂ ਲਿਖੇ ਖ਼ਤ ਨਾਲ ਸੰਬੰਧਤ ਹੈ। ਜਿਸ ਵਿਚ ਧੀ ਆਪਣੇ ਵੱਲੋਂ ਘਰੇਲੂ ਆਰਥਿਕਤਾ ਦੀ ਮਜ਼ਬੂਤੀ ਲਈ ਕੀਤੀ ਜਦੋਜਹਿਦ ਕਰਨ ਦੇ ਬਾਵਜੂਦ ਘਰ ਵਿਚ ਬਣਦੀ ਇੱਜ਼ਤ ਨਾ ਮਿਲਣ ਦੀ ਵੇਦਨਾ ਪ੍ਰਗਟ ਕਰਦੀ ਹੈ। ਨਾਰੀਵਾਦੀ ਪਰਿਪੇਖ ਤੋਂ ਇਹ ਪ੍ਰਸ਼ਨ ਬਹੁਤ ਅਹਿਮੀਅਤ ਵਾਲਾ ਹੈ ਕਿ ਕੋਈ ਔਰਤ ਆਪਣੀ ਮਿਹਨਤ ਨਾਲ ਕੀਤੀ ਕਮਾਈ ਨੂੰ ਮਰਜ਼ੀ ਮੁਤਾਬਕ ਖਰਚ ਕਿਉਂ ਨਹੀਂ ਕਰ ਸਕਦੀ? ਸੁਸ਼ੀਲ ਕੌਰ ਦੇ ਨਾਵਲ ਦਾ ਮੁੱਖ ਵਿਸ਼ਾ ਪਰਵਾਸੀ ਔਰਤ ਨਾਲ ਉਸਦੇ ਪਤੀ ਵੱਲੋਂ ਕੀਤੀ ਬੇਵਫ਼ਾਈ ਹੈ। ਵਿਦੇਸ਼ ਵਿਚ ਇੱਕਲੀ ਰਹਿੰਦੀ ਔਰਤ ਦਾ ਆਤਮ ਨਿਰਭਰ ਹੋ ਕੇ ਪਰਾਈ ਔਰਤ ਨਾਲ ਉਸਦੇ ਆਪਣੇ ਪਤੀ ਨੂੰ ਤਿਆਗ ਦੇਣ ਦਾ ਫੈਸਲਾ ਲੈਣਾ ਨਾਰੀਵਾਦੀ ਪਰਿਪੇਖ ਤੋਂ ਬਹੁਤ ਮਹੱਤਵ ਰੱਖਦਾ ਹੈ।

ਪਵਨ ਤੇਰਾ ਮੇਰਾ ਚਾਰ ਲਾਵਾਂ ਦਾ ਸੰਬੰਧ ਸੀ। ਲਾਵਾਂ ਹੋ ਗਈਆਂ। ਤੂੰ ਮੈਨੂੰ ਮਨੀਲੇ ਲਿਆ ਸੁੱਟ ਦਿੱਤਾ। ਵਿਆਹ ਦੇ ਬੰਧਨ ਦੇ ਧਾਗੇ ਨੂੰ ਏਥੇ ਹੁਣੇ, ਇਸੇ ਵਕਤ ਤੋੜ ਕੇ, ਸੁੱਟ ਕੇ ਜਾ ਰਹੀ ਹਾਂ।

ਨਾਇਕਾ ਦੇ ਇਸ ਫੈਸਲੇ ਪਿੱਛੇ ਵੀ ਉਸਦਾ ਆਰਥਿਕ ਤੌਰ 'ਤੇ ਆਤਮ ਨਿਰਭਰ ਹੋਣਾ ਕਾਰਗਰ ਭੂਮਿਕਾ ਨਿਭਾਉਂਦਾ ਹੈ। ਆਰਥਿਕ ਤੌਰ 'ਤੇ ਸੰਪੰਨ ਹੋਣ ਕਾਰਨ ਹੀ ਉਹ ਆਪਣੇ ਸਵੈਮਾਨ ਦੀ ਰੱਖਿਆ ਕਰਦੀ ਹੋਈ ਬੇਵਫ਼ਾ ਪਤੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਨਿਰਣਾ ਲੈਂਦੀ ਹੈ। ਲੇਖਕਾ ਨੇ ਨਾਵਲ ਵਿਚਲੀ ਨਾਇਕਾ ਰਾਹੀਂ ਪਰਵਾਸੀ ਨਾਰੀ ਦੀ ਅਜਿਹੀ ਵਿਆਪਕ ਤਸਵੀਰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਜੋ ਜੀਵਨ ਵਿਚਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੀ ਹੋਈ ਆਪਣੇ ਅਸਤਿਤਵ ਨੂੰ ਕਾਇਮ ਰੱਖਦੀ ਹੈ। ਆਪਣੀਆਂ ਗਲਪ ਰਚਨਾਵਾਂ ਵਿਚ ਸੁਸ਼ੀਲ ਕੌਰ ਨੇ ਨਾਰੀ ਜੀਵਨ ਦੀਆਂ ਮੁਸ਼ਕਲਾਂ ਨਾਲ ਸੰਬੰਧਤ ਮੂਲ ਮੁੱਦਿਆਂ ਨੂੰ ਸਾਹਮਣੇ ਲਿਆਂਦਾ ਹੈ ਅਤੇ ਇਹਨਾਂ ਦਾ ਹੱਲ ਔਰਤ ਦੀ ਆਰਥਿਕ ਸੁਤੰਤਰਤਾ ਤੇ ਆਤਮ ਨਿਰਭਰਤਾ ਵਿਚ ਲੱਭਿਆ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪਰਵਾਸੀ ਪੰਜਾਬੀ ਗਲਪ ਵਿਚ ਅਤੇ ਖ਼ਾਸ ਕਰਕੇ ਕਨੇਡਾ ਵਿਚ ਔਰਤ ਗਲਪਕਾਰਾਂ ਦੀਆਂ ਗਲਪ-ਰਚਨਾਵਾਂ ਵਿਚ ਪਰਵਾਸ ਅਤੇ ਪੰਜਾਬੀ ਨਾਰੀ ਦੇ ਅਸਤਿਤਵ ਨਾਲ ਜੁੜੇ ਪ੍ਰਸ਼ਨਾਂ ਨੂੰ ਵੱਖਰੇ ਕਿਸਮ ਦੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਹ ਨਾਰੀਵਾਦੀ ਦ੍ਰਿਸ਼ਟੀਕੋਣ ਇਕ ਪਾਸੇ ਪੂਰਬੀ ਕੀਮਤ-ਪ੍ਰਬੰਧ ਨਾਲ ਰਿਸ਼ਤਾ ਜੋੜਦਾ ਹੈ ਅਤੇ ਦੂਜੇ ਪਾਸੇ ਪੱਛਮੀ ਮੁੱਲ-ਵਿਧਾਨ ਨਾਲ ਵੀ ਸੰਵਾਦ ਰਚਾਉਂਦਾ ਹੈ। ਇਸ ਕਰਕੇ ਇਹ ਦ੍ਰਿਸ਼ਟੀਕੋਣ ਨਾ ਕੇਵਲ ਪੰਜਾਬੀ ਔਰਤ ਦੇ ਪਰਵਾਸ ਵਿਚ ਜੀਵਨ ਗੁਜ਼ਾਰਨ ਸਮੇਂ ਸਨਮੁੱਖ ਅਸਤਿਤਵੀ ਸੰਦਰਭਾਂ ਅਤੇ ਮਨੋ-ਸਰੀਰਕ ਲੁੱਟ ਦਾ ਚਿਤਰਣ ਕਰਦਾ ਹੈ ਬਲਕਿ ਪੰਜਾਬੀ ਔਰਤ ਵੱਲੋਂ ਇਸ ਪ੍ਰਤੀ ਨਾਬਰੀ ਦੇ ਦ੍ਰਿਸ਼ ਦੀ ਵੀ ਪੇਸ਼ਕਾਰੀ ਕਰਦਾ ਹੈ।□□

[ਐਸੋਸ਼ਿਏਟ ਪ੍ਰੋਫੈਸਰ, ਡਿਪਾਰਟਮੈਂਟ ਆਫ ਈਵਨਿੰਗ ਸਟਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਪਰਮਜੀਤ ਸਿੰਘ ਜੱਜ ਦਾ ਨਾਵਲ 'ਬਦਲੇ ਦੀ ਪੱਤਝੜ'

ਰਘਬੀਰ ਸਿੰਘ

ਆਪਣੇ ਪਹਿਲੇ ਦੋ ਨਾਵਲਾਂ 'ਪੀਤੂ' ਅਤੇ 'ਤਰਕਾਲਾਂ' ਨਾਲ ਯੂਨੀਵਰਸਿਟੀ ਵਿਚ ਸਮਾਜ ਵਿਗਿਆਨ ਦਾ ਪ੍ਰੋਫੈਸਰ ਪਰਮਜੀਤ ਸਿੰਘ ਜੱਜ ਪੰਜਾਬੀ ਦੇ ਗੌਲਣਯੋਗ ਨਾਵਲਕਾਰਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ ਸੀ। ਸਮਾਜ ਵਿਗਿਆਨੀ ਹੋਣ ਦੀ ਪ੍ਰੋਫੈਸਰ ਜੱਜ ਦੀ ਅਕਾਦਮਿਕ ਤੇ ਪੇਸ਼ਾਵਰਾਨਾ ਯੋਗਤਾ ਉਸਦੀ ਸਿਰਜਣਾਤਮਕਤਾ ਨੂੰ ਇਕ ਨਿਵੇਕਲੀ ਪਛਾਣ ਦਿੰਦੀ ਸੀ। ਇਸ ਤਰ੍ਹਾਂ ਦੀ ਯੋਗਤਾ ਨਾਲ ਪੰਜਾਬੀ ਨਾਵਲ-ਨਗਾਰੀ ਵਿਚ ਵੀ ਉਸ ਗੁਣ-ਲੱਛਣ ਦਾ ਚੰਗੀ ਤਰ੍ਹਾਂ ਸਮਾਵੇਸ਼ ਹੁੰਦਾ ਜਾਪਦਾ ਸੀ ਜਿਸਦਾ ਨਾਵਲ ਦੀ ਵਿਧਾ ਦੇ ਰਚਨਾਕਾਰਾਂ ਵਿਚ ਹੋਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ। ਬਹੁਤ ਹੀ ਸੰਜਮੀ ਕਥਾ-ਸ਼ੈਲੀ ਵਿਚ ਲਿਖੇ ਗਏ ਇਹ ਦੋ ਨਾਵਲ ਆਪਣੇ ਆਕਾਰ ਪ੍ਰਕਾਰ ਤੋਂ ਕਿਤੇ ਵਡੇਰੀ ਤੇ ਅਰਥ ਭਰਪੂਰ ਸਮੱਗਰੀ ਸਮੋਈ ਬੈਠੇ ਸਨ, ਜਿਸ ਕਰਕੇ ਇਕ ਨਾਵਲਕਾਰ ਵਜੋਂ ਪਰਮਜੀਤ ਜੱਜ ਦੀ ਢੁਕਵੀਂ ਪ੍ਰਸ਼ੰਸਾ ਹੋਈ ਸੀ ਅਤੇ ਪੰਜਾਬੀ ਨਾਵਲ ਦੀ ਸਿਰਜਣਾ ਦੇ ਖੇਤਰ ਵਿਚ ਉਸਦੀ ਆਮਦ ਨੂੰ ਇਕ ਸ਼ੁਭ ਵਰਤਾਰਾ ਸਮਝਿਆ ਗਿਆ ਸੀ। ਉਸਤੋਂ ਮਗਰੋਂ ਪਰਮਜੀਤ ਜੱਜ ਨੇ 'ਅਰਥ' ਅਤੇ 'ਪਛਾਣ ਬਦਲ ਗਈ' ਨਾਂ ਦੇ ਦੋ ਹੋਰ ਨਾਵਲ ਵੀ ਲਿਖੇ ਤੇ ਛਪਵਾਏ, ਪਰ ਉਹ ਉਸ ਭਾਂਤ ਦੀ ਹਲਚਲ ਨਾ ਮਚਾ ਸਕੇ ਜਿਸਦੀ ਜੱਜ ਦੀ ਕਿਸੇ ਨਾਵਲ-ਰਚਨਾ ਦੇ ਪ੍ਰਕਾਸ਼ਤ ਹੋਣ 'ਤੇ ਉਮੀਦ ਬੱਝ ਗਈ ਸੀ। ਸੰਭਵ ਹੈ ਉਨ੍ਹਾਂ ਨਾਵਲਾਂ ਵਿਚ ਰਚਨਾਤਮਕਤਾ ਨਾਲੋਂ ਲੇਖਕ ਦੀ ਅਕਾਦਮਿਕਤਾ, ਰਾਜਨੀਤਕ ਸਰੋਕਾਰ ਤੇ ਵਿਚਾਰਧਾਰਕ ਹਮਦਰਦੀ ਭਾਰੂ ਹੋ ਗਏ ਹੋਣ। ਸੰਤੁਸ਼ਟੀ ਵਾਲੀ ਗੱਲ ਹੈ ਕਿ ਯਥਾਰਥ ਉੱਤੇ ਪਕੜ ਅਤੇ ਉਸ ਯਥਾਰਥ ਨੂੰ ਸਹਿਜ ਕਲਾਤਮਕ ਰੂਪ ਵਿਚ ਪੇਸ਼ ਕਰਨ ਦੀ ਜਿਹੋ ਜਿਹੀ ਕੁਸ਼ਲਤਾ ਦਾ ਪ੍ਰਮਾਣ ਪਰਮਜੀਤ ਜੱਜ ਦੇ ਪਹਿਲੇ ਦੋ ਨਾਵਲਾਂ ਵਿਚ ਮਿਲਿਆ ਸੀ, ਉਸਦੇ ਵਿਚਾਰ ਅਧੀਨ ਪੰਜਵੇਂ ਨਾਵਲ (ਬਦਲੇ ਦੀ ਪੱਤਝੜ, ਪੰਨੇ 198, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਉਹੋ ਜਿਹੀ ਕੁਸ਼ਲਤਾ ਦਾ ਨਾ ਸਿਰਫ ਇਕ ਵਾਰ ਫੇਰ ਆਭਾਸ ਹੁੰਦਾ ਹੈ, ਸਗੋਂ ਇਸ ਵਿਚ ਹੋਰ ਪਕਿਆਈ ਵੀ ਆਈ ਜਾਪਦੀ ਹੈ। ਪੰਜਾਬ ਦੇ ਪਿੰਡਾਂ ਦੇ ਸਮਾਜਕ ਤੇ ਸਭਿਆਚਾਰਕ ਵਰਤਾਰੇ ਬਾਰੇ ਲੇਖਕ ਦੀ ਸੋਝੀ ਤੇ ਅਨੁਭਵ ਦਾ ਇਕ ਸਜੀਵ ਕਲਾਤਮਕ ਚਿੱਤਰ ਦ੍ਰਿਸ਼ਟੀਗੋਚਰ ਹੁੰਦਾ ਹੈ ਇਸ ਨਾਵਲ ਵਿਚੋਂ।

'ਬਦਲੇ ਦੀ ਪੱਤਝੜ' ਵਿਚ ਪੰਜਾਬੀ ਸਮਾਜਚਾਰੇ ਦੇ ਉਸ ਲੱਛਣ ਦੀ ਪੇਸ਼ਕਾਰੀ ਨੂੰ ਆਧਾਰ ਬਣਾਇਆ ਗਿਆ ਹੈ ਜੋ, ਗ਼ਲਤ ਜਾਂ ਠੀਕ, ਇਸ ਦਾ ਇਕ ਤਰ੍ਹਾਂ ਦਾ ਪਛਾਣ-ਚਿੰਨ੍ਹ ਦਰਸਾਇਆ ਜਾਂਦਾ ਰਿਹਾ ਹੈ। ਇਹ ਲੱਛਣ ਹੈ ਅਣਖ ਦੀ ਖਾਤਰ ਕਤਲ, ਮਾਰ ਧਾੜ ਅਤੇ ਬਦਲਾ ਆਦਿ, ਜਿਹਨਾਂ ਦੇ ਕੇਂਦਰ ਵਿਚ ਅਕਸਰ ਔਰਤ ਹੁੰਦੀ ਹੈ ਤੇ ਜਾਂ ਫਿਰ ਜ਼ਮੀਨ। ਤਕੜੀ ਧਿਰ ਵੱਲੋਂ ਆਰਥਿਕ ਤੇ ਸਮਾਜਕ ਤੌਰ 'ਤੇ ਧੱਕਾ ਕਰਨ ਦੀ ਕੋਸ਼ਿਸ਼ ਵੀ ਇਸ ਦਾ ਕਾਰਨ ਹੁੰਦੀ ਹੈ। ਇਹ ਨਾਵਲ ਕਤਲਾਂ, ਕੈਦਾਂ, ਰੂਪੋਸ਼ੀਆਂ ਦਾ ਇਕ ਲੰਮਾ ਸਿਲਸਿਲਾ ਪੇਸ਼ ਕਰਦਾ ਹੈ। ਸ਼ੁਰੂ ਵਿਚ ਤਾਂ ਕਤਲ ਦੀ ਵਾਰਦਾਤ ਦੇ ਵਾਪਰਨ ਲਈ ਕੋਈ ਵਿਉਂਤਬੱਧ ਯੋਜਨਾ ਮੌਜੂਦ ਨਹੀਂ ਦਿਸਦੀ। ਪਰ ਇਕ ਵਾਰ ਕਤਲ ਹੋ ਜਾਣ ਪਿੱਛੋਂ ਬਦਲੇ ਤੇ ਅਣਖ ਦੀ ਭਾਵਨਾ ਪ੍ਰਚੰਡ ਹੋ ਜਾਂਦੀ ਹੈ। ਪ੍ਰਤੱਖ ਤੌਰ 'ਤੇ ਇਹ ਪਿੰਡਾਂ ਵਿਚਲੀ ਭੂਪਵਾਦੀ ਰਹਿਤਲ ਦਾ ਪ੍ਰਗਟਾਅ ਹੈ, ਜਿਸ ਵਿਚ ਟਰਾਂਸਪੋਰਟ ਦੇ ਕਾਰੋਬਾਰ ਵਿਚ ਖਹਿਬਾਜ਼ੀ ਤੇ ਪੂੰਜੀਵਾਦੀ ਮੁਨਾਫੇ ਦੀ ਦੌੜ ਦਾ ਦਖ਼ਲ ਵੀ ਆ ਰਲਦਾ ਹੈ।

ਨਾਵਲ ਦੀ ਕਹਾਣੀ ਤਿੰਨ ਮੁਖ ਪਾਤਰਾਂ ਬਿਸ਼ਨੀ, ਵੀਰ ਸਿੰਘ ਅਤੇ ਮਲਕੀਤ ਸਿੰਘ ਦੇ ਗੁੰਝਲਦਾਰ ਜੀਵਨ-ਸਮਾਚਾਰਾਂ ਨਾਲ ਜੁੜੀ ਹੋਈ ਹੈ। ਬਿਸ਼ਨੀ ਨੇ ਕਤਲ ਕੋਈ ਨਹੀਂ ਕੀਤਾ, ਪਰ ਉਹ ਕਤਲਾਂ ਦੇ ਸਿਲਸਿਲੇ ਦੇ ਸ਼ੁਰੂ ਹੋਣ ਲਈ ਅਚੇਤ ਹੀ ਜ਼ਿੰਮੇਵਾਰ ਜ਼ਰੂਰ

ਹੈ। ਵੀਰ ਸਿੰਘ ਅਤੇ ਮਲਕੀਤ ਸਿੰਘ ਨੇ ਕਤਲ ਕੀਤੇ ਹਨ ਅਤੇ ਉਹਨਾਂ ਵੱਲੋਂ ਕਤਲ ਕੀਤੇ ਜਾਣ ਦੇ ਕਾਰਨ ਵੀ ਮੌਜੂਦ ਹਨ, ਪਰ ਉਹ ਕਾਰਨ ਇਨੇ ਠੋਸ ਨਹੀਂ ਕਿ ਗੱਲ ਜ਼ਰੂਰ ਕਤਲ ਉੱਤੇ ਹੀ ਮੁਕਦੀ। ਥੋੜ੍ਹੇ ਬਹੁਤ ਬੋਲ-ਬੁਲਾਰੇ ਪਿੱਛੋਂ ਅੱਖ ਦੇ ਫੋਰ ਵਿਚ ਅਚੇਤ ਹੀ ਉਹਨਾਂ ਹੱਥੋਂ ਕਤਲ ਹੋ ਜਾਂਦੇ ਹਨ। ਕਹਾਣੀ ਦੇ ਸਿਰਫ ਇਹ ਮੁਖ ਪਾਤਰ ਹੀ ਕਤਲਾਂ ਨਾਲ ਜੁੜੇ ਹੋਏ ਨਹੀਂ, ਛਿੰਦਾ, ਹਰਿੰਦਰ, ਭਗਤਾ, ਪਿਆਰਾ, ਚੰਦ ਸਿੰਘ, ਮਲੂਕਾ, ਮੰਗਲ ਆਦਿ ਕਈ ਹੋਰ ਪਾਤਰ ਵੀ ਹਨ ਜੋ ਜਾਂ ਸਿੱਧੇ ਖੁਦ ਕਤਲ ਕਰਕੇ ਜੇਲ੍ਹ ਜਾਂਦੇ ਹਨ, ਜਾਂ ਲੁਕਵੇਂ ਤੌਰ 'ਤੇ ਕਤਲਾਂ ਦੀ ਪਲਾਨ ਬਣਾਉਣ ਵਿਚ ਸ਼ਾਮਲ ਹੁੰਦੇ ਹਨ।

ਕਤਲਾਂ ਦੀ ਸ਼ੁਰੂਆਤ ਬਿਸ਼ਨੀ ਵੱਲੋਂ ਆਪਣੇ ਘਰ ਵਾਲੇ ਮੰਗਲ ਨੂੰ ਛੱਡਕੇ ਭਗਤੇ ਨਾਲ ਉੱਧਲ ਕੇ ਯੂ.ਪੀ. ਵੱਲ ਨਿਕਲ ਜਾਣ ਤੋਂ ਹੋਈ ਸੀ। ਮੰਗਲ ਨੇ ਇਸ ਬੇਇਜ਼ਤੀ ਦਾ ਬਦਲਾ ਲੈਣ ਲਈ ਭਗਤੇ ਦੇ ਗੁਆਂਢੀ ਪਿੰਡ ਦੇ ਤਕੜੇ ਆਦਮੀ ਚੰਦ ਸਿੰਘ ਨੂੰ ਵੀਹ ਹਜ਼ਾਰ ਰੁਪਈਆ ਦੇ ਕੇ ਭਗਤੇ ਦਾ ਕਤਲ ਕਰਵਾਉਣ ਦੀ ਯੋਜਨਾ ਬਣਾਈ ਸੀ। ਚੰਦ ਸਿੰਘ ਨੇ ਅੱਗੋਂ ਇਹ ਕੰਮ ਸਰਅੰਜਾਮ ਕਰਨ ਲਈ ਦਾਰੇ ਦੀ ਡਿਊਟੀ ਲਾਈ ਸੀ। ਕਤਲ ਕਰਨ ਲਈ ਟਿੱਕੇ ਗਏ ਆਪਣੇ ਪੁਰਾਣੇ ਵਾਕਫ ਨੂੰ ਹੀ ਸਾਹਮਣੇ ਦੇਖਕੇ ਦਾਰੇ ਨੇ ਭਗਤੇ ਦਾ ਕਤਲ ਤਾਂ ਨਾ ਕੀਤਾ ਸਗੋਂ ਉਲਟਾ ਇਕ ਜੁਗਤ ਨਾਲ ਕੋਈ ਪੁਰਾਣੀ ਖੁੰਦਕ ਕੱਢਣ ਲਈ ਜੁੜੀ ਮਹਿਫਲ ਵਿਚ ਚੰਦ ਸਿੰਘ ਦੇ ਭਰਾ ਨੂੰ ਹੀ ਗੋਲ਼ੀ ਦਾ ਨਿਸ਼ਾਨਾ ਬਣਾ ਦਿੱਤਾ। ਚੰਦ ਸਿੰਘ ਨੇ ਆਪਣੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਭਗਤੇ ਦੇ ਕਤਲ ਦੀ ਯੋਜਨਾ ਬਣਾਈ ਅਤੇ ਭੇਸ ਬਦਲਕੇ ਉਸਦੇ ਘਰ ਬੰਦੇ ਭੇਜੇ, ਜੋ ਮੌਕੇ 'ਤੇ ਗ਼ੈਰ ਹਾਜ਼ਰ ਭਗਤੇ ਨੂੰ ਤਾਂ ਨਾ ਮਾਰ ਸਕੇ ਪਰ ਭਗਤੇ ਦੇ ਭਰਾ ਪਿਆਰੇ ਨੂੰ ਉਸਦੀ ਹਵੇਲੀ ਵਿਚ ਹੀ ਮਾਰ ਕੇ ਸੁੱਟ ਗਏ। ਭਗਤੇ ਨੂੰ ਇਕ ਵਾਰ ਫਿਰ ਮਾਰਨ ਦੀ ਕੋਸ਼ਿਸ਼ ਹੋਈ ਜਦੋਂ ਉਸਦੇ ਤਾਏ ਦੀ ਧੀ ਦੇ ਵਿਆਹ ਵਿਚ ਆਏ ਇਕ ਬਰਾਤੀ ਨੇ ਉਸ ਉੱਤੇ ਗੋਲ਼ੀ ਚਲਾਈ। ਭਗਤਾ ਤਾਂ ਬਚ ਗਿਆ ਪਰ ਉਸ ਵੱਲੋਂ ਜਵਾਬ ਵਿਚ ਚਲਾਈ ਪਸਤੌਲ਼ ਦੀ ਗੋਲ਼ੀ ਨਾਲ ਬਰਾਤੀ ਜ਼ਰੂਰ ਖਤਮ ਹੋ ਗਿਆ। ਇਵੇਂ ਹੀ ਪੁਲਸ ਦਾ ਭੇਸ ਧਾਰ ਕੇ ਜੇ ਭਗਤੇ ਹੁਰਾਂ ਚੰਦ ਸਿੰਘ ਅਤੇ ਉਸਦੇ ਚਾਰ ਸਾਥੀਆਂ ਨੂੰ ਉਸਦੀ ਹੀ ਹਵੇਲੀ ਵਿਚ ਜਾ ਕੇ ਗੋਲ਼ੀ ਦਾ ਨਿਸ਼ਾਨਾ ਬਣਾਇਆ ਤਾਂ ਫੌਜੀ ਦਿੱਖ ਵਿਚ ਆ ਕੇ ਚੰਦ ਸਿੰਘ ਦੇ ਬੰਦਿਆਂ ਨੇ ਭਗਤੇ ਦੀ ਜੀਪ ਗ੍ਰਨੇਡ ਨਾਲ ਉਡਾ ਕੇ ਉਸਨੂੰ ਖਤਮ ਕਰ ਦਿੱਤਾ।

ਕਤਲਾਂ ਦੀ ਇਹ ਲੜੀ ਅਗਾਂਹ ਹੋਰ ਜੁੜਦੀ ਜਾਂਦੀ ਹੈ, ਜਿਸਦੇ ਜੁੜਨ ਵਿਚ ਜੇਲ੍ਹ ਜੀਵਨ ਵਿਚ ਪਈਆਂ ਸਾਂਝਾਂ ਸਹਾਇਕ ਸਾਬਤ ਹੁੰਦੀਆਂ ਹਨ। ਕਤਲ ਦੇ ਮਾਮਲਿਆਂ ਵਿਚ ਅੰਦਰ ਹੋਏ ਵੀਰ ਸਿੰਘ, ਛਿੰਦਾ, ਹਰਿੰਦਰ ਅਤੇ ਮਲਕੀਤ ਜੇਲ੍ਹ ਵਿਚ ਹੀ ਇਕ ਦੂਜੇ ਦੇ ਵਾਕਫ ਤੇ ਮਿੱਤਰ ਬਣਦੇ ਹਨ। ਵੀਰ ਸਿੰਘ ਵਰਗੇ ਸਾਊ ਬੰਦੇ ਤੋਂ ਐਵੇਂ ਹੀ ਸੁੱਖੇ ਦਾ ਕਤਲ ਹੋ ਗਿਆ ਸੀ। ਨਸ਼ੇ ਵਿਚ ਅਵਾ ਤਵਾ ਬੋਲਦੇ ਅਮਲੀ ਤੇ ਨਿੱਕੇ ਮੋਟੇ ਚੋਰ ਸੁੱਖੇ ਨੂੰ ਵੀਰ ਸਿੰਘ ਨੇ ਇਕ ਡਾਂਗ ਹੀ ਮਾਰੀ ਸੀ ਕਿ ਉਹ ਚਿੱਤ ਹੋ ਗਿਆ ਸੀ। ਛਿੰਦੇ ਦੀ ਭੈਣ ਇਕ ਚਮਾਰਾਂ ਦੇ ਮੁੰਡੇ ਨਾਲ ਭੱਜ ਗਈ ਸੀ। ਛਿੰਦੇ ਨੇ ਉਹਨਾਂ ਦਾ ਪਿੱਛਾ ਕਰਕੇ ਅਣਖ ਦੀ ਖਾਤਰ ਦੋਵੇਂ ਮਾਰ ਦਿੱਤੇ ਸਨ। ਛੁੱਟੀ 'ਤੇ ਪਿੰਡ ਆਏ ਫੌਜੀ ਅਫਸਰ ਹਰਿੰਦਰ ਨੇ ਪਰਿਵਾਰਕ ਦੁਸ਼ਮਣੀ ਕਰਕੇ ਪਿੰਡ ਦੇ ਬੰਦੇ ਨੂੰ ਗੋਲੀ ਮਾਰੀ ਸੀ। ਅਤੇ ਮਲਕੀਤ ਸਿੰਘ ਟਰੱਕ ਯੂਨੀਅਨ ਦੇ ਝਗੜੇ ਵਿਚ ਅਚਾਨਕ ਹੀ ਢਾਬੇ ਉੱਤੇ ਹੋਏ ਬੋਲ ਕੁਬੋਲਾਂ ਦੌਰਾਨ ਟਰੱਕ ਯੂਨੀਅਨ ਵਿਚ ਵਿਰੋਧੀ ਧੜੇ ਦੇ ਬਿੱਕਰ ਸਿੰਘ ਦੇ ਭਰਾ ਨੂੰ ਪਸਤੌਲ ਚਲਾ ਕੇ ਫੁੰਡ ਬੈਠਾ ਸੀ।

ਕਤਲ ਕਰਨ ਦੇ ਦੋਸ਼ ਵਿਚ ਜਿਹਲਾਂ ਵਿਚ ਜਾਣ ਵਾਲੇ ਇਹ ਲੋਕ ਕੋਈ ਪੇਸ਼ਾਵਰ

ਬਦਮਾਸ਼ ਨਹੀਂ, ਸਗੋਂ ਬਹੁਤ ਹਾਲਤਾਂ ਵਿਚ ਸਾਧਾਰਨ ਮਨੁੱਖ ਸਨ, ਜੋ ਕਿਸੇ ਨਾ ਕਿਸੇ ਹਾਲਾਤ ਵੱਸ ਇਹ ਕੁਝ ਕਰ ਬੈਠੇ ਸਨ। ਵੀਰ ਸਿੰਘ ਤਾਂ ਪੁੱਜਕੇ ਸਾਊ ਮਨੁੱਖ ਸੀ, ਜਿਸਨੂੰ ਖੇਦ ਸੀ ਕਿ ਜੇ ਸੁੱਖਾ ਉਸਦੀ ਇਕ ਡਾਂਗ ਖਾ ਕੇ ਨਾ ਮਰਦਾ ਤਾਂ ਉਸਦੀ ਜ਼ਿੰਦਗੀ ਹੋਰ ਹੀ ਹੋਣੀ ਸੀ। ਉਸਨੇ ਤਾਂ ਆਪਣੇ ਬਜ਼ੁਰਗਾਂ ਵਿਰੁੱਧ ਅਮਲੀ ਸੁੱਖੇ ਦੇ ਕੌੜੇ ਬੋਲਾਂ ਤੇ ਗਾਲ੍ਹਾਂ ਨੂੰ ਨਾ ਸਹਿੰਦਿਆਂ ਹੋਇਆਂ ਉਸਦੇ ਡਾਂਗ ਹੀ ਜੜੀ ਸੀ, ਕਤਲ ਕਰਨ ਦਾ ਉਸਦਾ ਕੋਈ ਇਰਾਦਾ ਨਹੀਂ ਸੀ। ਅਤੇ ਆਪਣੀ ਭੈਣ ਤੇ ਉਸਦੇ ਪ੍ਰੇਮੀ ਨੂੰ ਮਾਰਨ ਵਾਲੇ ਛਿੰਦੇ ਦੀ ਭਾਵੇਂ ਇਹ ਧਾਰਨਾ ਰਹੀ ਸੀ ਕਿ ਇੱਜ਼ਤ ਤੋਂ ਵੱਡੀ ਕੋਈ ਚੀਜ਼ ਨਹੀਂ ਹੁੰਦੀ। ਪਰ ਜਿਹਲ ਵਿਚ ਬੈਠਾ ਉਹ ਵੀ ਸੋਚਦਾ ਸੀ ਕਿ 'ਐਵੇਂ ਮਾਰ ਦਿੱਤੇ। ਇੰਨੀ ਵੀ ਕੀ ਵੱਡੀ ਗੱਲ ਸੀ। ਕੁੜੀ ਨੇ ਆਪਣੀ ਪਸੰਦ ਦਾ ਮੁੰਡਾ ਚੁਣਿਆ ਸੀ, ਘਰੋਂ ਚਲੀ ਗਈ ਸੀ, ਰਾਮ ਨਾਲ ਭੁੱਲ ਜਾਂਦੇ'। ਮਲਕੀਤ ਦੇ ਮਾਮਲੇ ਵਿਚ ਟਰੱਕ ਯੂਨੀਅਨ ਵਿਚ ਚੌਧਰ ਹਥਿਆਉਣ ਦਾ ਪੰਗਾ ਜ਼ਰੂਰ ਪਿਆ ਹੋਇਆ ਸੀ ਪਰ ਕਤਲ ਕਰਨ ਦਾ ਉਸਦਾ ਵੀ ਕੋਈ ਇਰਾਦਾ ਨਹੀਂ ਸੀ। ਉਸ ਨੇ ਤਾਂ ਢਾਬੇ 'ਤੇ ਉਲਝ ਪਏ ਦੋ ਡਰਾਇਵਰਾਂ ਵਿਚ ਆਪਣੇ ਧੜੇ ਦੇ ਬੰਦੇ ਦੀ ਸੁਰੱਖਿਆ ਲਈ ਗੋਲੀ ਚਲਾਈ ਸੀ। ਹਰਿੰਦਰ ਨੇ ਜ਼ਰੂਰ ਮਿਥ ਕੇ ਆਪਣੇ ਪਿੰਡ ਦੇ ਬਦਨਾਮ ਜ਼ੈਲਦਾਰ ਨੂੰ ਮਾਰਿਆ ਸੀ। ਹਰਿੰਦਰ ਦੇ ਪਰਿਵਾਰ ਨਾਲ ਦੁਸ਼ਮਣੀ ਪੁਗਾਉਣ ਵਾਲੇ ਇਸ ਬਦਨਾਮ ਮਨੁੱਖ ਨੂੰ ਮਾਰ ਕੇ ਹਰਿੰਦਰ ਨੇ ਪਿੰਡ ਵੱਲੋਂ ਜਿਵੇਂ ਬਦਲਾ ਲਿਆ ਸੀ। ਅੰਗਰੇਜ਼ਾਂ ਵੇਲੇ ਬੱਬਰਾਂ ਦੀ ਮੁਖਬਰੀ ਕਰਦੇ ਰਹੇ ਅਤੇ ਆਜ਼ਾਦੀ ਪਿੱਛੋਂ ਕਾਂਗਰਸੀ ਬਣ ਗਏ ਜ਼ੈਲਦਾਰਾਂ ਦੇ ਟੱਬਰ ਦੇ ਇਸ ਮੁਖੀਏ ਲਈ ਚਮਾਰਾਂ ਦੀ ਕੋਈ ਔਰਤ ਫੜ ਲੈਣੀ ਤੇ ਜ਼ਬਰਦਸਤੀ ਕਰਨੀ ਆਮ ਗੱਲ ਸੀ। ਫੇਰ ਉਹ ਦੂਸਰੀਆਂ ਜਾਤਾਂ ਦੀਆਂ ਜਨਾਨੀਆਂ ਨੂੰ ਵੀ ਹੱਥ ਪਾਉਣ ਲੱਗ ਪਿਆ ਸੀ।

ਵਿਡੰਬਨਾ ਇਹ ਹੈ ਕਿ ਇਕ ਵਾਰ ਅਚੇਤ ਹੀ ਕਤਲਾਂ ਦੀ ਵਾਰਦਾਤ ਵਿਚ ਫਸ ਗਏ ਅਤੇ ਜਿਹਲਾਂ ਵਿਚ ਡੱਕੇ ਗਏ ਇਹ ਮਨੁੱਖ ਬਦਲੇ ਦੀ ਅੱਗ ਵਿਚ ਸੜਨ ਤੋਂ ਬਚ ਨਹੀਂ ਸਕਦੇ। ਅਤੇ, ਭਾਵੇਂ ਆਪਣੇ ਬਚਾਅ ਲਈ ਹੀ, ਹੋਰ ਹਿੰਸਕ ਵਾਰਦਾਤਾਂ ਵਿਚ ਫਸਦੇ ਜਾਣਾ ਜਿਵੇਂ ਉਹਨਾਂ ਦੀ ਹੋਣੀ ਹੈ। ਏਸੇ ਲਈ ਕੈਦ ਭੁਗਤਕੇ ਜੇਲ੍ਹ ਤੋਂ ਬਾਹਰ ਆਇਆ ਵੀਰ ਸਿੰਘ ਮਲਕੀਤੇ ਦੀ ਦੱਸ 'ਤੇ ਜੇਲ੍ਹੋਂ ਭੱਜੇ ਹਰਿੰਦਰ ਨੂੰ ਨਾਲ ਲੈ ਕੇ ਭਗਤੇ ਤੋਂ ਅਸਲਾ ਲੈਣ ਦੇ ਮਕਸਦ ਨਾਲ ਭਗਤੇ ਕੋਲ ਉਸਦੇ ਪਿੰਡ ਗਿਆ ਸੀ। ਜਿਹਲ ਤੋਂ ਰਿਹਾਅ ਹੋਣ ਪਿੱਛੋਂ ਵੀਰ ਸਿੰਘ, ਮਲਕੀਤ ਤੇ ਛਿੰਦਾ ਅਤੇ ਜਿਹਲ ਤੋਂ ਭੱਜਕੇ ਆਇਆ ਹਰਿੰਦਰ ਸਭ ਮੁੜ ਕਈ ਵਾਰਦਾਤਾਂ ਵਿਚ ਸ਼ਰੀਕ ਹੁੰਦੇ ਹਨ, ਪੁਲਸ ਦੀ ਹਿਰਾਸਤ ਵਿਚ ਜੇਲ੍ਹ 'ਚੋਂ ਪੇਸ਼ੀ ਭੁਗਤਣ ਆਏ ਵਿਰੋਧੀਆਂ ਉੱਤੇ ਕਚਹਿਰੀਆਂ ਵਿਚ ਹਮਲਾ ਕਰਨਾ ਜਿਨ੍ਹਾਂ ਵਿਚੋਂ ਸਭ ਤੋਂ ਉਘੜਵਾਂ ਹੈ। ਟਰੱਕ ਯੂਨੀਅਨ ਦੇ ਝਗੜੇ ਵਿਚ ਕਤਲ ਦੇ ਦੋਸ਼ ਵਿਚ ਮਲਕੀਤ ਦੇ ਜੇਲ੍ਹ ਜਾਣ ਮਗਰੋਂ ਵਿਰੋਧੀ ਧੜੇ ਦੇ ਮੁਖੀ ਬਿੱਕਰ ਦੇ ਤਿੰਨ ਭਰਾਵਾਂ ਸਮੇਤ ਮਲਕੀਤ ਤੇ ਉਸਦੇ ਸਾਥੀਆਂ ਵੱਲੋਂ ਕਈ ਹੋਰ ਮਾਰੇ ਗਏ। ਜਿਹਲੋਂ ਛੁੱਟਕੇ ਆਇਆ ਸੰਤਾਂ ਦੇ ਚਰਨੀਂ ਲੱਗਿਆ ਛਿੰਦਾ ਸੰਤਾਂ ਦੇ ਇਕ ਨਿਕਟਵਰਤੀ ਸੇਵਕ ਨਾਲ ਰਹਿੰਦੀ ਔਰਤ ਦੇ ਚੱਕਰ ਵਿਚ ਫਸ ਜਾਣ ਕਰਕੇ ਸੰਤਾਂ ਦੇ ਆਦੇਸ਼ ਉੱਤੇ ਕਤਲ ਕਰਵਾ ਦਿੱਤਾ ਗਿਆ, ਜਦਕਿ ਸੰਬੰਧਤ ਔਰਤ ਦੇ ਪਤੀ ਨੂੰ ਆਪਣੇ ਰਾਹ 'ਚੋਂ ਲਾਂਭੇ ਕਰਨ ਲਈ ਸ਼ਾਇਦ ਛਿੰਦੇ ਨੇ ਹੀ ਮਾਰ ਮੁਕਾਇਆ ਸੀ।

ਕਤਲ ਹੋਰ ਵੀ ਕਈ ਹੁੰਦੇ ਹਨ ਜਿਨ੍ਹਾਂ ਦਾ ਨਾਵਲ ਵਿਚ ਸਿਰਫ ਪ੍ਰਸੰਗਕ ਜ਼ਿਕਰ ਆਉਂਦਾ ਹੈ, ਜਿਵੇਂ 'ਸੰਤਾਂ' ਦੀ ਆਪਸੀ ਦੁਸ਼ਮਣੀ ਵਿਚ ਕਤਲ ਅਤੇ ਮਲਕੀਤੇ ਦੀ ਧੀ ਦਾ ਆਪਣੇ ਪਤੀ ਹੱਥੋਂ ਕਤਲ। ਇਹ ਕਤਲ ਵੀ ਇਤਿਹਾਸਕ ਪ੍ਰਕਰਣ ਵਿਚ ਪੰਜਾਬੀ ਸਮਾਜ-ਸਭਿਆਚਾਰ ਦੇ ਕਿਸੇ ਪੱਖ ਨੂੰ ਉਜਾਗਰ ਕਰਨ ਦਾ ਵਾਹਣ ਬਣਦੇ ਹਨ।

ਬਦਲੇ ਦੀਆਂ ਕਾਰਵਾਈਆਂ ਅਵੱਸ਼ ਹੀ ਇਸ ਨਾਵਲ ਦੀ ਕੇਂਦਰੀ ਵਸਤ ਹਨ, ਪਰ ਇਸ ਵਿਚੋਂ ਪੇਂਡੂ ਪੰਜਾਬੀ ਰਹਿਤਲ ਦਾ ਸਿਰਫ ਇਹੀ ਪੱਖ ਹੀ ਦ੍ਰਿਸ਼ਟੀਗੋਚਰ ਨਹੀ ਹੁੰਦਾ, ਸਗੋਂ ਇਸ ਦੇ ਬਿਰਤਾਂਤ ਦੇ ਅੰਤਰਗਤ ਸਾਡੇ ਸਮਾਜਕ ਜੀਵਨ ਵਿਚਲੇ ਕਈ ਹੋਰ ਸੰਦ੍ਰਿਸ਼ ਵੀ ਗੁੰਦੇ ਹੋਏ ਮਿਲਦੇ ਹਨ। ਭੂਪਵਾਦੀ ਪਰਿਵੇਸ਼ ਵਿਚ ਅਤੇ ਸੰਕ੍ਰਾਤੀ ਕਾਲ ਵਿਚ ਔਰਤ ਦੀ ਅਸਤਿਤਵੀ ਹੋਂਦ ਅਤੇ ਉਸਦੀ ਸਮਾਜਕ ਸਥਿਤੀ ਦਾ ਚਿਤਰਨ ਇਸ ਸੰਬੰਧ ਵਿਚ ਸਭ ਤੋਂ ਮਹੱਤਵਪੂਰਨ ਹੈ, ਜੋ ਬਿਸ਼ਨੀ ਦੀ ਜੀਵਨ-ਗਾਥਾ ਅਤੇ ਦੇਬੋ ਵਰਗੀਆਂ ਕੁਝ ਹੋਰ ਔਰਤਾਂ ਦੇ ਜ਼ਿੰਦਗੀ ਦੇ ਟੋਟਿਆਂ ਵਿਚੋਂ ਰੂਪਮਾਨ ਹੁੰਦਾ ਹੈ। ਭੂਪਵਾਦੀ ਪਰਿਵੇਸ਼ ਵਿਚ ਪੰਜਾਬੀ ਔਰਤ ਦੀ ਇਹ ਹੋਣੀ ਰਹੀ ਹੈ ਕਿ ਉਹ ਵਿਆਹੁਤਾ ਜੀਵਨ, ਭਾਵੇਂ ਕਿਹੋ ਜਿਹਾ ਵੀ ਹੋਵੇ, ਤੋਂ ਬਾਹਰ ਆਪਣੇ ਲਈ ਕਿਸੇ ਤਰ੍ਹਾਂ ਦੀ ਹੋਂਦ ਦੀ ਕਲਪਨਾ ਨਹੀਂ ਕਰ ਸਕਦੀ। ਪਰ ਇਸਦਾ ਇਹ ਅਰਥ ਨਹੀਂ ਕਿ ਲਿੰਗਕ ਨੈਤਿਕਤਾ ਦੇ ਪੱਖ ਤੋਂ ਸਭ ਕੁਝ ਠੀਕ ਠਾਕ ਹੀ ਹੈ। ਮਰਯਾਦਾ ਤੋਂ ਬਾਹਰ ਅਤੇ ਚੋਰੀ ਬਹੁਤ ਸਾਰੇ ਰਿਸ਼ਤੇ ਬਣਦੇ ਟੁਟਦੇ ਰਹਿੰਦੇ ਹਨ। ਲੋਕਾਂ ਨੂੰ ਸਾਰੀ ਖਬਰ ਵੀ ਹੁੰਦੀ ਹੈ, ਪਰ ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਅਕਸਰ ਪਰਦੇ ਵਿਚ ਹੀ ਰਹਿਣ ਦਿੱਤਾ ਜਾਂਦਾ ਹੈ। ਪੰਜਾਬੀ ਪੇਂਡੂ ਸਮਾਜ ਵਿਚ ਔਰਤ ਮਰਦ ਦੇ ਜੈਵਿਕ ਰਿਸ਼ਤਿਆਂ ਦਾ ਇਹ ਲੁਕਵਾਂ ਸੱਚ ਪਰਮਜੀਤ ਜੱਜ ਨੇ ਇਸ ਨਾਵਲ ਵਿਚ ਬਾਖੂਬੀ ਪੇਸ਼ ਕੀਤਾ ਹੈ। ਕਿਤੇ ਕਿਤੇ ਹੀ ਇਹ ਰਿਸ਼ਤੇ ਨਸ਼ਰ ਹੁੰਦੇ ਹਨ, ਜਿਵੇਂ ਇਸ ਨਾਵਲ ਵਿਚ ਬਿਸ਼ਨੀ ਦੇ ਮਾਮਲੇ ਵਿਚ ਹੋਇਆ ਹੈ। ਨਹੀਂ ਤਾਂ ਦੇਬੋ ਵਰਗੀਆਂ ਬਥੇਰੀਆਂ ਔਰਤਾਂ ਹਨ ਜੋ ਬਹੁਤ ਥਾਈਂ ਮੂੰਹ ਮਾਰਨ ਦੇ ਬਾਵਜੂਦ ਚੰਗੀਆਂ ਭਲੀਆਂ ਬਣੀਆਂ ਰਹਿੰਦੀਆਂ ਹਨ। ਬਿਸ਼ਨੀ ਜਾਣਦੀ ਸੀ ਕਿ ਦੇਬੋ ਦਾ ਪਿੰਡ ਦੇ ਮੁੰਡੇ ਦੇਬੂ ਨਾਲ ਯਾਰਾਨਾ ਸੀ। ਪਿੰਡ 'ਚ ਈ ਉਸਦੇ ਹੋਰ ਵੀ ਚੱਕਰ ਸੀ। ਫਿਰ ਉਹ ਕੁੜੀਆਂ ਨੂੰ ਨ੍ਹੀ ਸੀ ਛੱਡਦੀ। ਸਹੁਰੇ ਆ ਕੇ ਉਹ ਆਪਣੇ ਦਿਉਰ ਨਾਲ ਵੀ ਸੌਂਦੀ ਸੀ। ਉਸਨੇ ਆਪਣੇ ਦਿਉਰ ਦਾ ਵਿਆਹ ਨਹੀਂ ਸੀ ਹੋਣ ਦੇਣਾ, ਜੇ ਉਹ ਉਸ ਤੋਂ ਅੱਕ ਨਾ ਗਈ ਹੁੰਦੀ। ਸੰਤਾਂ ਦੇ ਸੇਵਕ ਦੀ ਔਰਤ ਵੱਲ ਛਿੰਦਾ ਆਕਰਸ਼ਤ ਤਾਂ ਹੋਇਆ ਸੀ ਪਰ ਉਹ ਔਰਤ ਇਕ ਰਾਤ ਆਪ ਈ ਆ ਗਈ ਸੀ ਉਸ ਕੋਲ਼। ਵਿਆਹੇ ਜਾਣ ਪਿੱਛੋਂ ਸਾਲ ਬੀਤ ਜਾਣੇ 'ਤੇ ਵੀ ਜਦੋਂ ਬਿਸ਼ਨੀ ਦੇ ਕੋਈ ਜੁਆਕ ਨਹੀਂ ਸੀ ਹੋਇਆ ਤਾਂ ਦੇਬੋ ਨੇ ਬਿਸ਼ਨੀ ਦੀ ਸੱਸ ਨਾਲ ਰਲ਼ ਕੇ ਈ ਉਸਦੇ ਭਗਤੇ ਨਾਲ ਮਿਲਣ ਦਾ ਪ੍ਰਬੰਧ ਕੀਤਾ ਸੀ।

ਇੰਝ ਮੁਆਸ਼ਕੇ, ਉਧਾਲੇ, ਚੋਰੀ ਦੇ ਰਿਸ਼ਤੇ, ਮੁਕੱਦਮੇ, ਕਚਹਿਰੀਆਂ, ਸਾਧਗੀਰੀ, ਸਰਹੱਦ ਪਾਰ ਸਮਗਲਿੰਗ ਤੇ ਪਰਵਾਸ ਦੇ ਪੰਜਾਬੀ ਜਨ-ਜੀਵਨ ਦੇ ਕਿੰਨੇ ਹੀ ਪਹਿਲੂ ਹਨ ਜੋ ਖੂਬਸੂਰਤ ਵਿਉਂਤ ਨਾਲ ਗੁੰਦੇ ਹੋਏ ਇਸ ਨਾਵਲ ਦੇ ਕਥਾਨਕ ਵਿਚੋਂ ਉਭਰਦੇ ਹਨ। ਕਥਾਨਕ ਦੀ ਪੀਡੀ ਤੇ ਕਲਾਤਮਕ ਗੋਂਦ ਗੁੰਦਣ ਵਿਚ ਤਾਂ ਜਿਵੇਂ ਜੱਜ ਨੂ ਕਮਾਲ ਦੀ ਮੁਹਾਰਤ ਹਾਸਲ ਹੈ। ਬਿਨਾਂ ਕੋਈ ਮੌਕਾ ਮੇਲ ਸਿਰਜੇ ਉਹ ਇਸ ਸੰਬੰਧ ਵਿਚ ਨਾਨਕ ਸਿੰਘ ਵਰਗੀ ਕੁਸ਼ਲਤਾ ਦਾ ਪ੍ਰਮਾਣ ਦਿੰਦਾ ਹੈ, ਜਿਸ ਕਾਰਨ ਨਾਵਲ ਦੀ ਕਹਾਣੀ ਬਹੁਤ ਰਸਿਕ ਬਣ ਜਾਂਦੀ ਹੈ ਅਤੇ ਪਾਠਕ ਨੂੰ ਆਪਣੇ ਨਾਲ ਨਾਲ ਤੋਰਨ ਦੇ ਸਮਰੱਥ ਸਾਬਤ ਹੁੰਦੀ ਹੈ।

ਕਥਾਨਕ ਅਨੁਸਾਰ ਨਾਵਲ ਦਾ ਆਰੰਭ ਅਮਰੀਕਾ ਦੇ ਸ਼ਹਿਰ ਸੈਨ ਹੋਜ਼ੇ ਵਿਚ ਬੁਢਾਪੇ ਵਿਚ ਵੀ ਦੰਪਤੀ ਵਜੋਂ ਬਹੁਤ ਰੁਮਾਂਟਿਕ ਤੇ ਪਿਆਰ ਭਰਿਆ ਸੁਖਦ ਜੀਵਨ ਬਤੀਤ ਕਰ ਰਹੇ ਵੀਰ ਸਿੰਘ ਤੇ ਬਿਸ਼ਨੀ ਨੂੰ ਉਸੇ ਸ਼ਹਿਰ ਵਿਚ ਮਲਕੀਤ ਸਿੰਘ ਦੇ ਪਹੁੰਚਣ ਦੀ ਖਬਰ ਨਾਲ ਹੁੰਦਾ ਹੈ। ਅਤੇ ਵਰ੍ਹਿਆਂ ਬਾਅਦ ਹੋਈ ਉਹਨਾਂ ਤਿੰਨਾਂ ਦੀ ਮੁਲਾਕਾਤ 'ਤੇ ਖਤਮ ਹੋ ਜਾਂਦਾ ਹੈ। ਬਹੁਤ ਡਰਾਮਾਖੇਜ਼ ਜ਼ਿੰਦਗੀ ਵਿਚੋਂ ਲੰਘਣ ਉਪਰੰਤ ਹੁਣ ਵੀਰ ਸਿੰਘ ਤੇ ਬਿਸ਼ਨੀ, ਵੀਰ ਸਿੰਘ ਦੀ ਮੋਈ ਹੋਈ ਪਹਿਲੀ ਪਤਨੀ ਮਿੰਦੋ ਦੇ ਪੇਟੋਂ ਜਨਮੇ ਪੁੱਤਰ ਦੇਵਪ੍ਰੀਤ ਦੇ ਕੋਲ

ਅਮਰੀਕਾ ਵਿਚ ਰਹਿ ਰਹੇ ਹਨ। ਜਦਕਿ ਅਮਰੀਕਾ ਵਿਚ ਵਿਆਹੀ ਆਪਣੀ ਧੀ ਗੁੱਡੀ ਦੇ ਉਸਦੇ ਪਤੀ ਦੇ ਹੱਥੋਂ ਹੀ ਹੋਏ ਕਤਲ ਦੀ ਪੈਰਵਾਈ ਕਰਨ ਲਈ ਮਲਕੀਤ ਸਿੰਘ ਉਹਨਾਂ ਦੇ ਸ਼ਹਿਰ ਸੈਨ ਹੋਜ਼ੇ ਵਿਚ ਪਹੁੰਚਿਆ ਹੈ। ਵਰ੍ਹਿਆਂ ਪਿੱਛੋਂ ਹੋਈ ਇਹਨਾਂ ਤਿੰਨਾਂ ਪਾਤਰਾਂ ਦੀ ਮੁਲਾਕਾਤ ਤਿੰਨਾਂ ਦੇ ਹੀ ਮਨ ਦੇ ਚਿਤਰਪਟ 'ਤੇ ਉਭਰਦੀਆਂ ਯਾਦਾਂ ਤੇ ਤਸਵੀਰਾਂ ਦੇ ਰੂਪ ਵਿਚ ਉਹਨਾਂ ਦੀ ਹੰਗਾਮਿਆਂ ਭਰਪੂਰ ਜ਼ਿੰਦਗੀ ਦੀਆਂ ਪਰਤਾਂ ਖੋਲ੍ਹਦੀ ਹੈ। 'ਪ੍ਰਵੇਸ਼' ਤੋਂ ਬਿਨਾਂ ਬਾਰਾਂ ਖੰਡਾਂ ਵਿਚ ਵੰਡੇ ਨਾਵਲ ਦੇ ਇਸ ਕਥਾਨਕ ਵਿਚ ਅਗਾਂਹ ਦੋ ਦੋ ਤਿੰਨ ਤਿੰਨ ਉਪ ਖੰਡ ਹਨ ਜੋ ਬਿਸ਼ਨੀ, ਵੀਰ ਸਿੰਘ ਤੇ ਮਲਕੀਤ ਸਿੰਘ ਦੇ ਸਿਰਲੇਖਾਂ ਵਿਚ ਗੁੰਦੇ ਹੋਏ ਹਨ। ਇਸ ਤਰ੍ਹਾਂ ਕਹਾਣੀ ਲਕੀਰੀ ਬਿਰਤਾਂਤ ਵਿਚ ਦੱਸੀ ਜਾਣ ਦੀ ਬਜਾਏ ਹਰਿਕ ਪਾਤਰ ਦੀ ਆਪਣੇ ਨਾਲ ਹੋਈ-ਬੀਤੀ ਨੂੰ ਅੱਗੜ ਪਿੱਛੜ ਬੀੜਦੀ ਹੋਈ ਕਥਾ ਵਿਚਲੀਆਂ ਦਰਜਾਂ ਨੂੰ ਪੂਰਨ ਦਾ ਕੰਮ ਕਰਦੀ ਹੈ। ਨਤੀਜੇ ਵਜੋਂ ਅੰਤ ਉੱਤੇ ਅਜਿਹਾ ਬਿਰਤਾਂਤ ਸਾਕਾਰ ਹੁੰਦਾ ਹੈ ਜੋ ਇਕਦਮ ਰੋਚਿਕ ਹੋਣ ਦੇ ਨਾਲ ਪੰਜਾਬੀ ਸਮਾਜਚਾਰੇ ਦਾ ਬਹੁਰੰਗਾ ਚਿਤਰ ਵੀ ਉਭਾਰਦਾ ਹੈ। ਇਹ ਗੋਂਦ ਦਾ ਹੀ ਕਮਾਲ ਹੈ ਕਿ ਨਾਵਲ ਦਾ ਕਾਰਜ-ਸਥਲ ਜੇ ਪੰਜਾਬ ਤੋਂ ਤਬਦੀਲ ਹੋ ਕੇ ਹਰਿਦੁਆਰ, ਦਿੱਲੀ ਜਾਂ ਅਮਰੀਕਾ ਵਿਚ ਜਾ ਪਹੁੰਚਦਾ ਹੈ ਤਾਂ ਕੁਝ ਵੀ ਗ਼ੈਰ ਕੁਦਰਤੀ ਜਾਂ ਓਪਰਾ ਨਹੀਂ ਜਾਪਦਾ। ਸਗੋਂ ਇਉਂ ਲਗਦਾ ਹੈ ਕਿ ਪੰਜਾਬੀਆਂ ਦੇ ਦੇਸ਼-ਦੇਸ਼ਾਂਤਰਾਂ ਦੇ ਪਰਵਾਸ ਦੀ ਹਕੀਕਤ ਦੀ ਝਲਕ ਦਿਖਾਉਣ ਲਈ ਇਉਂ ਕਰਨਾ ਉਚਿਤ ਹੀ ਸੀ। ਕਥਾ ਦੀ ਗੋਂਦ ਦਾ ਅੰਗ ਬਣਕੇ ਸੂਤਰ ਰੂਪ ਵਿਚ ਆਏ ਪੰਜਾਬੀ ਸਮਾਜ ਦੇ ਕੁਝ ਚਰਿੱਤਰਗਤ ਲੱਛਣ ਨਾਵਲ ਵਿਚ ਇਸ ਤਰ੍ਹਾਂ ਪੇਸ਼ ਹੋਏ ਹਨ: 'ਜੱਟ ਦਾ ਕੋਈ ਵਸਾਹ ਨੀ। ਇਹਦੇ 'ਚ ਬਦਲਾ ਜਾਦਾ ਭਾਰੀ ਹੁੰਦੈ। ਅਸੂਲ ਘੱਟ'। 'ਕਤਲ ਦੇ ਦੋਸ਼ ਵਿਚ ਜੱਟ ਨੂੰ ਸਜ਼ਾ ਹੋ ਜਾਵੇ ਤਾਂ ਉਹ ਨਮੋਸ਼ੀ ਵਾਲੀ ਗੱਲ ਨੀ ਹੁੰਦੀ'। 'ਗਉਣਾ ਜੱਟਾਂ ਦਾ ਕੰਮ ਨੀ। ਮਰਾਸੀਆਂ, ਭੰਡਾਂ ਦਾ ਆ, ਨਚਾਰਾਂ ਦਾ'। 'ਮਰਨ ਮਰਾਉਣ ਦਾ ਕੰਮ ਅੰਤ ਨੂੰ ਮਰਨ ਦਾ ਹੀ ਰਹਿ ਜਾਂਦਾ'। 'ਪੰਜਾਬ 'ਚ ਸੋਹਣੀ ਔਰਤ ਬਿਨਾਂ ਘਟਨਾਵਾਂ ਤੋਂ ਨ੍ਹੀ ਜ਼ਿੰਦਗੀ ਬਿਤਾ ਸਕਦੀ'। 'ਗੁਰਦੁਆਰੇ ਵੀ ਹੁਣ ਬਿਜ਼ਨਿਸ ਹੋਇਉ ਆ'।

'ਭਾਵੇਂ ਸਾਧ ਹੋਵੇ ਮਰਦ ਆਦਤ ਵਜੋਂ ਬੇਸਬਰਾ ਹੁੰਦਾ ਹੈ'। 'ਜਾਦਾ ਪੜ੍ਹਕੇ ਵੀ ਆਦਮੀ ਦਾ ਡਿਮਾਕ ਹਿੱਲ ਜਾਂਦਾ ਆ'। 'ਕੱਲਾ ਈ ਪੁੱਤ ਹੋਵੇ ਜੱਟ ਦਾ ਤੇ ਜ਼ਮੀਨ ਹੋਵੇ ਵੀਹ ਘੁਮਾਂ, ਰਿਸ਼ਤਿਆਂ ਦਾ ਫੇਰ ਕੀ ਘਾਟਾ'। 'ਜੱਟਾਂ ਨੂੰ ਤਾਂ ਆਕੜ ਬੌਤ੍ਹ ਹੁੰਦੀ ਆ ਕਿ ਦੁਨੀਆਂ ਦੀ ਸਾਰੀ ਦਲੇਰੀ ਉਨ੍ਹਾਂ ਕੋਲ ਈ ਆ'। 'ਜੱਟ ਬਾਹਮਣ ਦੀ ਯਾਰੀ ਜੱਟ ਲਈ ਚੰਗੀ ਹੁੰਦੀ'। 'ਹਰਿਦੁਆਰ ਦੇ ਸਾਧਾਂ ਦੇ ਅਖਾੜਿਆਂ ਵਿਚਲੇ ਬਹੁਤ ਸਾਰੇ ਮਹੰਤ ਤੇ ਸੁਆਮੀ ਅਸਲ ਵਿਚ ਭਗੌੜੇ ਜਾਂ ਸਾਬਕਾ ਕੈਦੀ ਹਨ'। 'ਡੇਰਿਆਂ ਵਿਚ ਦਾਰੂ, ਫੀਮ, ਚਰਸ ਤੇ ਸੇਵਾਦਾਰਨੀ- ਸਭ ਕੁਝ ਹੈਗਾ'।

ਨਾਵਲ ਨੇ 1947 ਵਿਚ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਦੀ ਦੇ ਅਖੀਰ ਤਕ ਦੀ ਲਗਪਗ ਅੱਧੀ ਸਦੀ ਨੂੰ ਕਲਾਵੇ ਵਿਚ ਲਿਆ ਹੋਇਆ ਹੈ। ਹੋ ਰਹੀ ਪਦਾਰਥਕ ਜਾਂ ਰਾਜਨੀਤਕ ਤਬਦੀਲੀ ਨੂੰ ਨਾਵਲ ਦੇ ਪਾਤਰਾਂ ਦੇ ਜੀਵਨ ਨਾਲ ਜੋੜਕੇ ਸਮੇਂ ਦੀ ਚਾਲ ਦਰਸਾਉਣ ਦਾ ਜੱਜ ਕੋਲ ਨਿਆਰਾ ਢੰਗ ਹੈ। ਮਿਸਾਲ ਵਜੋਂ ਜਦੋਂ ਦੇਸ਼ ਆਜ਼ਾਦ ਹੋਇਆ ਉਦੋਂ ਬਿਸ਼ਨੀ ਸਤਾਰਾਂ ਅਠਾਰਾਂ ਸਾਲ ਦੀ ਸੀ। ਜਦੋਂ ਪਹਿਲੀ ਵਾਰ ਸਾਰੇ ਲੋਕਾਂ ਨੇ ਵੋਟਾਂ ਪਾਈਆਂ ਉਦੋਂ ਦੇਬੋ ਦੀ ਵਿਚੋਲਗੀਰੀ ਨਾਲ ਉਸਦਾ ਵਿਆਹ ਹੋਇਆ ਸੀ। ਜਦੋਂ ਚੀਨ ਨਾਲ ਲੜਾਈ ਲੱਗੀ ਉਦੋਂ ਵੀਰ ਸਿੰਘ ਜੇਲ੍ਹ ਵਿਚ ਉਮਰ ਕੈਦ ਕੱਟ ਰਿਹਾ ਸੀ। ਜਦੋਂ ਖਿਆਲੇ ਵਾਲੇ ਸੰਤ ਦੀ ਚੜ੍ਹਤ ਹੋਈ ਉਦੋਂ ਛਿੰਦਾ ਜੇਲ੍ਹ 'ਚੋਂ ਭੱਜਕੇ ਬਾਹਰ ਆ ਚੁੱਕਿਆ ਸੀ। ਇੰਝ ਹੀ ਕਿਸਾਨਾਂ ਦੇ ਪੱਕੇ ਘਰਾਂ ਦੀ ਉਸਾਰੀ, ਫਸਲਾਂ ਦੀ ਵਧੀ ਪੈਦਾਵਾਰ, ਪੀ.ਸੀ.ਓ. ਖੁਲ੍ਹਣ ਜਾਂ ਕਿਸੇ ਵੱਡੇ ਘਟਨਾਕ੍ਰਮ ਆਦਿ ਦਾ ਜ਼ਿਕਰ ਇਕ ਨਿਸ਼ਚਿਤ ਕਾਲ-ਖੰਡ ਦੀ ਜਾਣਕਾਰੀ ਦੇਣ ਦੇ ਨਾਲ ਨਾਲ

ਜਨ-ਜੀਵਨ ਵਿਚ ਆ ਰਹੀ ਤਬਦੀਲੀ ਦੇ ਸੰਕੇਤਾਂ ਨੂੰ ਦਰਸਾਉਂਦਾ ਹੈ।

ਅਸਾਧਾਰਨ ਜ਼ਿੰਦਗੀ ਜੀਣ ਵਾਲੇ ਨਾਵਲ ਦੇ ਮੁਖ ਪਾਤਰ ਬਿਸ਼ਨੀ ਤੇ ਵੀਰ ਸਿੰਘ ਚਰਿੱਤਰ ਜਾਂ ਸੁਭਾਅ ਪੱਖੋਂ ਤਾਂ ਨਿਵੇਕਲੇ ਹਨ, ਪਰ ਹਨ ਉਹ ਅਵੱਸ਼ ਸੰਭਾਵੀ ਤੇ ਮੰਨਣਯੋਗ ਜੀਵ। ਪਾਤਰ ਉਸਾਰੀ ਕਰਦਿਆਂ ਜੱਜ ਨੇ ਪ੍ਰਾਪਤ ਸਮਾਜਕ ਪਰਿਵੇਸ਼ ਵਿਚ ਬਣਦੀ ਵਿਗਸਦੀ ਉਹਨਾਂ ਦੀ ਸ਼ਖ਼ਸੀਅਤ ਦੇ ਅੰਤਰੀਵ ਨੂੰ ਬਰੀਕ ਮਨੋਵਿਗਿਆਨਕ ਸੂਝ ਨਾਲ ਪੇਸ਼ ਕੀਤਾ ਹੈ। ਬਿਸ਼ਨੀ ਤਾਂ ਇਕ ਕਮਾਲ ਦੀ ਔਰਤ ਵਜੋਂ ਸਾਹਮਣੇ ਆਈ ਹੈ, ਜਿਸਦੇ ਚਰਿੱਤਰ ਦੀਆਂ ਕਿੰਨੀਆਂ ਹੀ ਪਰਤਾਂ ਨੂੰ ਜਾਣ ਸਕਣਾ ਏਨਾ ਸੌਖਾ ਨਹੀਂ। ਬਦਮਾਸ਼ ਭਾਂਤ ਦੀ ਔਰਤ ਦੇ ਬਿੰਬ ਵਾਲੀ ਬਿਸ਼ਨੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਔਰਤ ਨੂੰ ਗ਼ੁਲਾਮ ਬਣਾ ਕੇ ਰੱਖਣ ਵਾਲੇ ਭੂਪਵਾਦੀ ਪਰਿਵੇਸ਼ ਵਿਚ ਲੋੜ ਸਮੇਂ ਆਪਣੀ ਹੋਂਦ ਦੇ ਸੱਚ ਨੂੰ ਸੰਭਾਲਣ ਦੀ ਦਲੇਰੀ ਵਿਖਾ ਸਕਦੀ ਹੈ। ਵਿਆਹੇ ਜਾਣ 'ਤੇ ਉਸਨੂੰ ਮੰਗਲ ਨਾਲ ਸਰੀਰਕ ਸੰਬੰਧ ਵਿਚੋਂ ਮੁੱਹਬਤ ਦਾ ਸਪਰਸ਼ ਗ਼ੈਰਹਾਜ਼ਰ ਪ੍ਰਤੀਤ ਹੋਇਆ ਸੀ ਤਾਂ ਸੋਹਣੀ ਦਿੱਖ ਵਾਲੇ ਭਗਤੇ ਨੂੰ ਪਹਿਲੀ ਵਾਰ ਵੇਖਣ 'ਤੇ ਹੀ ਉਹ ਉਸਦੀ ਹੋ ਗਈ ਸੀ। ਭਗਤੇ ਨਾਲ ਉਧਲ ਜਾਣ 'ਤੇ ਉਸਨੂੰ ਭਗਤੇ ਦੇ ਭਰਾ ਪਿਆਰੇ ਨਾਲ ਵੀ ਸੌਣਾ ਪਿਆ ਸੀ ਅਤੇ ਫੇਰ ਉਹ ਦੋਹਾਂ ਭਰਾਵਾਂ ਦੀ ਰੰਨ ਬਣਕੇ ਵੀ ਰਹੀ ਸੀ, ਪਰ ਉਹ ਕੋਈ ਐਰ ਗ਼ੈਰ ਔਰਤ ਨਹੀਂ ਜਿਸਨੂੰ ਕੋਈ ਐਵੇਂ ਹੀ ਹੱਥ ਪਾ ਸਕੇ। ਉਸਦੀ ਇਕ ਘੁਰਕੀ ਨਾਲ ਹੀ ਪ੍ਰਗਟ ਸਿੰਘ ਵਰਗਾ ਕੋਈ ਰਿਸ਼ਤੇਦਾਰ ਜਾਂ ਹੋਰ ਆਦਮੀ ਉਸ ਨਾਲ ਦੂਜੀ ਵਾਰ ਅੱਖ ਮਿਲਾਉਣ ਦੀ ਹਿੰਮਤ ਨਹੀਂ ਕਰ ਸਕਦਾ। ਭਗਤੇ ਤੇ ਪਿਆਰੇ ਦੇ ਮਾਰੇ ਜਾਣ ਸਮੇਂ ਉਹ ਸਿਰਫ 35 ਵਰ੍ਹਿਆਂ ਦੀ ਸੀ ਜਦੋਂ ਉਹ ਇਕ ਤਰ੍ਹਾਂ ਚੌਥੇ ਪਤੀ ਦੇ ਰੂਪ ਵਿਚ ਵੀਰ ਸਿੰਘ ਨਾਲ ਵਿਆਹ-ਬੰਧਨ ਵਿਚ ਜੁੜੀ। ਇਹ ਔਰਤ ਏਸ ਯੋਗ ਹੈ ਕਿ ਉੱਧਲ ਕੇ ਆਈ ਜਾਂ ਬਦਮਾਸ਼ਾਂ ਦੇ ਘਰ ਵਾਲੀ ਹੋਣ ਦੇ ਦੋਸ਼ ਨੂੰ ਆਪਣੇ ਤੋਂ ਧੋ ਕੇ ਇਕ ਸੁੱਘੜ ਸੁਆਣੀ ਵਾਂਗ ਵਿਚਰ ਸਕਦੀ ਹੈ। ਸਵੈ ਸਿੱਖਿਆ ਪ੍ਰਾਪਤ, ਮਾਨਵੀ ਹਮਦਰਦੀ ਤੇ ਨਵੀਂ ਉਸਾਰੂ ਸੋਚ ਵਾਲੀ ਇਹ ਔਰਤ ਪਿਆਰ ਦੀ ਸਾਖਿਆਤ ਮੂਰਤ ਹੈ। ਉਸੇ ਵਰਗਾ ਹੀ ਕੋਮਲ ਭਾਵੀ ਮਨੁੱਖ ਹੈ ਵੀਰ ਸਿੰਘ, ਜੋ ਬਿਸ਼ਨੀ ਨੂੰ ਦੇਖਕੇ ਕੀਲਿਆ ਗਿਆ ਸੀ, ਕਿਉਂਕਿ ਉਸ ਵਿਚੋਂ ਉਸਨੂੰ ਆਪਣੀ ਮੋਈ ਘਰ ਵਾਲੀ ਦੇ ਚਿਹਰੇ ਦੀ ਸਮਾਨਤਾ ਨਜ਼ਰ ਆਈ ਸੀ। ਪ੍ਰੇਮਾ ਭਗਤੀ ਦੇ ਸ਼ਬਦ ਤੇ ਵੈਰਾਗਮਈ ਗੀਤ ਗਾਉਣ ਵਾਲੇ ਇਸ ਮਨੁੱਖ ਨੇ ਕਤਲ ਦੇ ਦੋਸ਼ ਵਿਚ ਜਿਹਲ ਵੀ ਕੱਟੀ ਹੈ, ਕਿਆਸ ਕਰਨਾ ਮੁਸ਼ਕਲ ਹੈ। ਬਾਹਰੋਂ ਅੰਦਰੋਂ ਚੰਗੀ ਤਰ੍ਹਾਂ ਘੋਖ ਕੇ ਨੀਝ ਨਾਲ ਚਿਤਰਿਆ ਹੈ ਜੱਜ ਨੇ ਇਹਨਾਂ ਪਾਤਰਾਂ ਨੂੰ।

ਪਹਿਲੇ ਨਾਵਲਾਂ ਵਾਂਗ ਹੀ ਬਹੁਤ ਸੰਜਮੀ ਸ਼ੈਲੀ ਵਿਚ ਸਮੇਟੇ ਗਏ ਇਸ ਨਾਵਲ ਦਾ ਰੀਵੀਊ ਕਰਦਿਆਂ ਖਿਆਲ ਆਇਆ ਕਿ ਇਸ ਤਰ੍ਹਾਂ ਦੇ ਪ੍ਰਸ਼ੰਸਾਤਮਕ ਵੇਰਵਿਆਂ ਦਾ ਵਖਾਨ ਤਾਂ ਮੁੱਕਣਾ ਹੀ ਨਹੀਂ। ਇਕ ਗਲਪ ਲਿਖਤ ਵਜੋਂ ਇਸਦੀਆਂ ਊਣਤਾਈਆਂ ਜਾਂ ਸੀਮਾਵਾਂ ਦੀ ਗੱਲ ਵੀ ਹੋਣੀ ਚਾਹੀਦੀ ਹੈ। ਕੋਸ਼ਿਸ਼ ਕਰਨ 'ਤੇ ਵੀ ਕੋਈ ਖਾਸ ਗੌਲਣਯੋਗ ਗੱਲ ਨਹੀਂ ਲੱਭੀ ਜਾ ਸਕੀ। ਹਾਂ, ਕੁਝ ਥਾਵਾਂ 'ਤੇ ਭਾਸ਼ਾਈ ਗ਼ਲਤੀਆਂ ਜ਼ਰੂਰ ਨਜ਼ਰ ਆਈਆਂ, ਜਿਵੇਂ 'ਬਤੌਰ ਟਰੱਕ ਡਰਾਈਵਰ ਦੇ ਤੌਰ ਤੇ' ਇਕ ਹੀ ਵਾਕ ਵਿਚ 'ਬਤੌਰ ਅਤੇ ਤੌਰ ਤੇ' ਦਾ ਹੋਣਾ। ਜਾਂ 'ਜਜ਼ਬਾਤਾਂ' 'ਹਾਲਾਤਾਂ' ਆਦਿ ਸ਼ਬਦਾਂ ਦਾ ਗ਼ਲਤ-ਉਲ-ਆਮ ਇਸਤੇਮਾਲ। ਪਰ ਬਿਸ਼ਨੀ ਤੇ ਵੀਰ ਸਿੰਘ ਦੀ ਜ਼ਿੰਦਗੀ ਵਿਚ ਇਕ ਲੰਮੀ ਪੱਤਝੜ ਪਿੱਛੋਂ ਆਈ ਬਹਾਰ ਨੂੰ ਦਰਸਾਉਣ ਵਾਲੇ ਨਿਸਚਤ ਤੌਰ 'ਤੇ ਇਕ ਵਧੀਆ ਨਾਵਲ ਵਿਚ ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗ਼ਲਤੀਆਂ ਨੂੰ ਅਣਗੌਲਿਆਂ ਕਰਨਾ ਹੀ ਉਚਿਤ ਜਾਪਿਆ।□□

[raghbirssirjana@yahoo.com]

ਜੋ ਕਿਛੁ ਕਹਿਣਾ.. (ਕਾਵਿ ਸੰਗ੍ਰਹਿ) ਹਰਕੰਵਲਜੀਤ ਸਾਹਿਲ

ਕੈਲਗਰੀ (ਕੈਨੇਡਾ) ਨਿਵਾਸੀ ਹਰਕੰਵਲਜੀਤ ਸਾਹਿਲ ਆਪਣੀ ਮਾਂ ਬੋਲੀ, ਧਰਮ ਤੇ ਦੇਸ਼ ਨੂੰ ਆਪਣੇ ਅੰਗ ਸੰਗ ਲਾ ਕੇ ਚੱਲਣ ਵਾਲਾ ਕਵੀ ਹੈ। 'ਜੋ ਕਿਛੁ ਕਹਿਣਾ..'(ਪੰਨੇ 112, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਉਸਦਾ ਦੂਜਾ ਕਾਵਿ ਸੰਗ੍ਰਹਿ ਹੈ। ਧਰਾਤਲ, ਟਿੱਪਣੀ ਤੇ ਪੇਸ਼ਕਾਰੀ ਦੇ ਪੱਖ ਤੋਂ ਵੱਖਰਾ। ਥੋੜ੍ਹੀ ਹਉਮੈ ਵਾਲਾ। ਕਵੀ ਨੂੰ ਕਰਤੇ ਦੇ ਬਰਾਬਰ ਖਲਾਰਨ ਵਾਲਾ। ਜੋ 'ਜੋ ਕਿਛੁ ਕਹਿਣਾ..' ਉਸਦੇ ਕਹਿਣ ਦਾ ਢੰਗ ਨਿਰਾਲਾ ਹੈ। ਉਸ ਤੋਲ ਅਤੇ ਤੁਕਾਂਤ ਤੋਂ ਮੁਕਤ ਜਿਸਨੂੰ ਕਵਿਤਾ ਦਾ ਧੁਰਾ ਮੰਨਿਆ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਸਦੀ ਕਵਿਤਾ ਨੂੰ ਵੱਢ ਟੁੱਕ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਉਂਝ ਉਸਦੀ ਕਵਿਤਾ ਗੁੰਝਲਦਾਰ ਨਹੀਂ ਹੁੰਦੀ। ਪੂਰੀ ਦੀ ਪੂਰੀ ਪੜ੍ਹੋ ਤੇ ਆਨੰਦ ਮਾਣੋ। ਨਾ ਪ੍ਰਸੰਗ ਦੀ ਲੋੜ ਹੈ ਤੇ ਨਾ ਵਿਆਖਿਆ ਦੀ। ਉਹ ਜੀਵਨ ਦੀ ਦੁਬਿਧਾ ਤੇ ਦਵੰਦ ਵਿਚ ਏਨਾ ਗ੍ਰਸਤ ਹੈ ਕਿ ਹਉਮੈ ਤੋਂ ਬਿਨਾਂ ਇਸ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਸਿਆਣੇ ਹਉਮੈ ਨੂੰ ਦੀਰਘ ਰੋਗ ਮੰਨਦੇ ਹਨ ਤੇ ਦਾਰੂ ਵੀ ਇਸ ਮਾਹਿ। 'ਬੇਗਾਨਗੀ' ਤੇ 'ਕੁੰਡੇ' ਨਾਮ ਦੀਆਂ ਦੋ ਕਵਿਤਾਵਾਂ ਬਰਾਬਰ ਰੱਖ ਕੇ ਪੜ੍ਹਿਆਂ ਇਸ ਭਾਵਨਾ ਦੀਆਂ ਨੀਹਾਂ ਦਿਖਾਈ ਦੇਣ ਲੱਗ ਜਾਂਦੀਆਂ ਹਨ:

ਬੇਗਾਨਗੀ

ਕਦੇ ਪੈਰਾਂ ਨਾਲ ਤੁਰਦੇ ਸਾਂ
ਧਰਤ ਨਾ ਹੁੰਦੀ, ਸਿਰ 'ਤੇ ਗੋਲ਼ ਸਾਇਆ

ਸਮਾਂ.. ਨਾਲ ਤੁਰਦਾ
ਗੱਡੇ 'ਤੇ ਬੈਠ,ਸਾਡੇ ਨਾਲ ਗੰਨੇ ਚੂਪਦਾ
ਹੇਕਾ ਲਾ ਲਾ ਹੀਰ ਗਾਉਂਦਾ
ਪਿੱਪਲ 'ਤੇ ਪਾਈ ਪੀਂਘ ਝੂਟਦਾ
ਸੱਥ 'ਚ ਬੈਠਾ ਗੱਲਾਂ ਕਰਦਾ
ਕਦੇ ਪੀੜ੍ਹੀ 'ਤੇ ਨਾਲ ਬਹਿ ਕੇ,
ਰੋਟੀ ਖਾਂਦਾ...
ਖੇਡਦਾ ਬਣ ਕੇ ਹਾਣ ਦਾ
ਸਮੇਂ ਦੇ ਹਾਣੀ ਅਸੀਂ...
ਕੁਲ ਬ੍ਰਹਿਮੰਡ ਆਪਣਾ ਲਗਦਾ

ਅੱਜ ਕਿਸ ਸਫਰ 'ਤੇ...
ਨਰਮ ਗੱਦੀ 'ਤੇ ਬੈਠ
ਧਰਤ ਭੱਜੀ ਜਾਂਦੀ,
ਪਿਛਾਂਹ ਨਿੱਕੀ ਜਿਹੀ ਟਾਕੀ
ਸਿਰ 'ਤੇ ਆਸਮਾਨ ਕੋਈ ਨਹੀਂ
ਤੇ ਸਮਾਂ... ਨਿਕਲੀ ਹੀ ਜਾ ਰਿਹੈ,
ਹੋਰ ਅਗਾਂਹ...

ਛੁੱਟ ਰਹੀ ਧਰਤ, ਉਡਦਾ ਜਾਵੇ ਵਕਤ
ਬ੍ਰਹਿਮੰਡ ਦੀ ਤਾਂ ਗੱਲ ਹੀ ਕੀ
ਹੈ ਖ਼ੁਦ ਦਾ ਵਜੂਦ ਵੀ, ਖੰਡਿਤ...ਬੇਗਾਨਾ...

ਕੁੰਡੇ

ਸ਼ਹਿਰ ਪਹੁੰਚਿਆ
ਹੱਥਾਂ ਦੇ ਨਾਲ ਨਾਲ
ਸਿਰ ਵੀ ਵੇਚਣਾ ਸ਼ੁਰੂ ਕੀਤਾ

ਬਦੇਸ਼ ਆਇਆ
ਹੋਰ ਸਿਰ, 'ਨੀਲਾਮ' ਕੀਤਾ ਹਿਰਦਾ ਵੀ...

ਆਰਜਾ ਦੀ ਭਰਪੂਰਤਾ ਕੰਢੇ ਪਹੁੰਚਿਆ
ਹਰ ਸ਼ੋਸ਼ਨ ਤੋਂ ਮੁਕਤੀ ਚਾਹੁੰਦਾ,
ਆਪਣੀ, ਸਭ ਦੀ
ਕੀ ਕਰਾਂ ਬਲ਼ਦੇ ਧੁਖਦੇ ਅਹਿਸਾਸ ਦਾ
ਕਿ ਜਦ ਸ਼ਹਿਰ ਵਿਦੇਸ਼ ਵਿਚਰਿਆ
ਲੁੱਟ ਭਾਵੇਂ ਹੁੰਦਾ ਰਿਹਾ,
ਖ਼ੁਦ ਵੀ
ਪਰ ਪ੍ਰਬੰਧ ਦਾ,
ਲੁੱਟ ਦੇ ਸੰਦ ਦਾ
ਅੰਗ ਬਣਿਆ ਰਿਹਾ
ਆਪਣਾ ਸਿਰ,ਆਪੇ ਹੀ ਵੱਢ
ਕੁੰਡੇ ਟੰਗ, ਫਿਰਦਾ ਰਿਹਾ...

ਹੇਠ ਗਿਲਾਨੀ ਦੱਬਿਆ,
ਕੁੰਡੇ ਉੱਤੇ ਟੰਗਿਆ ਸਿਰ
ਕਿਸ ਨੂੰ ਕੀਕਰ ਮੁਕਤ ਕਰਾਏ।

ਜੇ ਮੰਜ਼ਿਲ ਅੱਗੇ ਗੋਡੇ ਨਾ ਟੇਕੀਏ ਤਾਂ ਸ਼ੇਖੀ ਜਨਮ ਲੈਂਦੀ ਹੈ ਤੇ ਸ਼ੇਖੀ ਹਉਮੈ ਦੀ ਮਾਂ ਹੈ। ਸਾਡਾ ਇਹ ਕਵੀ ਨਾਸਤਕ ਨਹੀਂ ਤੇ ਨਾ ਹੀ ਆਪਣੇ ਦੇਸ਼ ਵਿਚ ਪਿੱਛੇ ਛੱਡੇ ਰੱਬ ਦੇ ਉਹਨਾਂ ਰੂਪਾਂ ਨੂੰ ਭੁੱਲਿਆ ਹੈ ਜੋ ਉਸਦੇ ਦੇਸ਼ ਵਾਸੀ ਪਹਿਲਾਂ ਨਾਲੋਂ ਵੀ ਵਧੇਰੇ ਸ਼ਰਧਾ ਨਾਲ

ਪੁਸਤਕ ਰਿਵਿਊ

ਜੋ ਕਿਛੁ ਕਹਿਣਾ.. (ਕਾਵਿ ਸੰਗ੍ਰਹਿ) ਹਰਕੰਵਲਜੀਤ ਸਾਹਿਲ

ਮਿੱਟੀ ਦੇ 'ਭਗਵਾਨ'

ਸੜਕ ਕਿਨਾਰੇ
ਆਰਜ਼ੀ ਤੰਬੂਆਂ ਕੁੱਲੀਆਂ ਵਾਲੇ
ਮਿੱਟੀ ਦੇ ਭਗਵਾਨ ਬਣਾ-ਸੰਵਾਰ 'ਵੇਚਦੇ'

ਮਿੱਟੀ ਲੋਚੇ
ਮਿਹਨਤ ਤੇਰੀ
ਐ ਕਲਾ ਦੇ ਕਿਰਤੀ
ਅਸ਼ੀਰਵਾਦ ਜਿਹੀ ਛੋਹ,
ਤੇਰੇ ਹੱਥਾਂ ਦੀ-
ਕਿ ਬਣ ਸਕੇ ਉਹ ਸਰਸਵਤੀ,
ਲੱਛਮੀ, ਕਾਲ਼ੀ ਸ਼ਕਤੀ
ਸ਼ਕਤੀ ਜੋ ਹਥਿਆਰ ਬਣੇ,
ਹਥਿਆਰ ਜੋ ਤਬਦੀਲੀ
ਕਿ ਕੁੱਲੀ ਗੁੱਲੀ ਜੁੱਲੀ ਖਾਤਰ
ਵੇਚਿਆ ਤੇ ਵਿਕ ਜਾਣ ਵਾਲਾ
ਨਾ ਫਿਰ ਕੋਈ 'ਭਗਵਾਨ' ਬਣੇ

ਮਿਹਰਾਂ

ਫੈਲ ਰਿਹਾ
ਰੱਬ ਦਾ 'ਦਰ'-
ਸਦੀਆਂ ਤੋਂ ਵਸਦੇ ਰਸਦੇ ਘਰ
ਜਿਨ੍ਹਾਂ 'ਨਾ ਜੁੜੀਆਂ
ਰੰਗ ਬਰੰਗੀਆਂ ਯਾਦਾਂ
ਨਿੱਘ, ਅਹਿਸਾਸ, ਧੜਕਣਾਂ
ਬੱਚਿਆਂ, ਬੁੱਢਿਆਂ,
ਘਰ ਦੇ ਜੀਆਂ ਦੀਆਂ
ਖਾਲੀ ਕਰਵਾ ਲਏ ਗਏ
ਸੇਵਾ, ਵੱਧ ਪੈਸੇ, ਲਾਲਚ ਤੇ
'ਰੱਬ ਦੀਆਂ ਮਿਹਰਾਂ ਹੋਣਗੀਆਂ' ਦੇ ਨਾਮ...

ਤੇ ਰੱਬ ਦੀਆਂ 'ਮਿਹਰਾਂ' ਹੁਣ
ਦਸ ਕੁ ਵਰ੍ਹਿਆਂ ਨੂੰ
ਘਰਾਂ ਦੀ ਅਗਲੀ ਕਤਾਰ 'ਤੇ ਹੋਣਗੀਆਂ...

ਇਹ ਵਿਅੰਗ ਸਾਹਿਲ ਦੇ ਨਿਤਾਪ੍ਰਤੀ ਜੀਵਨ ਦਾ ਅਟੁਟ ਅੰਗ ਬਣ ਗਿਆ ਜਾਪਦਾ ਹੈ। ਵਿਦੇਸ਼ੀ ਰਹਿਤਲ ਦੀ ਤੇਜ਼ ਰਫਤਾਰੀ ਨੇ ਉਸਦੇ ਵਿਅੰਗ ਨੂੰ ਹੋਰ ਵੀ ਤਿੱਖਾ ਕੀਤਾ ਹੈ। ਬਾਹਰਲੇ ਦੇਸ਼ਾਂ ਵਿਚ ਰਹਿੰਦੇ ਮੇਰੇ ਬਹੁਤੇ ਦੋਸਤ ਆਪਣੇ ਦਫਤਰ ਨੂੰ ਜਾਂਦੇ ਕਾਰ ਚਲਾਉਂਦੇ ਸਮੇਂ ਹੀ ਮੈਨੂੰ ਟੈਲੀਫੋਨ ਕਰਦੇ ਹਨ। ਉਹਨਾਂ ਨੂੰ ਇਸ ਸਮੇਂ ਹੀ ਵਿਹਲ ਮਿਲਦਾ ਹੈ। ਕਾਰ ਚਲਾਉਂਦਿਆਂ ਚਾਹ ਜਾਂ ਬੀਅਰ ਬੱਤਾ ਪੀਣ ਵਾਲਿਆਂ ਦੀ ਗਿਣਤੀ ਕਰਨੀ ਹੋਵੇ ਤਾਂ ਆਸਮਾਨ ਦੇ ਤਾਰਿਆਂ ਜਿੰਨੀ ਹੋਵੇਗੀ। ਇਹ ਤੇਜ਼ ਰਫਤਾਰੀ ਸਾਹਿਲ ਦੀ ਕਵਿਤਾ ਵਿਚ ਕਿਵੇਂ ਢਲੀ ਹੈ, ਉਸਦਾ ਨਮੂਨਾ 'ਸੂਈਆਂ' ਤੇ 'ਇਕ ਪਿਆਲਾ ਚਾਹ' ਵਿਚ ਹਾਜ਼ਰ ਹੈ।

ਸੂਈਆਂ

ਘੜੀ ਨਾ ਹੁੰਦੀ
ਜ਼ਿੰਦਗੀ ਦੀ ਆਪਣੀ ਹੀ ਚਾਲ ਹੋਣੀ ਸੀ

ਘੜੀ ਦੀਆਂ ਸੂਈਆਂ ਬੇਕਿਰਕ
ਸਾਵੀਂ ਪੱਧਰੀ ਚਾਲ ਨੂੰ ਥਿੜਕਾਉਂਦੀਆਂ
ਠਿੱਬੀ ਲਾਉਂਦੀਆਂ
ਸਿਰ ਦੇ ਵਾਲ਼ ਨੋਚਦੀਆਂ
ਧੁੜਕੂ ਲਾਉਂਦੀਆਂ
ਮੈਨੂੰ ਪਸ਼ੂਆਂ ਵਾਂਗ ਹਕਦੀਆਂ
ਰੋਬੋਟ ਬਣਾਉਂਦੀਆਂ
ਘੜੀ ਨਾ ਹੁੰਦੀ
ਜ਼ਿੰਦਗੀ ਦੀ ਚਾਲ
ਮੜਕ ਵਾਲੀ ਹੋਣੀ ਸੀ

ਇਕ ਪਿਆਲਾ ਚਾਹ

ਕਾਹਲੀ ਕਾਹਲੀ ਸੁਬਹ ਸਵੇਰੇ
ਕੰਮ ਨੂੰ ਜਾਂਦਿਆਂ
ਕਾਰ ਚਲਾਉਂਦਿਆਂ
ਹੱਥ 'ਚ ਫੜਿਆ ਚਾਹ ਦਾ ਪਿਆਲਾ,
ਖਿੱਲੀ ਉਡਾਵੇ

ਮੇਰੇ ਹੀ ਹੱਥ 'ਚ ਉੱਛਲੇ, ਕੁੱਦੇ
ਵੱਡਾ ਘੁੱਟ ਹਿੱਕ ਲੂਹੇ, ਛਲਕੇ-ਹੱਸੇ
ਨਜ਼ਰ ਪਿਆਲੇ 'ਨਾ ਮਿਲਣੋਂ ਕਤਰਾਵੇ
...ਸੜਕ ਹੰਢਾਵੇ
...ਠੰਢਾ ਹੋ ਜਾਵੇ
ਪੂਰਾ ਕਦੇ ਪੀਤਾ ਨਾ ਜਾਵੇ...
ਵਾਹ, ਚਾਹ

ਮੈਂ ਹਰਕੰਵਲਜੀਤ ਦੀਆਂ ਦੋ ਨਿੱਕੀਆਂ ਕਵਿਤਾਵਾਂ ਦੇ ਕੇ ਆਪਣੀ ਗੱਲ ਮੁਕਾਉਂਦਾ ਹਾਂ। ਇਹਨਾਂ ਵਿਚ ਉਸਦਾ ਜੀਵਨ ਦਰਸ਼ਨ ਵੀ ਹੈ, ਜੀਵਨ ਦੇ ਸਫਰ ਦਾ ਸਾਰੰਸ਼ ਵੀ।

ਪਰ ਤੇ ਪਰਾਇਆ

ਕਣ ਕਣ ਵਿਚ 'ਭਗਵਾਨ'
ਹਰ ਕਿਣ ਨਿਰਭਰ ਹਰ ਕਣ 'ਤੇ
ਕਣ ਦੀ ਕਣ ਨਾਲ ਸਾਂਝ!!
ਤੇ ਫਿਰ 'ਪਰ' ਕੀ, ਪਰਾਇਆ ਕੀ !!

ਸਾਵੇਂ ਸਾਹ

ਚੁੱਪ ਚਾਪ, ਸਹਿਜ ਮਲੂਕ
ਤੁਰਿਆ ਜਾ... ਆਪਣੇ ਰਾਹ
ਦੁਨੀਆ 'ਚ ਸ਼ੋਰ, ਭੱਜ ਦੌੜ
ਪਹਿਲਾਂ ਹੀ ਬਹੁਤ ਹੈ!

ਪਰ ਅੱਜੋਕਾ 'ਮੰਡੀ ਯੁਗ' ਬੰਦੇ ਦੇ ਇਹ ਫਲਸਫਾ ਅਪਨਾਉਣ ਦੇ ਰਾਹ ਵਿਚ ਚੁੱਪ ਚਾਪ ਤੇ ਅਦਿਖ ਹੀ ਦਖਲ ਬਣ ਬਹਿੰਦਾ ਹੈ:

ਮੈਂ ਉਸਨੂੰ ਰੂਹ ਵਾਂਗ ਮਿਲਿਆ, ਉਹ ਜਿਸਮ ਵਾਂਗ
ਹੁਣ ਕੋਸ਼ਿਸ਼ ਕਰਦਾਂ, ਜਿਸਮ ਬਣ ਹੀ ਵਿਚਰਾਂ...
ਫਿਰ ਡਰਦਾਂ, ਕਿਤੇ ਕੋਈ ਰੂਹ ਨਾ ਮਿਲ਼ ਪਵੇ

ਹਰਕੰਵਲਜੀਤ ਸਾਹਿਲ ਦੀਆਂ ਕੁਲ ਕਵਿਤਾਵਾਂ ਪੜ੍ਹਨ ਉਪਰੰਤ ਮੇਰੀ ਹਾਲਤ ਉਸ ਦਿਓ ਵਾਲੀ ਹੈ ਜਿਹੜਾ ਕਿਸੇ ਹਸੀਨਾ ਨੂੰ ਦੇਖਕੇ ਪਹਿਲਾਂ ਹੱਸਿਆ ਸੀ ਤੇ ਫੇਰ ਰੋਇਆ। ਹੱਸਿਆ ਏਸ ਲਈ ਕਿ ਉਹ ਬਹੁਤ ਸੁੰਦਰ ਸੀ ਤੇ ਰੋਇਆ ਏਸ ਲਈ ਕਿ ਉਹ ਉਸਨੂੰ ਖਾ ਜਾਵੇਗਾ। ਏਥੇ ਦਿਓ ਆਪਣੇ ਆਪ ਨੂੰ ਜ਼ਮਾਨੇ ਦਾ ਪ੍ਰਤੀਨਿਧ ਸਮਝ ਰਿਹਾ ਸੀ।

ਮੈਨੂੰ ਸਾਹਿਲ ਦੀ ਕਵਿਤਾ ਵਿਚੋਂ ਬਹੁਤ ਕੁਝ ਮਿਲਿਆ ਹੈ। ਪੜ੍ਹਨ ਵਾਲਾ। ਮਾਨਣ ਵਾਲਾ। ਗੁੜ੍ਹਨ ਵਾਲਾ। ਪਰ ਰੋਣਾ ਏਸ ਗੱਲ ਦਾ ਹੈ ਕਿ ਜਿਸ ਤਰ੍ਹਾਂ ਸਾਹਿਲ ਆਪਣੇ ਮਨ ਦੀ ਗੱਲ ਕਹਿਣ ਲਈ ਨਵੀਂ ਕਿਸਮ ਦੀ ਵਿਆਕਰਣ, ਪੇਸ਼ਕਾਰੀ, ਸ਼ਬਦੀ ਜੋੜ ਤੋੜ ਤੇ ਪੈਰਾਬੰਦੀ ਕਰਦਾ ਹੈ, ਇਸਨੂੰ ਛਾਪਣ ਤੇ ਪਾਠਕਾਂ ਤਕ ਪਹੁੰਚਾਣ ਵਿਚ ਮੁਸ਼ਕਲ ਆ ਰਹੀ ਹੈ। ਪ੍ਰਕਾਸ਼ਕ ਲੱਭਣ ਵਿਚ ਨਹੀਂ ਕਿਉਂਕਿ ਕੈਨੇਡੀਅਨ ਸਿੱਕਾ ਉਸਦੇ ਅੰਗ ਸੰਗ ਹੈ। ਮਸਲਾ ਇਸਦੀ ਸ਼ੁਧੀ ਦਾ ਹੈ, ਜਿਹੜਾ ਹੱਥਲੀ ਪੁਸਤਕ ਵਿਚ ਵੀ ਹੈ। ਇਹਤਿਆਤ ਦੇ ਬਾਵਜੂਦ ਗ਼ਲਤੀਆਂ ਕਾਇਮ ਨੇ। ਚੋਖੀ ਗਿਣਤੀ ਵਿਚ। ਗ਼ਲਤੀਆਂ ਦੀ ਹੋਂਦ ਪਾਠਕਾਂ ਨੂੰ ਤੋੜਦੀ ਹੈ। ਮੇਰੀ ਗੱਲ ਹੋਰ ਹੈ। ਮੇਰੇ ਅੰਦਰਲਾ ਪਾਠਕ ਹਰਿਭਜਨ ਸਿੰਘ ਦੇ ਇਕ ਸ਼ਿਅਰ ਵਾਂਗ ਵਿਚਰਦਾ ਹੈ:

ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ
ਅੜੇ ਮੇਰੇ ਪੈਰੀਂ ਕਿਨਾਰੇ ਬੜਾ ਨੇ
ਏਥੇ ਕਿਨਾਰੇ ਤੋਂ ਮੇਰਾ ਭਾਵ ਸਾਹਿਲ ਹੈ।❑❑

-ਗੁਲਜ਼ਾਰ ਸਿੰਘ ਸੰਧੂ

ਖ਼ਾਲੀ ਖੂਹਾਂ ਦੀ ਕਥਾ (ਨਾਵਲ) ਅਵਤਾਰ ਸਿੰਘ ਬਿਲਿੰਗ

ਕਵੀਸ਼ਰੀ ਦੀ 'ਸਿਦਕੀ ਪਰਵਾਨੇ' ਵਰਗੀ ਕਿਤਾਬ ਦੀ ਸੰਪਾਦਨਾ ਕਰਨ ਵਾਲੇ ਅਵਤਾਰ ਸਿੰਘ ਬਿਲਿੰਗ ਦੇ ਨਵੇਂ ਨਾਵਲ 'ਖ਼ਾਲੀ ਖੂਹਾਂ ਦੀ ਕਥਾ' (ਸਫੇ 292, ਮੁੱਲ 300 ਰੁਪਏ, ਯੂਨੀਸਟਾਰ ਬੁੱਕਸ, ਚੰਡੀਗੜ੍ਹ) ਵਿਚ ਵੀ ਉਸ ਦੇ ਪਹਿਲੇ ਨਾਵਲਾਂ ਵਾਂਗ ਕਵੀਸ਼ਰੀ ਵਰਗਾ ਰੰਗ ਧੂੜਿਆ ਪਿਆ ਹੈ। ਤਿੰਨ ਬਾਲ ਸਾਹਿਤ ਕਿਤਾਬਾਂ ਅਤੇ ਚਾਰ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਹੁਣ ਤੱਕ ਉਹ ਛੇ ਨਾਵਲਾਂ ਦੀ ਰਚਨਾ ਕਰ ਚੁੱਕਾ ਹੈ। ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' (1997) ਤੋਂ ਲੈ ਕੇ ਨਵੇਂ ਨਾਵਲ 'ਖ਼ਾਲੀ ਖੂਹਾਂ ਦੀ ਕਥਾ'

(2013) ਤਕ ਹਰ ਨਾਵਲ ਦਾ ਬਿਰਤਾਂਤ ਜਿੰਨਾ ਸੰਘਣਾ ਤੇ ਸਮਤੋਲ ਹੈ ਉਤਨਾ ਹੀ ਸਹਿਜ ਵੀ ਜਾਪਦਾ ਹੈ। ਪਿਛਲੇ ਡੇਢ ਦਹਾਕੇ ਦੌਰਾਨ ਉਸ ਨੇ ਪੰਜਾਬੀ ਨਾਵਲਕਾਰੀ ਨੂੰ ਚਾਸ਼ਣੀ ਵਰਗੇ ਗਾੜ੍ਹੇ ਬਿਰਤਾਂਤਾਂ ਨਾਲ ਮੂਲੋਂ ਨਿਵੇਕਲਾ ਰੰਗ ਚਾੜ੍ਹਿਆ ਹੈ। ਨਾਵਲਾਂ ਦਾ ਪਾਠ ਦੱਸਦਾ ਹੈ ਕਿ ਸਾਰੀ ਉਮਰ ਨਿਆਣਿਆਂ ਨੂੰ ਪੜ੍ਹਾਉਂਦਾ ਰਿਹਾ ਸਾਡਾ ਇਹ ਲੇਖਕ, ਖੁਦ ਵੀ ਕਿੰਨਾ ਪੜ੍ਹਦਾ ਰਿਹਾ ਹੋਵੇਗਾ। ਅਸਲ ਵਿਚ ਉਸ ਵਿਚਲਾ ਲੇਖਕ, ਉਸ ਦੇ ਅੰਦਰ ਬੈਠੇ ਸਬਰ ਸੰਤੋਖ ਵਾਲੇ ਪਾਠਕ ਦੇ ਜ਼ਰੀਏ ਹੀ ਪੰਜਾਬੀ ਨਾਵਲਕਾਰੀ ਵਿਚ ਆਇਆ ਪੇਤਲਾਪਣ ਤੋੜਨ ਵਿਚ ਕਾਮਯਾਬ ਰਿਹਾ ਹੈ। ਉਸ ਦੇ ਨਾਵਲਾਂ ਵਿਚ ਪਾਤਰਾਂ ਦੀ ਭਰਮਾਰ ਹੈ, ਪਰ ਘੜਮੱਸ ਨਹੀਂ। ਘਟਨਾਵਾਂ ਵਿਚ ਤੀਬਰਤਾ ਹੈ, ਪਰ ਤਰਤੀਬ ਉਸ ਤੋਂ ਵੀ ਕਿਤੇ ਵੱਧ ਹੈ। ਪਾਤਰਾਂ ਅਤੇ ਘਟਨਾਵਾਂ ਦੀ ਤਾਣੀ ਉਲਝ ਜਾਣ ਦਾ ਕਿਤੇ ਕੋਈ ਸਵਾਲ ਹੀ ਨਹੀਂ। ਉਹ ਕਿਸੇ ਕੁਸ਼ਲ ਜੁਲਾਹੇ ਵਾਂਗ ਪਾਤਰਾਂ ਦੀ ਇਸ ਤਾਣੀ ਦਾ ਹਰ ਤੰਦ ਇਕੱਲਾ-ਇਕੱਲਾ ਕਰ ਕੇ ਆਪਣਾ ਕੰਮ ਕਰੀ ਜਾਂਦਾ ਹੈ। 'ਖ਼ਾਲੀ ਖੂਹਾਂ ਦੀ ਕਥਾ' ਲੇਖਕ ਦੀ ਇਸ ਕਲਾ ਅਤੇ ਕਾਰੀਗਰੀ ਦੀ ਸ਼ਾਇਦ ਸਿਖਰ ਹੀ ਹੋਵੇ!

ਅੰਤਿਕਾ ਸਣੇ 41 ਕਾਂਡਾਂ ਵਿਚ ਸਿਮਟਿਆ ਇਹ ਨਾਵਲ ਕਈ ਪੀੜ੍ਹੀਆਂ ਤਕ ਫੈਲਿਆ ਹੋਇਆ ਹੈ। ਹਰ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਨਾਲ ਖਹਿੰਦੀ-ਖਹਿਬੜਦੀ ਤੇ ਖੁਰਦੀ-ਜੁੜਦੀ, ਨਿਰ-ਉਚੇਚ ਆਪੋ-ਆਪਣਾ ਸੱਚ ਉਜਾਗਰ ਕਰਦੀ ਹੈ। ਇਹ ਸੱਚ ਉਸ ਸਮੇਂ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਲੇਖਕ ਨੇ ਇਸ ਨਾਵਲ ਦੀ ਚੂਲ਼ ਬਣਾਇਆ ਹੈ। ਨਾਵਲ ਦੇ ਸਾਰੇ ਪਾਤਰ ਅਤੇ ਇਸ ਦਾ ਸਾਰੇ ਦਾ ਸਾਰਾ ਬਿਰਤਾਂਤ ਸਮੇਂ ਦੇ ਇਸ ਸੱਚ ਵਿਚੀਂ ਹੋ ਕੇ ਲੰਘਦਾ ਹੈ। ਹਰ ਪੀੜ੍ਹੀ ਆਪਣੇ ਹਿਸਾਬ ਨਾਲ ਇਸ ਸੱਚ ਦੇ ਰੂ-ਬ-ਰੂ ਹੁੰਦੀ ਹੈ, ਲਾਂਭੇ-ਲਾਂਭੇ ਲੰਘ ਜਾਣ ਦੀ ਗੁੰਜਾਇਸ਼ ਨਾਵਲਕਾਰ ਰਹਿਣ ਨਹੀਂ ਦਿੰਦਾ। ਛਾਤੀ ਵਿਚ ਖੁੱਭੇ ਹਰ ਕਿੱਲ ਦੀ ਚੀਸ ਕਹਾਣੀ ਵਿਚੋਂ ਲਗਾਤਾਰ ਮਹਿਸੂਸ ਹੁੰਦੀ ਹੈ। ਕਹਾਣੀ ਮੈਂ ਪਾਤਰ ਦੇ ਨਾਨਕੇ ਪਿੰਡ (ਮੇਰਾ ਨਾਨਕਾ ਪਿੰਡ) ਤੋਂ ਆਰੰਭ ਹੁੰਦੀ ਹੈ ਅਤੇ 'ਗੜਬੜ' ਨਾਂ ਦੇ ਕਾਂਡ ਤਕ ਪੁੱਜ ਕੇ ਖਾਲੀ ਖੂਹਾਂ ਦੇ ਅਰਥਾਂ ਬਾਰੇ ਹਲਕਾ ਜਿਹਾ ਝਲਕਾਰਾ ਪੈਂਦਾ ਹੈ। ਫਿਰ ਇਸ ਕਾਂਡ ਦੀ ਆਖਰੀ ਸਤਰ ਤਕ ਪੁੱਜਦਿਆਂ ਪਹਿਲੇ ਕਾਂਡਾਂ ਵਿਚ ਆਏ ਪਾਤਰਾਂ ਦੀਆਂ ਲੜੀਆਂ ਬਹੁਤ ਤੇਜ਼ੀ ਨਾਲ ਜੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ; ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕੋਈ ਹਵਾਈ ਜਹਾਜ਼ ਉਡਣ ਤੋਂ ਪਹਿਲਾਂ ਸਰਪੱਟ ਭੱਜਦਾ-ਭੱਜਦਾ ਹਵਾ ਵਿਚ ਉਡਦਿਆਂ ਹੀ ਰਵਾਂ ਹੋ ਜਾਂਦਾ ਹੈ। ਹੌਲ਼ੀ-ਹੌਲ਼ੀ ਇਕ ਪਰਿਵਾਰ ਨਾਲ ਜੁੜੀ ਇਹ ਕਹਾਣੀ ਫੈਲ ਕੇ ਪੰਜਾਬ ਦੀ ਹੋਣੀ ਬਣਦੀ ਪ੍ਰਤੀਤ ਹੁੰਦੀ ਹੈ, ਜਿੱਥੇ "ਸਰ ਤਾਂ ਸੁੱਕਦੇ ਦੇਖੇ ਸੀ, ਖੂਹ ਖ਼ਾਲੀ ਹੁੰਦੇ ਕਦੀ ਨਹੀਂ ਸੀ ਸੁਣੇ।" ... ਤੇ ਇਸ ਸਤਰ ਵਾਲਾ ਦੁਖਾਂਤ ਨਾਵਲ ਦੇ ਆਰ-ਪਾਰ ਫੈਲਿਆ ਹੋਇਆ ਹੈ।

ਉਂਝ, ਖ਼ਾਲੀ ਖੂਹਾਂ ਦੇ ਇਸ ਦੁਖਾਂਤ ਦਾ ਅਸਲ ਦਰਦ ਔਰਤ ਹੰਢਾਉਂਦੀ ਹੈ। ਹਰ ਔਰਤ ਪਾਤਰ ਦਾ ਆਪੋ-ਆਪਣਾ ਸੱਚ ਹੋਣ ਦੇ ਬਾਵਜੂਦ ਖ਼ਾਲੀ ਖੂਹ, ਔਰਤ ਦੀ ਜ਼ਿੰਦਗੀ ਵਿਚ ਖੌਰੂ ਹੀ ਸਾਬਤ ਹੁੰਦੇ ਹਨ। ਹਰ ਔਰਤ ਅਤੇ ਹਰ ਮਾਂ ਆਖਰਕਾਰ ਸਮਝੌਤਾ ਕਰਨ ਲਈ ਮਜਬੂਰ ਹੈ। ਲੇਖਕ ਨੇ ਚਰਨ ਸਿੰਘ ਅਤੇ ਬਚਨ ਸਿੰਘ ਦੀ ਉਧਲ ਗਈ ਮਾਂ ਵਾਲੀ ਘਟਨਾ ਨੂੰ ਉਤਨਾ ਵਿਸਥਾਰ ਨਹੀਂ ਦਿੱਤਾ, ਨਹੀਂ ਤਾਂ ਇਸ ਉਧਾਲੇ ਦਾ ਸੱਚ ਵੀ ਸ਼ਾਇਦ ਮੋਹ-ਮਮਤਾ ਦੀ ਮਰੋੜੀ ਨਾਲ ਨਹੀਂ ਸੀ ਜੁੜਨਾ। ਔਰਤ ਦੀ ਇਸ ਤਰਸਯੋਗ ਹਾਲਤ ਦੀਆਂ ਤੰਦਾਂ ਉਸ ਜਗੀਰੂ ਢਾਂਚੇ ਨਾਲ ਜੁੜੀਆਂ ਹੋਈਆਂ ਹਨ ਜਿਹੜਾ ਘੱਟੋ-ਘੱਟ ਔਰਤਾਂ ਲਈ ਤਾਂ ਸਦਾ ਹੀ ਮੂੰਹ ਟੱਡੀ ਖੜ੍ਹਾ ਦਿਸਦਾ ਹੈ। ਇਸੇ ਲਈ ਦਲਬੀਰ ਕੌਰ ਜਦੋਂ ਮਾੜਾ ਜਿਹਾ ਵੀ ਉਭਾਸਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਸਮੁੱਚਾ ਤਾਣਾ-ਬਾਣਾ ਉਸ ਦਾ ਦੁਸ਼ਮਣ ਹੋ ਨਿਬੜਦਾ ਹੈ। ਅੰਤ ਉਹ ਇਸੇ ਢਾਂਚੇ ਦੀ ਇਕ ਹੋਰ ਅਲਾਮਤ ਡੇਰਾਵਾਦ ਵਿਚ ਲੁੱਟੀ-ਪੁੱਟੀ ਜਾਂਦੀ ਹੈ। ਅਮਰ ਕੌਰ, ਗਿਆਨ ਕੌਰ, ਕਿਰਨਬੀਰ ਆਦਿ ਔਰਤਾਂ ਪੀੜ੍ਹੀ-

ਦਰ-ਪੀੜ੍ਹੀ ਇਸੇ ਕਰੂਰ ਹਾਲਾਤ ਦਾ ਖਾਜਾ ਬਣਦੀਆਂ ਹਨ। ਸਾਰੀ ਉਮਰ ਦੀ ਬੰਨ੍ਹੋਗਿਰੀ ਵਿਆਹ, ਸਿਰਫ ਜ਼ਮੀਨ ਘਰੇ ਲਿਆਉਣ ਦਾ ਦਾਈਆ ਬਣ ਜਾਂਦਾ ਹੈ। ਔਰਤ ਦੀ ਇਸ ਮਾਰਮਿਕ ਹਾਲਤ ਦਾ ਚਿਤਰਨ ਇਸ ਨਾਵਲ ਦਾ ਹਾਸਲ ਹੈ। ਉਂਝ ਲੇਖਕ ਔਰਤਾਂ ਦੀ ਇਸ ਹਾਲਤ ਲਈ ਜ਼ਿੰਮੇਵਾਰ ਹਾਲਤ ਬਾਰੇ ਚਰਚਾ ਲਗਾਤਾਰ ਕਰਦਾ ਜਾਂਦਾ ਹੈ। ਦਲਬੀਰੋ ਬਾਰੇ ਜਦੋਂ ਹੋਈ-ਬੀਤੀ ਗੱਲ ਨੂੰ ਆਪ ਨਜਿੱਠਣ ਦੀ ਗੱਲ ਤੁਰਦੀ ਹੈ ਤਾਂ ਇਸ ਵਿਚੋਂ ਆਜ਼ਾਦ ਔਰਤ ਦਾ ਕੋਈ ਸੰਕਲਪ ਝਾਤੀਆਂ ਮਾਰਦਾ ਜਾਪਦਾ ਹੈ। ਵਿਚ-ਵਿਚਾਲੇ ਔਰਤ ਦੀ ਸੂਰਤ ਅਤੇ ਸੀਰਤ ਦੀਆਂ ਗੱਲਾਂ ਵੀ ਤੁਰਦੀਆਂ ਹਨ। ਲੇਖਕ ਨੇ ਇਸ ਸਭ ਕਾਸੇ ਨਾਲ 'ਸਿਆਣੇ ਪੁਰਸ਼' ਦਾ ਜ਼ਿਕਰ ਛੇੜ ਕੇ ਸੀਰਤ ਦਾ ਹੱਥ ਉਤਾਂਹ ਰੱਖਿਆ ਹੈ।

ਅਵਤਾਰ ਸਿੰਘ ਬਿਲਿੰਗ ਦੇ ਹੋਰ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਪਿੰਡ ਦਰਸ਼ਨੀ ਰੂਪ ਵਿਚ ਸਾਹਮਣੇ ਆਉਂਦਾ ਹੈ। ਚਰਨ ਸਿੰਘ ਅਤੇ ਬਚਨ ਸਿੰਘ ਤੋਂ ਬੱਝੇ ਪਰਿਵਾਰ ਦੀ ਚੜ੍ਹਤ 'ਕੰਮ ਤੋਂ ਬਗੈਰ ਬੰਦਾ ਕਾਹਦੇ ਜੋਗਾ' ਵਾਲਾ ਕਥਨ ਪੂਰਦੀ ਹੈ। ਟੱਬਰ ਦਾ ਮੁਖੀ ਬਚਿੱਤਰ ਸਿੰਘ ਅਤੇ ਉਸ ਤੋਂ ਅਗਲੀ ਪੀੜ੍ਹੀ ਜਦੋਂ ਕੰਮ ਛੱਡ ਜਾਂਦੇ ਹਨ ਤਾਂ ਤੇਜ਼ੀ ਨਾਲ ਆ ਰਹੇ ਨਿਘਾਰ ਦੀਆਂ ਕਨਸੋਆਂ ਮਿਲਣ ਲਗਦੀਆਂ ਹਨ। ਇਹ ਨਿਘਾਰ ਇੰਨਾ ਬਹੁ-ਦਿਸ਼ਾਵੀ ਹੈ ਕਿ ਇਕ ਮੋਰੀ ਮੁੰਦਿਆਂ ਕੋਈ ਫਰਕ ਨਹੀਂ ਪੈਂਦਾ। ਸਮਝੋ ਤੂੜੀ ਦੀ ਪੰਡ ਹੀ ਖੁੱਲ੍ਹ ਗਈ ਹੈ। ਇਹ ਨਿਘਾਰ ਅੰਤ ਖੂਨ-ਖਰਾਬੇ ਅਤੇ ਟੱਬਰ ਦੇ ਖਿੰਡਾਅ ਤਕ ਵਧਦਾ ਹੈ। ਪਾਤਰਾਂ ਦੀ ਲਗਾਤਾਰ ਤੜਫਾਹਟ ਵਾਲੀ ਇਸ ਕਹਾਣੀ ਦਾ ਅੰਤ ਜਦੋਂ ਨੰਨ੍ਹੇ ਬਾਲਕਾਂ-ਏਕਮਪ੍ਰੀਤ, ਅਰਸ਼ ਅਤੇ ਸੁੱਖੇ ਵੱਲ ਵਧਦਾ ਹੈ ਤਾਂ ਕਹਾਣੀ ਦੀ ਲੜੀ ਫਿਰ ਉੱਥੋਂ ਹੀ ਜੁੜਦੀ ਜਾਪਦੀ ਹੈ ਜਿਥੋਂ ਮਾਂ-ਮਹਿੱਟਰ ਚਰਨ ਸਿੰਘ ਅਤੇ ਬਚਨ ਸਿੰਘ ਦੀ ਲੜੀ ਟੁੱਟੀ ਸੀ। ਨਵੀਂ ਪੀੜ੍ਹੀ ਦੀਆਂ ਆਪ-ਹੁਦਰੀਆਂ ਨਾਲ ਝੰਬਿਆ ਟੱਬਰ ਆਖਰਕਾਰ ਕਿਰਨਬੀਰ ਕੌਰ ਨੂੰ ਉਡੀਕ ਰਿਹਾ ਹੈ ਜਿਸ ਨੇ ਅਗਾਂਹ ਵੰਸ਼ ਵਧਾਉਣਾ ਹੈ। ਉਹਦੇ ਲਈ ਜਦੋਂ ਸਾਹਮਣੀ ਖੁੱਲ੍ਹੀ ਲੌਬੀ ਵਿਚ ਕੱਪੜਾ ਵਿਛਣ ਲਗਦਾ ਹੈ ਤਾਂ ਅੱਜ ਦੇ ਪੰਜਾਬ ਦਾ ਉਹ ਨਕਸ਼ਾ ਸਾਹਮਣੇ ਸਾਕਾਰ ਹੋ ਜਾਂਦਾ ਹੈ ਜਿਸ ਬਾਰੇ ਨਾਵਲ ਦੀ ਇਕ ਪਾਤਰ ਨਾਨੀ ਅਮਰ ਕੌਰ ਇਹ ਆਖਦੀ ਹੈ- "ਆਪਣਾ ਸਾਰਾ ਮੁਲਖ ਉਜੜ ਕੇ ਅੰਤ ਨੂੰ ਕਿੱਧਰ ਜਾਊਗਾ? ਭਲਾ ਕੋਈ ਵੀ ਨ੍ਹੀਂ ਟਿਕੂਗਾ ਐਥੇ? ਭੁੱਖੇ ਨੰਗਿਆਂ ਨੇ ਤਾਂ ਭੱਜਣਾ ਹੀ ਹੋਇਆ, ਰੱਜੇ ਹੋਏ ਵੀ ਧੀਰ ਨ੍ਹੀਂ ਧਰਨਗੇ? ਸਾਰੀ ਦੁਨੀਆਂ ਦਾ ਤੱਗ ਕਿਉਂ ਟੁੱਟ ਗਿਆ?" ਪਰਵਾਸੀ ਹੋਣ ਖਾਤਰ ਗੁਰਸੋਹਨ ਸਿੰਘ ਪਹਿਲਾਂ ਪਤਨੀ ਅਤੇ ਫਿਰ ਆਪਣੀ ਜ਼ਿੰਦਗਾਨੀ ਗੁਆ ਬੈਠਦਾ ਹੈ। ਇਹ ਅਸਲ ਵਿਚ ਰੱਜੇ-ਪੁੱਜੇ, ਪਰ ਜਨਮ ਜਨਮਾਂ ਤੋਂ ਭੁੱਖੇ ਮਾਨਸਾਂ ਦੀ ਹੋਣੀ ਹੈ ਜਿਸ ਨਾਲ ਜੁੜਿਆ ਹਰ ਜੀਅ-ਜੰਤ ਅਜਿਹੀ ਹੋਣੀ ਭੋਗਣ ਲਈ ਮਜਬੂਰ ਹੈ। ਜਦੋਂ ਤੱਥ ਹੀ ਇਹ ਹੈ ਕਿ 'ਮਾਇਆ ਨਾਲ ਬੰਦੇ ਨੇ ਫਜ਼ੂਲ-ਖਰਚ ਤਾਂ ਬਣਨਾ ਹੀ ਹੈ' ਤਾਂ ਹਾਲਾਤ ਲਗਾਤਾਰ ਤਿਲਕਦੇ ਹੀ ਜਾਂਦੇ ਹਨ। ਲੇਖਕ ਨੇ ਇਸ ਦਰਦ ਨੂੰ ਬੇਹੱਦ ਪ੍ਰਚੰਡ ਰੂਪ ਵਿਚ ਪੇਸ਼ ਕੀਤਾ ਹੈ। ਇਸ ਪ੍ਰਚੰਡਤਾ ਲਈ ਉਹ ਆਪਣੀ ਕਥਾ-ਕਹਾਣੀ ਵਿਚ ਢੁਕਵੇਂ ਲੋਕ ਤੱਥਾਂ, ਅਖਾਣਾਂ, ਕਹਾਵਤਾਂ, ਲੋਕ ਤੇ ਮਿੱਥਕ ਕਹਾਣੀਆਂ ਦੀ ਆਹੂਤੀ ਪਾਉਂਦਾ ਹੈ। ਇਹ ਆਹੂਤੀ ਕਥਾ ਦੇ ਵਿਚਾਰ-ਪ੍ਰਵਾਹ ਨੂੰ ਇੰਨਾ ਦਿਲਚਸਪ ਅਤੇ ਉਤਸੁਕਤਾ ਭਰਪੂਰ ਬਣਾਉਂਦੀ ਹੈ ਕਿ ਪਾਠਕ-ਮਨ ਦੀ ਬਿਰਤੀ ਨਾਵਲ ਵਿਚੋਂ ਨਿਕਲ ਕੇ ਵਾਰ-ਵਾਰ ਜੀਵਨ-ਯਥਾਰਥ ਨਾਲ ਜਾ ਜੁੜਦੀ ਹੈ। ਹਰ ਪਾਤਰ ਇੰਨਾ ਜਾਣਿਆ-ਪਛਾਣਿਆ ਹੈ ਜਿਵੇਂ ਨਾਲ ਦੇ ਹੀ ਘਰ ਵਿਚ ਰਹਿੰਦਾ/ਵਸਦਾ ਹੋਵੇ।

ਜਿਉਂ ਹੀ ਨਾਵਲ ਮੁੱਕਦਾ ਹੈ, ਅਗਾਂਹ 'ਢਾਹੇ ਦੀ ਸ਼ਬਦਾਵਲੀ' ਸ਼ੁਰੂ ਹੋ ਜਾਂਦੀ ਹੈ। ਇਹ ਸ਼ਬਦਾਵਲੀ ਅਸਲ ਵਿਚ ਅਵਤਾਰ ਸਿੰਘ ਬਿਲਿੰਗ ਦੀ ਰਚਨਾਕਾਰੀ ਨਾਲ ਬਹੁਤ ਪੀਡੀ ਜੁੜੀ ਹੋਈ ਹੈ ਅਤੇ ਇਹ ਰਚਨਾ ਦੀ ਖਾਸੀਅਤ ਵੀ ਬਣਦੀ ਹੈ। ਅਖੌਤੀ ਆਧੁਨਿਕ ਪੰਜਾਬੀ ਵਿਚ ਜਿਸ ਤਰ੍ਹਾਂ ਦਾ ਖਲਜਗਣ ਹਿੰਦੀ-ਅੰਗਰੇਜ਼ੀ ਦਾ ਪੈ ਰਿਹਾ ਹੈ, ਉਸ ਪ੍ਰਸੰਗ

ਵਿਚ ਇਸ ਸ਼ਬਦਾਵਲੀ ਦੀ ਅਹਿਮੀਅਤ ਸਮਝ ਆਉਂਦੀ ਹੈ। ਸ਼ੁਕਰ ਹੈ ਕਿ ਪੰਜਾਬੀ ਅਤੇ ਪੇਂਡੂ ਮਾਹੌਲ ਬਾਰੇ ਨਵੀਂਆਂ ਪੀੜ੍ਹੀਆਂ ਨੂੰ ਜਾਣਕਾਰੀ ਦੇਣ ਲਈ ਹੁਣ ਸਾਡੇ ਕੋਲ ਅਵਤਾਰ ਸਿੰਘ ਬਿਲਿੰਗ ਦੀਆਂ ਇਹ ਰਚਨਾਵਾਂ ਹੈਨ। ਜਿਸ ਤਰ੍ਹਾਂ 'ਤਰੱਕੀ ਵਾਲਾ ਹਰ ਰਾਹ ਵਿਦਿਆ ਦੇ ਚੁਰਸਤੇ ਵਿਚੋਂ ਹੋ ਕੇ ਲੰਘਦਾ' ਹੈ, ਇਸੇ ਤਰ੍ਹਾਂ ਠੁਕਦਾਰ ਪੰਜਾਬੀ ਵਾਲੀਆਂ ਝਾਤੀਆਂ ਬਿਲਿੰਗ ਦੀਆਂ ਰਚਨਾਵਾਂ ਦੇ ਚੁਰਸਤਿਆਂ ਵਿਚੋਂ ਪੈਂਦੀਆਂ ਹਨ। ਇਸ ਪ੍ਰਸੰਗ ਵਿਚ ਪੰਜਾਬੀ ਆਲੋਚਨਾ ਵਿਚ ਪਹਿਲਾਂ 'ਆਂਚਲਿਕਤਾ' ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ, ਬਿਲਿੰਗ ਦੇ ਨਾਵਲਾਂ ਨੇ ਇਸ ਅਖੌਤੀ ਆਂਚਲਿਕਤਾ ਨੂੰ ਮੁੱਖਧਾਰਾ ਦਾ ਰੁਤਬਾ ਦਿਵਾਉਣ ਵੱਲ ਨਿੱਗਰ ਕੰਮ ਕੀਤਾ ਹੈ। ਇਸ ਬਾਰੇ ਅਜੇ ਵਿਸਥਾਰ ਸਹਿਤ ਗੱਲ ਭਾਵੇਂ ਕਿਸੇ ਪਾਸਿਉਂ ਸ਼ੁਰੂ ਨਹੀਂ ਹੋਈ ਹੈ, ਪਰ ਜਦ ਵੀ ਅਜਿਹੀ ਗੱਲ ਛਿੜੀ, ਬਿਲਿੰਗ ਦੇ ਨਾਵਲ ਉਸ ਚਰਚਾ ਦਾ ਕੇਂਦਰ ਹੋਣਗੇ। ਹਰ ਸ਼ੈਅ ਵੱਲ ਸਮੁੱਚ ਨਾਲ ਲੱਦੀ ਲੇਖਕ ਦੀ ਇਸ ਉਚੇਚੀ ਪਹੁੰਚ ਨੇ ਪੰਜਾਬੀ ਨਾਵਲ ਲਈ ਉਹ ਰਾਹ ਖੋਲ੍ਹੇ ਹਨ ਜਿਸ ਦੀ ਸਿੱਧੀ ਮਾਰ ਰਚਨਾਕਾਰੀ ਦੀ ਟੀਸੀ ਤਕ ਹੈ। ਇਸ ਪੱਖ ਤੋਂ ਅਵਤਾਰ ਸਿੰਘ ਬਿਲਿੰਗ ਅਤੇ ਉਸ ਦੀ ਰਚਨਾਕਾਰੀ ਵਿਲੱਖਣ ਹਨ।□□

-ਜਸਬੀਰ

ਅੱਸੀ ਕੋਹ ਦੀ ਦੌੜ (ਰੇਖਾ ਚਿਤਰ/ਮੁਲਾਕਾਤਾਂ) ਗੁਲਜ਼ਾਰ ਸਿੰਘ ਸੰਧੂ

ਗੁਲਜ਼ਾਰ ਸਿੰਘ ਸੰਧੂ ਪੰਜਾਬੀ ਗਲਪਕਾਰੀ ਤੇ ਪੱਤਰਕਾਰੀ ਦੀ ਮੋਹਰੀ ਹਸਤੀ ਰਿਹਾ ਹੈ। ਉਹ ਅਲਬੇਲਾ ਲੇਖਕ, ਘੁੰਮੱਕੜ ਤੇ ਮੁਹੱਬਤੀ ਬੰਦਾ ਹੈ। ਜ਼ਿੰਦਗੀ ਦੇ 80 ਵਰ੍ਹੇ ਹੰਢਾਉਣ ਵਾਲੇ ਇਸ ਸ਼ਖ਼ਸ ਦਾ ਜੀਵਨ ਖੁੱਲ੍ਹਾ-ਡੁੱਲ੍ਹਾ, ਤਰੱਕੀਪਸੰਦ, ਸੰਘਰਸ਼ਸ਼ੀਲ ਤੇ ਉਦਮੀ ਰਿਹਾ ਹੈ। ਸੰਧੂ ਪੰਜਾਬੀ ਮਨੁੱਖ ਦੀ ਉਸ ਪੀੜ੍ਹੀ ਦਾ ਪ੍ਰਤੀਨਿਧ ਹੈ ਜਿਸ ਪੀੜ੍ਹੀ ਨੇ ਅਸੰਖ ਮੁਸ਼ਕਲਾਂ, ਸੀਮਤ ਵਸੀਲਿਆਂ ਤੇ ਸਮੇਂ ਦੀਆਂ ਹਿੰਸਕ ਪੀੜਾਂ ਨੂੰ ਤਨ-ਮਨ 'ਤੇ ਹੰਢਾਇਆ ਹੈ। ਤੀਜੇ ਦਹਾਕੇ ਦੀ ਮੰਦੀ, ਚਾਲ੍ਹੀਵੇਂ ਦੀ ਵਿਸ਼ਵ ਜੰਗ, ਸੰਤਾਲੀ ਦਾ ਉਜਾੜਾ, ਦਿੱਲੀ ਦੰਗੇ, ਪੰਜਾਬ ਸੰਕਟ ਤੇ ਮੌਜੂਦਾ ਦੌਰ ਦਾ ਕਾਲ਼ੇ ਚਾਨਣ ਵਰਗਾ ਵਿਕਾਸ ਆਦਿ ਵਰਤਾਰੇ ਉਸਨੇ ਨੇੜਿਉਂ ਘੋਖੇ ਹਨ, ਪਰ ਉਸਦੀਆਂ ਲਿਖਤਾਂ ਕਿਸੇ ਸੱਤਾ ਦੇ ਸਿਧ-ਸਪਾਟੇ ਵਿਰੋਧ, ਹੇਰਵੇ, ਨਿੰਦਾ ਜਾਂ ਨਾਅਰੇਬਾਜ਼ੀ ਨਾਲੋਂ ਜ਼ਿੰਦਗੀ ਦੇ ਸਹਿਜ ਭਾਵ ਨੂੰ ਤਲਾਸ਼ਦੀਆਂ ਹਨ। ਸੰਧੂ ਦੀਆਂ ਦੋਸਤੀਆਂ ਦਾ ਘੇਰਾ ਵੀ ਵਸੀਹ ਹੈ। ਇਹ ਦੋਸਤੀਆਂ ਪਿੰਡ ਦੀ ਸੱਥ ਤੋਂ ਲੈ ਕੇ ਰਾਜਧਾਨੀ ਤੇ ਰਾਸ਼ਟਰਪਤੀ ਭਵਨ ਤਕ ਪਸਰੀਆਂ ਹੋਈਆਂ ਹਨ। ਇੰਝ ਅਜਿਹਾ ਲੇਖਕ ਨਿਰੋਲ ਵਿਅਕਤੀ ਨਹੀਂ ਇਕ ਵਰਤਾਰਾ ਬਣ ਕੇ ਸਦੀ ਦੇ ਆਰ-ਪਾਰ ਫੈਲਿਆ ਮਿਲਦਾ ਹੈ, ਜਿਸਦੀ ਜੀਵਨ-ਵਿਚਾਰਧਾਰਾ, ਜੀਵਨ-ਸ਼ੈਲੀ, ਘਰੇਲੂ ਸਮਾਜਕ ਸਰੋਕਾਰ, ਲੇਖਣ-ਜਗਤ, ਮਿੱਤਰ-ਮੰਡਲੀ ਤੇ ਸਮੁੱਚੇ ਜੀਵਨ-ਦ੍ਰਿਸ਼ਾਂ ਨੂੰ ਸਾਂਭਣ ਵਿਚ ਹੱਥਲੀ ਕਿਤਾਬ 'ਅੱਸੀ ਕੋਹ ਦੀ ਦੌੜ' (ਪੰਨੇ 223, ਮੁੱਲ 495 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ) ਵਿਸ਼ੇਸ਼ ਮਹੱਤਵ ਦੀ ਧਾਰਨੀ ਹੋ ਨਿਬੜਦੀ ਹੈ।

ਇਹ ਕਿਤਾਬ ਗੁਲਜ਼ਾਰ ਸਿੰਘ ਸੰਧੂ ਦੇ ਜੀਵਨ ਦਾ ਵੱਡਾ ਦਰਪਣ ਹੈ। ਇਸ ਪੁਸਤਕ ਦਾ ਸਿਰਲੇਖ ਦੱਸਦਾ ਹੈ ਕਿ ਅੱਸੀ ਕੋਹ (ਅੱਸੀ ਸਾਲ) ਦੀ ਦੌੜ ਦੌੜਨ ਵਾਲੇ ਸੰਧੂ ਨੇ ਛੋਟੇ ਪਟੜੇ ਤੋਂ ਲੰਮੀ ਤੇ ਉੱਚੀ ਛਾਲ਼ ਮਾਰ ਕੇ ਜ਼ਿੰਦਗੀ ਵਿਚ ਵੱਡੀਆਂ ਪ੍ਰਾਪਤੀਆਂ ਕਮਾਈਆ ਹਨ। ਇਸ ਕਿਤਾਬ ਵਿਚ ਦਸ ਲਿਖਤਾਂ ਸ਼ਾਮਲ ਹਨ। ਇਹ ਲਿਖਤਾਂ ਗੁਲਜ਼ਾਰ ਸੰਧੂ ਦੇ ਸਮਕਾਲੀ ਲੇਖਕਾਂ ਦੀਆਂ ਹਨ। ਇਕ ਲਿਖਤ ਸੰਧੂ ਦੀ ਪਤਨੀ ਸੁਰਜੀਤ ਕੌਰ ਵੱਲੋਂ ਹੈ ਅਤੇ ਆਖਰੀ ਲੇਖ ਵਿਚ ਸੰਧੂ ਦਾ ਸਵੈ ਕਥਨ ਹੈ।

ਕਿਤਾਬ ਵਿਚ ਰੇਖਾ-ਚਿਤਰ, ਮੁਲਾਕਾਤਾਂ ਤੇ ਸਵੈ-ਕਥਨ ਜਿਹੀਆਂ ਸਾਹਿਤ ਵਿਧਾਵਾਂ ਦੀ ਵਰਤੋਂ ਹੋਈ ਹੈ ਪਰ ਇਹਨਾਂ ਦਾ ਚਰਿੱਤਰ ਨਾਇਕ ਗੁਲਜ਼ਾਰ ਸਿੰਘ ਸੰਧੂ ਹੈ।

ਲੇਖਕਾ ਨੇ ਆਪਣੇ ਇਸ ਸਮਕਾਲੀ ਰਚਨਾਕਾਰ ਬਾਰੇ ਖੁਲ੍ਹ ਕੇ ਤੇ ਬੇਲਾਗ ਹੋ ਕੇ ਲਿਖਿਆ ਹੈ। ਨਾਲ ਹੀ ਸੰਧੂ ਦੇ ਆਚਾਰ-ਵਿਹਾਰ, ਆਦਤਾਂ, ਮਨੋਵਿਗਿਆਨ, ਜੀਵਨ-ਸ਼ੈਲੀ, ਲਿਖਤਾਂ ਤੇ ਵਿਚਾਰਧਾਰਾ ਬਾਰੇ ਰੌਚਿਕ ਬਿਰਤਾਂਤ ਦੁਆਰਾ ਜਾਣਕਾਰੀ ਦਿੱਤੀ ਹੈ। ਇਕ ਜੀਵਨ ਨੂੰ ਵੱਖ-ਵੱਖ ਮਿੱਤਰਾਂ ਦੁਆਰਾ ਸਮਝਣ ਅਤੇ ਇਸਦੀ ਪੇਸ਼ਕਾਰੀ ਨੂੰ ਬਿਰਤਾਂਤ ਦੀ ਵਿਧਾ ਨਾਲ ਵਿਉਂਤਬਧ ਕਰਨ ਨਾਲ ਇਹ ਕਿਤਾਬ, ਜੀਵਨੀ, ਸਵੈ-ਜੀਵਨੀ, ਸਿਮਰਤੀ ਤੇ ਲੇਖਕਾਰੀ ਦਾ ਅਨੂਠਾ ਸੁਮੇਲ ਬਣ ਕੇ ਨਿੱਤਰਦੀ ਹੈ।

ਕਿਤਾਬ ਵਿਚ ਸੁਰਜੀਤ ਕੌਰ ਸੰਧੂ ਤੇ ਖੁਦ ਗੁਲਜ਼ਾਰ ਸੰਧੂ ਤੋਂ ਬਿਨਾਂ ਸਵਰਨ ਭੰਗੂ ਹੈਮਬਰਗ, ਮਾਰਕਸ ਫਰੈਂਡਾ, ਗੁਰਬਚਨ, ਗੁਰਬਚਨ ਸਿੰਘ ਭੁੱਲਰ, ਕਾਨਾ ਸਿੰਘ, ਦਰਸ਼ਨ ਸਿੰਘ, ਸੁਸ਼ੀਲ ਦੁਸਾਂਝ ਤੇ ਅਵਤਾਰ ਜੰਡਿਆਲਵੀ ਦੀਆਂ ਲਿਖਤਾਂ ਸ਼ਾਮਲ ਹਨ। ਸਵਰਨ ਭੰਗੂ ਤੇ ਮਾਰਕਸ ਫਰੈਂਡਾ ਦੀਆਂ ਲਿਖਤਾਂ ਦਾ ਤੱਤਸਾਰ ਲਗਪਗ ਇਕ ਸਮਾਨ ਹੈ। ਸਵਰਨ ਭੰਗੂ ਗੁਲਜ਼ਾਰ ਸੰਧੂ ਦਾ ਮਾਮਾ ਹੈ ਤੇ ਉਹ ਰਿਸ਼ਤਿਆਂ ਦੇ ਮੰਚ ਤੋਂ ਸੰਧੂ ਦੇ ਜੀਵਨ-ਸਮਾਚਾਰਾਂ ਦਾ ਵਿਉਂਤਬਧ ਪ੍ਰਗਟਾਵਾ ਕਰਦਾ ਹੈ। ਪਰਿਵਾਰਕ ਸਰੋਕਾਰ, ਪੜ੍ਹਾਈ-ਲਿਖਾਈ, ਬਚਪਨ ਤੇ ਸੰਧੂ ਦੇ ਹੋਰ ਚੋਜ ਇਸ ਰੇਖਾ-ਚਿਤਰ ਦਾ ਮੂਲ ਸਿਰਜਣ-ਆਧਾਰ ਹਨ। ਇਹ ਰੇਖਾ-ਚਿੱਤਰ ਪੰਜਾਬੀ ਰਿਸ਼ਤਾ ਪ੍ਰਣਾਲੀ ਵਿਚ ਮਾਮੇ-ਭਾਣਜੇ ਦੀ ਭਾਵੁਕ ਸਾਂਝ ਵਾਲੀ ਮਿਥ 'ਤੇ ਮੋਹਰ ਲਾਉਂਦਾ ਹੈ ਤੇ ਰਿਸ਼ਤਿਆਂ ਵਿਚੋਂ ਉਸਰਦੀਆਂ ਪਰਿਵਾਰਕ-ਸਮਾਜਕ ਹਾਲਤਾਂ ਨਾਲ ਖਹਿੰਦੀ-ਘਸਰਦੀ ਸੰਧੂ-ਸ਼ਖਸੀਅਤ ਦਾ ਰੌਚਿਕ ਵੇਰਵਾ ਪ੍ਰਸਤੁਤ ਕਰਦਾ ਹੈ। ਅਜਿਹਾ ਹੀ ਪਰ ਥੋੜ੍ਹਾ ਵਿਸਤ੍ਰਤ ਤੇ ਮੋਹ-ਭਾਵਨਾ ਵਾਲੀ ਸਾਂਝ ਵਿਚੋਂ ਪੈਦਾ ਹੋਇਆ ਮਾਰਕਸ ਫਰੈਂਡਾ ਦਾ ਲਿਖਿਆ ਰੇਖਾ-ਚਿਤਰ ਹੈ। ਮਾਰਕਸ ਫਰੈਂਡਾ ਅਮਰੀਕਨ ਯੂਨੀਵਰਸਿਟੀਆਂ ਦੇ ਖੇਤਰੀ ਅਮਲੇ ਦਾ ਮੈਂਬਰ ਰਿਹਾ ਜਿਹੜਾ ਕਿ 1978 ਵਿਚ ਭਾਰਤ-ਰਿਹਾਇਸ਼ ਦੌਰਾਨ ਸੰਧੂ ਦੇ ਸੰਪਰਕ ਵਿਚ ਆਇਆ। 1982 ਵਿਚ ਰਚੇ ਇਸ ਰੇਖਾ-ਚਿਤਰ ਵਿਚ ਗੁਲਜ਼ਾਰ ਸੰਧੂ ਦੇ ਜੀਵਨ-ਵੇਰਵੇ, ਸਾਹਿਤਕ-ਪੱਤਰਕਾਰੀ ਜੀਵਨ ਤੇ ਵਿਚਾਰਧਾਰਾ ਬਾਰੇ ਖੁਲ੍ਹ ਕੇ ਲਿਖਿਆ ਮਿਲਦਾ ਹੈ। ਇਸ ਰੇਖਾ-ਚਿਤਰ ਦੀ ਵਿਸ਼ੇਸ਼ਤਾ ਹੈ ਕਿ ਇਹ ਚਰਿੱਤਰ ਨਾਇਕ ਦੇ ਸੁਭਾਅ ਤੇ ਆਦਤਾਂ ਦੀ ਦੁਹਰਾ ਪੂਰਨ ਤੇ ਪ੍ਰਸ਼ੰਸਾਮਈ ਪਰਿਕਰਮਾ ਨਹੀਂ ਕਰਦਾ ਸਗੋਂ ਸਾਹਿਤ ਵਿਚ ਗੁਲਜ਼ਾਰ ਸਿੰਘ ਸੰਧੂ ਦੇ ਸਥਾਨ, ਸਥਾਪਤੀ ਤੇ ਸਨਮਾਨ ਦੀ ਪਰਖ-ਪੜਚੋਲ ਕਰਦਾ ਹੈ। ਨਾਲ ਹੀ ਸੰਧੂ ਦੇ ਹਵਾਲੇ ਨਾਲ ਪੰਜਾਬੀ ਸੁਭਾਅ ਦੀਆਂ ਪ੍ਰਚੱਲਤ ਮਿਥਾਂ ਦਾ ਮੁੱਲਾਂਕਣ ਵੀ ਕਰਦਾ ਹੈ। ਇਸ ਲਿਖਤ ਵਿਚ ਮਾਰਕਸ ਫਰੈਂਡਾ ਨੇ ਗੁਲਜ਼ਾਰ ਸੰਧੂ ਬਾਰੇ ਉਸਦੇ ਸਮਕਾਲੀ ਤੇ ਉੱਤਰਕਾਲੀ ਲੇਖਕਾਂ ਦੀਆਂ ਟੂਕਾਂ ਨੂੰ ਵਰਤ ਕੇ ਆਪਣੀ ਕਹੀ ਗੱਲ 'ਤੇ ਹੋਰ ਬਲ ਦੇਣ ਦੀ ਜੁਗਤ ਦਾ ਵੀ ਪ੍ਰਯੋਗ ਕੀਤਾ ਹੈ।

ਗੁਰਬਚਨ ਦੀ ਚਿੰਤਨ-ਸ਼ੈਲੀ ਤੇ ਨਸ਼ਤਰੀ ਅੰਦਾਜ਼ ਨਾਲ ਗੁਲਜ਼ਾਰ ਸੰਧੂ ਦੇ ਜੀਵਨ-ਪਾਸਾਰਾਂ ਦੀ ਨਵੀਂ ਟੋਹ ਲਗਦੀ ਹੈ। ਉਹ ਸੰਧੂ ਨੂੰ ਰਾਜਧਾਨੀ ਦਾ ਸਿਪਾਹ ਸਾਲਾਰ ਕਹਿੰਦਾ ਹੀ ਨਹੀਂ ਸਗੋਂ ਸਿੱਧ ਵੀ ਕਰਦਾ ਹੈ। ਗੁਲਜ਼ਾਰ ਦੇ ਨਾਨਕੇ ਤੇ ਦਾਦਕੇ ਪਿੰਡ ਦੇ ਵੇਰਵਿਆਂ ਤੋਂ ਲੈ ਕੇ ਉਸਦੀ ਪੜ੍ਹਾਈ-ਲਿਖਾਈ, ਲਿਖਣ-ਸਮਰੱਥਾ ਤੇ ਰਾਜਧਾਨੀ ਵਿਚ 'ਸਥਾਪਤੀ' ਬਾਰੇ ਰੌਚਿਕ ਤੇ ਨਿੱਕੀ ਵਾਕ ਬਣਤਰ ਨਾਲ ਉਸਰਿਆ ਬਿਰਤਾਂਤ ਪਾਠਕਾਂ ਨੂੰ ਖਾਸ ਪ੍ਰਭਾਵਤ ਕਰਦਾ ਹੈ। ਗੁਰਬਚਨ ਦੀ ਖਾਸੀਅਤ ਹੈ ਕਿ ਉਹ ਚਰਿੱਤਰ-ਸ਼ਖਸ ਦੇ ਖੰਡਨ ਜਾਂ ਮੰਡਨ ਤੋਂ ਵੀ ਵੱਧ ਉਸਦੇ ਚੌਗਿਰਦੇ ਦੀਆਂ ਸਥਿਤੀਆਂ ਨੂੰ ਬਾਜ਼ ਅੱਖ ਨਾਲ

ਪਰਖਦਾ ਹੈ। ਗੁਲਜ਼ਾਰ ਸੰਧੂ ਦੀ ਲੇਖਕ ਵਜੋਂ ਤੇ ਰਾਜਧਾਨੀ ਦੇ ਸਿਪਾਹ ਸਾਲਾਰ ਵਜੋਂ ਸਥਾਪਤੀ ਕਿਵੇਂ ਹੋਈ, ਇਸਦੇ ਵੇਰਵੇ ਇਸ ਰੇਖਾ-ਚਿਤਰ ਵਿਚ ਮੌਜੂਦ ਹਨ।

ਕਿਤਾਬ ਵਿਚ ਗੁਰਬਚਨ ਸਿੰਘ ਭੁੱਲਰ ਦੀ ਗੁਲਜ਼ਾਰ ਸਿੰਘ ਸੰਧੂ ਨਾਲ ਲੰਮੀ ਮੁਲਾਕਾਤ ਦਰਜ ਹੈ। ਭੁੱਲਰ ਦੀ ਸ਼ਬਦਾਵਲੀ ਜਿੰਨੀ ਚੁਸਤ ਤੇ ਵਲੇਵੇਂਦਾਰ ਹੈ , ਸੰਧੂ ਦੀ ਜਵਾਬੀ ਬਣਤਰ ਉਨੀ ਹੀ ਸਹਿਜ, ਸਿੱਧੀ ਤੇ ਸਪਾਟ ਹੈ। ਭੁੱਲਰ ਅਨੁਸਾਰ ਸੰਧੂ ਚੰਗੀਆਂ ਕਦਰਾਂ-ਕੀਮਤਾਂ ਤੇ ਨੈਤਿਕਤਾ ਦਾ ਪਾਲਣਹਾਰ ਹੈ। ਰਿਹ ਮੁਲਾਕਤਾ ਰਸਮੀ ਸਾਹਿਤਕ ਮੁਲਾਕਾਤ ਨੂੰ ਉਲੰਘ ਕੇ ਗੱਲਾਂ-ਬਾਤਾਂ ਦੀ ਵਿਧਾ ਦਾ ਨਵਾਂ ਵਿਆਕਰਨ ਸਿਰਜਦੀ ਹੈ। ਇਹਨਾਂ ਗੱਲਾਂ ਦਾ ਤੱਤ-ਸਾਰ ਉਸ ਪੰਜਾਬੀ ਮਨੁੱਖ ਦੇ ਉਦਮੀ ਸੰਸਾਰ ਨੂੰ ਸਮਝਣ ਨਾਲ ਜੁੜਿਆ ਹੈ ਜਿਹੜਾ ਦੂਰ-ਦੁਰਾਡੇ ਦੇ ਕਿਸਾਨੀ ਟੱਬਰ ਵਿਚ ਪੈਦਾ ਹੋ ਕੇ ਮਹਾਂਨਗਰਾਂ ਦਾ ਵਾਸੀ ਹੀ ਨਹੀਂ ਬਣਦਾ ਸਗੋਂ ਸੰਘਰਸ਼ੀ ਤੇ ਮਿਹਨਤੀ ਜੀਵਨ ਜੀਅ ਕੇ ਸੁਖ-ਸੁਵਿਧਾਵਾਂ ਨੂੰ ਮਾਣਦਾ ਤੇ ਸਹਿਜ ਭਾਵੀ ਜੀਵਨ ਜਿਉਂਦਾ ਹੈ। ਇਹ ਮੁਲਾਕਾਤ ਸੰਧੂ ਦੇ ਜੀਵਨ-ਦਰਪਣ ਨੂੰ ਸਮਝਣ ਦਾ ਵੱਡਾ ਉਪਰਾਲਾ ਹੈ। ਪ੍ਰਸ਼ਨਾਂ ਦੀ ਬਣਤਰ ਤੇ ਜਵਾਬਦਹੀ ਮਕੈਨੀਕਲ ਨਹੀਂ, ਸਗੋਂ ਸੰਧੂ ਦੀ ਜੀਵਨ-ਸ਼ੈਲੀ ਵਾਂਗ ਹੀ ਸੁਭਾਵਕ, ਸਹਿਜ ਤੇ ਸਿੱਧ-ਪੱਧਰੀ ਹੈ। ਜ਼ਿੰਦਗੀ ਨੂੰ ਦੁੱਖ, ਨਫਰਤ, ਵਹਿਸ਼ਤ, ਤਰਸ, ਹਮਦਰਦੀ ਨਾਲੋਂ ਸੁੱਖ, ਸੰਤੁਸ਼ਟੀ ਤੇ ਸਹਿਜਤਾ ਨਾਲ ਦੇਖਣ ਵਾਲੇ ਸ਼ਖਸ ਦੇ ਬਚਪਨ, ਜਵਾਨੀ, ਪੜ੍ਹਾਈ, ਪਰਿਵਾਰ, ਨੌਕਰੀ, ਲਿਖਤਾਂ, ਮਾਣ ਸਨਮਾਨ ਬਾਰੇ ਯਾਦਾਂ ਤੇ ਪ੍ਰਸੰਗਾਂ ਨੂੰ ਰੌਚਿਕ ਅੰਦਾਜ਼ ਵਿਚ ਬਿਆਨਿਆ ਗਿਆ ਹੈ।

ਅਜਿਹੀ ਹੀ ਦੂਜੀ ਲਿਖਤ ਸੁਸ਼ੀਲ ਦੁਸਾਂਝ ਤੇ ਅਵਤਾਰ ਜੰਡਿਆਲਵੀ ਵੱਲੋਂ ਕੀਤੀ ਮੁਲਾਕਾਤ ਦੇ ਰੂਪ ਵਿਚ ਹੈ। ਇਸ ਮੁਲਾਕਾਤ ਵਿਚ ਤਿੱਖੇ ਸਵਾਲ ਹਨ ਤੇ ਸੰਧੂ ਨੂੰ ਟੇਢੇ ਢੰਗ ਨਾਲ ਘੇਰਨ ਵਾਲੀਆਂ ਗੱਲਾਂ ਹਨ, ਪਰ ਨਾਲ ਹੀ ਇਹ ਮੁਲਾਕਾਤ ਮਾਨਵੀ ਜ਼ਿੰਦਗੀ ਤੇ ਲਿਖਣ-ਜਗਤ ਸੰਬੰਧੀ ਗਹਿਰਾ ਸੰਵਾਦ ਵੀ ਪੈਦਾ ਕਰਦੀ ਹੈ। ਸੰਧੂ ਦੀ ਪ੍ਰਤੀਬੱਧਤਾ, ਐਡੀਟਰੀ, ਲਿਖਣ-ਕਲਾ ਤੇ ਹੋਰ ਜੀਵਨ-ਸਮਾਚਾਰਾਂ ਬਾਰੇ ਡੂੰਘੇ ਵਿਚਾਰ ਇਸ ਮੁਲਕਾਤ ਨੂੰ ਉੱਤਮ ਦਰਜੇ ਦੀ ਲਿਖਤ ਬਣਾ ਦਿੰਦੇ ਹਨ। ਕਾਨਾ ਸਿੰਘ ਦੀ ਸੰਧੂ ਨਾਲ ਮੁਲਾਕਾਤ ਸੰਖੇਪ ਰੂਪ ਵਿਚ ਹੈ ਪਰ ਇਸ ਵਿਚ ਸੰਧੂ ਦੀਆਂ ਕਹਾਣੀਆਂ ਦੇ ਵਿਸ਼ੇ, ਪਾਤਰਾਂ ਤੇ ਘਟਨਾਵਾਂ ਦਾ ਭਰਵਾਂ ਜ਼ਿਕਰ ਹੈ। ਕਾਨਾ ਸਿੰਘ ਦੀ ਸਿਮਰਤੀ ਤੇ ਸੰਧੂ ਦੀ ਠੋਸ ਜਵਾਬਦਹੀ ਇਸ ਮੁਲਾਕਾਤ ਦੇ ਉੱਤਮ ਗੁਣ ਹਨ।ਗੁਲਜ਼ਾਰ ਸੰਧੂ ਬਾਰੇ ਰੇਖਾ-ਚਿਤਰ ਲਿਖਕੇ ਦਰਸ਼ਨ ਸਿੰਘ ਪਾਠਕਾਂ ਨੂੰ ਇਕਮਿਕ ਤੇ ਇਕਚਿੱਤ ਕਰ ਦਿੰਦਾ ਹੈ। ਦਰਸ਼ਨ ਸਿੰਘ ਦੀ ਗਲਪ-ਸ਼ੈਲੀ, ਸਿਮਰਤੀ ਅਤੇ ਸੰਧੂ ਨਾਲ ਉਸਦੀ ਸਾਂਝ ਦਾ ਭਰਵਾਂ ਪ੍ਰਗਟਾਵਾ ਇਸ ਲਿਖਤ ਵਿਚ ਹੋਇਆ ਹੈ। ਉਹ ਸੰਧੂ ਦੇ ਹਾਸੇ ਨੂੰ ਐਨੇ ਰੰਗਾਂ ਤੇ ਭਾਹਾਂ ਵਾਲਾ ਦੱਸਦਾ ਹੈ ਜਿੰਨਾ ਕਿਸੇ ਪ੍ਰਸਿੱਧ ਚਿਤਰਕਾਰ ਦੇ ਰੰਗਦਾਨਾਂ ਵਿਚ ਵੀ ਨਹੀਂ। ਗੁਲਜ਼ਾਰ ਦੀ ਜੀਵਨ-ਗਤੀ ਨੂੰ ਫੜਦਾ ਇਹ ਰੇਖਾ-ਚਿਤਰ ਉਸਦੇ ਪਾਂਧੀ ਸੁਭਾਅ ਦੀ ਵੀ ਠੋਸ ਪੇਸ਼ਕਾਰੀ ਕਰਦਾ ਹੈ।

ਗੁਲਜ਼ਾਰ ਸਿੰਘ ਸੰਧੂ ਦੀ ਧਰਮ ਪਤਨੀ ਸੁਰਜੀਤ ਕੌਰ ਸੰਧੂ ਆਪਣੀ ਲਿਖਤ ਵਿਚ ਉਸ ਅੱਧੀ ਸਦੀ ਦੇ ਸਾਥ ਦਾ ਜ਼ਿਕਰ ਕਰਦੀ ਹੈ ਜਿਹੜੀ ਸਦੀ ਇਸ ਦੰਪਤੀ ਜੀਵਨ ਦੀ ਅਨੂਠੀ ਸਾਂਝ, ਸਤਿਕਾਰ ਤੇ ਸਨਮਾਨ ਦੀ ਗਵਾਹ ਰਹੀ ਹੈ। ਸੰਧੂ ਦਾ ਸਵੈ-ਚਿਤਰ 'ਥੋੜ੍ਹੀ ਆਪਬੀਤੀ ਥੋੜ੍ਹੀ ਜੱਗਬੀਤੀ' ਉਸਦੀ ਸੰਖਿਪਤ ਜੀਵਨੀ ਹੈ ਜਿਸਨੂੰ ਪੜ੍ਹ ਕੇ ਇਕ ਪੰਜਾਬੀ ਮਨੁੱਖ ਦੇ ਉਦਮ, ਮਿਹਨਤ ਤੇ ਸਿਰੜ ਦਾ ਅਕਸ ਪਾਠਕਾਂ ਨੂੰ ਪ੍ਰਭਾਵਤ ਕਰਦਾ ਹੈ।

ਕੁਲ ਮਿਲਾ ਕੇ ਇਹ ਕਿਤਾਬ ਸੰਵਾਦਪੂਰਣ ਤੇ ਗ੍ਰਹਿਣਯੋਗ ਹੈ। ਪਾਠਕਾਂ ਨੂੰ ਗੁਲਜ਼ਾਰ ਸਿੰਘ ਸੰਧੂ ਦੇ ਦਿਸਦੇ-ਅਣਦਿਸਦੇ ਜੀਵਨ-ਸਮਾਚਾਰਾਂ ਨਾਲ ਜੋੜਦੀ ਇਹ ਟੈਕਸਟ ਪ੍ਰੇਰਣਾਦਾਇਕ ਤੇ ਸੇਧਪੂਰਨ ਹੈ। ਛਪਾਈ ਪੱਖੋਂ ਵੀ ਇਹ ਪੁਸਤਕ ਸੁੰਦਰ ਹੈ।□□

-ਜੇ.ਬੀ.ਸੇਖੋਂ

ਜ਼ਲਾਲਤ (ਸਵੈ-ਜੀਵਨੀ) ਸਰੂਪ ਸਿਆਲਵੀ

ਦਲਿਤ ਪੰਜਾਬੀ ਕਹਾਣੀਕਾਰ ਦੇ ਤੌਰ ਉੱਤੇ ਪਛਾਣ ਬਣਾ ਚੁੱਕੇ ਸਰੂਪ ਸਿਆਲਵੀ ਨੇ 'ਜ਼ਲਾਲਤ' (ਪਰਵਾਜ਼ ਪ੍ਰਕਾਸ਼ਨ, ਜਲੰਧਰ, ਪੰਨੇ 216, ਮੁੱਲ 260 ਰੁਪਏ) ਨਾਂ ਦੀ ਸਵੈਜੀਵਨੀ ਲਿਖ ਕੇ ਦਲਿਤ ਪੰਜਾਬੀ ਸਵੈਜੀਵਨੀ ਦੇ ਇਤਿਹਾਸ ਵਿਚ ਵੀ ਵਾਧਾ ਕੀਤਾ ਹੈ।ਹੱਥਲੀ ਸਵੈਜੀਵਨੀ ਨੂੰ ਸਵੈਜੀਵਨੀਕਾਰ ਨੇ ਸੋਲਾਂ ਸਿਰਲੇਖਾਂ ਦੀ ਵਿਉਂਤ ਰਾਹੀਂ ਸੁਗਠਤ ਕੀਤਾ ਹੈ, ਜਿਨ੍ਹਾਂ ਵਿਚ ਉਸਨੇ ਅਣਵੰਡੇ ਤੇ ਵੰਡੇ ਪੰਜਾਬ ਵਿਚ ਦਲਿਤ ਭਾਈਚਾਰੇ ਦੀਆਂ ਸਮਾਜਕ, ਆਰਥਿਕ ਤੇ ਰਾਜਨੀਤਕ ਪਰਿਸਥਿਤੀਆਂ ਦੇ ਅੰਤਰਗਤ ਆਪਣੇ ਪੁਰਖਿਆਂ ਤੇ ਸਵੈ ਦੇ ਜ਼ਲਾਲਤ ਭਰੇ ਜੀਵਨ ਨੂੰ ਰੂਪਮਾਨ ਕੀਤਾ ਹੈ। ਪੁਸਤਕ ਵਿਚੋਂ ਬਾਰ ਦੇ ਇਲਾਕੇ ਵਿਚ ਦਲਿਤਾਂ ਦੀ ਰਹਿਣੀ-ਬਹਿਣੀ, ਇੰਤਕਾਲ ਅਰਾਜ਼ੀ ਐਕਟ-1901 ਦੇ ਦਲਿਤਾਂ ਉੱਤੇ ਭੈੜੇ ਪ੍ਰਭਾਵ, ਦੇਸ਼-ਵੰਡ ਦੌਰਾਨ ਹੋਈ ਲੁੱਟਾ-ਖੋਹੀ ਤੇ ਕਤਲ-ਏ-ਆਮ ਪੰਜਾਬ ਵਿਚ ਖਾੜਕੂਵਾਦੀ ਦੌਰ ਦੀ ਮਾਰ, ਭਾਰਤੀ ਨਿਆਇਕ ਵਿਵਸਥਾ ਦੀ ਢਿੱਲੀ ਕਾਰਗੁਜ਼ਾਰੀ ਆਦਿ ਬਾਰੇ ਤੱਥਾਤਮਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਜਿਹੀ ਜਾਣਕਾਰੀ ਦੇਣ ਸਮੇਂ ਲੇਖਕ ਨੇ ਦਲਿਤ ਵਰਗ ਦੇ ਸ਼ੋਸ਼ਿਤੀ ਜੀਵਨ-ਯਥਾਰਥ ਨੂੰ ਆਧਾਰ ਬਣਾਇਆ ਹੈ।

ਸਰੂਪ ਸਿਆਲਵੀ ਨੇ ਮਿਥਿਹਾਸਕ ਤੇ ਰਾਜਨੀਤਕ ਤੱਥਾਂ ਨੂੰ ਆਪਣੀ ਸਵੈਜੀਵਨੀ ਲਿਖਣ ਲਈ ਇਕ ਕਲਾਤਮਕ ਮਾਧਿਅਮ ਦੇ ਤੌਰ ਉੱਤੇ ਵਰਤਿਆ ਹੈ, ਇਹ ਦੱਸਣ ਲਈ ਕਿ ਦਲਿਤ ਵਰਗ ਦਾ ਭੂਤ ਕਿਹੋ ਜਿਹਾ ਸੀ ਤੇ ਵਰਤਮਾਨ ਕਿਹੋ ਜਿਹਾ ਹੈ ਅਤੇ ਭਵਿੱਖ ਕਿਹੋ ਜਿਹਾ ਹੋਵੇ ਅਰਥਾਤ ਉਸਨੂੰ ਜ਼ਲਾਲਤ ਭਰੀ ਜ਼ਿੰਦਗੀ ਜਿਊਣੀ ਨਾ ਪਵੇ; ਇਸ ਲਈ ਸਮਾਜ ਦੇ ਇਸ ਸ਼ੋਸ਼ਿਤ ਵਰਗ ਨੂੰ ਪੜ੍ਹਨਾ, ਲਿਖਣਾ ਤੇ ਆਪਣੇ ਹਿੱਤਾਂ ਲਈ ਸੰਗਠਤ ਹੋ ਕੇ ਸੰਘਰਸ਼ ਕਰਨਾ ਜ਼ਰੂਰੀ ਹੈ। ਏਹੋ ਇਸ ਸਵੈਜੀਵਨੀ ਦਾ ਉਦੇਸ਼ ਹੈ,ਸੰਦੇਸ਼ ਹੈ।

ਸਵੈਜੀਵਨੀ ਵਿਚ ਜਦੋਂ ਲੇਖਕ ਆਪਣੀ ਜ਼ਲਾਲਤ ਭਰੀ ਜ਼ਿੰਦਗੀ ਦਾ ਵਖਿਆਨ ਕਰ ਰਿਹਾ ਹੈ ਤਾਂ ਅਸਲ ਵਿਚ ਉਹ ਆਪਣੇ ਵਰਗੇ ਹੋਰਨਾਂ ਲੋਕਾਂ ਨੂੰ ਜ਼ਲਾਲਤ ਭਰੀ ਜ਼ਿੰਦਗੀ ਵਿਚ ਪਾਉਣ ਵਾਲੀਆਂ ਸਥਿਤੀਆਂ ਨੂੰ ਸਮਝ ਕੇ ਉਹਨਾਂ ਨੂੰ ਸੁਚੇਤ ਕਰਨ ਦਾ ਕਲਾਤਮਕ ਉੱਦਮ ਹੀ ਕਰ ਰਿਹਾ ਹੈ। ਸਵੈਜੀਵਨੀ ਵਿਚ ਅੰਕਤ ਇਹਨਾਂ ਸਤਰਾਂ ਨੂੰ ਇਸ ਪ੍ਰਸੰਗ ਲਈ ਵਰਤਿਆ ਜਾ ਸਕਦਾ ਹੈ: "ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਨੀਵੀਆਂ ਜਾਤੀਆਂ ਵਿਚੋਂ ਸਿੱਖ ਧਰਮ ਗ੍ਰਹਿਣ ਕਰਨ ਵਾਲੇ 'ਗਰੀਬ ਸੀਖਨ' ਨੂੰ ਨਾ ਤਾਂ ਜਾਗੀਰਦਾਰ ਬਣਾਇਆ ਗਿਆ ਤੇ ਨਾ ਹੀ ਜ਼ਮੀਨ ਦੇ ਮਾਲਕ ਬਣਾਇਆ ਗਿਆ ਸੀ। ਸਗੋਂ ਇਹ ਮੁਜਾਰੇ ਹੀ ਰਹੇ। ਫਿਰ ਅੰਗਰੇਜ਼ਾਂ ਵੇਲੇ ਅੰਗਰੇਜ਼ ਸਰਕਾਰ ਦਾ 'ਪੰਜਾਬ ਲੈਂਡ ਐਲੀਨੇਸ਼ਨ ਐਕਟ-1901' ਪਾਸ ਹੋਣ 'ਤੇ ਉਹ ਮੁਜਾਰੇ ਵੀ ਨਹੀਂ ਰਹੇ। ਇਸ ਐਕਟ ਅਧੀਨ ਜ਼ਮੀਨ ਕੇਵਲ ਉਹੀ ਲੋਕ ਖਰੀਦ ਜਾਂ ਹਾਸਲ ਕਰ ਸਕਦੇ ਸਨ ਜਿਹੜੇ 'ਕਾਸ਼ਤਕਾਰ' ਕਰਾਰ ਦਿੱਤੀਆਂ ਗਈਆਂ ਜਾਤੀਆਂ ਨਾਲ ਸੰਬੰਧਤ ਹੁੰਦੇ ਸਨ। ਨੀਵੀਆਂ, ਹੇਠਲੀਆਂ ਜਾਤੀਆਂ ਨਾਲ ਸੰਬੰਧਤ ਲੋਕ

ਜ਼ਮੀਨ ਨਹੀਂ ਖਰੀਦ ਸਕਦੇ ਸਨ। ਜ਼ਿਮੀਦਾਰਾਂ ਨੇ ਨੀਵੀਆਂ ਜਾਤੀਆਂ ਦੇ ਮੁਜ਼ਾਰਿਆਂ ਤੋਂ ਜ਼ਮੀਨ ਖੋਹ ਕੇ ਆਪਣੇ ਨਾਂਅ ਲੁਆ ਲਈ। ਤੇ ਨੀਵੀਆਂ ਜਾਤੀਆਂ ਦੇ ਘਰਾਂ ਵਾਲੀ ਜ਼ਮੀਨ ਤੋਂ ਵੀ ਉਹਨਾਂ ਦਾ ਹੱਕ ਖੋਹ ਲਿਆ ਗਿਆ।

ਸਵੈਜੀਵਨੀ ਵਿਚੋਂ ਦਿਲਚਸਪ ਪਹਿਲੂ ਇਹ ਉਘੜਦਾ ਹੈ ਕਿ ਸਵੈਜੀਵਨੀਕਾਰ ਨੂੰ ਖੁਦ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਉਸਦੇ ਪਿੰਡ ਦੀ ਨਵੀਂ ਪੰਚਾਇਤ ਨੇ ਗਲ਼ੀ ਦੇ ਝਗੜੇ ਵਿਚ ਉਲਝਾ ਕੇ ਸੰਨ 1901 ਦੇ ਇੰਤਕਾਲ ਅਰਾਜ਼ੀ ਐਕਟ ਦਾ ਡਰ ਦੇ ਕੇ ਡਰਾਇਆ ਧਮਕਾਇਆ ਤੇ ਪਰੇਸ਼ਨ ਕੀਤਾ। ਉਸਨੇ ਪੰਚਾਇਤ ਵਿਰੁੱਧ ਕੋਰਟਾਂ ਕਚਹਿਰੀਆਂ ਵਿਚ ਕੇਸ ਦਰਜ ਕੀਤੇ। ਪਰ ਉਥੋਂ ਵੀ ਲੇਖਕ ਨੂੰ "ਡਿਪਰੈਸ਼ਨ" ਹੀ ਮਿਲਿਆ। ਅਜਿਹੇ ਡਿਪਰੈਸ਼ਨ ਨੇ ਉਸਦੇ ਸਮੁੱਚੇ ਜੀਵਨ ਉੱਤੇ ਮਾਰੂ ਪ੍ਰਭਾਵ ਪਾਇਆ, ਜਿਸਦਾ ਉਲੇਖ ਸਵੈਜੀਵਨੀ ਵਿਚ ਕਈ ਥਾਵਾਂ ਉੱਤੇ ਕੀਤਾ ਮਿਲਦਾ ਹੈ। ਸਵੈਜੀਵਨੀਕਾਰ ਨੇ ਆਪਣੀਆਂ ਕਈ ਕਹਾਣੀਆਂ ਵਿਚ ਅਜਿਹੇ ਡਿਪਰੈਸ਼ਨ ਨੂੰ ਇਕ ਗਲਪ-ਜੁਗਤ ਦੇ ਤੌਰ ਉੱਤੇ ਵੀ ਵਰਤਿਆ ਹੈ।

ਸਰੂਪ ਸਿਆਲਵੀ ਨੇ ਆਪਣੇ ਜੀਵਨ ਵਿਚ ਕਲਰਕੀ ਤੋਂ ਲੈ ਕੇ ਸਕੂਲ ਲੈਕਚਰਾਰੀ ਤਕ ਅਤੇ ਉਸ ਤੋਂ ਪਹਿਲਾਂ ਤੇ ਬਾਅਦ ਵਿਚ ਜਿਹੜੇ ਵੀ ਕੰਮ-ਕਿੱਤੇ ਕੀਤੇ, ਪੂਰੀ ਦਿਆਨਤਦਾਰੀ ਨਾਲ ਕੀਤੇ। ਉਸਨੇ ਹਰ ਸਥਿਤੀ ਵਿਚ ਸੱਚ ਆਖਣ ਦਾ ਹੀਆ ਕੀਤਾ, ਜਿਸਦਾ ਉਸਨੂੰ ਖਮਿਆਜ਼ਾ ਵੀ ਭੁਗਤਣਾ ਪਿਆ। ਉਸਦੀ ਸ਼ਖਸੀਅਤ ਦਾ ਇਹ ਪਹਿਲੂ ਵੀ ਉਘੜਦਾ ਹੈ ਕਿ ਉਹ ਆਪਣੀ ਬਰਾਦਰੀ ਦੇ ਲੋਕਾਂ ਤੇ ਉਹਨਾਂ ਦੇ ਬੱਚਿਆਂ ਦੇ ਸੁਧਾਰ ਲਈ ਆਪ ਡਿਪਰੈਸ਼ਨ ਝੱਲਦਾ ਰਿਹਾ ਹੈ। ਹਰ ਪੱਖ ਤੋਂ ਉਹਨਾਂ ਦੀ ਮਦਦ ਕਰਦਾ ਰਿਹਾ ਹੈ। ਪਰ ਉਸਨੂੰ ਇਸ ਗੱਲ ਦਾ ਝੋਰਾ ਜ਼ਰੂਰ ਹੈ ਕਿ ਡਿਪਰੈਸ਼ਨ ਵਿਚ ਰਹਿਣ ਕਰਕੇ ਉਹ ਆਪਣੇ ਬੇਟੇ ਦਾ ਭਵਿੱਖ ਉੱਜਲ ਬਣਾਉਣ ਵੱਲ ਕੋਈ ਧਿਆਨ ਨਹੀਂ ਦੇ ਸਕਿਆ। ਸਗੋਂ ਆਪਣੇ ਆਪ ਵਿਚ ਹੀ ਉਲਝਿਆ ਰਿਹਾ। 'ਬੇਟੇ ਦੀ ਕਲਾ ਪ੍ਰਤਿਭਾ' ਨਾਂ ਵਾਲੇ ਚੈਪਟਰ ਵਿਚ ਸਵੈਜੀਵਨੀਕਾਰ ਲਿਖਦਾ ਹੈ ਕਿ,"ਮੈਂ ਇਹ ਸੋਚਦਿਆਂ ਦੁਖੀ ਹੁੰਦਾ ਹਾਂ ਕਿ ਜੇ ਮੈਂ ਬੇਟੇ ਬਲਵਿੰਦਰ ਸਿੰਘ ਰਾਜਾ ਦੀ ਕਲਾ ਪ੍ਰਤਿਭਾ ਨਿਖਾਰ ਦਿੰਦਾ...ਤਾਂ ਉਹ ਉਮਰ ਭਰ ਦਿਨ ਰਾਤ ਦੀ ਚਿੰਤਾ ਵਾਲੀ ਤਣਾਅ ਗ੍ਰਸਤ ਜ਼ਿੰਦਗੀ ਨਾ ਗੁਜ਼ਾਰਦਾ...ਤਾਂ ਉਹ ਦਿਨ ਰਾਤ ਖਲਜਗਣ ਵਾਲੀ ਦੁਕਾਨਦਾਰੀ ਨਾਲੋਂ ਕਿਸੇ ਸੌਖੇ ਕਿੱਤੇ ਵਿਚ ਪੈ ਜਾਂਦਾ"।

ਸਵੈਜੀਵਨੀਕਾਰ ਚੂੰਕਿ ਇਕ ਗਲਪਕਾਰ ਵੀ ਹੈ, ਇਸ ਲਈ ਗਲਪ ਵਰਗੀ ਰਵਾਨਗੀ ਤੇ ਤਾਜ਼ਗੀ ਇਸ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਹੈ ਅਤੇ ਸਰੂਪ ਸਿਆਲਵੀ ਦੀਆਂ ਕਹਾਣੀਆਂ ਦੇ ਮੂਲ ਸੋਮਿਆਂ ਤੇ ਸਿਰਜਣਈ ਪ੍ਰਕਿਰਿਆ ਦੇ ਗਲਪੀ ਅੰਸ਼ਾਂ ਨੂੰ ਇਸ ਵਿਚੋਂ ਭਾਲਿਆ ਜਾ ਸਕਦਾ ਹੈ। ਇਸ ਰਾਹੀਂ ਭਾਰਤੀ ਸਮਾਜ ਖਾਸਕਰ ਪੰਜਾਬੀ ਸਮਾਜ ਵਿਚ ਦਲਿਤ ਵਰਗ ਦੇ ਮਿਥਿਹਾਸਕ, ਇਤਿਹਾਸਕ, ਰਾਜਨੀਤਕ ਆਦਿ ਪਹਿਲੂਆਂ ਦੇ ਇਕ ਨੁਕਤਾ-ਨਿਗਾਹ ਨੂੰ ਜਾਣਿਆ ਜਾ ਸਕਦਾ ਹੈ। ਕਿਉਂਕਿ ਇਹ ਸਵੈਜੀਵਨੀ ਇਕ ਐਸੇ ਦਲਿਤ ਵਿਅਕਤੀ ਦੀ ਲਿਖੀ ਹੋਈ ਹੈ ਜੋ ਦਲਿਤ ਸ਼ੋਸ਼ਿਤਾਂ ਨੂੰ ਚੇਤੰਨ ਕਰਨ ਦੇ ਮਿਸ਼ਨ ਨਾਲ ਜੁੜਿਆ ਇਕ ਮਿਸ਼ਨਰੀ ਹੈ।□□

-ਚੰਦਰ ਮੋਹਨ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਸੈਕਟਰ 70, ਮਟੌਰ, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ : ਰਘਬੀਰ ਸਿੰਘ
ਪ੍ਰਕਾਸ਼ਨ ਮਿਤੀ : 1 ਅਕਤੂਬਰ, 2014

'ਨਰੰਜਨ ਮਸ਼ਾਲਚੀ' ਅਤੇ 'ਖੇੜੇ ਸੁੱਖ ਵਿਹੜੇ ਸੁੱਖ' ਵਰਗੇ ਚਰਚਤ ਨਾਵਲਾਂ ਦੇ ਲੇਖਕ
ਸਮਰੱਥ ਗਲਪਕਾਰ ਅਵਤਾਰ ਸਿੰਘ ਬਿਲਿੰਗ
ਦਾ ਨਵਾਂ ਨਾਵਲ 'ਖ਼ਾਲੀ ਖੂਹਾਂ ਦੀ ਕਥਾ'



ਅੰਤਿਕਾ ਸਣੇ 41 ਕਾਂਡਾਂ ਵਿਚ ਸਿਮਟਿਆ ਇਹ ਨਾਵਲ ਕਈ ਪੀੜ੍ਹੀਆਂ ਤੱਕ ਫੈਲਿਆ ਹੋਇਆ ਹੈ। ਹਰ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਨਾਲ ਖਹਿੰਦੀ-ਖਹਿਬੜਦੀ ਤੇ ਖੁਰਦੀ-ਜੁੜਦੀ, ਨਿਰ-ਉਚੇਚ ਆਪੋ-ਆਪਣਾ ਸੱਚ ਉਜਾਗਰ ਕਰਦੀ ਹੈ। ਇਹ ਸੱਚ ਉਸ ਸਮੇਂ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਲੇਖਕ ਨੇ ਇਸ ਨਾਵਲ ਦੀ ਚੂਲ ਬਣਾਇਆ ਹੈ। ਅਵਤਾਰ ਸਿੰਘ ਬਿਲਿੰਗ ਦੇ ਹੋਰ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਪਿੰਡ ਦਰਸ਼ਨੀ ਰੂਪ ਵਿਚ ਸਾਹਮਣੇ ਆਉਂਦਾ ਹੈ।

ਪੰਨੇ 292 ਸੁੰਦਰ ਦਿੱਖ ਮੁੱਲ 300 ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

SIRJANA Literary Punjabi Quarterly Chandigarh
No. 174 October-December 2014
Registered with the Registrar of Newspapers for India vide R.N. 10215/65

ਪ੍ਰਬੁੱਧ ਚਿੰਤਕ ਤੇ ਸਿਰਜਕ ਸੁਰਜੀਤ ਹਾਂਸ ਦੇ ਚਰਚਤ ਨਾਵਲ

ਮਿੱਟੀ ਦੀ ਢੇਰੀ

ਦਾ ਤੀਜਾ ਸੰਸਕਰਣ



ਅੱਧੀ ਸਦੀ ਪਹਿਲਾਂ ਪਹਿਲੀ ਵਾਰ ਇਹ ਨਾਵਲ 1965 ਵਿਚ ਜਦੋਂ ਛਪਿਆ ਸੀ ਤਾਂ ਉਦੋਂ ਹੀ ਇਹ ਆਭਾਸ ਹੋ ਗਿਆ ਸੀ ਕਿ ਇਹ ਇਕ ਵਿਲੱਖਣ ਗਲਪ ਲਿਖਤ ਹੈ। ਇਹ ਪੰਜਾਬੀ ਨਾਵਲ-ਰਚਨਾ ਦੀ ਪਰੰਪਰਾ ਤੋਂ ਅਸਲੋਂ ਹਟ ਕੇ ਲਿਖਿਆ ਗਿਆ ਨਾਵਲ ਸੀ। ਚੰਗੀ ਨਾਵਲ-ਰਚਨਾ ਕਰ ਸਕਣ ਲਈ ਲੇਖਕ ਕੋਲ ਜਿਸ ਪੱਧਰ ਦਾ ਗਿਆਨ ਤੇ ਕਲਾ-ਕੌਸ਼ਲ ਹੋਣਾ ਜ਼ਰੂਰੀ ਹੈ, ਉਸਦੀ ਸਾਡੇ ਲੋਕ-ਪ੍ਰਿਯ ਨਾਵਲਕਾਰਾਂ ਵਿਚ ਜੋ ਘਾਟ ਰੜਕਦੀ ਰਹੀ ਸੀ, ਇਸ ਨਾਵਲ ਦੀ ਰਚਨਾ ਰਾਹੀਂ ਸੁਰਜੀਤ ਹਾਂਸ ਉਸਨੂੰ ਪੂਰਦਾ ਜਾਪਦਾ ਸੀ।

ਪੰਨੇ 176 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ